

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE - 9

June 9, 2021

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ  ਸੰਪਰਕ : 916-947-8920  ਫੈਕਸ : 916-238-1393  E-mail : deshdoaba@yahoo.com  ਸੰਪਾਦਕ : ਤਰਸੇਮ ਜਲੰਧਰੀ




ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੇ ਜੂਨ 1984 ਦੇ ਸ਼ਹੀਦਾਂ ਨੂੰ ਕੀਤਾ ਯਾਦ।
**(ਰਿਪੋਰਟ ਅਤੇ ਤਸਵੀਰਾਂ ਅੰਦਰ ਦੇਖੋ)**



ਭਾਰਤ ਵਿੱਚ ਕਿਸਾਨੀ ਸੰਘਰਸ਼ ਲਈ ਫਰਿਜ਼ਨੋ ਵਿਖੇ ਹੋਇਆ ਭਾਰੀ ਇਕੱਠ ਅਤੇ ਫੰਡ
**(ਰਿਪੋਰਟ ਅਤੇ ਤਸਵੀਰਾਂ ਅੰਦਰ ਦੇਖੋ)**

# ਤਿੰਨ ਮਹੀਨੇ ਬਾਅਦ ਘਟਿਆ ਕਰੋਨਾ ਦਾ ਕਹਿਰ

**ਵਾਸ਼ਿੰਗਟਨ (ਬਿਊਰੋ)–** ਭਾਰਤ ਤੇ ਬ੍ਰਾਜ਼ੀਲ ਵਰਗੇ ਦੇਸ਼ਾਂ 'ਚ ਕੋਰੋਨਾ ਮਹਾਮਾਰੀ ਦੀ ਦੂਜੀ ਲਹਿਰ ਦਾ ਕਹਿਰ ਹੌਲੀ ਪੈਣ ਦਾ ਅਸਰ ਕੌਮਾਂਤਰੀ ਪੱਧਰ 'ਤੇ ਦਿਸਣ ਲੱਗਾ ਹੈ। ਇਸ ਦੇ ਨਤੀਜੇ ਵਜੋਂ ਕੌਮਾਂਤਰੀ ਪੱਧਰ 'ਤੇ ਰੋਜ਼ਾਨਾ ਸਾਹਮਣੇ ਆਉਣ ਵਾਲੇ ਮਾਮਲਿਆਂ 'ਚ ਕਮੀ ਆਉਣ ਲੱਗੀ ਹੈ। ਵਿਸ਼ਵ 'ਚ ਤਿੰਨ ਮਹੀਨੇ ਬਾਅਦ ਬੀਤੇ 24 ਘੰਟਿਆਂ 'ਚ ਸਭ ਤੋਂ ਘੱਟ ਤਿੰਨ ਲੱਖ 12 ਹਜ਼ਾਰ ਨਵੇਂ ਮਾਮਲੇ ਸਾਹਮਣੇ ਆਏ। ਇਸ ਤੋਂ ਪਹਿਲਾਂ ਬੀਤੀ ਅੱਠ ਮਾਰਚ ਨੂੰ ਦੋ ਲੱਖ 94 ਹਜ਼ਾਰ ਮਰੀਜ਼ ਪਾਏ ਗਏ ਸਨ। ਬੀਤੇ 24 ਘੰਟਿਆਂ 'ਚ ਦੁਨੀਆ ਭਰ 'ਚ ਲਗਪਗ ਅੱਠ ਹਜ਼ਾਰ ਕੋਰੋਨਾ ਮਰੀਜ਼ਾਂ ਦੀ ਮੌਤ ਹੋਈ। ਜੌਨਸ ਹਾਪਕਿੰਸ ਯੂਨੀਵਰਸਿਟੀ



ਦੇ ਵੇਰਵੇ ਮੁਤਾਬਕ ਮੰਗਲਵਾਰ ਸਵੇਰੇ ਕੋਰੋਨਾ ਪੀੜਤਾਂ ਦਾ ਕੌਮਾਂਤਰੀ ਅੰਕੜਾ 17 ਕਰੋੜ 35 ਲੱਖ 34 ਹਜ਼ਾਰ 654 ਹੋ ਗਿਆ। ਦੁਨੀਆ 'ਚ ਕੋਰੋਨਾ ਮਹਾਮਾਰੀ ਨਾਲ ਸਭ ਤੋਂ ਵੱਧ ਜੂਝਣ ਵਾਲੇ ਅਮਰੀਕਾ 'ਚ ਕੁੱਲ ਤਿੰਨ ਕਰੋੜ 42 ਲੱਖ 25 ਹਜ਼ਾਰ ਤੋਂ ਵੱਧ ਮਾਮਲੇ ਪਾਏ ਗਏ ਹਨ ਅਤੇ ਛੇ ਲੱਖ 12 ਹਜ਼ਾਰ ਤੋਂ ਵੱਧ ਦੀ ਮੌਤ ਹੋਈ ਹੈ। ਇੱਥੇ ਸੋਮਵਾਰ ਨੂੰ 12 ਹਜ਼ਾਰ ਤੋਂ ਵੱਧ ਨਵੇਂ ਕੇਸ ਮਿਲੇ। ਬ੍ਰਾਜ਼ੀਲ 'ਚ ਬੀਤੇ 24 ਘੰਟਿਆਂ 'ਚ 38 ਹਜ਼ਾਰ ਨਵੇਂ ਕੋਰੋਨਾ ਮਰੀਜ਼ ਮਿਲਣ ਨਾਲ ਕੁਲ ਮਾਮਲੇ ਇਕ ਕਰੋੜ 69 ਲੱਖ 85 ਹਜ਼ਾਰ ਤੋਂ ਵੱਧ ਹੋ ਗਏ ਹਨ। ਕੁੱਲ ਚਾਰ ਲੱਖ 74 ਹਜ਼ਾਰ ਤੋਂ ਜ਼ਿਆਦਾ ਮੌਤਾਂ ਹੋਈਆਂ ਹਨ।

# ਪੰਜਾਬ ਦੀ ਸਿਆਸਤ ਵਿਚ ਚੋਣ ਸਰਗਰਮੀਆਂ ਹੋਈਆਂ ਤੇਜ਼

**ਚੰਡੀਗੜ੍ਹ (ਬਿਊਰੋ)–** ਚੋਣਾਂ ਨੇੜੇ ਆਉਣ ਦੇ ਮੱਦੇਨਜ਼ਰ ਪੰਜਾਬ ਵਿਚ ਸਿਆਸੀ ਸਰਗਰਮੀਆਂ ਤਾਂ ਤੇਜ਼ ਹੋ ਗਈਆਂ ਹਨ ਪਰ ਮੌਜੂਦਾ ਸੱਤਾਧਾਰੀ ਕਾਂਗਰਸ ਵਿਚ ਜਿੱਥੇ ਅੰਦਰੂਨੀ ਕਸ਼ਮਕਸ਼ ਚੱਲ ਰਹੀ ਹੈ, ਉਥੇ ਹੀ ਆਮ ਆਦਮੀ ਪਾਰਟੀ, ਅਕਾਲੀ ਦਲ, ਬਹੁਜਨ ਸਮਾਜ ਪਾਰਟੀ ਆਪਣਾ ਸੰਗਠਨਾਤਮਕ ਢਾਂਚਾ ਕਾਇਮ ਕਰਨ ਲਈ ਸਰਗਰਮ ਹਨ। ਕਾਂਗਰਸ ਵਿਚ



ਅੰਦਰੂਨੀ ਖਾਨਾਜੰਗੀ ਦਾ ਕਾਰਨ ਕੈਪਟਨ ਅਮਰਿੰਦਰ ਸਿੰਘ ਦੇ ਹੱਥੋਂ ਕਾਂਗਰਸ ਦੀ ਵਾਗਡੋਰ ਖਿੱਚਣਾ ਅਤੇ ਮੁੱਖ ਮੰਤਰੀ ਦੀ ਕੁਰਸੀ ਦੇ ਚਾਹਵਾਨਾਂ ਦੀ ਵਧਦੀ ਗਿਣਤੀ ਹੈ, ਜਦਕਿ ਅਕਾਲੀ ਦਲ ਨੂੰ ਬਾਗੀ ਅਕਾਲੀ ਲੀਡਰਾਂ ਵੱਲੋਂ ਸਮੱਸਿਆ ਹੈ। ਆਮ ਆਦਮੀ ਪਾਰਟੀ ਕੋਲ ਮੁੱਖ ਮੰਤਰੀ ਲਈ ਕੋਈ ਲੋਕਪ੍ਰਿਆ ਚਿਹਰਾ ਫਿਲਹਾਲ ਸਾਹਮਣੇ ਨਹੀਂ ਆ ਰਿਹਾ ਹੈ।

**(ਬਾਕੀ ਸਫਾ 5 'ਤੇ)**




MAJESTIC HOMES

RAMESH SUMAN
Broker Realtor
RCS-D TM

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us  ramesh@rameshsuman.com
P.O. Box 3434, Antioch, CA 94531-3434

SAROAY INVESTMENT REALTY



Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)



Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539



MANDEEP SANDHU

SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

WE OPEN 7-DAYS A WEEK

ਵੀਜ਼ਾ

Note: I am not an Immigration Attorney.

3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562)  msandhu2014@gmail.com



GINNY WALIA
Law Offices. Inc
Ginny H. K. Walia

Experienced Jury Trial Lawyer
Featured as a legal analyst on Fox News, MSNBC and Kron 4

FAMILY LAW, CRIMINAL DEFENSE AND CIVIL LITIGATION

Tel: (408) 724-9200
Fax: (408) 724-9202
Toll Free: 1 (800) 379-9330

ginny@walialawfirm.com
www.walialawfirm.com

BAGGA JEWELERS

SINCE 1996

916-912-8842, 916-329-8772
jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga

6930 65TH STREET # 115 SACRAMENTO CA 95823



Dr. Paramjit S Takhar, MD

DR. TAKHAR'S FAMILY MEDICINE & URGENT CARE CLINIC

8191 Timberlake Way, Suite # 400, Sacramento, CA 95823, Phone: 916-688-8888 Fax: 916-688-8837

Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed



Goodie Takhar, PhD

We speak your language: Panjabi, Hindi, Urdu, Farsi, Arabic and Spanish

URGENT CARE CLINIC

THINKING ABOUT BUYING, SELLING, OR INVESTING IN REAL ESTATE? CALL ME!

JOHN SINGH BANGA

916-271-5404
banga.realtor@gmail.com
www.banga.bhhser.com



BERKSHIRE HATHAWAY
TRUST the advice of a professional
CALBRE #01397975

When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill

We do Outdoor & Indoor Catering for all your Events
1600 Washington Ave.
San Leandro.CA 94577

Indiangrillsanleandro.com
Pal343@ yahoo.com
510-878-2704, 510-332-1074 Mobile

Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM



Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com




HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com




Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਮੰਗਲ ਗ੍ਰਹਿ 'ਤੇ ਇੰਜੈਂਨਿਉਟੀ ਹੈਲੀਕਾਪਟਰ ਦੀ 7ਵੀਂ ਉਡਾਣ

**ਵਾਸ਼ਿੰਗਟਨ–** ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਇੰਜੈਂ-ਨਿਉਟੀ ਹੈਲੀਕਾਪਟਰ ਨੇ ਇਕ ਵਾਰ ਫਿਰ ਲਾਲ ਗ੍ਰਹਿ 'ਤੇ ਉਡਾਨ ਭਰੀ। ਇੰਜੈਂਨਿਉਟੀ ਨੂੰ ਚਲਾਉਣ ਵਾਲੇ ਲੋਕ ਇਸ 1.8 ਕਿਲੋਗ੍ਰਾਮ ਵਜ਼ਨੀ ਹੈਲੀਕਾਪਟਰ ਨੂੰ 7ਵੀਂ ਵਾਰ ਮੰਗਲ ਦੇ ਆਸਮਾਨ 'ਚ ਉਡਾਇਆ ਗਿਆ। ਨਾਸਾ ਦੀ ਯੋਜਨਾ ਮੁਤਾਬਕ ਇਸ ਹੈਲੀਕਾਪਟਰ ਨੂੰ ਇਕ ਨਵੇਂ ਏਅਰਫੀਲਡ 'ਚ ਭੇਜਣ ਦੀ ਹੈ। ਇੰਜੈਂਨਿਉਟੀ ਨੂੰ ਜੇਜੇਰੋ ਕ੍ਰੇਟਰ ਦੀ ਸਤ੍ਹਾ ਦੀ ਮੌਜੂਦਾ ਲੋਕੇਸ਼ਨ ਤੋਂ ਦੱਖਣ 'ਚ 105 ਮੀਟਰ ਦੂਰ ਲੈਣ ਜਾਣ ਦੀ ਯੋਜਨਾ ਬਣਾਈ ਗਈ ਹੈ।

**ਤਿੰਨ ਦਿਨਾਂ 'ਚ ਇਸ ਦਾ ਡਾਟਾ ਧਰਤੀ 'ਤੇ ਭੇਜਿਆ ਜਾਵੇਗਾ**



ਨਾਸਾ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਉਡਾਣ ਤੋਂ ਬਾਅਦ ਤਿੰਨ ਦਿਨਾਂ 'ਚ ਇਸ ਦਾ ਡਾਟਾ ਧਰਤੀ 'ਤੇ ਭੇਜਿਆ ਜਾਵੇਗਾ। ਇਹ ਦੂਜੀ ਵਾਰ ਹੋਵੇਗਾ ਜਦੋਂ ਇਜੈਂਨਿ-ਉਟੀ ਹੈਲੀਕਾਪਟਰ ਕਿਸੇ ਅਜਿਹੇ ਹਵਾਈ ਖੇਤਰ 'ਚ ਉਤਰੇਗਾ ਜਿੱਥੇ ਉਸ ਨੇ ਪਿਛਲੇ ਉਡਾਣ ਦੌਰਾਨ ਹਵਾ ਨਾਲ ਸਰਵੇਖਣ ਨਹੀਂ ਕੀਤਾ ਸੀ। ਇਸ ਤੋਂ ਇਲਾਵਾ ਇੰਜੈਂਨਿ-ਉਟੀ ਨਾਸਾ ਦੇ 'ਮਾਰਸ ਰਿਕੋਨਿਸੈਂਸ ਆਰਬੀਟਰ' ਤੇ ਲਾਏ ਗਏ ਕੈਮਰੇ ਦੁਆਰਾ ਇਕੱਠੀਆਂ ਕੀਤੀਆਂ ਗਈਆਂ ਤਸਵੀਰਾਂ 'ਤੇ ਭਰੋਸਾ ਕਰ ਰਹੀ ਹੈ। ਆਪ੍ਰੇਸ਼ਨ ਲਈ ਇਹ ਨਵਾਂ ਬੇਸ ਮੁਕਾਬਲਤਨ ਸਪਾਟ ਹੈ। ਇਸ ਤੋਂ ਪਹਿਲਾਂ ਇਜੈਂਨਿਉਟੀ ਨੇ 22 ਮਈ ਨੂੰ ਆਪਣੀ ਛੇਵੀਂ ਉਡਾਣ ਦੌਰਾਨ ਵੀ ਇਕ ਨਵੀਂ ਜਗ੍ਹਾ 'ਤੇ ਉਡਾਣ ਭਰੀ ਸੀ। ਹਾਲਾਂਕਿ ਇਹ ਉਡਾਣ ਸਫਲ ਨਹੀਂ ਹੋ ਸਕੀ ਸੀ। ਦਰਅਸਲ ਹੈਲੀਕਾਪਟਰ 'ਚ ਇਕ ਗੜਬੜੀ ਆ ਗਈ ਸੀ ਇਸ ਵਜ੍ਹਾ ਕਾਰਨ ਇਸ 'ਤੇ ਲੱਗੇ ਨੈਵੀਗੇਸ਼ਨ ਕੈਮਰੇ ਦੁਆਰਾ ਲਈ ਗਈ ਤਸਵੀਰ 'ਚ ਥੋੜ੍ਹੀ ਦੇਰ ਲਈ ਰੁਕਾਵਟ ਆ ਗਈ ਪਰ ਹੈਲੀਕਾਪਟਰ ਸਫਲਤਾਪੂਰਵਕ ਆਪਣੇ ਨਿਰਧਾਰਿਤ ਲੈਂਡਿੰਗ ਵਾਲੀ ਜਗ੍ਹਾ 'ਤੇ ਲੈਂਡ ਕਰਨ 'ਚ ਕਾਮਯਾਬ ਹੋਇਆ ਸੀ।

# ਵਿਦੇਸ਼ ਜਾਣ ਦੇ ਚਾਹਵਾਨਾਂ ਜਲਦੀ ਮਿਲੇਗੀ ਕੋਵੀਸ਼ੀਲਡ ਦੀ ਦੂਜੀ ਡੋਜ਼

**ਨਵੀਂ ਦਿੱਲੀ–** ਭਾਰਤ ਸਰਕਾਰ ਨੇ ਫ਼ੈਸਲਾ ਲਿਆ ਹੈ ਕਿ ਟੋਕੀਓ ਓਲੰਪਿਕਸ ਵਿੱਚ ਹਿੱਸਾ ਲੈ ਰਹੇ ਅਥਲੀਟ ਤੇ ਸਹਾਇਕ ਸਟਾਫ਼, ਸਿੱਖਿਆ ਲਈ ਵਿਦੇਸ਼ ਜਾਣ ਵਾਲੇ ਵਿਦਿਆਰਥੀ ਤੇ ਸਮੁੰਦਰੀ ਨੌਕਰੀਆਂ 'ਚ ਲੱਗੇ ਵਿਅਕਤੀ ਕੋਵੀਸ਼ੀਲਡ ਦੀ ਦੂਜੀ ਡੋਜ਼ ਇਸ ਦੀ ਪਹਿਲੀ ਡੋਜ਼ ਤੋਂ ਬਾਅਦ ਲਾਜ਼ਮੀ ਕਰਾਰ ਦਿੱਤੇ ਗਏ 84 ਦਿਨਾਂ ਦੇ ਵਕਫ਼ੇ ਤੋਂ ਪਹਿਲਾਂ ਲੈ ਸਕਣਗੇ, ਪਰ ਇਸ ਲਈ ਪਹਿਲੀ ਡੋਜ਼ ਮਗਰੋਂ 28 ਦਿਨਾਂ ਦਾ ਵਕਫਾ ਜ਼ਰੂਰੀ ਹੈ। ਸਰਕਾਰ ਨੇ ਸੋਮਵਾਰ ਨੂੰ ਇਹ ਫ਼ੈਸਲਾ ਕਈ ਵਫ਼ਦਾਂ ਵੱਲੋਂ ਕੋਵੀਸ਼ੀਲਡ ਦੀ ਦੂਜੀ ਡੋਜ਼ ਦੇਣ ਲਈ ਮਨਜ਼ੂਰੀ ਦੇਣ ਵਾਸਤੇ ਦਿੱਤੇ ਮੰਗ ਪੱਤਰਾਂ ਮਗਰੋਂ ਲਿਆ ਹੈ। ਦਰਅਸਲ, ਇਨ੍ਹਾਂ ਵਿਅਕਤੀਆਂ ਨੇ ਜਾਂ ਤਾਂ ਸਿੱਖਿਆ ਜਾਂ ਰੁਜ਼ਗਾਰ ਲਈ ਕੌਮਾਂਤਰੀ ਸਫ਼ਰ ਕਰਨਾ ਹੈ ਜਾਂ ਉਹ ਟੋਕੀਓ ਓਲੰਪਿਕਸ ਵਿੱਚ ਜਾਣ ਵਾਲੀ ਭਾਰਤੀ ਟੁਕੜੀ ਵਿੱਚ ਸ਼ਾਮਲ ਹਨ, ਪਰ ਉਨ੍ਹਾਂ ਦੀ ਸਫ਼ਰ ਕਰਨ ਸਬੰਧੀ ਤਰੀਕ 84 ਦਿਨਾਂ ਦੇ ਘੱਟੋ-ਘੱਟ ਲਾਜ਼ਮੀ ਵਕਫਾ ਖਤਮ ਹੋਣ ਤੋਂ ਪਹਿਲਾਂ ਬਣਦੀ ਹੈ। ਇਹ ਵਿਸ਼ੇਸ਼ ਟੀਕਾਕਰਨ ਸਿੱਖਿਆ ਲਈ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ, ਬਾਹਰਲੇ ਮੁਲਕਾਂ ਵਿੱਚ ਨੌਕਰੀਆਂ ਲਈ ਜਾਣ ਵਾਲੇ ਵਿਅਕਤੀਆਂ, ਅਥਲੀਟਾਂ ਤੇ ਟੋਕੀਓ ਵਿੱਚ ਹੋ ਰਹੀਆਂ ਓਲੰਪਿਕ ਖੇਡਾਂ ਵਿੱਚ ਹਿੱਸਾ ਲੈਣ ਵਾਲੀ ਭਾਰਤੀ ਟੁਕੜੀ ਦੇ ਸਹਾਇਕਾਂ ਲਈ ਹੀ ਉਪਲੱਬਧ ਹੋਵੇਗਾ। ਸੂਬਿਆਂ ਨੂੰ ਇਸ ਸਬੰਧੀ ਮਨਜ਼ੂਰੀ ਦੇਣ ਲਈ ਹਰ ਜ਼ਿਲ੍ਹੇ ਵਿੱਚ ਇੱਕ ਸਮਰੱਥ ਅਧਿਕਾਰੀ ਨਿਯੁਕਤ ਕਰਨਾ ਪਵੇਗਾ ਜੋ ਸਾਰੇ ਕਾਗਜ਼ਾਤਾਂ ਦੀ ਜਾਂਚ ਕਰਨ ਮਗਰੋਂ ਇਸ ਸਬੰਧੀ ਆਗਿਆ ਦੇਵੇਗਾ। ਸਰਕਾਰ ਮੁਤਾਬਕ ਇਹ ਸਹੂਲਤ 31 ਅਗਸਤ 2021 ਤੱਕ ਦੀ ਸਮਾਂ-ਸੀਮਾ ਵਿੱਚ ਉਪਰੋਕਤ ਉਦੇਸ਼ਾਂ ਲਈ ਕੌਮਾਂਤਰੀ ਸਫ਼ਰ ਕਰਨ ਵਾਲੇ ਵਿਅਕਤੀਆਂ ਲਈ ਹੋਵੇਗੀ। ਜ਼ਕਿਰਯੋਗ ਹੈ ਕਿ ਭਾਰਤ ਨੇ ਹਾਲ ਹੀ 'ਚ ਕੋਵੀਸ਼ੀਲਡ ਦੀ ਦੂਜੀ ਡੋਜ਼ ਲਵਾਉਣ ਲਈ ਵਕਫ਼ਾ ਘਟਾ ਕੇ ਪਹਿਲੀ ਡੋਜ਼ ਲੱਗਣ ਦੇ 12 ਤੋਂ 16 ਹਫ਼ਤਿਆਂ ਬਾਅਦ ਕਰ ਦਿੱਤਾ ਹੈ।



**44 ਕਰੋੜ ਡੋਜ਼ਾਂ ਦਾ ਆਰਡਰ ਦਿੱਤਾ**

ਕੇਂਦਰ ਸਰਕਾਰ ਨੇ ਕਿਹਾ ਹੈ ਕਿ ਇਸ ਵੱਲੋਂ ਕੋਵੀਸ਼ੀਲਡ ਅਤੇ ਕੋਵੈਕਸੀਨ ਦੀਆਂ 44 ਕਰੋੜ ਡੋਜ਼ਾਂ ਦਾ ਆਰਡਰ ਦੇ ਦਿੱਤਾ ਗਿਆ ਹੈ। ਬੀਤੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਲਾਨ ਕੀਤਾ ਸੀ ਕਿ ਕੇਂਦਰ ਵੱਲੋਂ ਸੂਬਿਆਂ ਦਾ ਵੈਕਸੀਨ ਕੋਟਾ ਵੀ ਖ਼ੁਦ ਖਰੀਦਿਆ ਜਾਵੇਗਾ ਤੇ 18 ਸਾਲ ਤੋਂ ਉੱਪਰ ਦੇ ਸਾਰੇ ਵਿਅਕਤੀਆਂ ਦੇ ਟੀਕਾਕਰਨ ਲਈ ਸੂਬਾ ਸਰਕਾਰਾਂ ਨੂੰ ਮੁਫ਼ਤ ਵੈਕਸੀਨ ਮੁਹੱਈਆ ਕਰਵਾਈ ਜਾਵੇਗੀ। ਕੇਂਦਰੀ ਸਿਹਤ ਮੰਤਰਾਲੇ ਨੇ ਦੱਸਿਆ ਕਿ ਕੋਵਿਡ- 19 ਵੈਕਸੀਨ ਦੀਆਂ ਇਹ 44 ਕਰੋੜ ਡੋਜ਼ਾਂ ਇਨ੍ਹਾਂ ਦੇ ਨਿਰਮਾਤਾਵਾਂ ਵੱਲੋਂ ਅਗਸਤ ਤੇ ਦਸੰਬਰ 2021 ਦਰਮਿਆਨ ਦੇ ਦਿੱਤੀਆਂ ਜਾਣਗੀਆਂ। ਇਸ ਸਬੰਧੀ ਇੱਕ ਅਧਿਕਾਰੀ ਨੇ ਦੱਸਿਆ,'ਪ੍ਰਧਾਨ ਮੰਤਰੀ ਵੱਲੋਂ ਬੀਤੇ ਦਿਨ ਕੌਮੀ ਕੋਵਿਡ ਟੀਕਾਕਰਨ ਪ੍ਰੋਗਰਾਮ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਇਨ੍ਹਾਂ ਤਬਦੀਲੀਆਂ ਦੇ ਐਲਾਨ ਮਗਰੋਂ ਕਾਰਵਾਈ ਕਰਦਿਆਂ ਕੇਂਦਰ ਨੇ ਸੀਰਮ ਇੰਸਟੀਚਿਊਟ ਆਫ਼ ਇੰਡੀਆ ਨੂੰ ਕੋਵੀਸ਼ੀਲਡ ਦੀਆਂ 25 ਕਰੋੜ ਡੋਜ਼ਾਂ ਤੇ ਭਾਰਤ ਇਨਫੋਟੈੱਕ ਨੂੰ ਕੋਵੈਕਸੀਨ ਦੀਆਂ 19 ਕਰੋੜ ਡੋਜ਼ਾਂ ਦਾ ਆਰਡਰ ਦੇ ਦਿੱਤਾ ਹੈ। ਇਸ ਤੋਂ ਇਲਾਵਾ, ਦੋਵਾਂ ਵੈਕਸੀਨਾਂ ਦੀ ਖਰੀਦ ਲਈ ਸੀਰਮ ਇੰਸਟੀਚਿਊਟ ਆਫ਼ ਇੰਡੀਆ ਤੇ ਭਾਰਤ ਬਾਇਓਟੈੱਕ ਨੂੰ 30 ਫ਼ੀਸਦੀ ਅਦਾਇਗੀ ਕੀਤੀ ਜਾ ਚੁੱਕੀ ਹੈ।' ਅਧਿਕਾਰੀ ਨੇ ਕਿਹਾ ਕਿ ਇਸ ਵਰ੍ਹੇ 16 ਜਨਵਰੀ ਤੋਂ ਸ਼ੁਰੂ ਹੋਈ ਟੀਕਾਕਰਨ ਮੁਹਿੰਮ ਕੇਂਦਰ ਸਰਕਾਰ ਵੱਲੋਂ ਪ੍ਰਭਾਵਸ਼ਾਲੀ ਢੰਗ ਨਾਲ ਚਲਾਈ ਜਾ ਰਹੀ ਹੈ।

# ਨਾਟੋ ਫ਼ੌਜਾਂ ਨੂੰ ਹੋਰ ਜ਼ਿਆਦਾ ਮਜ਼ਬੂਤ ਕੀਤੇ ਜਾਣ ਦੀ ਤਿਆਰੀ

**ਵਾਸ਼ਿੰਗਟਨ–** ਬਰੱਸਲਜ਼ ਸਿਖਰ ਸੰਮੇਲਨ ਤੋਂ ਪਹਿਲਾਂ ਨਾਟੋ ਦੇ ਸਕੱਤਰ ਜਨਰਲ ਸਟੋਲਟੈਨਬਰਗ ਨੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਮੁਲਾਕਾਤ ਕੀਤੀ। ਇਸ ਮੁਲਾਕਾਤ 'ਚ ਉਨ੍ਹਾਂ ਨੇ 2030 ਤਕ ਲਈ ਨਾਟੋ ਫ਼ੌਜਾਂ ਨੂੰ ਆ-ਧੁਨਿਕ ਤੇ ਮਜ਼ਬੂਤ ਕੀਤੇ ਜਾਣ ਦੀ ਯੋਜਨਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਰੱਖਿਆ ਮੰਤਰੀ ਲਾਇਡ ਆਸਟਿਨ ਨਾਲ ਵੀ ਮੁਲਾਕਾਤ ਕੀਤੀ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਜੇਨ ਸਾਕੀ ਨੇ ਕਿਹਾ ਕਿ ਜੇਂਸ ਨਾਲ ਮੁਲਾਕਾਤ ਦੌਰਾਨ ਕੌਮਾਂਤਰੀ ਸਮੱਸਿਆਵਾਂ 'ਤੇ ਗੱਲਬਾਤ ਹੋਈ। ਨਾਲ ਹੀ ਪਿਛਲੇ ਸੱਤ ਸਾਲਾਂ ਦੌਰਾਨ ਰੱਖਿਆ ਖ਼ਰਚਾ ਤੇ ਸਹਿਯੋਗੀ ਦੇਸ਼ਾਂ ਦੇ ਯੋਗਦਾਨ 'ਤੇ ਵੀ ਚਰਚਾ ਹੋਈ। 14 ਜੂਨ ਨੂੰ ਨਾਟੋ ਦੇਸ਼ਾਂ ਦੇ ਰਾਸ਼ਟਰ ਮੁਖੀਆਂ ਦਾ ਸਿਖਰ ਸੰਮੇਲਨ ਬਰੱਸਲਜ਼ 'ਚ ਕੀਤਾ ਗਿਆ। ਇਸ ਸੰਮੇਲਨ ਦੀ ਅਗਵਾਈ ਸਟੋਲਟੈਨਬਰਗ ਕਰਨਗੇ। ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) 30 ਯੂਰਪੀ ਤੇ ਉੱਤਰੀ ਅਮਰੀਕੀ ਦੇਸ਼ਾਂ ਦਾ ਫ਼ੌਜੀ ਸੰਗਠਨ ਹੈ। ਇਸ ਦਾ ਮੂਲ ਟੀਚਾ ਸਿਆਸੀ ਤੇ ਫ਼ੌਜੀ ਤਰੀਕਿਆਂ ਨਾਲ ਸਹਿਯੋਗੀ ਦੇਸ਼ਾਂ ਨੂੰ ਆਜ਼ਾਦੀ ਤੇ ਸੁਰੱਖਿਆ ਮੁਹੱਈਆ ਕਰਨਾ ਹੈ। ਨਾਟੋ ਦੇ ਸਕੱਤਰ ਜਨਰਲ ਜੇਂਸ ਸਟੋਲਟੈਨਬਰਗ ਨੇ ਕਿਹਾ ਨਾਟੋ ਸਿਰਫ਼ ਫ਼ੌਜੀ ਗਠਜੋੜ ਨਹੀਂ, ਇਹ ਸਿਆਸੀ-ਫ਼ੌਜੀ ਗਠਜੋੜ ਹੈ। ਜਦੋਂ ਅਸੀਂ ਫ਼ੌਜੀ ਕਾਰਵਾਈ ਨਹੀਂ ਕਰਦੇ, ਉਦੋਂ ਵੀ ਸਾਡੀ ਸਿਆਸੀ ਏਕਤਾ ਮਾਇਨੇ ਰੱਖਦੀ ਹੈ। ਉਨ੍ਹਾਂ ਕਿਹਾ ਕਿ ਬਰੱਸਲਜ਼ ਸਮਿਟ 'ਚ ਨਾਟੋ 2030 ਯੋਜਨਾ ਨੂੰ ਰੱਖਿਆ ਜਾ ਰਿਹਾ ਹੈ। ਇਸ ਯੋਜਨਾ ਜ਼ਰੀਏ ਜ਼ਮੀਨ, ਸਮੁੰਦਰੀ ਖੇਤਰ, ਸਾਈਬਰ ਸਪੇਸ ਤੇ ਪੁਲਾੜ 'ਚ ਤਾਕਤ ਵਧਾਉਣ ਵੱਲ ਕਦਮ ਵਧਾਏ ਜਾਣਗੇ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਅਮਰੀਕਾ ਦੇ ਰਾਸ਼ਟਰਪਤੀ, ਕੈਲੀਫੋਰਨੀਆ ਗਵਰਨਰ, ਕਾਂਗਰਸਮੈਨ ਤੇ ਅਸੈਂਬਲੀਮੈਨ ਵਲੋਂ ਦੁੱਖ ਦਾ ਇਜਹਾਰ, ਅਮਰੀਕਾ ਦਾ ਝੰਡਾ ਅੱਧਾ ਝੁਕਾਇਆ ਗਿਆ

## ਤਪਤੇਜਦੀਪ ਸਿੰਘ ਦੂਜਿਆਂ ਦੇ ਬਚਾਅ ਲਈ ਇਧੱਰ ਓਧਰ ਦੌੜਦਾ ਰਿਹਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸੈਨ ਹੋਜੇ ਸਥਿਤ ਵੈਲੀ ਟਰਾਂਸਪੋਰਟ ਅਥਾਰਟੀ ਅਧੀਨ ਲਾਈਟ ਰੇਲ ਫੈਕਟਰੀ ਜੋ ਸੈਨ ਫੈਰਾਂਸਿਸਕੋ ਬੇ ਖੇਤਰ ਦੀ ਸਭ ਤੋਂ ਵੱਧ ਆਬਾਦੀ ਵਾਲੀ ਕਾਉਂਟੀ, ਸੈਂਟਾ ਕਲਾਰਾ ਕਾਉਂਟੀ ਵਿੱਚ ਬੱਸ, ਲਾਈਟ ਰੇਲ ਅਤੇ ਹੋਰ ਟੈਰਾਂਸਪੋਰਟ ਸੇਵਾਵਾਂ ਪੈਰਦਾਨ ਕਰਦੀ ਹੈ ਵਿੱਚ ਬੀਤੇ ਦਿਨ ਅੰਨੇਵਾਹ ਗੋਲੀਬਾਰੀ ਚ 9 ਵਿਆਕਤੀ ਮਾਰੇ ਗਏ ਸਨ ਉਨਾਂ ਚ ਇੱਕ ਪੰਜਾਬੀ ਸਿੱਖ ਵੀ ਸ਼ਾਮਿਲ ਸੀ ਇਸ ਘਟਨਾ ਤੇ ਵੱਖ ਵੱਖ ਉਚ ਪ੍ਰਸ਼ਾਸਿਕ ਅਧੀਕਾਰੀਆਂ ਨੇ ਤੇ ਸਿਆਸੀ ਲੋਕਾਂ ਨੇ ਦੁੱਖ ਦਾ ਇਜਹਾਰ ਕੀਤਾ ਹੈ, ਜਿਨਾਂ ਚ ਕੈਲੀਫੋਰਨੀਆਂ ਦੇ ਪੀੜਤ, ਜਿਹਨਾਂ ਵਿਚੋਂ ਬਹੁਤ ਸਾਰੇ ਲੰਬੇ ਸਮੇਂ ਤੋਂ ਏਜੰਸੀ ਦੇ ਕਰਮਚਾਰੀ ਸਨ, ਇਨਾਂ ਚ 36 ਸਾਲਾ ਤਪਤੇਜਦੀਪ ਸਿੰਘ ਸਮੇਤ ਪੌਲ ਡੇਲਾਕਰੂਜ਼ ਮੇਗੀਆ, 42 ਐਡਰਿਅਨ ਬਾਲੇਜ਼ਾ, 29ਸ ਜੋਸੇ ਡੀਜੇਸਸ ਹਰਨਾਡੇਜ, 35 ਟਿਮੋਥੀ ਮਾਈਕਲ ਰੋਮੋ, 49 ਮਾਈਕਲ ਜੋਸਫ ਰੁਡੋਮੇਕਿਨ, 40 ਅਬਦੋਲਵਾਹਹਾਬ ਅਲਾਘਮੰਦਨ, 63 ਅਤੇ ਲਾਰਸ ਕੇਪਲਰ ਲੇਨ, 63. ਉਹਨਾਂ ਦੀਆਂ ਨੌਕਰੀਆਂ ਵਿਚ ਬੱਸ ਅਤੇ ਲਾਈਟ ਰੇਲ ਓਪਰੇਟਰ, ਮਕੈਨਿਕ, ਲਾਈਨਮੈਨ ਅਤੇ ਸਹਾਇਕ ਸੁਪਰਡੈਂਟ ਸ਼ਾਮਲ ਸਨ, ਤਪਤੇਜਦੀਪ ਸਿੰਘ 1999 ਤੋਂ ਟਰਾਂਸਪੋਰਟ ਅਥਾਰਟੀ ਲਈ ਕੰਮ ਕਰਦਾ ਸੀ, ਉਸਦੇ ਚਚੇਰਾ ਭਰਾ, ਬੱਗਾ ਸਿੰਘ ਨੇ ਦੱਸਿਆ ਕਿ ਤਪਤੇਜਦੀਪ ਸਿੰਘ ਨੇ ਅੱਠ ਜਾਂ ਨੌਂ ਸਾਲਾਂ ਤੋਂ ਲਾਈਟ ਰੇਲ ਗੱਡੀ ਦੇ ਡਰਾਈਵਰ ਵਜੋਂ ਕੰਮ ਕੀਤਾ ਸੀ ਅਤੇ ਉਸਦੀ ਪਤਨੀ, ਦੋ ਛੋਟੇ ਬੱਚੇ ਅਤੇ ਬਹੁਤ ਸਾਰੇ ਪਰਿਵਾਰਕ ਮੈਂਬਰ ਸਨ. ''ਅਸੀਂ ਸੁਣਿਆ ਹੈ ਕਿ ਉਸਨੇ ਸ਼ੂਟਿੰਗ ਦੌਰਾਨ ਲੋਕਾਂ ਦਾ ਬਚਾਅ ਕੀਤਾ ਸੀ, ਤਪਤੇਜਦੀਪ ਸਿੰਘ ਦੂਜਿਆਂ ਦੇ ਬਚਾਅ ਲਈ ਇਧੱਰ ਓਧਰ ਦੌੜਦਾ ਰਿਹਾ । ਗਵਰਨਰ ਗੇਵਿਨ ਨਿਓਸਮ ਨੇ ਇੱਕ ਕਾਉਂਟੀ ਦਫਤਰ ਦੇ ਸਾਹਮਣੇ ਭਾਵੁਕਤਾ ਨਾਲ ਬੋਲਦੇ ਹੋਏ ਕਿਹਾ ਕਿ ਉਨਾਂ ਨੇ ਇਸ ਘਟਨਾਂ ਤੇ ਕੈਲੀਫੋਰਨੀਆ ਰਾਜ ਦਾੋ ਝੰਡੇ ਨੀਵਾਂ ਲਹਿਰਾਉਣ ਲਈ ਕਿਹਾ ਹੈ ਤੇ ਉਹ ਪੀੜਤ ਪਰਿਵਾਰਕ ਰਿਸ਼ਤੇਦਾਰ ਦੇ ਦੁੱਖ ਸੁਣਨ ਲਈ ਇੰਤਜ਼ਾਰ ਕਰ ਰਹੇ ਹਨ, ਤੇ ਉਨਾਂ ਦੇ ਨਾਲ ਖੜੇ ਹਨ। ਵਾਈਟ ਹਾਊਸ ਵਿਖੇ, ਰਾਸ਼ਟਰਪਤੀ ਜੋ ਬਿਡੇਨ ਨੇ ਹਾਫ- ਸਟਾਫੋ ਝੰਡੇ ਨੂੰ ਲਹਿਰਾਉਣ ਦਾ ਆਦੇਸ਼ ਦਿੱਤਾ ਅਤੇ ਕਾਂਗਰਸ ਨੂੰ ਅਪੀਲ ਕੀਤੀ ਕਿ ਉਹ ਬੰਦੂਕ ਦੀ ਹਿੰਸਾ ਨੂੰ ਰੋਕਣ ਲਈ ਕਾਨੂੰਨੋ ਤੇ ਕਾਰਵਾਈ ਕਰੇ। ''ਹਰ ਜ਼ੈਂਦਗੀ ਜਿਹਨੂੰ ਗੋਲੀ ਲੱਗਦੀ ਹੈ ਉਹ ਸਾਡੀ ਕੌਮ ਦੀ ਰੂਹ ਨੂੰ ਵਿੰਨੈਹਦੀ ਹੈ। ਅਸੀਂ ਸਭ ਕਰ ਸਕਦੇ ਹਾਂ, ਅਤੇ ਸਾਨੂੰ ਹੋਰ ਵੀ ਕਰਨਾ ਚਾਹੀਦਾ ਹੈ, ''ਬਿਡੇਨ ਨੇ ਇੱਕ ਬਿਆਨ ਵਿੱਚ ਕਿਹਾ। ਪੰਜਾਬੀ ਸਿੱਖ ਤਪਤੇਜਦੀਪ ਸਿੰਘ ਦੋ ਬੱਚਿਆਂ ਪਿਤਾ ਅਤੇ ਹਰਮਨਪੈਰੀਤ ਕੌਰ ਦਾ ਪਤੀ ਸੀ. ''ਹਰ ਕੋਈ ਸਦਮੇ ਵਿੱਚ ਹੈ, ਪਰਿਵਾਰ ਨੇ ਦੱਸਿਆ ਕਿ ਅਸੀਂ ਵਿਸ਼ਵਾਸ ਨਹੀਂ ਕਰ ਸਕਦੇ ਕਿ ਉਹ ਚਲਾ ਗਿਆ ਹੈ, ਤਪਤੇਜਦੀਪ ਸਿੰਘ ਦੇ ਚਾਚੇ, ਸੁਖਵੰਤ ਢਿਲੋਂ ਨੇ ਕਿਹਾ। ਤਪਤੇਜਦੀਪ ਸਿੰਘ ਆਪਣੇ ਮਾਂ-ਪਿਓ, ਵੱਡੀ ਭੈਣ ਅਤੇ ਛੋਟੇ ਭਰਾ ਨਾਲ 2005 ਵਿਚ ਭਾਰਤ, ਅੰਮ੍ਰਿਤਸਰ ਤੋਂ ਆਏ ਸਨ। ਨਰਸਿੰਗ ਦੀ ਡਿਗਰੀ ਹਾਸਲ ਕਰਦਿਆਂ, ਉਸਨੇ ਕੈਲ ਸਟੇਟ ਈਸਟ ਬੇਅ ਤੋਂ ਗੈਰੈਜੂਏਸ਼ਨ ਕੀਤੀ। ਉਸਨੇ ਅੱਠ ਜਾਂ ਨੌਂ ਸਾਲ ਵੀ ਟੀ ਏ ਵਿੱਚ ਕੰਮ ਕੀਤਾ ਸੀ, ਢਿਲੋਂ ਨੇ ਕਿਹਾ:ੌਉਸਨੇ ਦੂਜਿਆਂ ਨੂੰ ਬਚਾਉਂਦੇ ਹੋਏ ਆਪਣੀ ਜਾਨ ਗੁਆ ਦਿੱਤੀ।





# ਸੈਨਹੋਜੇ ਕੈਲੀਫੋਰਨੀਆਂ 'ਚ ਮਾਰੇ ਗਏ 8 ਵਿਆਕਤੀਆਂ ਵਿਚੋਂ ਇੱਕ ਪੰਜਾਬੀ ਸਿੱਖ

**ਸੈਕਰਾਮੈਂਟੋ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)** ਅੱਜ ਸਥਾਨਕ ਸਿੱਖ ਭਾਈਚਾਰੇ ਵਿੱਚ ਉਸ ਵੇਲੇ ਮਾਤਮ ਛਾ ਗਿਆ ਜਦੋਂ ਇਹ ਖ਼ਬਰ ਮਿਲੀ ਕਿ ਅੱਜ ਸਵੇਰੇ ਸੈਨ ਹੋਜ਼ੇ, ਕੈਲੀਫੋਰਨੀਆ ਵਿੱਚ ਲਾਈਟ ਰੇਲ ਯਾਰਡ ਵਿੱਚ ਹੋਈ ਅੰਨੇਵਾਹ ਗੋਲੀਬਾਰੀ ਦੌਰਾਨ'8 ਜਣੇ ਹਲਾਕ ਹੋ ਗਏ ਤੇ ਉਨਾਂ ਵਿੱਚੋਂ ਇੱਕ ਪੰਜਾਬੀ ਸਿੱਖ ਸੀ । ਇਸ ਮਾਰੇ ਗਏ ਪੰਜਾਬੀ ਸਿੱਖ ਦੀ ਪਛਾਣ ਯੂਨੀਅਨ ਸਿਟੀ ਨਿਵਾਸੀ ਤਪਤੇਜ ਸਿੰਘ ਗਿੱਲ ਵਜੋਂ ਹੋਈ ਹੈ, ਜੋ 2005 'ਚ ਪੰਜਾਬ ਤੋਂ ਅਮਰੀਕਾ ਆਇਆ ਸੀ। ਇਹ ਸਿੱਖ ਪੰਜਾਬੀ ਤਪਤੇਜ ਸਿੰਘ ਗਿੱਲ ਜਿਸ ਦੇ ਦੋ ਬੱਚੇ, ਇਕ 2 ਸਾਲ ਦੀ ਬੇਟੀ ਅਤੇ ਇਕ 4 ਸਾਲ ਦਾ ਬੇਟਾ ਹੈ। ਉਹ ਪੰਜਾਬ ਵਿੱਚ ਗਗੜੇਵਾਲ ਜ਼ੈਲੈਹਾ ਅੰਮ੍ਰਿਤਸਰ ਦਾ ਰਹਿਣ ਵਾਲਾ ਸੀ । ਇਸ ਘਟਨਾ ਵਿੱਚ ਹਮਲਾਵਰ ਸਮੇਤ ਕੁੱਲ ਨੌਂ ਲੋਕਾਂ ਦੇ ਮਾਰੇ ਗਏ। ਇਕ ਵਿਅਕਤੀ ਗੰਭੀਰ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਸੈਮੂਅਲ ਨਾਂ ਦੇ ਹਮਲਾਵਰ ਨੇ ਅੰਨੇਵਾਹ ਗੋ.ਲੀਆਂ ਚਲਾਉਣ ਤੋਂ ਬਾਅਦ ਖ਼ੁਦ ਨੂੰ ਵੀ ਮਾਰ ਲਿਆ। ਇਹ ਵਿਅਕਤੀ ਇਸੇ ਯਾਰਡ ਵਿੱਚ ਕੰਮ ਕਰਦਾ ਸੀ।

ਵਰਨਣਯੋਗ ਹੈ ਕਿ ਅਮਰੀਕਾ ਵਿੱਚ ਨਿੱਤ ਦਿਨ ਹੋ ਰਹੀਆਂ ਗੋਲੀਬਾਰੀ ਦੀਆਂ ਘਟਨਾਵਾਂ ਦਾ ਮੁੱਦਾ ਬਹਿਸ ਦਾ ਵਿਸ਼ਾ ਬਣਿਆ ਹੋਇਆ ਹੈ ਤੇ ਆਮ ਲੋਕ ਸ਼ਰੇਆਮ ਹਥਿਆਰਾਂ ਦੀ ਵਿੱਕਰੀ ਨੂੰ ਬੰਦ ਕਰਨ ਦੀ ਮੰਗ ਕਰ ਰਹੇ ਹਨ। ਬੀਤੇ ਕੱਲ ਨਿਊਜਰਸੀ ਵਿੱਚ ਵੀ ਅਜਿਹੀ ਹੀ ਹਿੰਸਾ ਵਿੱਚ ਦੋ ਵਿਅਕਤੀ ਮਾਰੇ












## ਯਾਦ ਸ਼ਹੀਦਾਂ ਦੀ: ਕਿਵੇਂ ਆਵੇ ਕੌਮੀ ਜ਼ਜਬਾ?

# ਗੁਰਦੁਆਰਾ ਨਾਨਕਸਰ ਵਿਖੇ ਸੀਨੀਅਰਜ਼ ਸਿਟੀਜ਼ਨ ਵੱਲੋਂ ਜੂਨ-84 ਨੂੰ ਸਮਰਪਿਤ ਵਿਸ਼ੇਸ਼ ਸ਼ਹੀਦੀ ਸਮਾਗਮ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਗੁਰਦੁਆਰਾ ਨਾਨਕਸਰ ਠਾਠ ਈਸ਼ਰ ਦਰਬਾਰ ਮੈਨੁਰੇਵਾ ਵਿਖੇ ਅੱਜ ਸਮੂਹ ਸੀਨੀਅਰਜ਼ ਭਾਰਤੀਆਂ ਖਾਸ ਕਰ ਪੰਜਾਬੀ ਸਿੱਖ ਬਜ਼ੁਰਗਾਂ ਵੱਲੋਂ ਸੰਗਤ ਅਤੇ ਮੈਨੇਜਮੈਂਟ ਦੇ ਸਹਿਯੋਗ ਨਾਲ ਜੂਨ 1984 (ਆਪ੍ਰੇਸ਼ਨ ਬਲੂ ਸਟਾਰ) ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਵਿਸ਼ੇਸ਼ ਸ਼ਹੀਦੀ ਸਮਾਗਮ ਕਰਵਾਇਆ ਗਿਆ।







ਸ੍ਰੀ ਅਖੰਠ ਪਾਠ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਭਾਈ ਈਸ਼ਵਰ ਸਿੰਘ ਨੇ ਬਹੁਤ ਹੀ ਰਸਭਿੰਨਾ ਸ਼ਬਦ ਕੀਰਤਨ ਕੀਤਾ। ਉਨ੍ਹਾਂ ਸ਼ਬਦ 'ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ' ਬਹੁਤ ਹੀ ਦਿਲਟੁੰਬਵਾਂ ਗਾਇਆ। ਭਾਈ ਗੁਰਦਾਸ ਜੀ ਦੀ ਇਕ ਵਾਰ 'ਕੁਤਾ ਰਾਜ ਬਹਾਲੀਐ ਫਿਰਿ ਚਕੀ ਚਟੈ॥' ਬਹੁਤ ਹੀ ਲੈਅ ਵਿਚ ਗਾ ਕੇ ਇਕ ਤਰ੍ਹਾਂ ਨਾਲ ਜੂਨ 84 ਵੇਲੇ ਦੀ ਰਾਜਸੱਤਾ ਦਾ ਚਿਹਰਾ ਨੰਗਾ ਕੀਤਾ ਗਿਆ। ਜੂਨ 1984 ਵੇਲੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ, ਪਾਵਨ ਸਰੂਪਾਂ ਅਤੇ 37 ਹੋਰ ਗੁਰਦੁਆਰਿਆਂ ਸਾਹਿਬਾਨਾਂ ਦੀ ਹੋਈ ਬੇਅਦਬੀ ਅਤੇ ਨੁਕਸਾਨ ਦਾ ਬਦਲਾ ਲੈਣ ਵਾਲੇ ਭਾਈ ਸਤਵੰਤ ਸਿੰਘ ਦੇ ਛੋਟੇ ਭਰਾਤਾ ਭਾਈ ਸਰਵਣ ਸਿੰਘ ਅਗਵਾਨ ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਕਿਹਾ ਕਿ ''ਜੂਨ 1984 ਘੱਲੂਘਾਰਾ ਹੋਣ ਬਾਅਦ ਹਰ ਸਾਲ ਜਦੋਂ ਇਹ ਨਾ ਭੁੱਲਣ ਵਾਲੇ ਦਿਨ ਆਉਂਦੇ ਸਨ ਤਾਂ ਸੁਹਰਿਦ ਸਿੱਖ ਭੁੰਜੇ ਆਸਣ ਲਾ ਕੇ ਸੌਂਦੇ ਹੁੰਦੇ ਸਨ ਅਤੇ ਇਸ ਘੱਲੂਘਾਰੇ ਦੇ ਜ਼ਖਮਾਂ ਨੂੰ ਮਹਿਸੂਸ ਕਰਦਿਆਂ ਕੌਮੀ ਜ਼ਜਬਾ ਆਪਣੇ ਅੰਦਰ ਸਮਾਉਂਦੇ ਸਨ। ਇਹ ਕੌਮੀ ਜ਼ਜਬਾ ਜੇਕਰ ਬੱਚਿਆਂ ਅੰਦਰ ਭਰਨਾ ਚਾਹੁੰਦੇ ਹਾਂ ਤਾਂ ਇਹ ਇਤਿਹਾਸ ਛੋਟੇ ਹੁੰਦਿਆਂ ਬੱਚਿਆਂ ਨੂੰ ਦੱਸਣਾ ਪਿਆ ਕਰੇਗਾ। ਜੇਕਰ ਅਜਿਾ ਨਾ ਕੀਤੀ ਤਾਂ ਕੌਮੀ ਜ਼ਜਬਾ ਇਕ ਦਿਨ ਨਾਂਮਾਤਰ ਹੀ ਰਹਿ ਜਾਵੇਗਾ।''




ਭਾਈ ਸਰਵਣ ਸਿੰਘ ਅਗਵਾਨ ਹੋਰਾਂ ਦਾ ਸਿਰੋਪਾਓ ਪਾ ਕੇ ਅਤੇ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਭੇਟ ਕਰਕੇ ਮਾਨ-ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਸ਼ਹੀਦ ਭਾਈ ਭਰਪੂਰ ਸਿੰਘ ਗਹੀਰਾਂ ਦੇ ਵੱਡੇ ਭਰਾ ਸ. ਨਿਰਮਲ ਸਿੰਘ ਨੂੰ ਵੀ ਸਿਰੋਪਾਓ ਪਾ ਕੇ ਅਤੇ ਤਸਵੀਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਹੁਣ ਕਵੀਸ਼ਰ ਵੀ ਬਣ ਚੁੱਕੇ ਬਾਬਾ ਗੁਰਚਰਨ ਸਿੰਘ ਅਤੇ ਸ. ਜਸਵੰਤ ਸਿੰਘ ਹੋਰਾਂ ਨੇ 2 ਸ਼ਹੀਦੀ ਵਾਰਾਂ 'ਦੇਸ਼ ਕੌਮ ਦਾ ਪਿਆਰ ਜਿਨ੍ਹਾਂ ਨੂੰ ਉਹ ਕਰਦੇ ਕੁਰਬਾਨੀ' ਅਤੇ ਦੂਜੀ 'ਇੰਦਰਾ ਦਾ ਸੋਧਾ' ਗਾ ਕੇ ਸੰਗਤ ਦੇ ਵਿਚ ਜੋਸ਼ ਭਰਿਆ।

ਜੂਨ 1984 ਦੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ ਤੇ ਸੰਗਤ ਦਾ ਧੰਨਵਾਦ ਕੀਤਾ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਅਨੁਸੂਚਿਤ ਜਾਤੀਆਂ ਦੇ ਵਿਦਿਅਰਥੀਆਂ ਦੇ ਭੱਵਿਖ ਨਾਲ ਖਿਲਵਾੜ ਬਰਦਾਸ਼ਤ ਨਹੀਂ ਕੀਤਾ ਜਾਵੇਗਾ- ਕੈਂਥ

**ਚੰਡੀਗੜ੍ਹ**– ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦਾ ਅਨੁਸੂਚਿਤ ਜਾਤੀਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਦਾ ਅਸਲ ਚੇਹਰਾ ਮੋਹਰਾ ਇਕ ਵਾਰ ਫਿਰ ਸਾਹਮਣੇ ਆਉਣ ਨਾਲ ਸਬੰਧਤ ਜਾਤੀਆਂ ਵਿਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਆਉਂਦੇ ਵਿਦਿਅਰਥੀਆਂ ਵਿਚ ਨਿਰਾਸ਼ਾ ਅਤੇ ਗੁੱਸੇ ਦੀ ਲਹਿਰ ਫੈਲ ਰਹੀ ਹੈ ਕਿਉਂਕਿ ਨਿੱਜੀ ਵਿਦਿਅਕ ਸੰਸਥਾਵਾਂ ਦੀ ਜੱਥੇਬੰਦੀ ਜੁਆਇੰਟ ਐਸੋਸੀਏਸ਼ਨ ਆਫ ਕਾਲੇਜ਼ਜਿ( ਜੈਕ ) ਨੇ ਲੱਖਾਂ ਵਿਦਿਅਰਥੀਆਂ ਦੇ ਰੋਲ ਨੰਬਰਾਂ ਨੂੰ ਜਾਰੀ ਕਰਨ ਤੋ ਇਨਕਾਰ ਕਰਨ ਦਾ ਫੈਸਲਾ ਕੀਤਾ ਹੈ। ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਦੱਸਿਆ ਕਿ ਪੰਜਾਬ ਵਿੱਚ ਕੈਪਟਨ ਸਰਕਾਰ ਦਲਿਤ ਵਰਗ ਨਾਲ ਸਬੰਧਤ ਵਿਦਿਅਰਥੀਆਂ ਦੀ ਸਕਾਲਰਸ਼ਿਪ ਸਕੀਮ ਅਧੀਨ ਗਰੀਬ ਪਰਿਵਾਰਾਂ ਲਈ ਗਰੁੱਪ ਆਫ ਮਨਿਸਟਰ ਦੀ ਅਗਵਾਈ ਹੇਠ ਸਾਰੇ ਮਾਮਲਿਆ ਨੂੰ ਨਿਪਟਾਉਣ ਲਈ ਬਣਾਈ ਕਮੇਟੀ ਨੇ ਵਿਦਿਅਰਥੀਆਂ ਨਾਲ ਵਿਸ਼ਵਾਸ ਘਾਤ ਅਤੇ ਵਆਦਾਖਿਲਾਫੀ ਕੀਤੀ ਗਈ ਹੈ।



ਸ੍ਰ ਕੈਂਥ ਨੇ ਕਿਹਾ ਕਿ ਜਦੋ ਕੈਪਟਨ ਸਰਕਾਰ ਵੱਲੋ ਪਿਛਲੇ ਸਾਲਾ 2017-2018,2018-2019, 2019- 2020 ਦਾ ਬਕਾਏ ਦੇਣ ਦਾ ਭਰੋਸਾ ਜਨਵਰੀ 2021 ਵਿਚ ਦਿਵਾਇਆ ਗਿਆ ਸੀ ਪਰੰਤੂ ਹੁਣ 1600 ਪ੍ਰਾਇਵੇਟ ਵਿਦਿਅਕ ਸੰਸਥਾਵਾਂ ਨੇ ਅਨੁਸੂਚਿਤ ਜਾਤੀਆਂ ਦੇ ਵਿਦਿਅਰਥੀਆਂ ਨੂੰ ਵਜ਼ੀਫੇ ਨਾ ਆਉਣ ਕਾਰਨ ਰੋਲ ਨੰਬਰ ਨਾ ਦੇਣ ਦਾ ਐਲਾਨ ਕਰ ਦਿੱਤਾ ਹੈ। ਹੁਣ ਗਰੀਬ ਵਿਦਿਅਰਥੀਆਂ ਲਈ ਪੜ੍ਹਾਈ ਜਾਰੀ ਰੱਖਣ ਦਾ ਸੰਕਟ ਪੈਦਾ ਹੋ ਗਿਆ ਹੈ।

ਸ੍ਰ ਕੈਂਥ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਇਸ ਗੰਭੀਰ ਮਸਲੇ ਨੂੰ ਤੁਰੰਤ ਨਜਿੱਠਣ ਤੇ ਪੱਛੜੇ ਸਮਾਜ ਦੇ ਵਿਦਿਅਰਥੀਆਂ ਦਾ ਭਵਿੱਖ ਬਚਾਉਣ ਲਈ ਬਕਾਇਆ ਰਕਮ ਜਾਰੀ ਕਰਨ। 22 ਕਾਂਗਰਸੀ ਅਨੁਸੂਚਿਤ ਜਾਤੀ ਵਰਗ ਨਾਲ ਸੰਬੰਧਿਤ ਕੈਬਨਿਟ ਮੰਤਰੀ ਅਤੇ ਵਿਧਾਇਕਾਂ ਵਲੋਂ ਸਾਰਥਿਕ ਕਦਮ ਚੁੱਕਣ ਵਿੱਚ ਅਸਫਲ ਰਹਿਣ ਕਾਰਨ ਉਹਨਾਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਜਲਦੀ ਹੀ ਪ੍ਰੋਗਰਾਮ ਉਲੀਕਣ ਦਾ ਫੈਸਲਾ ਕੀਤਾ ਜਾਵੇਗਾ।

ਉਹਨਾਂ ਦੱਸਿਆ ਕਿ ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਵੱਲੋ ਜਲਦੀ ਹੀ ਇਸ ਗੰਭੀਰ ਸਮੱਸਿਆ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਆਉਂਦੇ ਵਿਦਿਅਰਥੀਆਂ ਦਾ ਭਵਿੱਖ ਬਚਾਉਣ ਲਈ ਨੈਸ਼ਨਲ ਕਮਿਸ਼ਨ ਫਾਰ ਸ਼ਡਿਊਲਡ ਕਾਸਟਸ ਨਵੀਂ ਦਿੱਲੀ ਦੇ ਦਫ਼ਤਰ ਵਿੱਚ ਪਟੀਸ਼ਨ ਦਾਇਰ ਕੀਤੀ ਜਾ ਰਹੀ ਹੈ।



## ਬਾਬਾ ਕਰਤਾਰ ਸਿੰਘ ਨਹੀਂ ਰਹੇ

**ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਅਤੇ ਕੁਲਵੰਤ ਧਾਲੀਆਂ**

ਫਰਿਜਨੋ (ਕੈਲੀਫੋਰਨੀਆਂ) - ਗੁਰਦਵਾਰਾ ਨਾਨਕਸਰ ਚੈਰੀ ਰੋਡ ਫਰਿਜਨੋ ਦੇ ਮੁੱਖ ਸੇਵਾਦਾਰ ਬਾਬਾ ਕਰਤਾਰ ਸਿੰਘ ਜੀ ਅੱਜ (4 ਜੂਨ 2021) ਸਵੇਰੇ ਦਿਲ ਦਾ ਦੌਰਾ ਪੈਣ ਕਰਕੇ ਅਕਾਲ ਚਲਾਣਾ ਕਰ ਗਏ। ਉਹ ਪਿਛਲੇ ਲੰਮੇ ਸਮੇਂ ਤੋ ਫਰਿਜਨੋ ਦੇ ਗੁਰਦਵਾਰਾ ਨਾਨਕਸਰ ਚੈਰੀ ਰੋਡ ਵਿਖੇ ਸੇਵਾਵਾਂ ਨਿੱਭਾ ਰਹੇ ਸਨ। ਉਹ ਹਰ ਇੱਕ ਨੂੰ ਬੜੇ ਪਿਆਰ ਨਾਲ ਮਿਲਦੇ ਤੇ ਹਰੇਕ ਦਾ ਹਾਲ ਚਾਲ ਪੁੱਛਦੇ ਮਿੱਠ ਬੋਲਦੇ ਇਨਸਾਨ ਸਨ। ਇੱਥੇ ਇਹ ਵੀ ਜਿਕਰਯੋਗ ਹੈ ਕਿ ਬਾਬਾ ਕਰਤਾਰ ਸਿੰਘ ਸੰਤ ਬਾਬਾ ਈਸ਼ਰ ਸਿੰਘ ਨਾਨਕਸਰ ਵਾਲਿਆ ਦੇ ਭਤੀਜੇ ਸਨ।

# ਪੰਜਾਬ ਦੀ ਸਿਆਸਤ ਵਿਚ ਚੋਣ ਸਰਗਰਮੀਆਂ ਹੋਈਆਂ ਤੇਜ਼

**(ਸਫਾ 1 ਦੀ ਬਾਕੀ)**

ਇਧਰ ਆਮ ਆਦਮੀ ਪਾਰਟੀ (ਆਪ) ਪੰਜਾਬ ਵੱਲੋਂ ਅੱਜ ਪੰਜਾਬ ਦੇ ਵੱਖ ਵੱਖ ਵਿਧਾਨ ਸਭਾ ਹਲਕਿਆਂ ਦੇ ਇੰਚਾਰਜਾਂ ਦੀਆਂ ਨਿਯੁਕਤੀਆਂ ਕੀਤੀਆਂ। ਇਸ ਸਬੰਧੀ ਆਮ ਆਦਮੀ ਪਾਰਟੀ ਦੇ ਪੰਜਾਬ ਸੂਬੇ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ ਵੱਲੋਂ 24 ਵਿਧਾਨ ਸਭਾ ਹਲਕਿਆਂ ਦੇ ਇੰਚਾਰਜਾਂ ਦੀ ਸੂਚੀ ਜਾਰੀ ਕੀਤੀ ਗਈ ਹੈ।&;ਆਪ ਆਗੂਆਂ ਵੱਲੋਂ ਜਾਰੀ ਸੂਚੀ ਅਨੁਸਾਰ ਵਿਧਾਨ ਸਭਾ ਹਲਕਾ ਭੋਆ ਲਈ ਲਾਲ ਚੰਦ ਕਟਾਰੂਚੱਕ ਨੂੰ ਹਲਕਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ, ਜਦੋਂ ਕਿ ਵਿਧਾਨ ਸਭਾ ਹਲਕਾ ਨਾਭਾ ਲਈ ਗੁਰਦੇਵ ਸਿੰਘ ਦੇਵ ਮਾਨ, ਹਲਕਾ ਫਰੀਦਕੋਟ ਲਈ ਗਰਦਿੱਤ ਸਿੰਘ ਸੇਖੋਂ, ਹਲਕਾ ਬਾਬਾ ਬਕਾਲਾ ਲਈ ਦਲਬੀਰ ਸਿੰਘ ਟੌਂਗ, ਹਲਕਾ ਪਾਇਲ ਲਈ ਮਨਵਿੰਦਰ ਸਿੰਘ ਗਿਆਸਪੁਰਾ, ਹਲਕਾ ਜੀਰਾ ਲਈ ਨਰੇਸ ਕਟਾਰੀਆ, ਹਲਕਾ ਸਾਮ ਚੁਰਾਸੀ ਲਈ ਡਾ. ਰਵਜੋਤ ਸਿੰਘ, ਹਲਕਾ ਅਮਰਗੜ੍ਹ ਲਈ ਜਸਵੰਤ ਸਿੰਘ ਗੱਜਣ ਮਾਜਰਾ, ਹਲਕਾ ਜੰਡਿਆਲਾ ਲਈ ਹਰਭਜਨ ਸਿੰਘ ਈ.ਟੀ.ਓ, ਹਲਕਾ ਮੋਗਾ ਲਈ ਨਵਦੀਪ ਸੰਘਾ, ਹਲਕਾ ਭਦੌੜ ਲਈ ਲਾਭ ਸਿੰਘ ਉਗੋਕੇ, ਹਲਕਾ ਅਜਨਾਲਾ ਲਈ ਕੁਲਦੀਪ ਧਾਲੀਵਾਲ, ਹਲਕਾ ਚੱਬੇਵਾਲ ਲਈ ਹਰਮਿੰਦਰ ਸਿੰਘ ਸੰਧੂ, ਹਲਕਾ ਜਲਾਲਾਬਾਦ ਲਈ ਜਗਦੀਪ ਗੋਲਡੀ ਕੰਬੋਜ, ਹਲਕਾ ਬਾਘਾ ਪੁਰਾਣਾ ਲਈ ਅੰਮ੍ਰਿਤਪਾਲ ਸਿੰਘ ਸੁਖਾਨੰਦ, ਹਲਕਾ ਗਿੱਲ ਲਈ ਜੀਵਨ ਸਿੰਘ ਸੰਗੋਵਾਲ, ਹਲਕਾ ਸਨੌਰ ਲਈ ਹਰਮੀਤ ਸਿੰਘ ਪਠਾਣ ਮਾਜਰਾ, ਹਲਕਾ ਸਮਾਣਾ ਲਈ ਚੇਤਨ ਸਿੰਘ ਜੋੜਮਾਜਰਾ, ਹਲਕਾ ਹਸਿਆਰਪੁਰ ਲਈ ਬ੍ਰਹਮ ਸੰਕਰ ਜਿੰਪਾ, ਹਲਕਾ ਮੌੜ ਲਈ ਸੁਖਵੀਰ ਮਾਈਸਰਖਾਨਾ, ਹਲਕਾ ਚਮਕੌਰ ਸਾਹਿਬ ਲਈ ਡਾ. ਚਰਨਜੀਤ ਸਿੰਘ, ਹਲਕਾ ਬਟਾਲਾ ਲਈ ਸੈਰੀ ਕਲਸੀ, ਹਲਕਾ ਅੰਮ੍ਰਿਤਸਰ ਦੱਖਣੀ ਲਈ ਡਾ. ਇੰਦਰਬੀਰ ਸਿੰਘ ਨਿੱਜਰ ਅਤੇ ਹਲਕਾ ਦਸੂਆ ਲਈ ਕਰ-ਮਵੀਰ ਘੁੰਮਨ ਨੂੰ ਹਲਕਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ।

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

**Postal Address of Desh Doaba :**
**5101 Doe Hollow Pl, Antelope, CA. 95843**

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.

**'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁ-ਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ**



NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928

ਦੇਸ਼ ਦੁਆਬਾ

# Preserving the Legacy of Ad Dharm Movement

Prem Kumar Chumber
Editor-in-Chief:
Ambedkar Times & Desh Doaba

Ad Dharm movement brought Dalit consciousness in the undivided vast province of Punjab at a time when varied political organisations (Singh Sabhas, Arya Samajis, Muslim League, Ahmadiyya's, Christian missionary societies) representing mainstream communities, in the regions were making concerted efforts to strengthen their numerical strength for gaining some political space in the promised devolution of political power in the form of limited electoral provisions. Though Scheduled Castes, then addressed as Depressed classes, constituted a significant part of the total population of the Punjab province, they did not have their own exclusive political organisation like that of the other mainstream communities in the province. It was for this reason that all other community based organisations were making best of their efforts to win maximum number of Scheduled Castes towards their fold. All of them were asserting their claimson Scheduled Castes them to include them in the religions of their respective communities. In fact, it was for the first time in 1920s that the leaders of different communities realised to consolidate the numerical strength of their respective communitiesas a potent factor for the acquisition of some share in the British system of governance. It was precisely during this very time that the historic Ad Dharm movement took roots in Punjab.

The Ad Dharm movement was founded by Babu Mangu Ram Mugowalia after his return from abroad in 1925. He along with the efforts of Vasant Rai, Thakur Chand and Swami Shudranand called a mega conference at his native village of Mugowal and laid the foundation of the Ad Dharm movement amidst various sub-communities of the Scheduled Castes. Within a short period of five years, Ad Dharm movement became a household organization of the majority of the lower castes in the province. It had its own Newspaper (Adi Danka), well-organized headquater (Ad Dharm Mandal) at Jalandhar, separate religion (Ad Dharm) duly recognised by the British government, supported Babasaheb Dr. B.R. Ambedkar during his tie with Mr. M.K. Gandhi on the issue of separate electoral communal award at the London Round Table Conferences, won seven out of eight reserved assembly seats in the Punjab Pradesh Provincial Assembly elections in 1937, and all seats in 1946 Punjab Assembly elections. In 1946, Babu Mangu Ram Mugowalia got elected from the reserved assembly seat of Hoshiarpur. The Ad Dharm movement, under the stewardship of Babu Mangu Ram Mugowalia, made many petitions to the British government from time to time for the upliftment of the lower castes. Despite stiff opposition from the mainstream communities, the Ad Dharm movement was able a carve a niche for itself and acquired a significant political space for the hitherto for neglected segment of the lower castes.

Though after India's independence, the Ad Dharm movement got confined to socio-spiritual domain of the lower castes, its legacy became a rich heritage of the Schedules Castes in the state. Mangu Ram Jaspal, namesake of Babu Mangu Ram Mugowalia, Mark Juergensmeyer, C.L. Chumber, Ronki Ram, Balbir Madhopuri among others played a significant role in documenting the history of Ad Dharm movement and preserving its legacy. It is matter of great pride for us to put on records that Ambedkar Times (English) and Desh Doaba (Punjabi) Weeklies have been making earnest efforts since their inception in 2006 and 2012 respectively for the wider dissemination of the information about the rich heritage of this historic Scheduled Caste movement across the world.

**Ambedkar Times and Desh Doaba forum fondly remember the historic days of June 11-12, 1926 – the foundation day of the Ad Dharm Movement!**

ਲੜੀ ਨੰਬਰ-173

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਜ਼ਕਾਤ (ਜਗਾਤ) ਦਾਨ ਬਾਰੇ



ਅਵਤਾਰ ਸਿੰਘ ਮਿਸ਼ਨਰੀ
510-432-5827

ਜ਼ਕਾਤ ਅਰਬੀ ਲਫਜ਼ ਤੇ ਇਸ ਸੰਗਿਆ ਸ਼ੁੱਧੀ ਤੇ ਪਵਿਤ੍ਰਤਾ ਹੈ। ਆਪਣੇ ਮਾਲ ਚੋਂ ਧਰਮਅਰਥ ਜੋ ਹਿੱਸਾ ਕੱਢਿਆ ਜਾਵੇ ਉਸ ਦਾ ਨਾਮ "ਜ਼ਕਾਤ" ਜਾਂ ਜਗਾਤ ਹੈ। ਇਸਲਾਮ ਦੇ ਪੰਜ ਧਾਰਮਿਕ ਪ੍ਰਤੀਬੰਧਾਂ ਚੋਂ ਇੱਕ ਜਿਸ ਨੂੰ ਸ਼ਰੀਅਤ ਦੇ ਅੰਤਰਗਤ ਮੰਨਿਆਂ ਜਾਂਦਾ ਤੇ ਆਮ ਤੌਰ 'ਤੇ ਇਸ ਦਾ ਭਾਵ ਧਾਰਮਿਕ "ਕਰ" ਭਾਵ ਧਰਮਅਰਥ ਕਾਰਜਾਂ ਲਈ ਆਪਣੀ ਮਲਕੀਅਤ ਜਾਂ ਆਮਦਨ ਚੋਂ ਕੁਝ ਹਿੱਸਾ ਵੱਖਰਾ ਕਰਨਾ ਇਵੇਂ ਕਰਨ ਨਾਲ ਬਾਕੀ ਧੰਨ ਮਾਲ ਪਵਿਤ੍ਰ ਸਮਝਿਆ ਜਾਂਦਾ ਹੈ। ਕੁਰਾਨੇ ਸੂਰਤ ਬਕ੍ਰ ਵਿੱਚ ਇਸ ਦਾ ਜਿਕਰੈ ਪਰ ਜਕਾਤ ਦਾ ਹਿੱਸੇ ਦਾ ਜਿਕਰ ਨਹੀਂ। ਜੋ ਮਾਲ ਘੱਟ ਤੋਂ ਘੱਟ ਕਿਸੇ ਕੋਲ ਇੱਕ ਸਾਲ ਰਿਹਾ ਹੋਵੇ ਉਸ 'ਤੇ ਜਕਾਤ ਪਰ ਘੱਟ ਵਾਲੇ ਤੇ ਨਹੀਂ ਲਗਦਾ।

ਜ਼ਕਾਤੀ ਛੋਟਾਂ-ਜਿਸ ਕੋਲ ਚਾਰ ਊਠ ਹੋਣ ਕੋਈ ਜ਼ਕਾਤ ਨਹੀਂ ਪਰ ਪੰਜ ਵਾਲੇ ਨੂੰ ਇਕ ਬੱਕਰਾ ਜਾਂ ਭੇਡ ਦੇਣੀਂ ਪੈਂਦੀ ਤੇ ਇਵੇਂ ਹੀ ਬਾਕੀ ਪਸ਼ੂਆਂ ਬਾਰੇ ਹੈ। 200 ਦਿਰਮ (ਚਾਂਦੀ ਦਾ ਸਿੱਕਾ) ਤੱਕ ਜ਼ਕਾਤ ਮੁਆਫ ਜੇ ਵੱਧ ਤਾਂ ੫% ਦੇਣੀ ਪੈਂਦੀ ਤੇ ਇਵੇਂ ਹੀ ਸੋਨੇ 'ਤੇ ਪਰ ੨੦੦ ਦਿਰਮ ਤੋਂ ਵੱਧ ਮਾਲੀਅਤ ਦੇ ਮਾਲ 'ਤੇ ਜੋ ਅਣਵਰਤਿਆ ਹੋਵੇ ਢਾਈ% ਜੁਕਾਤ ਲਗਦੀ ਹੈ। ਹਦੀਸਾਂ ਮੁਤਾਬਿਕ ਜਕਾਤ ਨੂੰ ਸੱਤ ਹਿਸਿਆਂ 'ਚ ਵੰਡਿਆਂ ਜਾਂਦੈ ਜਿਵੇਂ ਇੱਕ ਹਿੱਸਾ ਫਕੀਰਾਂ, ਦੂਜਾ ਅਨਾਥਾਂ, ਤੀਜਾ ਜ਼ਕਾਤ ਉਗਰਾਉਣ ਵਾਲਿਆਂ, ਚੌਥਾ ਗੁਲਾਮਾਂ ਨੂੰ ਮੁਕਤ ਕਰਾਉਣ, ਪੰਜਵਾਂ ਕਰਜਦਾਰਾਂ ਦੇ ਕਰਜ ਲਈ, ਛੇਵਾਂ ਧਰਮ ਯੁੱਧ 'ਚ ਅਤੇ ਸਤਵਾਂ ਧਨਹੀਨ ਮੁਸਾਫਰਾਂ 'ਚ ਵੰਡਿਆ ਜਾਂਦਾ ਹੈ। ਅੱਜ ਕੱਲ੍ਹ ਆਮਦਨ ਦਾ 40ਵਾਂ ਹਿੱਸਾ ਜ਼ਕਾਤ ਲਈ ਕੱਢਿਆ ਜਾਂਦੈ ਸੂਫੀ ਸਾਧਕ ਜਾਂ ਦਰਵੇਸ਼ ਇਸ ਨੂੰ ਸ਼ਰੀਅਤ ਦੀ ਜ਼ਕਾਤ ਆਖਦੇ ਹਨ। ਤਰੀਕਤ ਦੀ ਜ਼ਕਾਤ 'ਚ ਕੇਵਲ ੪੦ਵਾਂ ਹਿੱਸਾ ਆਪਣੇ ਕੋਲ ਰੱਖਿਆ ਤੇ ਬਾਕੀ ੩੯ ਹਿੱਸਿਆਂ ਦੀ ਜ਼ਕਾਤ ਦਿੱਤੀ ਜਾਂਦੀ ਤੇ ਹਕੀਕਤ ਦੀ ਜ਼ਕਾਤ 'ਚ ਸਭ ਕੁਝ ਰੱਬ ਦੇ ਨਾਂ ਦਾਨ ਕਰ ਦਿੱਤਾ ਜਾਂਦਾ ਹੈ। ਸੁਲਤਾਨ ਬਾਹੂ ਨੇ ਸੱਚੀ ਸਾਧਨਾ ਨੂੰ ਜ਼ਕਾਤ ਨਾਲੋਂ ਵੱਧ ਮਹੱਤਵ ਦਿੱਤੈ-ਬਾਝੋਂ ਕਲਬ ਹਜ਼ੂਰ ਨਾ ਹੋਵੇ, ਤੋੜੇ ਕੱਢਣ ਸੈ ਜ਼ਕਾਤਾਂ ਹੂ।

ਪੰਜਾਬੀ ਭਾਸ਼ਾ 'ਚ ਇਹ ਸ਼ਬਦ ਜਗਾਤ ਰੂਪ 'ਚ ਪ੍ਰਚਲਤ ਅਤੇ ਇਸ ਦੇ ਅਰਥ ਘੇਰੇ ਦਾ ਵੀ ਵਿਸਥਾਰ ਹੋ ਗਿਐ। ਇਸ ਨੂੰ "ਕਰ" ਜਾਂ "ਮਸੂਲ" ਦੇ ਅਰਥਾਂ 'ਚ ਵੀ ਵਰਤਿਆ ਗਿਆ ਹੈ-ਜੇਜੀਆ ਦੰਨੁ ਕਪ ਲਏ ਨ ਜਗਾਤਿ॥(ਮ:੫-੪੩੦)

ਇਵੇਂ ਹਰੇਕ ਮੱਤ 'ਚ ਕੁਝ ਨਾ ਕੁਝ ਧਰਮ ਅਰਥ ਕੱਢਿਆ ਜਾਂਦਾ ਹੈ। ਸਿੱਖਾਂ 'ਚ ਵੀ ਦਸਵੰਦ ਸੁਕ੍ਰਿਤ ਚੋਂ ਦਿੱਤਾ ਹੀ ਪ੍ਰਵਾਨ ਸੀ। ਅੱਜ ਬਹੁਤੇ ਸਿੱਖ ਦਸਵੰਧ ਦੀ ਥਾਂ ਹਰ ਤਰਾਂ ਦੀ ਕਮਾਈ ਚੋਂ ਦਾਨ ਕਰ ਦਿੰਦੇ ਨੇ ਭਾਂਵੇ ਹਰਾਮ ਦੀ ਵੀ ਕਿਉਂ ਨਾ ਹੋਵੇ ਪਰ ਕਮੇਟੀ ਜਾਂ ਡੇਰੇ ਵਾਲੇ ਪ੍ਰਬੰਧਕ ਸਭ ਕੁਝ ਪ੍ਰਵਾਨ ਕਰ ਲੈਂਦੇ ਤੇ ਬਹੁਤੇ ਲੋਕ ਭਲਾਈ ਦੀ ਥਾਂ ਆਪਣੀਆਂ ਨਿੱਜੀ ਹਿੱਤਾਂ ਲਈ ਵਰਤਦੇ ਜਰਾ ਜਿੰਨ੍ਹੀ ਸ਼ਰਮ ਨਹੀਂ ਕਰਦੇ।

"ਅਕਲੀਂ ਕੀਚੈ ਦਾਨ" ਵਾਲਾ ਸਿਧਾਂਤ ਦਾਨੀਆਂ ਤੇ ਮਾਨੀਆਂ ਦੋਹਾਂ ਨੇ ਗਵਾ ਦਿੱਤਾ ਹੈ। ਕਾਸ਼ ਜੇ ਸਿੱਖ ਕੌਮ ਦਸਵੰਦ ਜਾਂ ਦਾਨ ਦਾ ਹਿੱਸਾ ਲੋਕ ਭਲਾਈ ਅਤੇ ਕੌਮ ਉਸਾਰੀ 'ਤੇ ਕਰਚੇ ਤਾਂ ਕੋਈ ਵੀ ਬੱਚਾ ਅਨਪੜ੍ਹ ਨਹੀਂ ਰਹੇ ਸਗੋਂ ਚੰਗੀ ਵਿਦਿਆ ਲੈ ਉੱਚੇ ਔਹਦਿਆਂ 'ਤੇ ਕੰਮ ਕਰ ਕੌਮ ਦਾ ਮਾਨ ਵਧਾ ਸਕਦਾ ਹੈ।

# ਪੂਨਾ ਦੀ ਯਰਵਦਾ ਜੇਲ੍ਹ ਨਵਾਂ 'ਟੂਰਿਜ਼ਮ ਸਪੌਟ'



ਹਰਦੀਪ ਸਿੰਘ ਚੁੰਬਰ
+91-94636-01616

ਇਸ ਸਾਲ 26 ਜਨਵਰੀ, 2021 ਨੂੰ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਉਧਵ ਠਾਕਰੇ (ਵੀਡੀਓ ਕਾਨਫਰੰਸਿੰਗ ਰਾਹੀਂ) ਅਤੇ ਉਪ ਮੁੱਖ ਮੰਤਰੀ ਅਜੀਤ ਪਵਾਰ ਨੇ ਗਣਤੰਤਰ ਦਿਵਸ ਦੇ ਮੌਕੇ 'ਤੇ ਯਰਵਦਾ ਕੇਂਦਰੀ ਜੇਲ੍ਹ ਵਿੱਚ 'ਜੇਲ੍ਹ ਟੂਰਿਜ਼ਮ' ਦਾ ਉਦਘਾਟਨ ਕੀਤਾ। ਮਹਾਰਾਸ਼ਟਰ ਰਾਜ ਵਿੱਚ ਇਹ ਆਪਣੀ ਕਿਸਮ ਦੀ ਪਹਿਲੀ ਪਹਿਲ ਹੈ। ਸੰਨ 1871 ਵਿਚ ਬਣਾਈ ਗਈ, ਪੁਣੇ ਵਿਚ ਯਰਵਦਾ ਕੇਂਦਰੀ ਜੇਲ੍ਹ 512 ਏਕੜ ਵਿਚ ਫੈਲੀ ਹੋਈ ਹੈ ਅਤੇ ਅੱਜ ਲਗਭਗ 5,000 ਕੈਦੀ ਰੱਖਣ ਦਾ ਪ੍ਰਬੰਧ ਹੈ। ਉੱਚ ਸੁਰੱਖਿਆ ਵਾਲੀ ਜੇਲ ਦੇ ਪ੍ਰਵੇਸ਼ ਦੁਆਰ 'ਤੇ ਹਲਕੇ ਨੀਲੇ ਦਰਵਾਜ਼ੇ ਹਨ, ਇਸ ਦੇ ਪਿੱਛੇ ਇਕ ਸਮਰੱਖਿਆ ਚੌਕੀ ਹੈ।

ਮਹਾਰਾਸ਼ਟਰ ਸਰਕਾਰ ਨੇ ਯਾਰਵਾੜਾ ਜੇਲ੍ਹ ਦਾ ਇਕ ਹਿੱਸੇ ਨੂੰ ਇਤਿਹਾਸਕ ਮੰਨਦੇ ਹੋਏ ਸੈਲਾਨੀਆਂ ਲਈ ਖੋਲ੍ਹ ਦਿੱਤਾ ਗਿਆ, ਜਿਸ ਨਾਲ ਜੇਲ੍ਹ ਨੂੰ ਆਮ ਲੋਕਾਂ ਲਈ ਖੋਲ੍ਹਿਆ ਜਾਣ ਵਾਲਾ ਰਾਜ ਬਣ ਗਿਆ ਸੀ। ਪੂਨੇ ਸਮਝੌਤੇ ਵਾਲਾ ਅੰਬ ਦਾ ਦਰੱਖਤ ਅਜੇ ਵੀ ਠੀਕਠਾਕ ਹੈ ਅਤੇ ਸੁਰੱਖਿਅਤ ਹੈ, ਜਿਸ ਨੂੰ ਹੁਣ ਯਰਵਦਾ ਕੇਂਦਰੀ ਜੇਲ ਦੇ 'ਗਾਂਧੀ ਵਿਹੜੇ' ਵਜੋਂ ਜਾਣਿਆ ਜਾਂਦਾ ਹੈ।

ਬ੍ਰਿਟਿਸ਼ ਦੁਆਰਾ ਬਣਾਈ ਯਰਵਦਾ ਜੇਲ੍ਹ ਵਿਚ ਮਹਾਤਮਾ ਗਾਂਧੀ (1932), ਲੋਕਮਨਯ ਤਿਲਕ (1898), ਮੋਤੀ ਲਾਲ ਨਹਿਰੂ (1932), ਪੰਡਿਤ ਜਵਾਹਰ ਲਾਲ ਨਹਿਰੂ (1932), ਸਰਦਾਰ ਵੱਲਭਭਾਈ ਪਟੇਲ (1932), ਸਰੋਜਨੀ ਨਾਇਡੂ (1940), ਸੁਭਾਸ਼ ਚੰਦਰ ਬੋਸ (1936) ਵਰਗੇ ਵੱਡੇ ਨੇਤਾ ਕੈਦ ਵਿੱਚ ਰਹੇ।



ਬ੍ਰਿਟਿਸ਼ ਸ਼ਾਸਨ ਤੋਂ ਆਜ਼ਾਦੀ ਲਈ ਇਨ੍ਹਾਂ ਮਹਾਨ ਨੇਤਾਵਾਂ ਦੁਆਰਾ ਦਿੱਤੀਆਂ ਕੁਰਬਾਨੀਆਂ ਨੂੰ ਯਾਦਗਾਰ ਬਣਾਉਣ ਅਤੇ ਇਨ੍ਹਾਂ ਮਹਾਨ ਨੇਤਾਵਾਂ ਦੀ ਕੈਦ ਦੇ ਸੈੱਲ ਯਾਦਗਾਰਾਂ ਵਜੋਂ ਰੱਖੇ ਗਏ ਹਨ। ਮਹਾਤਮਾ ਗਾਂਧੀ ਇੱਥੇ ਆਜ਼ਾਦੀ ਸੰਗਰਾਮ ਦੌਰਾਨ 2 ਵੱਖ ਵੱਖ ਸਮੇਂ ਕੈਦ ਵਿੱਚ ਰਹੇ ਸਨ। ਪਹਿਲਾ ਕਾਰਜਕਾਲ 4 ਜਨਵਰੀ, 1932 ਤੋਂ 8 ਮਈ, 1933 ਤੱਕ ਸੀ, ਅਤੇ ਦੂਜਾ 1 ਅਗਸਤ, 1933 ਤੋਂ 23 ਅਗਸਤ, 1933 ਸੀ।

ਇਸ ਤੋਂ ਇਲਾਵਾ ਯਰਵਦਾ ਜੇਲ੍ਹ ਨਾਲ ਇਕ ਘਟਨਾ "ਪੂਨਾ ਪੈਕਟ" ਦੀ ਗਾਂਧੀ ਜੀ ਅਤੇ ਡਾ. ਅੰਬੇਡਕਰ ਜੀ ਨਾਲ ਜੁੜੀ ਹੋਈ ਹੈ। ਗੋਲ ਮੇਜ ਕਾਨਫਰੰਸ 1931-32 ਵਿੱਚ ਡਾ. ਅੰਬੇਡਕਰ ਨੇ "ਡੀਪਰੈਸ਼ਡ ਕਲਾਸਾਂ" ਨੂੰ ਭਾਰਤੀ ਘੱਟਗਿਣਤੀਆਂ ਦੇ ਬਰਾਬਰ ਰਖਣ ਲਈ ਉਸੇ ਹੀ ਢੰਗ ਨਾਲ ਉਹਨਾਂ ਲਈ ਵੀ ਪ੍ਰਤੀਨਿਧਤਾ ਦਾ ਹੱਕ ਦੀ ਅਵਾਜ ਉੱਠਾਈ ਸੀ,ਇਸ ਨੂੰ ਕਮਿਊਨਲ ਅਵਾਰਡ ਦੀ ਮੰਗ ਕਿਹਾ ਗਿਆ ਸੀ। ਇਸ ਪੁਰਸਕਾਰ ਦੇ ਤਹਿਤ ਅੱਗੜੀ ਜਾਤੀ, ਨੀਵੀਂ ਜਾਤੀ, ਮੁਸਲਮਾਨ, ਬੋਧੀ, ਸਿੱਖ, ਭਾਰਤੀ ਈਸਾਈ, ਐਂਗਲੋ-ਇੰਡੀਅਨ, ਯੂਰਪੀਅਨ ਦੀ ਤਰਾਂ "ਡੀਪਰੈਸ਼ਡ ਕਲਾਸਾਂ" ਨੂੰ ਵੱਖਰੇ ਇਲਕਟੋਰੇਟਸ ਦਾ ਪ੍ਰਬੰਧ ਕਰਨਾ ਸੀ। ਇਸ ਕਮਿਊਨਲ ਅਵਾਰਡ ਨਾਲ "ਡੀਪਰੈਸ਼ਡ ਕਲਾਸਾਂ" ਨੂੰ ਆਪਣੇ ਨੇਤਾ ਚੁਣਨ ਦਾ ਅਧਿਕਾਰ ਦਿਤਾ ਜਾਣਾ ਸੀ। ਅੱਜ ਵੀ ਕਈ ਸੰਸਥਾਵਾਂ ਸਿੱਖਾਂ ਦੇ ਫਿਰਕੇ ਦੀ ਔਰਗੇਨਾਜ਼ੇਸ਼ਨ ਐਸ.ਜੀ.ਪੀ.ਸੀ. ਵਰਗੀਆਂਆਪਣੀਆਂ ਚੋਣਾਂ ਕਮਿਊਨਲ ਅਧਾਰ ਉਤੇ ਹੀ ਕਰਦੀਆਂ ਹਨ।

ਜਦੋਂ "ਡੀਪਰੈਸ਼ਡ ਕਲਾਸਾਂ" ਲਈ ਉਹ ਹੀ ਅਧਿਕਾਰ ਦੇਣ ਦੀ ਗੱਲ ਹੋਈ ਤਾਂ ਮਹਾਤਮਾ ਜੀ ਨੇ ਇਹ ਹਿੰਦੂ ਭਾਈਚਾਰੇ ਨਾਲੋਂ ਵਖ ਹੋਣਾ ਕਰਾਰ ਦਿੱਤਾ ਗਿਆ। ਉਹ 4 ਜਨਵਰੀ, 1932 ਤੋਂ ਜੇਲ੍ਹ ਵਿੱਚ ਹੀ ਸਨ, ਜੇਲ੍ਹ ਵਿੱਚੋਂ ਹੀ ਗੋਲ ਮੇਜ ਕਾਨਫਰੰਸ ਵਿੱਚ ਹਿੱਸਾ ਲੈਣ ਲੰਡਨ ਗਏ ਸਨ ਅਤੇ ਜੇਲ੍ਹ ਵਿੱਚ ਹੀ ਵਾਪਸ ਆਏ ਸਨ। ਸ਼੍ਰੀਮਾਨ ਗਾਂਧੀ ਜੀ ਨੇ 11 ਮਾਰਚ 1932 ਨੂੰ ਜੇਲ੍ਹ ਵਿੱਚੋਂ ਬ੍ਰਿਟਿਸ਼ ਭਾਰਤ ਦੇ ਤਤਕਾਲੀ ਰਾਜ ਸੈਕਟਰੀ ਸੈਮੂਅਲ ਹੋਅਰ ਨੂੰ ਚਿੱਠੀ ਲਿਖੀ ਜਿਸ ਵਿੱਚ ਕਿਹਾ ਕਿ ਤੁਹਾਨੂੰ ਸ਼ਾਇਦ ਯਾਦ ਹੋਵੇਗਾ ਕਿ ਗੋਲ ਮੇਜ ਕਾਨਫਰੰਸ ਵਿਚ ਮੇਰੇ ਭਾਸ਼ਣ ਦੇ ਅਖੀਰ ਵਿਚ ਜਦੋਂ ਘੱਟਗਿਣਤੀ ਦਾਅਵਾ ਪੇਸ਼ ਕੀਤਾ ਗਿਆ ਸੀ, ਮੈਂ ਕਿਹਾ ਸੀ ਕਿ ਮੈ ਮਰਦੇ ਦਮ ਤਕ "ਡੀਪਰੈਸ਼ਡ ਕਲਾਸਾਂ" ਨੂੰ ਵੱਖਰੇ ਇਲੈਕਟੋਰੇਟਸ ਨੂੰ ਖਤਮ ਕਰਾਉਣ ਤਕ ਵਿਰੋਧ ਕਰਾਂਗਾ। ਉਹਨਾ ਲਿਖਿਆ ਸੀ ਕਿ ਇਹ ਸਵਾਲ ਮੁੱਖ ਤੌਰ ਤੇ ਨੈਤਿਕ ਅਤੇ ਧਾਰਮਿਕ ਹੈ।

ਡਾ. ਅੰਬੇਡਕਰ ਨੇ ਬਹੁਤ ਸਾਲ ਮਿਹਨਤ ਕਰਕੇ ਇਹ ਅਵਾਰਡ ਹਜਾਰਾਂ ਸਾਲਾਂ ਦੇ ਵੰਚਿਤ ਵਰਗ ਦੇ ਆਰਥਿਕ, ਸਮਾਜਿਕ, ਰਾਜਨੀਤਕ ਬਰਾਬਰੀ ਦੇ ਮੈਰਿਟ ਤੇ ਬ੍ਰਿਟਿਸ਼ ਸਰਕਾਰ ਨੂੰ ਮਨਾਇਆ ਸੀ। ਉਹਨਾ ਦੀ ਦਲੀਲ ਸੀ ਕਿ ਜੇ ਕਰ ਕਮਿਊਨਲ ਅਧਾਰ ਖਾਸ ਅਧਿਕਾਰ ਬੈਕਵਰਡ ਜਾਤੀ, ਮੁਸਲਮਾਨ, ਬੋਧੀ, ਸਿੱਖ, ਭਾਰਤੀ ਈਸਾਈ,



ਐਂਗਲੋ-ਇੰਡੀਅਨ, ਯੂਰਪੀਅਨਾਂ ਨੂੰ ਦਿਤਾ ਜਾ ਸਕਦਾ ਹੈ, ਤਾਂ "ਡੀਪਰੈਸ਼ਡ ਕਲਾਸਾਂ" ਨੂੰ ਕਿਉਂ ਨਹੀਂ ਦਿਤਾ ਜਾ ਸਕਦਾ। ਉਹ ਵਰਗ ਸਾਰੇ ਹੀ ਵਰਗਾਂ ਵਿੱਚ ਜੀਵਨ ਦੇ ਹਰ ਪਹਿਲੂ ਵਿੱਚ ਵੰਚਿਤ ਆਖਰੀ ਪਾਏਦਾਨ ਉਤੇ ਹੈ, ਸਭ ਨਾਲੋਂ ਕਮਜ਼ੋਰ ਹੈ। ਇਸ ਨੂੰ ਦੂਜਿਆਂ ਨਾਲੋਂ ਹਰ ਲਿਹਾਜ ਨਾਲ ਖਾਸ ਸੁਰੱਖਿਆ ਦੀ ਖਾਸ ਲੋੜ ਹੈ। ਉਨ੍ਹਾਂ ਸਮਝਾਇਆ ਸੀ ਕਿ ਜੇਕਰ ਬੈਕਵਰਡ ਜਾਤੀ, ਮੁਸਲਮਾਨ, ਬੋਧੀ, ਸਿੱਖ, ਭਾਰਤੀ ਈਸਾਈ, ਐਂਗਲੋ-ਇੰਡੀਅਨ, ਯੂਰਪੀਅਨਾਂ ਨੂੰ ਵਖਰੇ ਇਲੈਕਟ੍ਰੋਲ ਦਿਤੇ ਜਾ ਸਕਦੇ ਹਨ ਤਾਂ "ਡੀਪਰੈਸ਼ਡ ਕਲਾਸਾਂ" ਨੂੰ ਕਿਉਂ ਨਹੀਂ ਦਿਤੇ ਜਾ ਸਕਦੇ।

ਲੇਕਿਨ ਮਹਾਤਮਾ ਜੀ ਨੂੰ ਇਹ ਪਸੰਦ ਨਹੀਂ ਸੀ, ਉਨ੍ਹਾਂ ਨੇ ਉਸ ਚਿੱਠੀ ਵਿੱਚ ਲਿਖਿਆ ਕਿ ਇਹ ਉਨ੍ਹਾਂ ਲਈ ਨੈਤਿਕ ਅਤੇ ਧਾਰਮਿਕ ਮਾਮਲਾ ਹੈ। ਕਮਿਊਨਲ ਅਵਾਰਡ ਖਤਮ ਕਰਵਾਉਣਾਂ ਮੇਰੀ ਅੰਤਰਆਤਮਾ ਦੀ ਪੁਕਾਰ ਹੈ ਜਿਸਦੀ ਉਲੰਘਣਾ ਕਰਨ ਦੀ ਮੈਂ ਹਿੰਮਤ ਨਹੀਂ ਰੱਖਦਾ, ਇਹ ਮੇਰੀ ਇੱਜ਼ਤ ਦਾ ਸਵਾਲ ਹੈ, ਭਾਵੇਂ ਜੋ ਵੀ ਮੈਨੂੰ ਇਸ ਦੀ ਕੀਮਤ ਚੁੱਕਾਉਣੀ ਪਵੇਗੀ ਮੈਂ ਚੁੱਕਾਵਾਂਗਾ। ਜਿੱਥੋਂ ਤੱਕ ਮੈਂ ਹੁਣ ਵੇਖ ਸਕਦਾ ਹਾਂ,ਮੇਰੀ ਕੈਦ ਵਿੱਚ ਹੋਣ ਨਾਲ, ਜਾਂ ਰਿਹਾਅ ਹੋਣ ਨਾਲ ਵਰਤ ਰੱਖਣ ਦੀ ਜ਼ੰਮਿਵਾਰੀ ਨੂੰ ਕੋਈ ਘੱਟਾ ਨਹੀਂ ਦੇਵੇਗਾ। ਹਾਲਾਂਕਿ,ਮੈਂ ਆਸ ਕਰ ਰਿਹਾ ਹਾਂ ਕਿ ਮੇਰੇ ਸਾਰੇ ਡਰ ਪੂਰੀ ਤਰ੍ਹਾਂ ਬੇਬੁਨਿਆਦ ਹਨ ਅਤੇ ਬ੍ਰਿਟਿਸ਼ ਸਰਕਾਰ ਦਾ "ਡੀਪਰੈਸ਼ਡ ਕਲਾਸਾਂ" ਲਈ ਵੱਖਰਾ ਇਲੈਕਟੋਰੇਟਸ ਬਣਾਉਣ ਦਾ ਕੋਈ ਇਰਾਦਾ ਨਹੀਂ ਹੈ।

ਲੇਕਿਨ ਬ੍ਰਿਟਿਸ਼ ਪ੍ਰਧਾਨ ਮੰਤਰੀ ਰਮਸੇ ਮੈਕਡੋਨਲਡ ਨੇ 16 ਅਗਸਤ, 1932 ਘੋਸ਼ਣਾ ਮੈਰਿਟ ਦੇ ਅਧਾਰ ਉੱਤੇ ਕਮਿਊਨਲ ਅਵਾਰਡ ਦੇਣਾ ਸਵਿਕਾਰ ਕਰ ਲਿਆ। ਗਾਂਧੀ ਜੀ ਪਹਿਲਾਂ ਤੋਂ ਜਿਹੜੇ ਮਰਨ ਵਰਤ ਦੀਆਂਧਮਕੀਆਂ ਦੇ ਰਹੇ ਸਨ, ਉਹਨਾਂ ਨੇ 20 ਸਤੰਬਰ, 1932 ਨੂੰ ਜੇਲ੍ਹ ਦੇ ਅੰਦਰ ਇਸ ਦੇ ਖਿਲਾਫ਼ ਮਰਨ ਵਰਤ

(ਬਾਕੀ ਅਗਲੇ ਸਫੇ 'ਤੇ)

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ



ਗੁਰਿੰਦਰਜੀਤ ਨੀਟਾ ਮਾਛੀਕੇ



ਕੁਲਵੰਤ ਧਾਲੀਆਂ

# ਅਮਰੀਕਾ ਵਿੱਚ ਧੋਖਾਧੜੀ ਦੇ ਦੋਸ਼ ਵਿੱਚ ਭਾਰਤੀ ਵਿਅਕਤੀ ਨੂੰ ਹੋਈ 14 ਮਹੀਨੇ ਦੀ ਕੈਦ

**ਫਰਿਜ਼ਨੋ (ਕੈਲੀਫੋਰਨੀਆ), 8 ਜੂਨ 2021-** ਅਮਰੀਕਾ ਵਿੱਚ ਇੱਕ ਭਾਰਤੀ ਵਿਅਕਤੀ ਨੂੰ ਕੰਪਨੀ ਵਿੱਚ ਧੋਖਾਧੜੀ ਕਰਨ ਦੇ ਦੋਸ਼ ਵਿੱਚ 14 ਸਾਲ ਕੈਦ ਦੀ ਸਜਾ ਸੁਣਾਈ ਗਈ ਹੈ। ਇਸ ਮਾਮਲੇ ਵਿੱਚ ਸਿਆਟਲ ਦੀ ਇੱਕ ਅਦਾਲਤ ਨੇ ਇਸ ਭਾਰਤੀ ਨੂੰ ਆਪਣੇ ਮਾਲਕ ਨਾਲ ਲਗਭਗ 800,000 ਡਾਲਰ ਦੇ ਉਪਕਰਣਾਂ ਦੀ ਵਿਕਰੀ ਵਿੱਚ ਧੋਖਾ ਕਰਨ ਦੇ ਦੋਸ਼ ਲਈ ਸਜਾ ਸੁਣਾਈ ਹੈ। 42 ਸਾਲਾਂ ਭਾਰਤੀ ਅਰੁਣ ਕੁਮਾਰ ਸਿੰਗਾਲ ਨੂੰ 3 ਜਨਵਰੀ ਨੂੰ ਇਸ ਧੋਖਾਧੜੀ ਲਈ ਦੋਸ਼ੀ ਮੰਨਿਆ ਗਿਆ ਸੀ ਅਤੇ ਸਜ਼ਾ ਪੂਰੀ ਹੋਣ ਤੋਂ ਬਾਅਦ ਉਸਨੂੰ ਦੇਸ਼ ਨਿਕਾਲੇ ਦਾ ਸਾਹਮਣਾ ਵੀ ਕਰਨਾ ਪਵੇਗਾ। ਅਮਰੀਕਾ ਦੇ ਜਿਲਾ ਜੱਜ ਰਿਚਰਡ ਏ ਜੋਨਸ ਦੁਆਰਾ 4 ਜੂਨ ਨੂੰ ਇਹ ਸੁਣਾਈ ਗਈ ਹੈ। ਕੇਸ ਵਿਚਲੇ ਰਿਕਾਰਡਾਂ ਅਨੁਸਾਰ, 2014 ਵਿੱਚ ਅਰੁਣ ਸ ਪ ੇ ਸ ਲ ੇ ਬ ਜ਼ ਹੈਲਥਕੇਅਰ ਇੰਕ. ਵਿੱਚ ਗਲੋਬਲ ਪ੍ਰੋਡਕਟ ਸਪੋਰਟ ਦੇ ਡਾਇਰੈਕਟਰ ਸਨ। ਇਹ ਕੰਪਨੀ 1950 ਦੇ ਦਹਾਕੇ ਵਿੱਚ ਪੁਲਾੜ ਯਾਤਰੀਆਂ ਲਈ ਮੈਡੀਕਲ ਮੋਨੀਟਰਿੰਗ ਕਰਨ ਵਾਲੇ ਯੰਤਰ ਬਣਾਉਣ ਲਈ ਸਥਾਪਿਤ ਕੀਤੀ ਗਈ ਸੀ ਅਤੇ ਬਾਅਦ ਵਿੱਚ




ਇਸਨੇ ਹਸਪਤਾਲਾਂ ਅਤੇ ਕਲੀਨਿਕਾਂ ਲਈ ਡਾਕਟਰੀ ਮੋਨੀਟਰਿੰਗ ਕਰਨ ਵਾਲੇ ਉਪਕਰਣਾਂ ਨੂੰ ਸ਼ਾਮਲ ਕਰਕੇ ਕਾਰੋਬਾਰ ਵਿੱਚ ਵਾਧਾ ਕੀਤਾ ਸੀ।ਅਰੁਣ ਨੂੰ ਵਰਤੇ ਗਏ ਉਪਕਰਣਾਂ ਨੂੰ ਦੁਬਾਰਾ ਵੇਚਣ ਲਈ ਇੰਚਾਰਜ ਲਗਾਇਆ ਗਿਆ ਸੀ। ਸਰਕਾਰੀ ਵਕੀਲ ਨੇ ਦੋਸ਼ ਲਾਇਆ ਕਿ ਸਭ ਤੋਂ ਵੱਧ ਬੋਲੀ ਲਗਾਉਣ ਵਾਲੇ ਨੂੰ ਉਪਕਰਣ ਵੇਚਣ ਦੀ ਬਜਾਏ ਅਰੁਣ ਨੇ ਟੈਕਸਸ ਦੀ ਇੱਕ ਕੰਪਨੀ ਨੂੰ ਬਹੁਤ ਘੱਟ ਕੀਮਤ 'ਤੇ ਉਪਕਰਣਾਂ ਦੀ ਬੋਲੀ ਲਗਾਉਣ ਦੀ ਯੋਜਨਾ ਬਣਾਈ। ਬਾਅਦ ਵਿੱਚ ਉਸਨੇ ਆਪਣੇ ਦੁਆਰਾ ਬਣਾਈ ਗਈ ਇੱਕ ਸ਼ੈੱਲ ਕੰਪਨੀ ਦੀ ਵਰਤੋਂ ਟੈਕਸਸ ਦੀ ਕੰਪਨੀ ਤੋਂ ਮੁਨਾਫੇ ਵਿੱਚ ਉਪਕਰਣ ਖਰੀਦਣ ਲਈ ਕੀਤੀ। ਫਿਰ ਅਰੁਣ ਨੇ ਉਪਕਰਣਾਂ ਨੂੰ ਇੱਕ ਮਿਨੇਸੋਟਾ ਦੀ ਕੰਪਨੀ ਨੂੰ ਬਹੁਤ ਜਿਆਦਾ ਕੀਮਤ ਤੇ ਵੇਚ ਦਿੱਤਾ ਅਤੇ ਇਸ ਧੋਖਾਧੜੀ ਸਕੀਮ ਰਾਹੀਂ ਸਿੰਗਲ ਨੇ 780,000 ਡਾਲਰ ਤੋਂ ਵੱਧ ਦਾ ਮੁਨਾਫ਼ਾ ਕਮਾਇਆ।ਕੰਪਨੀ ਦੁਆਰਾ ਸਿੰਗਲ ਨੂੰ ਬਰਖ਼ਾਸਤ ਕਰਨ ਤੋਂ ਬਾਅਦ ਸਨੋਕਲੈਮੀ ਪੁਲਿਸ ਵਿਭਾਗ ਅਤੇ ਐੱਫ ਬੀ ਆਈ ਨੂੰ ਸੰਭਾਵਤ ਧੋਖਾਧੜੀ ਦੀ ਜਾਣਕਾਰੀ ਸੀ।

# ਜੈਫ ਬੇਜੋਸ ਕਰਨਗੇ ਪੁਲਾੜ ਦੀ ਯਾਤਰਾ

**ਫਰਿਜ਼ਨੋ (ਕੈਲੀਫੋਰਨੀਆ), 8 ਜੂਨ 2021-** ਐਮਾਜੋਨ ਦੇ ਫਾਊਂਡਰ ਜੈਫ ਬੇਜੋਸ ਨੇ ਸੋਮਵਾਰ ਨੂੰ ਘੋਸ਼ਣਾ ਕਰਦਿਆਂ ਦੱਸਿਆ ਹੈ ਕਿ ਉਹ ਅਤੇ ਉਸ ਦਾ ਭਰਾ 20 ਜੁਲਾਈ ਨੂੰ ਆਪਣੀ ਨਿੱਜੀ ਰਾਕੇਟ ਕੰਪਨੀ ਦੀ ਪਹਿਲੀ ਪੁਲਾੜ ਯਾਤਰਾ ਦੀ ਉਡਾਨ ਦੇ ਸਮੂਹ ਵਿੱਚ ਸ਼ਾਮਲ ਹੋਣਗੇ । ਬੇਜੋਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜ ਸਾਲਾਂ ਦੀ ਉਮਰ ਤੋਂ ਉਸਦਾ ਸੁਪਨਾ ਪੁਲਾੜ ਦੀ ਯਾਤਰਾ ਕਰਨ ਦਾ ਸੀ। ਮਈ ਵਿੱਚ, ਐਮਾਜੋਨ ਦੇ ਸੰਸਥਾਪਕ ਦੀ ਰਾਕੇਟ ਕੰਪਨੀ, ਬਲਿਊ ਓਰਿਜਨ, ਨੇ ਐਲਾਨ ਕੀਤਾ ਸੀ ਕਿ ਇਸ ਦੀ ਨਵੀਂ ਉਡਾਣ, ਜੋ ਕਿ ਹਰ ਉਡਾਣ ਵਿੱਚ ਛੇ ਯਾਤਰੀਆਂ ਨੂੰ ਲਿਜਾਣ ਲਈ ਤਿਆਰ ਕੀਤੀ ਗਈ ਹੈ, ਦੀ ਇੱਕ ਹੋਰ ਸੀਟ ਦੀ ਉੱਚ ਬੋਲੀ ਲਈ ਨਿਲਾਮੀ ਕੀਤੀ ਜਾਵੇਗੀ। ਸਪੇਸ ਯਾਤਰਾ ਲਈ ਇੱਕ ਸੀਟ ਵਾਸਤੇ ਨਿਲਾਮੀ ਨੂੰ ਬਲਿਊ ਓਰਿਜਨ.ਕੱਮ'ਤੇ ਤਿੰਨ ਹਿੱਸਿਆਂ ਵਿੱਚ ਆਯੋਜਿਤ ਕੀਤਾ ਗਿਆ ਸੀ। ਪਹਿਲੇ 5 ਮਈ ਤੋਂ 19 ਮਈ ਤੱਕ ਦੇ ਪੜਾਅ ਵਿੱਚ, ਲੋਕਾਂ ਨੂੰ ਵੈਬਸਾਈਟ 'ਤੇ ਕਿਸੇ ਵੀ ਰਕਮ ਦੀ ਬੋਲੀ ਲਗਾਉਣ ਦੀ ਆਗਿਆ ਦਿੱਤੀ ਗਈ ਸੀ। 19 ਮਈ ਤੋਂ ਬਾਅਦ, ਬੋਲੀ ਨੂੰ ਖੋਲੈਹਿਆ ਗਿਆ ਸੀ, ਅਤੇ 12 ਜੂਨ ਨੂੰ ਬਲਿਊ ਓਰਿਜਨ ਜੇਤੂ ਨੂੰ ਨਿਰਧਾਰਤ ਕਰਨ ਲਈ ਇੱਕ ਲਾਈਵ ਨਿਲਾਮੀ ਕਰੇਗੀ । ਕੰਪਨੀ ਨੇ ਕਿਹਾ ਕਿ ਇਸ ਨਾਲ ਇਕੱਠੀ ਕੀਤੀ ਗਈ ਰਾਸ਼ੀ ਨੂੰ ਬਲਿਊ ਓਰਿਜਨ ਦੀ ਫਾਊਡੇਸ਼ਨ ਨੂੰ ਦਿੱਤਾ ਜਾਵੇਗਾ, ਜੋ ਸਟੈਮ ਸਿੱਖਿਆ ਨੂੰ ਉਤਸ਼ਾਹਿਤ ਕਰਦੀ ਹੈ।



# ਉੱਤਰੀ ਕੈਰੋਲਿਨਾ 'ਚ ਹਾਈ ਸਕੂਲ ਦੇ ਵਿਦਿਆਰਥੀ ਨੂੰ ਮੈਕਸੀਕਨ ਝੰਡਾ ਪਹਿਨਣ ਕਰਕੇ ਕੀਤਾ ਡਿਪਲੋਮਾ ਦੇਣ ਤੋਂ ਇਨਕਾਰ

**ਫਰਿਜ਼ਨੋ (ਕੈਲੀਫੋਰਨੀਆ), 8 ਜੂਨ 2021-** ਉੱਤਰੀ ਕੈਰੋਲਿਨਾ ਦੇ ਇਕ ਹਾਈ ਸਕੂਲ ਨੇ ਵੀਰਵਾਰ ਨੂੰ ਇੱਕ ਵਿਦਿਆਰਥੀ ਨੂੰ ਉਸਦਾ ਡਿਪਲੋਮਾ ਦੇਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਸਨੇ ਗੈਰੈਜੂਏਸ਼ਨ ਸਮਾਰੋਹ ਵੇਲੇ ਆਪਣੇ ਗਾਊਨ ਉੱਤੇ ਮੈਕਸੀਕਨ ਝੰਡਾ ਪਾਇਆ ਹੋਇਆ ਸੀ।ਏਸ਼ੇਬਰੋ ਹਾਈ ਸਕੂਲ ਦੇ ਡਿਗਰੀ ਵੰਡ ਸਮਾਗਮ ਵਿੱਚ ਏਵਰ ਲੋਪੇਜ਼ ਨਾਮ ਦਾ ਇਹ ਵਿਦਿਆਰਥੀ ਸਮਾਰੋਹ ਵਾਲੇ ਗਾਊਨ ਉੱਪਰ ਮੈਕਸੀਕੋ ਦਾ ਝੰਡਾ ਪਾ ਕੇ ਸ਼ਾਮਲ ਹੋਇਆ, ਇਸ ਦੌਰਾਨ ਪੈਰਿੰਸੀਪਲ ਨੇ ਉਸ ਨੂੰ ਅਸਲ ਡਿਪਲੋਮਾ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਮਾਮਲੇ ਵਿੱਚ ਲੋਪੇਜ਼ ਨੇ ਕਿਹਾ ਕਿ ਇਹ ਸਭ ਉਸਨੇ ਆਪਣੇ ਮੈਕਸੀਕਨ ਮੂਲ ਦੇ ਪਰਿਵਾਰ ਲਈ ਕੀਤਾ ਹੈ। ਜਦਕਿ ਸਕੂਲ ਨੇ ਦੱਸਿਆ ਕਿ ਇਹ ਕਦਮ ਲੋਪੇਜ਼ ਦੁਆਰਾ ਸਕੂਲ ਦੇ ਡਰੈਸ ਕੋਡ ਦੀ ਉਲੰਘਣਾ ਕਰਨ ਕਰਕੇ ਪੁੱਟਿਆ ਗਿਆ ਹੈ। ਇਸ ਸਮਾਰੋਹ ਤੋਂ ਬਾਅਦ, ਲੋਪੇਜ਼ ਅਤੇ ਉਸਦੇ ਮਾਪਿਆਂ ਨੇ ਸਕੂਲ ਦੀ ਲੀਡਰਸ਼ਿਪ ਨਾਲ ਮੁਲਾਕਾਤ ਕੀਤੀ, ਜਿਸ ਵਿੱਚ ਪੈਰਿੰਸੀਪਲ ਪੈਨੀ ਕੁੱਕਸ ਵੀ ਸ਼ਾਮਲ ਸੀ। ਇਸ ਦੌਰਾਨ ਕੁੱਕਸ ਨੇ ਝੰਡਾ ਪਹਿਨੇ ਲੋਪੇਜ਼ ਤੋਂ ਮੁਆਫੀ ਮੰਗਣ ਦੀ ਮੰਗ ਕੀਤੀ, ਪਰ ਉਸਨੇ ਇਨਕਾਰ ਕਰ ਦਿੱਤਾ। ਕੁੱਕਸ ਨੇ ਫਿਰ ਲੋਪੇਜ਼ ਅਤੇ ਉਸ ਦੇ ਪਰਿਵਾਰ ਨੂੰ ਅਧਿਕਾਰੀਆਂ ਦੀ ਸਹਾਇਤਾ ਨਾਲ ਸਕੂਲ ਤੋਂ ਬਾਹਰ ਕੱਢ ਦਿੱਤਾ। ਸ਼ਨੀਵਾਰ ਰਾਤ ਤੱਕ, ਵੀ ਲੋਪੇਜ਼ ਨੂੰ ਡਿਪਲੋਮਾ ਪ੍ਰਾਪਤ ਨਹੀਂ ਹੋਇਆ ਸੀ। ਇਸ ਲਈ ਲੋਪੇਜ਼ ਦੀ ਸਹਾਇਤਾ ਲਈ "ਗਿਵ ਦਿਸ ਮੈਨ ਹਿਜ ਡਿਪਲੋਮਾ" ਨਾਮ ਵਾਲੀ ਇੱਕ ਆਨਲਾਈਨ ਪਟੀਸ਼ਨ ਵੀ ਸ਼ੁਰੂ ਤਬਦੀਲੀ ਹੈ ਜਿਸ ਉੱਤੇ ਤਕਰੀਬਨ 85,000 ਹਸਤਾਖਰ ਹਨ। ਸਕੂਲ ਨੇ ਵੀ ਇਸ ਲਈ ਮੁਆਫੀ ਨਹੀਂ ਮੰਗੀ, ਬਲਕਿ ਡਰੈਸ ਕੋਡ ਦੀ ਉਲੰਘਣਾ 'ਤੇ ਜ਼ੋਰ ਦਿੱਤਾ ਹੈ। ਲੋਪੇਜ਼ ਦੀ ਹਮਾਇਤ ਵਿੱਚ ਲਗਭਗ 30 ਲੋਕ ਸ਼ੁੱਕਰਵਾਰ ਨੂੰ ਏਸ਼ੇਬੋਰੋ ਹਾਈ ਸਕੂਲ ਦੇ ਬਾਹਰ ਵੀ ਇਕੱਠੇ ਹੋਏ ਸਨ।



# ਅਮਰੀਕਾ ਵਿੱਚ ਐੱਚ ਆਈ ਵੀ ਸੰਕਰਮਣ 'ਚ 1981 ਤੋਂ 2019 ਤੱਕ ਆਈ ਗਿਰਾਵਟ: ਸੀ ਡੀ ਸੀ

**ਫਰਿਜ਼ਨੋ (ਕੈਲੀਫੋਰਨੀਆ), 4 ਜੂਨ 2021-** ਅਮਰੀਕਾ ਦੇ ਸਿਹਤ ਅਧਿਕਾਰੀਆਂ ਦੁਆਰਾ ਵੀਰਵਾਰ ਨੂੰ ਜਾਰੀ ਕੀਤੇ ਅੰਕੜਿਆਂ ਅਨੁਸਾਰ, 1981 ਤੋਂ 2019 ਦੇ ਵਿਚਕਾਰ ਐੱਚ ਆਈ ਵੀ ਏਡਜ਼ ਦੀਆਂ ਸਲਾਨਾ ਲਾਗ ਦੀਆਂ ਦਰਾਂ ਵਿੱਚ 73 ਪੈਰਤੀਸ਼ਤ ਦੀ ਗਿਰਾਵਟ ਆਈ ਹੈ। ਬਿਮਾਰੀ ਨਿਯੰਤਰਣ ਅਤੇ ਰੋਕਥਾਮ ਕੇਂਦਰ (ਸੀ ਡੀ ਸੀ) ਦੇ ਅਨੁਸਾਰ ਸਮੁੱਚੇ ਪੱਧਰ'ਤੇ ਇਸ ਵਿੱਚ ਗਿਰਵਟ ਦਰਜ ਕੀਤੀ ਗਈ ਹੈ, ਪਰ ਇਸਦੀ ਲਾਗ ਦੀ ਦਰ ਘੱਟ ਗਿਣਤੀ ਕਾਲੇ ਅਤੇ ਲਾਤੀਨੀ ਲੋਕਾਂ ਵਿੱਚ ਵਧ ਗਈ ਹੈ। ਸੀ ਡੀ ਸੀ ਨੇ ਤਕਰੀਬਨ 40 ਸਾਲ ਪਹਿਲਾਂ 5 ਜੂਨ ਨੂੰ ਉਸ ਵੇਲੇ ਦੇ ਨਵੇਂ ਅਤੇ ਰਹੱਸਮਈ ਵਾਇਰਸ (ਐੱਚ ਆਈ ਵੀ) ਬਾਰੇ ਆਪਣੀ ਪਹਿਲੀ ਰਿਪੋਰਟ ਪੈਰਕਾਸ਼ਤ ਕੀਤੀ ਸੀ। ਸੀ ਡੀ ਸੀ ਦੀ ਡਾਇਰੈਕਟਰ ਰੋਸ਼ੇਲ ਵਾਲੈਂਸਕੀ ਅਨੁਸਾਰ ਇਹ ਗਿਰਾਵਟ ਵਿਗਿਆਨਕਾਂ, ਮਰੀਜ਼ਾਂ ਅਤੇ ਕਮਿਊਨਿਟੀਆਂ ਦੇ ਸਹਿਯੋਗ ਕਾਰਨ ਆਈ ਹੈ। ਅਮਰੀਕਾ ਵਿੱਚ ਅੰਦਾਜ਼ਨ 1.2 ਮਿਲੀਅਨ ਲੋਕ ਹਿਊਮਨ ਇਮਿਨੋ ਡੈਫੀਸੀਐਂਸੀ ਵਾਇਰਸ (ਐੱਚ ਆਈ ਵੀ) ਨਾਲ ਜੀਅ ਰਹੇ ਹਨ, ਜਿਨ੍ਹਾਂ ਵਿੱਚੋਂ 13 ਪੈਰਤੀਸ਼ਤ ਨੂੰ ਪਤਾ ਨਹੀਂ ਹੈ ਕਿ ਉਹਨਾਂ ਨੂੰ ਇਹ ਵਾਇਰਸ ਹੈ। ਨਵੀਂ ਰਿਪੋਰਟ ਦੇ ਅਨੁਸਾਰ, ਸਾਲਾਨਾ ਐੱਚ ਆਈ ਵੀ ਦੀ ਸੰਭਾਵਨਾ 1981 ਵਿੱਚ 20,000 ਲਾਗਾਂ ਤੋਂ ਵੱਧ ਕੇ 1984 ਅਤੇ 1985 ਵਿੱਚ 130,400 ਦੀ ਤੱਕ ਪਹੁੰਚ ਗਈ ਸੀ ਅਤੇ ਇਹ ਦਰ ਸਾਲ 1991 ਤੋਂ 2007 ਦੇ ਵਿਚਕਾਰ ਲਗਭਗ 50,000-58,000 ਦੀ ਗਿਣਤੀ ਨਾਲ ਸਥਿਰ ਰਹੀ ਅਤੇ ਫਿਰ ਹਾਲ ਹੀ ਦੇ ਸਾਲਾਂ ਵਿੱਚ ਘਟ ਕੇ 34,800 ਦੀ ਲਾਗ ਨਾਲ 2019 ਵਿੱਚ ਦਰਜ ਕੀਤੀ ਗਈ ਹੈ। ਰਿਪੋਰਟ ਅਨੁਸਾਰ ਕਾਲੇ ਮੂਲ ਦੇ ਲੋਕਾਂ ਵਿੱਚ ਐੱਚ ਆਈ ਵੀ ਸੰਕਰਮਣ ਦਾ ਅਨੁਪਾਤ 1981 ਵਿੱਚ 29 ਪੈਰਤੀਸ਼ਤ ਤੋਂ ਵੱਧ ਕੇ 2019 ਵਿੱਚ 41 ਪੈਰਤੀਸ਼ਤ ਹੋ ਗਿਆ ਹੈ, ਅਤੇ ਉਸੇ ਸਮੇਂ ਵਿੱਚ ਹਿਸਪੈਨਿਕ ਲੋਕਾਂ ਵਿੱਚ 16 ਪੈਰਤੀਸ਼ਤ ਤੋਂ ਲੈ ਕੇ 29 ਪੈਰਤੀਸ਼ਤ ਤੱਕ ਵਾਧਾ ਹੋਇਆ ਹੈ। ਸਿਹਤ ਮਾਹਿਰਾਂ ਅਨੁਸਾਰ ਲੋਕਾਂ ਵਿੱਚ ਜਾਗਰੂਕਤਾ ਅਤੇ ਰੁਟੀਨ ਚੈੱਕ ਅਪ, ਟੈਸਟਾਂ ਕਰਕੇ ਇਸ ਬਿਮਾਰੀ ਵਿੱਚ ਗਿਰਾਵਟ ਨੋਟ ਕੀਤੀ ਗਈ ਹੈ।



# ਫਰਿਜਨੋ ਏਰੀਏ ਦੇ ਟਰੱਕ ਡਰਾਈਵਰ ਵੀਰਾਂ ਵੱਲੋਂ ਜੂਨ 84 ਦੇ ਸਮੂੰਹ ਸ਼ਹੀਦਾਂ ਦੀ ਯਾਦ ਵਿੱਚ ਸਮਾਗਮ



**ਫਰਿਜ਼ਨੋ (ਕੈਲੀਫੋਰਨੀਆ), 6 ਜੂਨ 2021-** ਜੂਨ 84 ਦੇ ਘੱਲੂਘਾਰੇ ਦੇ ਸਮੂੰਹ ਸ਼ਹੀਦਾਂ ਦੀ ਯਾਦ ਵਿੱਚ ਫਰਿਜਨੋ ਏਰੀਏ ਦੇ ਟਰੱਕਰ ਵੀਰ ਹਰ ਸਾਲ ਸੈਰੀ ਅਖੰਡ ਪਾਠ ਸਹਿਬ ਦੇ ਭੋਗ ਪਾਉਂਦੇ ਆ ਰਹੇ ਹਨ। ਇਸੇ ਕੜੀ ਤਹਿਤ ਇਸ ਸਾਲ ਜੂਨ 84 ਦੇ ਸਮੂੰਹ ਸ਼ਹੀਦਾਂ ਦੀ ਯਾਦ ਵਿੱਚ ਸੈਰੀ ਅਖੰਡ ਪਾਠ ਸਹਿਬ ਦੇ ਭੋਗ ਗੁਰਦਵਾਰਾ ਨਾਨਕ ਪੈਰਕਾਸ਼ ਫਰਿਜਨੋ ਵਿਖੇ ਪਾਏ ਗਏ। ਇਸ ਮੌਕੇ ਕੀਰਤਨ ਦਰਬਾਰ ਦੇ ਨਾਲ ਕਥਾ ਦੇ ਪੈਰਵਾਹ ਚੱਲੇ ਅਤੇ ਕਵੀਸ਼ਰ ਜਥੇ ਨੇ ਸਿੱਖ ਇਤਿਹਾਸ ਤੋਂ ਸੰਗਤ ਨੂੰ ਜਾਣੂ ਕਰਵਾਇਆ । ਇਸ ਮੌਕੇ ਟਰੱਕ ਡਰਾਈਵਰ ਵੀਰਾ ਵੱਲੋਂ ਚਾਹ ਪਕੌੜਿਆ ਤੇ ਬਿਨਾਂ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤ ਗੁਰਦਵਾਰਾ ਸਹਿਬ ਵਿਖੇ ਨਤਮਸਤਕ ਹੋਈ 'ਤੇ ਜੂਨ 84 ਦੇ ਘੱਲੂਘਾਰੇ ਦੇ ਸਮੂੰਹ ਸ਼ਹੀਦਾਂ ਨੂੰ ਯਾਦ ਕਰਦਿਆਂ ਸਰਧਾ ਦੇ ਫੁੱਲ ਭੇਟ ਕੀਤੇ।

# ਵਾਲਮਾਰਟ ਦੇਵੇਗਾ ਆਪਣੇ ਲੱਖਾਂ ਕਰਮਚਾਰੀਆਂ ਨੂੰ ਮੁਫਤ ਸੈਮਸੰਗ ਕੰਪਨੀ ਦੇ ਸਮਾਰਟਫੋਨ

**ਫਰਿਜ਼ਨੋ (ਕੈਲੀਫੋਰਨੀਆ), 4 ਜੂਨ 2021-** ਅਮਰੀਕਾ ਵਿੱਚ ਵਾਲਮਾਰਟ ਇਸ ਸਾਲ ਦੇ ਅੰਤ ਤੱਕ ਆਪਣੇ ਤਕਰੀਬਨ 740,000 ਕਰਮਚਾਰੀਆਂ ਨੂੰ ਮੁਫਤ ਸੈਮਸੰਗ ਕੰਪਨੀ ਦੇ ਸਮਾਰਟਫੋਨ ਦੇਵੇਗਾ । ਇਹਨਾਂ ਸਮਾਰਟਫੋਨਾਂ ਦੀ ਵਰਤੋਂ ਕਰਮਚਾਰੀਆਂ ਦੁਆਰਾ ਇੱਕ ਨਵੀਂ ਐਪ ਦੀ ਵਰਤੋਂ ਕਰਨ ਲਈ ਕੀਤੀ ਜਾਵੇਗੀ। ਸੈਮਸੰਗ ਦੇ ਗਲੈਕਸੀ ਐਕਸਕਵਰ ਪੈਰੋ ਫੋਨ ਦੀ ਵਰਤੋਂ ਨਿੱਜੀ ਕੰਮਾਂ ਲਈ ਵੀ ਕੀਤੀ ਜਾ ਸਕਦੀ ਹੈ ਅਤੇ ਇਸ ਫੋਨ ਦੀ ਕੀਮਤ ਇਸ ਸਮੇਂ 499 ਡਾਲਰ ਹੈ। ਕੰਪਨੀ ਦੁਆਰਾ ਆਪਸ ਵਿੱਚ ਤਾਲਮੇਲ ਕਰਨ ਅਤੇ ਹੋਰ ਕੰਮਾਂ ਨੂੰ ਸੋਖਾ ਕਰਨ ਲਈ ਬਣਾਈ ਗਈ ਨਵੀਂ ਐਪਲੀਕੇਸ਼ਨ ਮੀ"ਵਾਲਮਾਰਟ ਦੀ ਵਰਤੋਂ ਇਸ ਫੋਨ'ਤੇ ਕੀਤੀ ਜਾ ਸਕੇਗੀ। ਇਸ ਐਪ ਦੀ ਵਰਤੋਂ ਨਾਲ ਕੰਪਨੀ ਦੇ ਸਹਿਯੋਗੀਆਂ ਅਤੇ ਕਰਮਚਾਰੀਆਂ ਦਾ ਸਮਾਂ ਬਚੇਗਾ ਅਤੇ ਉਨੈਹਾਂ ਨੂੰ ਵਧੇਰੇ ਨਿਪੁੰਨ ਬਣਨ ਵਿੱਚ ਮੱਦਦ ਮਿਲੇਗੀ। ਵਾਲਮਾਰਟ ਨੇ ਕਿਹਾ ਕਿ ਹੁਣ ਤੱਕ ਵਾਲਮਾਰਟ ਸਟੋਰਾਂ ਦੇ ਸਹਿਯੋਗੀ ਹੈਂਡਹੋਲਡ ਉਪਕਰਣਾਂ ਦੀ ਵਰਤੋਂ ਕਰਦੇ ਸਨ , ਜਿਨੈਹਾਂ ਨਾਲ ਉਹ ਗੱਲਬਾਤ ਕਰਦੇ ਸਨ, ਪਰ ਹੁਣ ਕਰਮਚਾਰੀ ਸਮਾਰਟਫੋਨਜ਼ ਨਾਲ ਸ਼ੁਰੂਆਤ ਕਰਨਗੇ। ਕੰਪਨੀ ਅਨੁਸਾਰ ਆਉਣ ਵਾਲੇ ਮਹੀਨਿਆਂ ਵਿੱਚ, ਕੰਪਨੀ ਦੀ ਐਪ ਵਿੱਚ ਇੱਕ ਵਿਸ਼ੇਸ਼ਤਾ ਸ਼ਾਮਲ ਕਰਨ ਦੀ ਵੀ ਯੋਜਨਾ ਹੈ ਜੋ ਕਰਮਚਾਰੀਆਂ ਨੂੰ ਸਟਾਕ ਰੂਮ ਤੋਂ ਵਿਕਰੀ ਸਥਾਨ'ਤੇ ਚੀਜ਼ਾਂ ਪੈਰਾਪਤ ਕਰਨ ਵਿੱਚ ਲੱਗਣ ਵਾਲੇ ਸਮੇਂ ਨੂੰ ਘਟਾਉਣ ਵਿੱਚ ਸਹਾਇਤਾ ਕਰੇਗੀ। ਇਸਦੇ ਨਾਲ ਹੀ ਕੰਪਨੀ ਕੋਲ ਕਿਸੇ ਵੀ ਕਰਮਚਾਰੀ ਦੇ ਨਿੱਜੀ ਡਾਟੇ ਦੀ ਪਹੁੰਚ ਨਹੀਂ ਹੋਵੇਗੀ ਅਤੇ ਸਮਾਰਟਫੋਨ ਨੂੰ ਉਹ ਆਪਣੇ ਖੁਦ ਦੇ ਨਿੱਜੀ ਉਪਕਰਣ ਦੇ ਤੌਰ ਤੇ ਇਸਤੇਮਾਲ ਕਰ ਸਕਦੇ ਹਨ। ਵਾਲਮਾਰਟ ਨੇ ਕਿਹਾ ਹੈ ਕਿ ਇਹ ਟੈਸਟ ਸਾਲ ਦੇ ਅੰਤ ਤੱਕ ਵਧਾਇਆ ਜਾਵੇਗਾ।




# ਅਮਰੀਕਾ: ਕਤਲ ਦੇ ਮਾਮਲੇ 'ਚ ਦੋਸ਼ੀ ਵਿਅਕਤੀ ਨੂੰ ਹੋਈ 30 ਸਾਲ ਕੈਦ ਦੀ ਸਜ਼ਾ

**ਫਰਿਜ਼ਨੋ (ਕੈਲੀਫੋਰਨੀਆ), 4 ਜੂਨ 2021-** ਅਮਰੀਕਾ ਦੇ ਯੂਟਾ ਵਿੱਚ ਆਪਣੀ ਪਤਨੀ ਨੂੰ ਅਲਾਸਕਾ ਸ਼ੈਪ'ਤੇ ਕੁੱਟਮਾਰ ਕਰਕੇ ਕਤਲ ਕਰਨ ਵਾਲੇ ਵਿਅਕਤੀ ਨੂੰ ਅਦਾਲਤ ਨੇ ਵੀਰਵਾਰ ਨੂੰ 30 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਕੈਨੇਥ ਮੰਜਨੇਰਸ ਨਾਮ ਦੇ ਵਿਅਕਤੀ ਨੂੰ ਪਿਛਲੇ ਸਾਲ ਉਸਦੀ ਪਤਨੀ ਕੈਰਿਸਟੀ ਮੰਜਨੇਰਸ ਦੀ ਮੌਤ ਵਿੱਚ ਦੂਜੀ ਡਿਗਰੀ ਕਤਲ ਲਈ ਦੋਸ਼ੀ ਮੰਨਿਆ ਗਿਆ ਸੀ। ਅਦਾਲਤ ਵਿੱਚ ਮੰਜਨੇਰਸ ਦੇ ਅਟਾਰਨੀ ਨੇ ਕਿਹਾ ਕਿ ਉਸ ਨੂੰ ਦਿਮਾਗੀ ਤੌਰ'ਤੇ ਸਮੱਸਿਆਵਾਂ ਸਨ ,ਜਿਸ ਕਰਕੇ ਉਸ ਸਮੇਂ ਸਮੇਂ ਦਵਾਈ ਅਤੇ ਅਲਕੋਹਲ ਦੇ ਨਤੀਜੇ ਵਜੋਂ ਇਹ ਹਿੰਸਾ ਘਟਨਾ ਵਾਪਰੀ। ਪਰ ਜੱਜ ਟਿਮੋਥੀ ਬਰਗੇਸ ਨੇ ਮੰਜਨੇਰਸ ਦੇ ਦੋਸ਼ੀ ਹੋਣ ਬਾਰੇ ਸਬੂਤਾਂ ਦੇ ਅਧਾਰ 'ਤੇ ਉਸਨੂੰ ਇਹ ਸਜਾ ਸੁਣਾਈ। ਇਸ ਮਾਮਲੇ ਵਿੱਚ ਕਤਲ ਦੀ ਰਾਤ ਸਮੁੰਦਰੀ ਜਹਾਜ਼ ਵਿੱਚ ਇਸ ਜੋੜੇ ਦਰਮਿਆਨ ਤਲਾਕ ਦੀ ਗੱਲ ਨੂੰ ਲੈ ਕੇ ਝਗੜਾ ਹੋਇਆ ਸੀ, ਜਿਸ ਦੌਰਾਨ ਕੈਨੇਥ ਨੇ ਆਪਣੀ ਪਤਨੀ ਨੂੰ ਬੇਰਹਿਮੀ ਨਾਲ ਕੁੱਟ ਕੇ ਮਾਰ ਦਿੱਤਾ ਸੀ।

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਸੈਕਰਾਮੈਂਟੋ ਦੇ ਬਰਾਡਸਾਅ ਗੁਰਦੁਆਰਾ ਵਿੱਚ ਮਨਾਇਆ ਗਿਆ ਘੱਲੂਘਾਰਾ ਦਿਵਸ, ਨੌਜੁਆਨਾਂ ਵਲੋ 10 ਹਜਾਰ ਇਕੱਤਰ

**ਸੈਕਰਾਮੈਂਟੋ–** ਗੁਰਦੁਆਰਾ ਬਰਾਡਸਾਅ ਰੋਡ ਸੈਕਰਾਮੇਂਟੋ ਵਿਖੇ ਸ਼ਹੀਦੀ ਦਿਵਸ ਮਨਾਇਆ ਗਿਆ ਇਸ ਦੌਰਾਨ ਗੁਰਦੁਅਰਾ ਦੀ ਸੰਗਤ ਤੇ ਟਰੱਕ ਡਰਾਇਵਰ ਭਰਾਵਾਂ ਵਲੋ ਅਖੰਡਪਾਠ ਦੇ ਭੋਗ ਪੁਆਏ ਗਏ ਤੇ ਮੌਕੇ ਤੇ ਦੱਸ ਹਜਾਰ ਤੋਂ ਉਪਰ ਡਾਲਰ ਇਕੱਠਾ ਕਰਕੇ ਗੁਰੂ ਘਰ ਦੀ ਬਣ ਰਹੀ ਆਲੀਸ਼ਾਨ ਬਿਲਡਿੰਗ ਵਿੱਚ ਦਾਨ ਕੀਤਾ।



ਇਸ ਮੌਕੇ ਕੀਰਤਨੀਏ ਭਾਈ ਆਤਮਜੋਤ ਸਿੰਘ ਦੇ ਜੱਥੇ ਵਲੋਂ ਰਸਭਿੰਨਾਂ ਕੀਰਤਨ ਕੀਤਾ ਗਿਆ ਤੇ ਕਥਾ ਵਾਚਕ ਭਾਈ ਹਰਮਨਪ੍ਰੀਤ ਸਿੰਘ ਵਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਗਿਆ। ਜਿਕਰਯੋਗ ਹੈ ਕਿ ਪਿਛਲੇ ਸਾਲ ਤੋਂ ਗੁਰਦੁਆਰਾ ਸਾਹਿਬ ਦੀ ਬਣ ਰਹੀ ਬਿਲਡਿੰਗ ਲਗਭਗ ਪੂਰੀ ਹੋ ਚੁੱਕੀ ਤੇ ਅੰਤਮ ਛੋਹਾਂ ਦਿੱਤਾਂ ਜਾ ਰਹੀਆਂ ਹਨ ਤੇ ਇਸ ਬਣੇ ਆਲੀਸ਼ਾਨ ਗਰੁਦੁਆਰਾ ਸਾਹਿਬ ਦਾ ਨਾਂ ਨਾਰਥ ਅਮਰੀਕਾ ਦੇ ਖ਼ੂਬਸੂਰਤ ਗੁਰਦੁਆਰਿਆਂ ਦੇ ਵਿੱਚ ਨਾਂ ਸ਼ਮਾਰ ਹੋਵੇਗਾ। ਇਸ ਸਮਾਗਮ ਦੌਰਾਨ ਪ੍ਰਬੰਧਕ ਕਮੇਟੀ ਨੇ ਨਵੇਂ ਬਣੀ ਗੁਰਦੁਆਰਾ ਸਾਹਿਬ ਬਿਲਡਿੰਗ ਵਿੱਚ ਸੰਗਤ ਵਲੋਂ ਪਾਏ ਯੋਗਦਾਨ ਬਦਲੇ ਧੰਨਵਾਦ ਕੀਤਾ ਤੇ ਜਲਦੀ ਹੀ ਇਹ ਨਵਾਂ ਗੁਰੂ ਘਰ ਸੰਗਤ ਨੂੰ ਸਮਰਪਤ ਹੋਵੇਗਾ।

# ਹੋਬੋਕਨ, ਨਿਊਜਰਸੀ ਦੇ ਮੇਅਰ ਰਵੀ ਭੱਲਾ ਵੱਲੋਂ ਮੁੜ ਚੋਣ ਲੜਨ ਦਾ ਐਲਾਨ

**ਸੈਕਰਾਮੈਂਟੋ 8 ਜੂਨ–** ਹੋਬੋਕਨ, ਨਿਊਜਰਸੀ ਦੇ ਮੇਅਰ ਰਵਿੰਦਰ ਰਵੀ ਭੱਲਾ ਨੇ ਮੁੜ ਚੋਣ ਲੜਨ ਦਾ ਐਲਾਨ ਕੀਤਾ ਹੈ। ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਰਵੀ ਭੱਲਾ ਨੇ ਚੋਣ ਲੜਨ ਦਾ ਰਸਮੀ ਐਲਾਨ ਕਰਦਿਆਂ ਖੇਤਰੀ ਤੇ ਕੌਮੀ ਲੀਡਰ ਵਜੋਂ ਸਮਾਜ ਦੀ ਸੇਵਾ ਕਰਨ ਦਾ ਪ੍ਰਣ ਲਿਆ। ਉਨਾਂ ਕਿਹਾ ਕਿ ਰਸਮੀ ਤੌਰ 'ਤੇ ਚੋਣ ਮੁਹਿੰਮ ਦੀ ਸ਼ੁਰੂਆਤ 24 ਜੂਨ ਨੂੰ ਹੋਵੇਗੀ ਤੇ ਉਸ ਦਿਨ ਪਿਲਸੇਨਰ, ਹੌਸ ਤੇ ਬੀਰਗਾਰਟਨ ਵਿਖੇ ਸਮਾਗਮ ਕੀਤੇ ਜਾਣਗੇ। ਭੱਲਾ ਅਜਿਹੇ ਪਹਿਲੇ ਅਮਰੀਕੀ ਸਿੱਖ ਹਨ ਜੋ 2017 ਵਿਚ ਸਿੱਧੇ ਤੌਰ 'ਤੇ ਮੇਅਰ ਦੀ ਚੋਣ ਜਿੱਤੇ ਸਨ। ਉਨਾਂ ਨੇ 6 ਉਮੀਦਵਾਰਾਂ ਨੂੰ ਹਰਾ ਕੇ ਚੋਣ ਜਿੱਤੀ ਸੀ। ਉਸ ਸਮੇ ਸਾਬਕਾ ਮੇਅਰ ਡਾਨ ਜ਼ਿਮਰ ਨੇ ਚੋਣ ਨਾ ਲੜਨ ਦਾ ਐਲਾਨ ਕੀਤਾ ਸੀ ਤੇ ਮੇਅਰ ਦੇ ਅਹੁੱਦੇ ਲਈ ਭੱਲਾ ਦਾ ਸਮਰਥਨ ਕੀਤਾ ਸੀ। ਉਹ ਪਹਿਲੇ ਮੇਅਰ ਹਨ ਜਿਨਾਂ ਨੇ ਮਾਰਚ 2020 ਵਿਚ 'ਸ਼ੈਲਟਰ ਇਨ ਪਲੇਸ' ਆਦੇਸ਼ ਜਾਰੀ ਕੀਤਾ ਸੀ । ਇਸ ਤੋਂ



ਪਹਿਲਾਂ ਉਹ ਹੋਬੋਕਨ ਸ਼ਹਿਰ ਦੀ ਕੌਂਸਲ ਵਿਚ 6 ਸਾਲ ਕੌਂਸਲਰ ਵਜੋਂ ਵੀ ਕੰਮ ਕਰਦੇ ਰਹੇ ਹਨ। ਹੋਬੋਕਨ ਸ਼ਹਿਰ ਦੀ ਵਸੋਂ 55000 ਹੈ ਤੇ ਇਹ ਇਕ ਵਰਗ ਮੀਲ ਵਿਚ ਵਸਿਆ ਹੋਇਆ ਹੈ। ਭੱਲਾ ਨੇ ਕਿਹਾ ਕਿ ਉਨਾਂ ਦੀ ਮੁੱਢਲੀ ਚਿੰਤਾ ਆਉਂਦੇ ਤੂਫਾਨ ਤੇ ਖਰਾਬ ਮੌਸਮ ਕਾਰਨ ਹੁੰਦੀ ਤਬਾਹੀ ਨੂੰ ਘਟਾਉਣਾ ਹੈ ਜਿਨਾਂ ਨਾਲ ਸ਼ਹਿਰ ਦੀ 85% ਆਬਾਦੀ ਪ੍ਰਭਾਵਿਤ ਹੁੰਦੀ ਹੈ। ਕਰੋੜਾਂ ਡਾਲਰਾਂ ਦੀ ਜਾਇਦਾਦ ਦਾ ਨੁਕਸਾਨ ਹੁੰਦਾ ਹੈ। ਉਨਾਂ ਕਿਹਾ ਕਿ 2014 ਵਿਚ ਵਿਗਿਆਨੀਆਂ ਨੇ ਇਕ ਰਿਪੋਰਟ ਵਿਚ ਕਿਹਾ ਸੀ ਕਿ ਇਸ ਤੱਟੀ ਸ਼ਹਿਰ ਦੀ ਅੱਧੀ ਆਬਾਦੀ ਔਸਤ ਸਮੁੰਦਰੀ ਪੱਧਰ ਤੋਂ 5 ਫੁੱਟ ਹੇਠਲੇ ਖੇਤਰਾਂ ਵਿਚ ਰਹਿੰਦੀ ਹੈ ਜਿਸ ਕਾਰਨ ਸਭ ਤੋਂ ਵਧ ਖਤਰਾ ਇਸ ਆਬਾਦੀ ਨੂੰ ਰਹਿੰਦਾ ਹੈ। ਉਨਾਂ ਕਿਹਾ ਕਿ ਅਸੀਂ ਹੜਾਂ ਤੋਂ ਬਚਾਅ ਲਈ ਸ਼ਹਿਰ ਨੂੰ ਵਧੇਰੇ ਸੁਰੱਖਿਅਤ ਬਣਾਇਆ ਹੈ ਤੇ ਇਸ ਸਬੰਧੀ ਭਵਿੱਖ ਵਿਚ ਵੀ ਕੋਸ਼ਿਸ਼ਾਂ ਜਾਰੀ ਰਹਿਣਗੀਆਂ।

## ਭਾਰਤੀ ਮੂਲ ਦੀ ਅਮਰੀਕੀ ਕੁੜੀ ਸ਼ਰੇਯਾ ਮਿਸ ਵਿਸਕਾਨਸਿਨ ਚੁਣੀ ਗਈ

**ਸੈਕਰਾਮੈਂਟੋ 8 ਜੂਨ–** ਭਾਰਤੀ ਮੂਲ ਦੀ ਅਮਰੀਕੀ ਕੁੜੀ ਸ਼ਰੇਯਾ ਗੁਨਡੈਲੀ ਨਵੀਂ ਮਿਸ ਵਿਸਕਾਨਸਿਨ ਟੀਨ ਯੂ ਐਸ ਏ- 2021 ਚੁਣੀ ਗਈ। 19 ਸਾਲ ਦੀ ਸ਼ਰੇਯਾ ਨਿਊਯਾਰਕ ਯੂਨੀਵਰਸਿਟੀ ਵਿਚ ਪ੍ਰੀ-ਮੈਡੀਕਲ ਕਲਾਸ ਦੀ ਵਿਦਿਆਰਥਣ ਹੈ। ਮਿਸ ਵਿਸਕਾਨਸਿਨ ਦਾ ਖਿਤਾਬ ਜਿੱਤਣ ਉਪਰੰਤ ਉਸ ਨੇ ਕਿਹਾ ਮੇਰੀ ਖੁਸ਼ੀ




ਦਾ ਕੋਈ ਟਿਕਾਣਾ ਨਹੀਂ ਹੈ। ਮੇਰੀ ਜਿੰਦਗੀ ਦੇ ਸਭ ਤੋਂ ਵਧ ਸ਼ਾਨਦਾਰ ਪਲ ਹਨ। ਮੈ ਇਨਾਂ ਪਲਾਂ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦੀ। ਕਲਾਸਿਕ ਭਾਰਤੀ ਡਾਂਸਰ ਸ਼ਰੇਯਾ ਪਹਿਲੀ ਭਾਰਤੀ ਮੂਲ ਦੀ ਅਮਰੀਕਨ ਕੁੜੀ ਹੈ ਜਿਸ ਨੇ ਮਿਸ ਵਿਸਕਾਨਸਿਨ ਟੀਨ ਯੂ ਐਸ ਏ ਦਾ ਖਿਤਾਬ ਜਿੱਤਿਆ ਹੈ।

## ਸਨਰੂਪ ਕੌਰ ਸਮੇਤ ਵੱਖ ਵੱਖ ਭਾਈਚਾਰਿਆਂ ਦੇ ਕਲਾਕਾਰ ਚਲਾ ਰਹੇ ਹਨ ਕੋਵਿਡ ਵਿਰੁੱਧ ਜਾਗਰੂਕਤਾ ਮੁਹਿੰਮ

**ਸੈਕਰਾਮੈਂਟੋ 7 ਜੂਨ–** ਭਾਰਤੀ ਮੂਲ ਦੀ ਅਮਰੀਕਨ ਨਾਗਰਿਕ ਸਨਰੂਪ ਕੌਰ ਸਮੇਤ ਸਮੁੱਚੇ ਕੈਲੀਫੋਰਨੀਆ ਵਿਚੋਂ 20 ਤੋਂ ਵਧ ਕਲਾਕਾਰ 'ਯੂਅਰ ਐਕਸ਼ਨ ਸੇਵ ਲਿਵਜ਼' ਮੁਹਿੰਮ ਚਲਾ ਰਹੇ ਹਨ ਜਿਸ ਤਹਿਤ ਉਹ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ ਕਿ ਉਹ ਕੋਵਿਡ ਨੂੰ ਫੈਲਣ ਤੋਂ ਰੋਕਣ ਲਈ ਆਪਣਾ ਯੋਗਦਾਨ ਕਿਸ ਤਰਾਂ ਪਾ ਸਕਦੇ ਹਨ। ਸਟਾਕਟਨ ਦੀ ਰਹਿਣ ਵਾਲੀ ਸਨਰੂਪ ਕੌਰ ਇਸ ਮੁਹਿੰਮ ਵਿਚ ਅਹਿਮ ਭੂਮਿਕਾ ਨਿਭਾ ਰਹੀ ਹੈ। ਇਨਾਂ ਵਿਚ ਲਾਤੀਨੋ, ਸ਼ਿਆਹਫਾਮ /ਅਫਰੀਕੀ ਮੂਲ ਦੇ ਅਮਰੀਕੀ, ਏਸ਼ੀਅਨ ਮੂਲ ਦੇ ਅਮਰੀਕੀ, ਪੈਸੀਫਿਕ ਆਈਸਲੈਂਡਰ, ਅਮਰੀਕਨ ਮੂਲ ਵਾਸੀ ਤੇ ਲੈਸਬੀਅਨ ਕਲਾਕਾਰ ਸ਼ਾਮਿਲ ਹਨ। ਮੁਹਿੰਮ ਵਿਚ 14 ਅਸਲ ਕਲਾਕ੍ਰਿਤਾਂ ਸ਼ਾਮਿਲ ਕੀਤੀਆਂ ਗਈਆਂ ਹਨ ਜਿਨਾਂ ਵਿਚ ਜਨਤਿਕ ਸਿਹਤ ਨੂੰ ਮਜਬੂਤ ਕਰਨ, ਇਕ ਦੂਸਰੇ ਨੂੰ ਬਚਾਉਣ ਤੇ ਸਮਾਜ ਵਿਚ ਰਹਿੰਦਿਆਂ ਲਚਕਦਾਰ ਪਹੁੰਚ ਅਪਣਾਉਣ ਦਾ ਸੱਦਾ ਦਿੱਤਾ ਗਿਆ ਹੈ। ਮੁਹਿੰਮ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਸਾਨੂੰ ਇਹ ਹਮੇਸ਼ਾਂ ਯਾਦ ਰਖਣਾ ਚਾਹੀਦਾ ਹੈ ਕ ਮਾਸਕ ਪਹਿਣਨ ਤੇ ਸਮਾਜਿਕ ਦੂਰੀ ਨੇ ਕੋਵਿਡ ਨੂੰ ਫੈਲਣ ਤੋਂ ਰੋਕਣ ਵਿਚ ਮੱਦਦ ਕੀਤੀ ਹੈ।

## ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਨੇ ਆਪਣੇ 11 ਵਰ੍ਹੇ ਪੂਰੇ ਕੀਤੇ, ਬਾਕੀ ਸਕੂਲਾਂ ਦੇ ਨਤੀਜਿਆਂ ਚੋਂ ਅੱਵਲ ਰਿਹਾ

**ਸੈਕਰਾਮੈਂਟੋ, ਕੈਲੀਫੋਰਨੀਆ–** ਨਾਰਥ ਅਮਰੀਕਾ ਵਿੱਚ ਪੰਜਾਬੀਆਂ ਦੇ ਪ੍ਰਬੰਧ ਹੇਠ ਚੱਲ ਰਹੇ ਪਹਿਲੇ ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਨੇ ਆਪਣੇ 11ਸਾਲ ਪੂਰੇ ਕਰ ਲਏ ਹਨ, ਕੁਝ ਸਮੇਂ ਚ ਆਪਣੀਆਂ ਵਿਲੱਖਣ ਸਫਲਤਾਵਾਂ ਕਰਕੇ ਇਸ ਸਕੂਲ ਦਾ ਨਾਂ ਹੁਣ ਕੁਝ ਨਾਮਵਰ ਸਕੂਲਾਂ ਚ ਗਿਣਿਆ ਜਾਣ ਲੱਗਾ ਹੈ। ਸਲਾਨਾ ਸਮਾਗਮ ਦੌਰਾਨ ਸਕੂਲ ਵਾਰੇ ਜਾਣਕਾਰੀ ਦਿੰਦਿਆਂ ਸਕੂਲ ਦੇ ਚੈਅਰਮੈਨ ਨਰਿੰਦਰ ਸਿੰਘ ਥਾਂਦੀ ਨੇ ਦੱਸਿਆ ਕਿ ਸਕੂਲ ਨੇ ਵਿੱਦਿਆ ਦੇ ਖੇਤਰ ਵਿੱਚ ਇਸ ਸਕੂਲ ਨੇ ਆਪਣੇ ਸਫਲਤਾ ਦੇ ਨਵੇਂ ਦਿਸਹੱਦੇ ਪੈਦਾ ਕੀਤੇ ਹਨ ਪਿਛਲੇ ਦੋ ਸਾਲਾਂ ਤੋਂ ਇਹ ਸਕੂਲ ਸੈਕਰਾਮੈਂਟੋ ਇਲਾਕੇ ਦੇ ਸਕੂਲਾਂ ਵਿੱਚੋਂ ਅੱਵਲ ਦਰਜੇ ਤੇ ਰਿਹਾ ਤੇ ਇਸ ਸਕੂਲ ਦੀ ਪੜਾਈ ਦਾ ਸਿਹਰਾ ਸਕੂਲ ਦੇ ਪ੍ਰਿੰਸੀਪਲ ਅਮਰੀਕ ਸਿੰਘ ਤੇ ਸਕੂਲ ਤੇ ਅਧਿਆਪਕਾਂ ਨੂੰ ਜਾਂਦਾ ਹੈ। ਜਿਕਰਯੋਗ ਹੈ ਇਸ ਸਕੂਲ ਵਿੱਚ ਬਾਕੀ ਹੋਰ ਅਮਰੀਕਨ ਭਾਈਚਾਰਿਆਂ ਦੇ ਅਧਿਆਪਕ ਪੜ੍ਹਾ ਰਹੇ ਤੇ ਹੋਰ ਭਾਈਚਾਰਿਆਂ ਦੇ ਵਿਦਿਆਰਥੀ ਵੀ ਪੜ੍ਹ ਰਹੇ ਹਨ। ਸਲਾਨਾ ਸਮਾਗਮ ਦੌਰਾਨ ਹੋਰਨਾਂ ਤੋਂ ਇਲਾਵਾ ਨਰਿੰਦਰ ਥਾਂਦੀ ਨੇ ਆਪਣੇ ਬੋਰਡ ਮੈਂਬਰਾਂ ਦਾ ਵੀ ਧੰਨਵਾਦ ਕੀਤਾ ਜਿਨਾਂ ਪਿਛਲੇ ਲੰਬੇ ਸਮੇ ਤੋਂ ਸਕੂਲ ਲਈ ਬਹੁਤ ਮਿਹਨਤ ਕੀਤੀ ਇਹ ਗੱਲ ਦੱਸਣ ਯੋਗ ਹੈ ਕਿ ਇਹ ਪਹਿਲਾ ਨਾਰਥ ਅਮਰੀਕਾ ਵਿੱਚ ਪਹਿਲਾ ਪੰਜਾਬੀ ਬੋਲੀ ਵਾਲਾ ਸਕੂਲ ਜਿਸ ਵਿੱਚ ਹੋਰ ਵਿਸ਼ੇ ਦੇ ਨਾਲ ਨਾਲ ਪੰਜਾਬੀ ਪੜਾਈ ਜਾਂਦੀ ਹੈ ਤੇ ਇਸ ਵਿੱਚ ਹਰ ਵਰਗ ਦੇ ਬੱਚੇ ਪੰਜਾਬੀ ਸਿੱਖਣ ਲਈ ਆਉਂਦੇ ਹਨ ਤੇ ਇਹ ਸਕੂਲ ਪੰਜਾਬੀ ਮੈਨੇਜਮੈਂਟ ਵੱਲੋਂ ਚਲਾਇਆ ਜਾਂਦਾ ਹੈ। ਇਸ ਮੌਕੇ ਪ੍ਰਿੰਸੀਪਲ ਅਮਰੀਕ ਸਿੰਘ ਨੇ ਪ੍ਰਬੰਧਕੀ ਬੋਰਡ ਤੇ ਸਕੂਲ ਸਟਾਫ ਦਾ ਧੰਨਵਾਦ ਵੀ ਕੀਤਾ ਮੌਕੇ ਤੇ ਚੈਅਰਮੈਂਨ ਨਰਿੰਦਰ ਥਾਂਦੀ ਨੇ ਪੜਾਈ ਪੂਰੀ ਕਰ ਚੁੱਕੇ ਵਿਦਿਆਰਥੀਆਂ ਨੂੰ ਸਰ- ਟੀਫਿਕੇਟ ਤਕਸੀਮ ਕੀਤੇ।



# ਟੈਕਸਾਸ ਵਿਚ ਭਾਰੀ ਬਾਰਸ਼ ਨੇ ਹੜ ਵਰਗੇ ਹਾਲਾਤ ਪੈਦਾ ਕੀਤੇ

## ਜਨਜੀਵਨ ਉਪਰ ਵਿਆਪਕ ਅਸਰ, ਗਵਰਨਰ ਨੇ ਸੰਭਾਵੀ ਹੰਗਾਮੀ ਸਥਿੱਤੀ ਨਾਲ ਨਜਿੱਠਣ ਦੇ ਦਿੱਤੇ ਨਿਰਦੇਸ਼

**ਸੈਕਰਾਮੈਂਟੋ 6 ਜੂਨ–** ਟੈਕਸਾਸ ਤੋਂ ਲੂਈਸਿਆਨਾ ਤੱਕ ਪਿਛਲੇ ਦਿਨਾਂ ਤੋਂ ਪੈ ਰਹੀ ਬਾਰਿਸ਼ ਨੇ ਹੜ ਵਰਗੇ ਹਾਲਾਤ ਪੈਦਾ ਕਰ ਦਿੱਤੇ ਹਨ। ਹੂਸਟਨ ਵਿਚ ਪਿਛਲੇ 23 ਦਿਨਾਂ ਦੌਰਾਨ 19 ਦਿਨ ਬਾਰਿਸ਼ ਹੋਈ ਹੈ ਜਿਸ ਕਾਰਨ ਹਰ ਪਾਸੇ ਪਾਣੀ ਹੀ ਪਾਣੀ ਨਜਰ ਆ ਰਿਹਾ ਹੈ। ਮੌਸਮ ਵਿਭਾਗ ਅਨੁਸਾਰ ਅਗਲੇ ਪੰਜ ਦਿਨਾਂ ਦੌਰਾਨ ਟੈਕਸਾਸ ਤੋਂ ਲੂਈਸਿਆਨਾ ਤੱਕ ਭਾਰੀ ਬਾਰਿਸ਼ ਪੈਣ ਦਾ ਅਨੁਮਾਨ ਹੈ ਜਿਸ ਨਾਲ ਖੇਤਰ ਵਿਚ ਹੜ ਆ ਸਕਦੇ ਹਨ। ਵਿਕਟੋਰੀਆ, ਟੈਕਸਾਸ ਵਿਚ ਪਿਛਲੇ ਮਈ ਮਹੀਨੇ ਦੌਰਾਨ 20.28 ਇੰਚ ਬਾਰਿਸ਼ ਹੋਈ ਹੈ ਜਿਸ ਨੇ ਪਿਛਲੇ ਤਕਰੀਬਨ 30 ਸਾਲ ਦਾ ਰਿਕਾਰਡ ਤੋੜ ਦਿੱਤਾ ਹੈ। 1993 ਦੇ ਮਈ ਮਹੀਨੇ ਵਿਚ ਵਿਕਟੋਰੀਆ ਵਿੱਚ 14 ਇੰਚ ਬਾਰਿਸ਼



ਰਿਕਾਰਡ ਹੋਈ ਸੀ। ਹੂਸਟਨ ਵਿਚ 11 ਮਈ ਤੋਂ 3 ਜੂਨ ਤੱਕ ਤਕਰੀਬਨ 14 ਇੰਚ ਬਾਰਿਸ਼ ਹੋਈ ਹੈ। ਭਾਰੀ ਬਾਰਿਸ਼ ਦੀ ਚਿਤਾਵਨੀ ਦੇ ਮੱਦੇਨਜਰ ਟੈਕਸਾਸ ਦੇ ਗਵਰਨਰ ਗਰੇਗ ਅਬੋਟ ਨੇ ਕਿਸੇ ਵੀ ਹੰਗਾਮੀ ਸਥਿੱਤੀ ਨਾਲ ਨਜਿੱਠਣ ਲਈ ਸਬੰਧਤ ਵਿਭਾਗਾਂ ਨੂੰ ਤਿਆਰ ਬਰ ਤਿਆਰ ਰਹਿਣ ਲਈ ਕਿਹਾ ਹੈ ਇਨਾਂ ਵਿਚ ਵੱਖ ਵੱਖ ਵਿਭਾਗਾਂ ਦੇ ਕਿਸ਼ਤੀ ਦਸਤੇ, ਬਚਾਅ ਟੀਮਾਂ, ਉੱਚ ਸਮਰੱਥਾ ਵਾਲੀਆਂ ਗੱਡੀਆਂ ਤੇ ਹੈਲੀਕਾਪਟਰ ਸ਼ਾਮਿਲ ਹਨ। ਗਵਰਨਰ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ " ਇਸ ਸਾਲ ਬਹਾਰ ਰੁੱਤ ਦੌਰਾਨ ਅਣਕਿਆਸੀ ਬਾਰਿਸ਼ ਹੋ ਰਹੀ ਹੈ ਤੇ ਬਹੁਤ ਸਾਰੀਆਂ ਥਾਵਾਂ 'ਤੇ ਹੜ ਵਰਗੇ ਹਾਲਾਤ ਬਣ ਗਏ ਹਨ। ਰਾਜ ਦੇ ਸਮੁੱਚੇ ਪੂਰਬੀ ਤੇ ਦੱਖਣੀ ਖੇਤਰਾਂ ਵਿਚ ਲੋਕ ਚੌਕਸ ਰਹਿਣ ਤੇ ਉਹ ਸਥਾਨਕ ਅਧਿਕਾਰੀਆਂ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ।" ਬਾਰਿਸ਼ ਨੇ ਜਨ ਜੀਵਨ ਉਪਰ ਵਿਆਪਕ ਅਸਰ ਪਾਇਆ ਹੈ। ਹੋਰ ਸਰਗਰਮਗੀਆਂ ਦੇ ਨਾਲ ਨਾਲ ਆਰਥਿਕ ਗਤੀਵਿਧੀਆਂ ਵੀ ਪ੍ਰਭਾਵਿਤ ਹੋਈਆਂ ਹਨ।

# ਫਲੋਰੀਡਾ ਵਿਚ ਗ੍ਰੈਜੂਏਸ਼ਨ ਪਾਰਟੀ ਵਿੱਚ ਅਣਪਛਾਤਿਆਂ ਵੱਲੋਂ ਅੰਧਾਧੁੰਦ ਗੋਲੀਬਾਰੀ-3 ਮੌਤਾਂ ਤੇ 6 ਜ਼ਖਮੀ

**ਸੈਕਰਾਮੈਂਟੋ 7 ਜੂਨ–** ਅਮਰੀਕਾ ਵਿਚ ਗੋਲੀਬਾਰੀ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਤਾਜ਼ਾ ਘਟਨਾ ਫਲੋਰੀਡਾ ਵਿਚ ਵਾਪਰੀ ਹੈ। ਜਾਣਕਾਰੀ ਅਨੁਸਾਰ ਫਲੋਰੀਡਾ ਦੇ ਮਿਆਮੀ ਖੇਤਰ ਵਿਚ ਰਾਤ ਵੇਲੇ ਚਲ ਰਹੀ ਇਕ ਗ੍ਰੈਜੂਏਸ਼ਨ ਪਾਰਟੀ ਵਿਚ ਅਣਪਛਾਤੇ ਹਮਲਾਵਰਾਂ ਵੱਲੋਂ ਕੀਤੀ ਗਈ ਅੰਧਾਧੁੰਦ ਗੋਲੀਬਾਰੀ ਵਿਚ ਘੱਟੋ ਘੱਟ 3 ਲੋਕ ਮਾਰੇ ਗਏ ਤੇ 6 ਹੋਰ ਜ਼ਖਮੀ ਹੋ ਗਏ। ਮਿਆਮੀ ਪੁਲਿਸ ਡਾਇਰੈਕਟਰ ਅਲਫਰੈਡੋ 'ਫਰੀਡੀ' ਰਮੀਰੇਜ਼ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਮਿਆਮੀ- ਡੇਡ ਕਾਲਜ ਦੇ ਦੱਖਣ ਵਿਚ ਮਾਲ ਪਾਰਕਿੰਗ ਲਾਟ ਵਿਚ ਪਾਰਟੀ ਅੱਧੀ ਰਾਤ ਬਾਅਦ 2 ਵਜੇ ਖਤਮ ਹੀ ਹੋਈ ਸੀ ਕਿ ਇਕ ਜਾਂ ਦੋ ਗੱਡੀਆਂ ਵਿਚ ਆਏ ਅਣਪਛਾਤਿਆਂ ਨੇ ਭੀੜ ਉਪਰ ਗੋਲੀਬਾਰੀ ਕਰਨੀ ਸ਼ੁਰੂ ਕਰ ਦਿੱਤੀ। ਉਨਾਂ ਦਸਿਆ ਕਿ ਦੋ ਜਣਿਆਂ ਦੀ ਘਟਨਾ ਸਥਾਨ 'ਤੇ ਹੀ ਮੌਤ ਹੋ ਗਈ ਜਦ ਕਿ ਤੀਸਰਾ ਜਿਸ ਦੀ ਪਛਾਣ 20 ਸਾਲਾ ਟਾਇਲੀਸ਼ਾ ਟੇਅਲਰ ਵਜੋਂ ਹੋਈ ਹੈ, ਹਸਪਤਾਲ ਵਿਚ ਦਮ ਤੋੜ ਗਿਆ। ਬਾਕੀ ਮ੍ਰਿਤਕਾਂ ਤੇ ਜ਼ਖਮੀਆਂ ਦੇ ਨਾਵਾਂ ਬਾਰੇ ਪੁਲਿਸ ਨੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ। ਰਮੀਰੇਜ਼ ਨੇ ਦਸਿਆ ਕਿ ਮਿਆਮੀ-ਡੇਡ ਦੇ ਕਾਲਜ ਕੇਨਡਾਲ ਕੈਂਪਸ ਵਿਚ ਦੌੜਨ ਦੇ ਯਤਨ ਵਿਚ ਇਕ ਕਾਰ ਕੰਧ ਨਾਲ ਟਕਰਾਅ ਗਈ ਜਿਸ ਵਿਚ ਸਵਾਰ ਦੋ ਵਿਅਕਤੀ ਮਾਰੇ ਗਏ। ਕਾਰ ਵਿਚੋਂ ਇਕ ਗੰਨ ਬਰਾਮਦ ਹੋਈ ਹੈ।

ਸਮਝਿਆ ਜਾਂਦਾ ਹੈ ਕਿ ਇਹ ਸ਼ੱਕੀ ਹਮਲਾਵਰ ਹੀ ਸਨ ਪਰ ਇਸ ਸਬੰਧ ਅਜੇ ਜਾਂਚ ਉਪਰੰਤ ਹੀ ਪਤਾ ਲੱਗੇਗਾ। ਮਿਆਮੀ-ਡੇਡ ਕਾਊਂਟੀ ਮੇਅਰ ਡੈਨੀਲਾ ਲੇਵਿਨ ਕਾਵਾ ਨੇ ਕਿਹਾ ਹੈ ਕਿ ਉਹ ਇਸ ਤਾਜਾ ਗੋਲੀਬਾਰੀ ਦੀ ਘਟਨਾ ਤੋਂ ਬਹੁਤ ਦੁੱਖੀ ਹੋਈ ਹੈ।

ਇਕ ਛੋਟਾ ਜਿਹਾ ਸਮੂੰਹ ਸਮੁੱਚੇ ਸਮਾਜ ਵਿਚ ਦਹਿਸ਼ਤ ਫੈਲਾਅ ਰਿਹਾ ਹੈ ਜਿਸ ਨਾਲ ਪੂਰੀ ਤਾਕਤ ਨਾਲ ਨਜਿੱਠਿਆ ਜਾਵੇਗਾ ਤੇ ਦੋਸ਼ੀ ਛੇਤੀ ਕਟਹਿਰੇ ਵਿਚ ਖੜੇ ਹੋਣਗੇ। ਉਨਾਂ ਕਿਹਾ ਕਿ ਗੰਨ ਹਿੰਸਾ ਦੇ ਚੱਕਰ ਨੂੰ ਖਤਮ ਕਰਨ ਤੇ ਸਮਾਜ ਵਿਰੋਧੀ ਅਨਸਰਾਂ ਨਾਲ ਨਿਟਪਣ ਲਈ ਪੁਲਿਸ ਵਿਭਾਗ ਕੋਲ ਸਾਰੇ ਲੋੜੀਂਦੇ ਸਾਧਨ ਮੌਜੂਦ ਹਨ।

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਬੱਚੇ ਨੂੰ ਗੋਲੀ ਮਾਰਨ ਵਾਲੇ ਦੀ ਸੂਚਨਾ ਦੇਣ ਵਾਲੇ ਨੂੰ ਸਾਢੇ 4 ਲੱਖ ਡਾਲਰ ਇਨਾਮ

**ਸੈਕਰਾਮੈਂਟੋ 4 ਜੂਨ** ਕੈਲੀਫੋਰਨੀਆ ਵਿਚ ਪਿਛਲੇ ਮਹੀਨੇ 6 ਸਾਲਾ ਬੱਚੇ ਨੂੰ ਗੋਲੀ ਮਾਰ ਕੇ ਮਾਰ ਦੇਣ ਵਾਲੇ ਸ਼ੱਕੀ ਦੋਸ਼ੀ ਦੀ ਸੂਚਨਾ ਦੇਣ ਵਾਲੇ ਲਈ ਇਨਾਮ ਦੀ ਰਾਸ਼ੀ ਵਧਾ ਕੇ 4,50,000 ਡਾਲਰ ਕਰ ਦਿੱਤੀ ਗਈ ਹੈ ਜੋ ਪਹਿਲਾਂ 4 ਲੱਖ ਡਾਲਰ ਸੀ। ਵਧਾਈ ਗਈ 50 ਹਜਾਰ ਡਾਲਰ ਦੀ ਰਾਸ਼ੀ ਦੇਣ ਦਾ ਐਲਾਨ ਕੋਸਟਾ ਮੀਸਾ ਸਿਟੀ ਕੌਂਸਲ ਨੇ ਕੀਤਾ ਹੈ। ਸਿਟੀ ਕੌਂਸਲ ਦੇ ਮੇਅਰ ਜੌਹਨ ਸਟੀਫਨਜ ਨੇ ਕਿਹਾ ਹੈ ਕਿ 6 ਸਾਲਾ ਬੱਚੇ ਏਡਨ ਲੀਓਸ ਦੀ ਬੇਹੂਦਾ ਹੱਤਿਆ ਦਾ ਅਹਿਸਾਸ ਹਰ ਵਿਅਕਤੀ ਨੂੰ ਹੈ ਇਸ ਲਈ ਅਸੀਂ ਚਹੁੰਦੇ ਹਾਂ ਕਿ ਹੱਤਿਆਰੇ ਨੂੰ ਹਰ ਹਾਲਤ ਵਿਚ ਕਟਹਿਰੇ ਵਿਚ ਖੜਾ ਕੀਤਾ ਜਾਵੇ। ਇਥੇ ਜਿਕਰਯੋਗ ਹੈ ਕਿ ਏਡਨ ਲੀਓਸ ਦੀ ਮਾਂ ਉਸ ਨੂੰ ਸਟੇਟ ਰੂਟ 55 ਉਪਰ ਆਪਣੀ ਕਾਰ ਵਿਚ ਸਕੂਲ



ਛੱਡਣ ਜਾ ਰਹੀ ਸੀ ਜਦੋਂ ਨਾਲ ਜਾ ਰਹੇ ਇਕ ਵਾਹਣ ਵਿਚੋਂ ਚਲਾਈ ਗੋਲੀ ਉਸ ਦੇ ਢਿੱਡ ਵਿਚ ਵੱਜਣ ਨਾਲ ਉਹ ਗੰਭੀਰ ਜਖਮੀ ਹੋ ਗਿਆ ਸੀ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਕੈਲੀਫੋਰਨੀਆ ਹਾਈ ਵੇਅ ਪੈਟਰੋਲ ਦੇ ਅਧਿਕਾਰੀ ਫਲੋਰੇਨਟੀਨੋ ਉਲੀਵੇਰਾ ਨੇ ਦਸਿਆ ਕਿ ਸ਼ੱਕੀ ਵਾਹਣ ਜਿਸ ਵਿਚ ਦੋਸ਼ੀ ਸਵਾਰ ਸੀ ਦੀ ਫੋਟੋ ਵੀ ਜਾਰੀ ਕੀਤੀ ਗਈ ਹੈ। ਇਹ ਇਕ ਚਿੱਟੇ ਰੰਗ ਦੀ ਵੋਲਕਸਵੈਗਨ ਗੋਲਫ ਸਪੋਰਟਸ ਵੈਗਨ ਹੈ। ਇਸ ਵਾਹਣ ਵਿਚ ਔਰਤ ਤੇ ਮਰਦ ਸਵਾਰ ਸਨ। ਅਧਿਕਾਰੀਆਂ ਅਨੁਸਾਰ ਫੋਟੋ ਜਾਰੀ ਕਰਨ ਉਪਰੰਤ ਸਾਨੂੰ ਬਹੁਤ ਸਾਰੀਆਂ ਗੁਪਤ ਸੂਚਨਾਵਾਂ ਮਿਲੀਆਂ ਹਨ। ਉਨਾਂ ਕਿਹਾ ਕਿ ਦੋਸ਼ੀ ਨੂੰ ਛੇਤੀ ਕਾਬੂ ਕਰ ਲਿਆ ਜਾਵੇਗਾ।

# ਮਿਨੀਆਪੋਲਿਸ ਵਿਚ ਪੁਲਿਸ ਵੱਲੋਂ ਚਲਾਈ ਗੋਲੀ ਨਾਲ ਇਕ ਵਿਅਕਤੀ ਦੀ ਮੌਤ ਉਪਰੰਤ ਹਿੰਸਾ ਤੇ ਅਗਜ਼ਨੀ, 9 ਗ੍ਰਿਫਤਾਰ

**ਸੈਕਰਾਮੈਂਟੋ 5 ਜੂਨ** ਮਿਨੀਆਪੋਲਿਸ ਵਿਚ ਦੋ ਪੁਲਿਸ ਅਧਿਕਾਰੀਆਂ ਵੱਲੋਂ ਚਲਾਈ ਗੋਲੀ ਨਾਲ ਇਕ ਵਿਅਕਤੀ ਦੀ ਮੌਤ ਹੋਣ ਉਪਰੰਤ ਹਿੰਸਾ ਤੇ ਅਗਜ਼ਨੀ ਦੀਆਂ ਘਟਨਾਵਾਂ ਵਾਪਰੀਆਂ। ਪੁਲਿਸ ਨੇ ਸਾੜਫੂਕ ਤੇ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ਾਂ ਤਹਿਤ ਹੁਣ ਤੱਕ 9 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਯੂ ਐਸ ਮਾਰਸ਼ਲ ਸਰਵਿਸ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਟਾਸਕ ਫੋਰਸ ਇਕ ਵਿਅਕਤੀ ਨੂੰ ਗੈਰ ਕਾਨੂੰਨੀ ਅਗਨ ਸ਼ਸ਼ਤਰ ਰੱਖਣ ਦੇ ਮਾਮਲੇ ਵਿਚ ਗ੍ਰਿਫ਼ਤਾਰ ਕਰਨ ਗਈ ਸੀ। ਉਸ ਸਮੇਂ ਇਹ ਵਿਅਕਤੀ ਇਕ ਕਾਰ ਵਿਚ ਬੈਠਾ ਸੀ। ਇਸ ਵਿਅਕਤੀ ਨੇ ਪੁਲਿਸ ਅਫਸਰਾਂ ਦੀਆਂ ਹਦਾਇਤਾਂ ਮੰਨਣ ਦੀ ਬਜਾਏ ਇਕ ਹੈਂਡਗੰਨ ਕੱਢ ਲਈ ਜਿਸ ਉਪਰੰਤ 2 ਡਿਪਟੀ ਸ਼ੈਰਿਫਾਂ ਵੱਲੋਂ ਚਲਾਈ ਗੋਲੀ ਨਾਲ ਉਸ ਦੀ ਮੌਤ ਹੋ ਗਈ। ਬਿਆਨ ਅਨੁਸਾਰ ਟਾਸਕ ਫੋਰਸ ਦੇ ਮੈਂਬਰਾਂ ਨੇ ਵਿਅਕਤੀ ਨੂੰ ਬਚਾਉਣ ਦਾ ਯਤਨ ਕੀਤਾ ਪਰੰਤੂ ਉਹ ਮੌਕੇ ਉਪਰ ਹੀ ਦਮ ਤੋੜ ਗਿਆ। ਕਾਰ ਵਿਚ ਸਵਾਰ ਇਕ ਔਰਤ ਮਾਮੂਲੀ ਜ਼ਖਮੀ ਹੋਈ ਹੈ ਉਸ ਦੀ ਮੌਕੇ ਉਪਰ ਹੀ ਮਰਹਮ ਪੱਟੀ ਕਰ ਦਿੱਤੀ ਗਈ। ਹਾਲਾਂ ਕਿ ਪੁਲਿਸ ਨੇ ਮਾਰ ਗਏ ਵਿਅਕਤੀ ਦਾ ਨਾਂ ਨਹੀਂ ਦੱਸਿਆ ਹੈ ਪਰ ਉਸ ਦੇ ਪਰਿਵਾਰ ਤੇ ਦੋਸਤਾਂ ਨੇ ਉਸ ਦੀ ਪਛਾਣ 32 ਸਾਲਾ ਵਿੰਸਟਨ ਬੂਗੀ ਸਮਿੱਥ ਜੂਨੀਅਰ ਵਜੋਂ ਕੀਤੀ ਹੈ ਜੋ 3 ਬੱਚਿਆਂ ਦਾ ਪਿਤਾ ਸੀ। ਜਾਂਚ ਅਧਿਕਾਰੀਆਂ ਅਨੁਸਾਰ ਕਾਰ ਵਿਚੋਂ ਇਕ ਹੈਂਡਗੰਨ ਤੇ ਚੱਲਿਆ ਹੋਇਆ ਕਾਰਤੂਸ ਵੀ ਮਿਲਿਆ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਉਸ ਨੇ ਵੀ ਗੋਲੀ ਚਲਾਈ ਸੀ। ਪੁਲਿਸ ਨੇ ਘਟਨਾ ਦੀ ਕੋਈ ਵੀਡੀਓ ਜਾਰੀ ਨਹੀਂ ਕੀਤੀ ਹੈ। ਘਟਨਾ ਦੀ ਖ਼ਬਰ ਫੈਲਣ 'ਤੇ ਭੀੜ ਇਕੱਠੀ ਹੋ ਗਈ। ਮਿਨੀਆਪੋਲਿਸ ਪੁਲਿਸ ਦੇ ਬੁਲਾਰੇ ਜੌਹਨ ਐਲਡਰ ਨੇ ਕਿਹਾ ਹੈ ਕਿ ਸ਼ੁਰੂ ਵਿਚ ਭੀੜ ਸ਼ਾਂਤਮਈ ਸੀ ਪਰੰਤੂ ਬਾਅਦ ਦੁਪਹਿਰ ਲੋਕ ਭੜਕ ਉੱਠੇ ਤੇ ਉਨ੍ਹਾਂ ਨੇ ਅਨੇਕਾਂ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ ਤੇ ਲੁੱਟ ਮਾਰ ਕੀਤੀ।




# ਮੈਕਸੀਕੋ ਰਾਹੀਂ ਅਮਰੀਕਾ ਵਿਚ ਦਾਖਲ ਹੋਣ ਵਾਲੇ ਲੋਕਾਂ ਦੀ ਗਿਣਤੀ ਵਿਚ ਭਾਰੀ ਵਾਧਾ

**ਸੈਕਰਾਮੈਂਟੋ 4 ਜੂਨ–** ਅਮਰੀਕਾ-ਮੈਕਸੀਕੋ ਸਰਹੱਦ ਰਾਹੀਂ ਅਮਰੀਕਾ ਵਿਚ ਦਾਖਲ ਹੋਣ ਵਾਲੇ ਲੋਕਾਂ ਦੀ ਗਿਣਤੀ ਵਿਚ ਭਾਰੀ ਵਾਧਾ ਹੋਇਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਗਰਮ ਰੁੱਤ ਦੌਰਾਨ ਇਹ ਗਿਣਤੀ ਹੋਰ ਵਧਣ ਦੀ ਸੰਭਾਵਨਾ ਹੈ ਜਿਸ ਕਾਰਨ ਸਰਹੱਦ ਉਪਰ ਹੋਰ ਜਵਾਨ ਤਾਇਨਾਤ ਕੀਤੇ ਗਏ ਹਨ। ਅਮਰੀਕਾ ਵਿਚ ਦਾਖਲ ਹੋਣ ਵਾਲਿਆਂ ਵਿਚ ਜਿਆਦਾਤਰ ਬਾਲਗ ਹੁੰਦੇ ਹਨ। ਇਹ ਲੋਕ ਮਾਰਥਲ ਖੇਤਰਾਂ ਤੇ ਟੇਢੇ ਮੇਢੇ ਪਹਾੜੀ ਰਸਤਿਆਂ ਰਾਹੀਂ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ ਕਰਦੇ ਹਨ। ਇਸ ਕੋਸ਼ਿਸ਼ ਦੌਰਾਨ




ਅੱਤ ਦੀ ਗਰਮੀ ਕਾਰਨ ਕਈਆਂ ਦੀ ਮੌਤ ਹੋ ਜਾਂਦੀ ਹੈ। ਰੂਰਲ ਬਰੁਕਸ ਕਾਉਂਟੀ ਟੈਕਸਸ ਦੇ ਡਿਪਟੀ ਸ਼ੈਰਿਫ ਡਾਨ ਵਾਈਟ ਅਨੁਸਾਰ ਇਸ ਸਾਲ 34 ਲਾਸ਼ਾਂ ਤੇ ਮਨੁੱਖੀ ਰਹਿੰਦ ਖੂੰਹਦ ਮਿਲੀ ਹੈ। ਇਹ ਲੋਕ 100 ਡਿਗਰੀ ਤਾਪਮਾਨ ਤੇ ਸਖਤ ਹਾਲਾਤ ਦਾ ਸਾਹਮਣਾ ਨਹੀਂ ਕਰ ਸਕੇ ਤੇ ਦਮ ਤੋੜ ਗਏ। ਉਨਾਂ ਕਿਹਾ ਕਿ ਮੈ ਅਮਰੀਕਾ ਵਿਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲਿਆਂ ਦੀ ਵਧੀ ਗਿਣਤੀ ਨੂੰ ਵੇਖ ਕੇ ਹੈਰਾਨ ਹਾਂ। ਇਸ ਸਾਲ ਇਕੱਲੇ ਅਪ੍ਰੈਲ ਮਹੀਨੇ ਵਿਚ ਰਖਿਆ ਅਧਿਕਾਰੀਆਂ ਨੇ 1,11,000 ਤੋਂ ਵਧ ਨਬਾਲਗਾਂ ਨੂੰ ਹਿਰਾਸਤ ਵਿਚ ਲਿਆ ਹੈ। ਪਿਛਲੇ ਇਕ ਦਹਾਕੇ ਦੌਰਾਨ ਇਕ ਮਹੀਨੇ ਵਿਚ ਅਮਰੀਕਾਵਿੱਚ ਦਾਖਲ ਹੋਣ ਵਾਲਿਆਂ ਦੀ ਇਹ ਗਿਣਤੀ ਸਭ ਤੋਂ ਵਧ ਹੈ। ਇਹ ਲੋਕ ਅਮਰੀਕਾ ਵਿਚ ਦਾਖਲ ਹੋਣ ਉਪਰੰਤ ਮਾਨਵੀ ਅਧਾਰ 'ਤੇ ਰਖਿਆ ਦੀ ਮੰਗ ਕਰਦੇ ਹਨ। ਮੁੱਢਲੇ ਇਨਫੋਰਸਮੈਂਟ ਡੈਟਾ ਅਨੁਸਾਰ ਮਈ ਮਹੀਨੇ ਵਿਚ ਇਹ ਗਿਣਤੀ ਹੋਰ ਵਧੀ ਹੈ।

# ਫੇਸਬੁੱਕ ਨੇ ਸਾਬਕਾ ਰਾਸ਼ਟਰਪਤੀ ਟਰੰਪ ਦੇ ਖਾਤੇ ਉਪਰ ਲਾਈ ਰੋਕ ਦੋ ਸਾਲ ਲਈ ਵਧਾਈ

**ਸੈਕਰਾਮੈਂਟੋ 5 ਜੂਨ–** ਫੇਸਬੁੱਕ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖਾਤੇ ਉਪਰ ਲਾਈ ਰੋਕ ਦੋ ਸਾਲ ਲਈ ਵਧਾ ਦਿੱਤੀ ਹੈ ਜੋ ਰੋਕ 2024 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਖਤਮ ਹੋ ਜਾਵੇਗੀ। ਫੇਸਬੁੱਕ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਦੋ ਸਾਲ ਪੂਰੇ ਹੋਣ ਉਪਰੰਤ ਉਹ ਮਾਹਿਰਾਂ ਨਾਲ



ਸਲਾਹ ਮਸ਼ਵਰਾ ਕਰਨਗੇ ਤੇ ਇਹ ਪਤਾ ਲਾਉਣ ਦਾ ਯਤਨ ਕਰਨਗੇ ਕੀ ਆਮ ਲੋਕਾਂ ਦੀ ਸੁਰੱਖਿਆ ਨੂੰ ਖਤਰਾ ਘਟਿਆ ਹੈ ਤੇ ਕੀ ਟਰੰਪ ਫੇਸਬੁੱਕ ਉਪਰ ਆਪਣੀ ਗੱਲ ਕਹਿ ਸਕਦੇ ਹਨ? ਟਰੰਪ ਨੇ ਫੇਸਬੁੱਕ ਦੇ ਇਸ ਨਿਰਨੇ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਜੇਕਰ ਉਹ 2024 ਵਿਚ ਰਾਸ਼ਟਰਪਤੀ ਚੁਣੇ ਜਾਂਦੇ ਹਨ ਤਾਂ ਫੇਸਬੁੱਕ ਨਾਲ ਸੁਖਾਵੇਂ ਸੰਬੰਧਾਂ ਦਾ ਦੌਰ ਸਦਾ ਲਈ ਖਤਮ ਹੋ ਜਾਵੇਗਾ।

# ਦੱਖਣੀ ਕੈਲੀਫੋਰਨੀਆ ਵਿਚ ਭੂਚਾਲ ਦੇ ਝਟਕੇ, ਜਾਨੀ ਨੁਕਸਾਨ ਤੋਂ ਬਚਾਅ

**ਸੈਕਰਾਮੈਂਟੋ 6 ਜੂਨ–** ਦੱਖਣੀ ਕੈਲੀਫੋਰਨੀਆ ਵਿਚ ਲੰਘੇ ਦਿਨ ਸਵੇਰ ਵੇਲੇ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਯੁਨਾਈਟਿਡ ਸਟੇਟਸ ਜੀਆਲੋਜੀਕਲ ਸਰਵੇ ਅਨੁਸਾਰ ਚੂਲਾ ਵਿਸਟਾ, ਸੈਨ ਡਇਏਗੋ, ਐਲ ਸੈਂਟਰੋ ਤੇ ਇੰਡੀਓ ਵਿਚ 5.3 ਦੀ ਤੀਬਰਤਾ ਨਾਲ ਭੂਚਾਲ ਆਇਆ। ਭੂਚਾਲ ਦੇ ਕੇਂਦਰ ਬਿੰਦੂ ਤੋਂ ਤਕਰੀਬਨ 95 ਮੀਲ ਦੂਰ ਡੈਲ ਮਰ, ਕੈਲੀਫੋਰਨੀਆ ਨੇੜੇ ਵੀ ਲੋਕਾਂ ਨੇ ਭੂਚਾਲ ਦੇ ਝਟਕਿਆਂ ਨੂੰ ਮਹਿਸੂਸ ਕੀਤਾ। ਯੁਨਾਈਟਿਡ ਸਟੇਟਸ ਜੀਆਲੋਜੀਕਲ ਸਰਵੇ ਨੇ ਕਿਹਾ ਹੈ ਕਿ ਭੂਚਾਲ ਦਾ ਕੇਂਦਰ ਬਿੰਦੂ ਕੈਲੀਪੈਟਰੀਆ, ਕੈਲੀਫੋਰਨੀਆ ਤੋਂ 7 ਮੀਲ ਦੂਰ ਦੱਖਣ ਖੇਤਰ ਸੀ ਜੋ ਇੰਪੀਰੀਅਲ ਕਾਊਂਟੀ ਵਿਚ ਪੈਂਦਾ ਹੈ।

ਇੰਪੀਰੀਅਲ ਕਾਊਂਟੀ ਫਾਇਰ ਵਿਭਾਗ ਤੇ ਐਮਰਜੈਂਸੀ ਸਰਵਿਸਜ ਦਫਤਰ ਦੇ ਅਧਿਕਾਰੀਆਂ ਅਨੁਸਾਰ ਭੂਚਾਲ ਨਾਲ ਜਾਨੀ ਜਾਂ ਮਾਲੀ ਨੁਕਸਾਨ ਹੋਣ ਦੀ ਰਿਪੋਰਟ ਨਹੀਂ ਹੈ। ਲੋਕਾਂ ਵਿਚ ਡਰ ਜਰੂਰ ਪਾਇਆ ਜਾ ਰਿਹਾ ਹੈ। ਭੂਚਾਲ ਵਿਗਿਆਨੀ ਲਕੀ ਜੋਨਜ ਨੇ ਕਿਹਾ ਹੈ ਕਿ ਇਸ ਖੇਤਰ ਵਿਚ ਭੂਚਾਲ ਸਮੂਹਿਰ ਰੂਪ ਵਿਚ ਆਉਂਦੇ ਹਨ ਤੇ ਇਨਾਂ ਦੀ ਤੀਬਰਤਾ 5.8 ਤੋਂ ਵਧ ਨਹੀਂ ਹੁੰਦੀ। ਉਨਾਂ ਨੇ ਚਿਤਾਵਨੀ ਦਿੱਤੀ ਹੈ ਕਿ ਅਗਲੇ ਸਮੇਂ ਵਿਚ ਅਜਿਹੇ ਹੋਰ ਭੂਚਾਲ ਵੀ ਆ ਸਕਦੇ ਹਨ।

# ਪੂਨਾ ਦੀ ਯਰਵਦਾ ਜੇਲ੍ਹ ਨਵਾਂ 'ਟੂਰਿਜ਼ਮ ਸਪੌਟ'

(ਸਫਾ 6 ਦੀ ਬਾਕੀ)

ਰੱਖ ਦਿਤਾ। ਇਹ ਇਸ ਲਈ ਸੀ ਕਿ ਡਾ. ਅੰਬੇਡਕਰ ਉੱਤੇ ਅਵਾਰਡ ਵਾਪਸ ਕਰਨ ਦਾ ਦਬਾਉ ਬਣਾਕੇ ਇਕ ਸਮਝੌਤਾ ਪੱਤਰ ਤਿਆਰ ਕੀਤਾ ਜਾਵੇ। ਇਹ ਸਮਝੌਤਾ ਕਮਿਊਨਲ ਅਵਾਰਡ ਨੂੰ ਵਾਪਸ ਕਰਨ ਲਈ ਬ੍ਰਿਟਿਸ਼ ਪ੍ਰਧਾਨ ਮੰਤਰੀ ਨੂੰ ਭੇਜਿਆ ਜਾਵੇਗਾ ਜਿਹੜਾ ਗਾਂਧੀ ਜੀ ਅਤੇ ਡਾ. ਅੰਬੇਡਕਰ ਦੀ ਸਹਿਮਤੀ ਦਾ ਹੋਵੇਗਾ। ਡਾ. ਅੰਬੇਡਕਰ ਨੇ ਬਹੁਤ ਮਿਹਨਤ ਨਾਲ ਬ੍ਰਿਟਿਸ਼ ਭਾਰਤੀ ਸਰਕਾਰ ਕੋਲੋਂ ਮੈਰਿਟ ਅਧਾਰ ਤੇ ਅਵਾਰਡ ਬਣਵਾਇਆ ਸੀ, ਇਸ ਲਈ ਉਹ ਵਾਪਸ ਕਰਨ ਦੀ ਸਹਿਮਤੀ ਲਈ ਮੰਨਣ ਵਾਲੇ ਨਹੀਂ ਸਨ। ਡਾ. ਅੰਬੇਡਕਰ ਦੀ ਸਹਿਮਤੀ ਬਣਵਾਈ ਜਾਵੇ ਇਸ ਲਈ ਮਰਨ ਵਰਤ ਅਤੇ ਬਾਹਰੀ ਸਮਾਜਿਕ ਦਬਾਉ ਬਣ-ਾਇਆ ਗਿਆ। ਕਾਂਗਰਸ ਅਤੇ ਉਸਦੇ ਸਹਿਯੋਗੀਆਂ ਨੇ ਗਾਂਧੀ ਜੀ ਦੀ ਸਿਹਤ ਖਰਾਬ ਹੋਣ ਦੇ ਡਰ ਨੂੰ ਲੈਕੇਹਾਲ ਦੁਹਾਈ ਪਾਈ ਗਈ, ਕਈ ਸ਼ਹਿਰਾਂ ਵਿੱਚ "ਡੀਪਰੈਸ਼ਡ ਕਲਾਸਾਂ" ਦੀਆਂ ਬਸਤੀਆਂ ਉਤੇ ਹਮਲੇ ਕੀਤੇ ਗਏ।

ਇਸ ਕਾਰਨ ਡਾ. ਅੰਬੇਡਕਰ ਨੂੰ ਝੁਕਣਾ ਪਿਆ। 24 ਸਤੰਬਰ, 1932 ਨੂੰ 4 ਦਿਨਾਂ ਦੇ ਮਰਨ ਵਰਤ ਨੂੰ ਤੋੜ ਦਿੱਤਾ ਜਦੋਂ ਡਾ. ਬੀ.ਆਰ. ਅੰਬੇਦਕਰ ਨਾਲ ਪੂਨਾ ਸਮਝੌਤੇ 'ਤੇ ਦਸਤਖਤ ਕਰਾਉਣ ਵਿੱਚ ਸਫ਼ਲ ਹੋ ਗਏ ਸਨ। ਕਮਿਊਨਿਲ ਅਵਾਰਡ ਖਤਮ ਕਰਨ ਬਦਲੇ ਇੱਕ ਸਾਂਝੇ ਵੋਟਰ ਪ੍ਰਨਾਲੀ ਵਿੱਚ ਸੀਟਾਂ ਦੀ ਰਿਜਰਵੇਸ਼ਨ ਦੀ ਸਹਿਮਤੀ ਸਾਮਿਲ ਕੀਤਾ। ਗਾਂਧੀ ਜੀ ਨੂੰ ਮਈ 1933 ਵਿੱਚ ਉਸ ਜੇਲ੍ਹ ਤੋਂ ਰਿਹਾ ਹੋਏ ਸਨ। ਯਰਵਦਾ ਵਿਖੇ ਅੰਬ ਦੇ ਦਰੱਖਤ ਹੇਠ ਸਮਝੌਤੇ 'ਤੇ ਦਸਤਖਤ ਕੀਤੇ ਸਨ ਅਤੇ ਦਰੱਖਤ ਨੂੰ ਕੁਸ਼ਲਤਾ ਨਾਲ ਸੰਭਾਲਿਆ ਜਾ ਰਿਹਾ ਹੈ। ਮਹਾਤਮਾ ਗਾਂਧੀ ਨੂੰ ਇਸ ਜੇਲ ਵਿਚ ਲੰਮਾ ਸਮਾਂ ਬਿਤਾਇਆ ਸੀ। ਉਸ ਨਾਲ ਸਬੰਧਤ ਹਰ ਚੀਜ਼ ਨੂੰ ਸੁਰੱਖਿਅਤ ਰੱਖਿਆ ਜਾ ਰਿਹਾ ਹੈ। 1899 ਵਿਚ, ਚਪੇਕਰ ਭਰਾਵਾਂ ਨੂੰ ਯਰਵਦਾ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ ਸੀ। ਜਨਰਲ ਵੈਦਿਆ ਦੀ ਹੱਤਿਆ ਦੇ ਮਾਮਲੇ ਵਿੱਚ ਜਿੰਦਾ ਅਤੇ ਸੁੱਖਾ ਨੂੰ ਵੀ ਇੱਥੇ ਹੀ ਫਾਂਸੀ ਦਿੱਤੀ ਗਈ ਹੈ। ਹਾਲ ਹੀ ਦੇ ਸਾਲਾਂ ਵਿਚ ਮੁੰਬਈ ਅੱਤਵਾਦੀ ਹਮਲੇ ਦੇ ਦੋਸ਼ੀ ਅਜਮਲ ਕਸਾਬ ਨੂੰ ਯਰਵਦਾ ਜੇਲ੍ਹ ਵਿੱਚ ਫਾਂਸੀ ਦਿੱਤੀ ਗਈ ਸੀ।

ਮਹਾਰਾਸ਼ਟਰ ਸਰਕਾਰ ਨੇ ਯਰਵਦਾ ਜੇਲ੍ਹਵਿੱਚ 'ਗਾਂਧੀ ਯਾਰਡ' ਯਾਦਗਾਰ ਕੈਦੀਆਂ ਅਤੇ ਹੋਰਾਂ ਲਈ ਪ੍ਰੇਰਣਾ ਸਰੋਤ ਮੰਨਦੇ ਜੇਲ੍ਹ ਟੂਰਿਜ਼ਮ ਸਥਾਨ ਬਣਾਇਆ ਹੈ। ਕੈਦੀਆਂ ਨੂੰ ਗਾਂਧੀਵਾਦ ਸਿਖਿਆ ਦਿੱਤੀ ਜਾਂਦੀ ਹੈ। ਕੈਦੀਆਂ ਦੀ ਗਾਂਧੀਵਾਦੀ ਨੈਤਿਕ, ਧਾਰਮਿਕ ਕਦਰਾਂ ਕੀਮਤਾਂ, ਮੁਆਫ਼ੀ ਅਤੇ ਸ਼ਾਂਤੀ ਦੇ 'ਤੇ ਪਰਖ ਹੁੰਦੀ ਹੈ ਇਸ ਲਈ ਉਹ ਹਰ ਸਾਲ 2 ਅਕਤੂਬਰ ਨੂੰ 100 ਅੰਕ ਦੀ ਪ੍ਰੀਖਿਆ ਦਿੰਦੇ ਹਨ।

ਗ੍ਰਹਿ ਵਿਭਾਗ ਨੇ ਪਹਿਲੀ ਵਾਰ 'ਜੇਲ੍ਹ ਟੂਰਿਜ਼ਮ' ਦੀ ਸੂਰੂਆਤ ਇਸ ਵਿਚਾਰ ਨਾਲ ਕੀਤੀ ਹੈ ਕਿ ਸਕੂਲ / ਕਾਲਜ / ਯੂਨੀਵਰਸਿਟੀ ਅਤੇ ਵਿਦਿਅਕ ਅਦਾਰਿਆਂ ਅਤੇ ਰਜਿਸਟਰਡ ਐਨ.ਜੀ.ਓਜ਼ ਨੂੰ ਇਨ੍ਹਾਂ ਇਤਿਹਾਸਕ ਸਥਾਨਾਂ ਦਾ ਦੌਰਾ ਕਰਨਗੇ, ਇਸ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਮਹਾਂਮਾਰੀ ਦੀ ਸਥਿਤੀ ਦੇ ਕਾਰਨ, ਸਿਰਫ 50 ਮਹਿਮਾਨਾਂ ਨੂੰ ਰੋਜ਼ਾਨਾ ਜੇਲ ਦੇ ਅੰਦਰ ਮਹੱਤਵਪੂਰਨ ਸਥਾਨਾਂ 'ਤੇ ਜਾਣ ਦੀ ਆਗਿਆ ਦਿੱਤੀ ਹੈ।

# 6 ਸਾਲਾ ਬੱਚੇ ਦੀ ਮੌਤ ਦੇ ਮਾਮਲੇ ਵਿਚ ਗ੍ਰਿਫਤਾਰ ਜੋੜੇ ਵਿਰੁੱਧ ਹੱਤਿਆ ਦੇ ਦੋਸ਼ ਆਇਦ!

## ਚਲਦੀ ਕਾਰ ਉਪਰ ਚਲਾਈ ਗੋਲੀ ਨਾਲ ਹੋਈ ਸੀ ਬੱਚੇ ਦੀ ਮੌਤ

**ਸੈਕਰਾਮੈਂਟੋ 9 ਜੂਨ (ਹੁਸਨ ਲੜੋਆ ਬੰਗਾ)–** ਕੈਲੀ-ਫੋਰਨੀਆ ਫਰੀਵੇਅ ਉਪਰ ਚਲਦੀ ਕਾਰ ਉਪਰ ਚਲਾਈ ਗੋਲੀ ਨਾਲ ਮਾਰੇ ਗਏ 6 ਸਾਲ ਦੇ ਬੱਚੇ ਏਡਨ ਲੀਓਸ ਦੇ ਮਾਮਲੇ ਵਿਚ ਗਿਫਤਾਰ ਵਿਅਕਤੀ 24 ਸਾਲਾ ਐਨਥਨੀ ਐਰਿਜ਼ ਵਿਰੁੱਧ ਹਤਿਆ ਦੇ ਦੋਸ਼ ਆਇਦ ਕੀਤੇ ਗਏ ਹਨ ਜਦ ਕਿ ਉਸ ਦੀ ਦੋਸਤ ਕੁੜੀ 23 ਸਾਲਾ ਵਾਇਨ ਲੀ ਨੂੰ ਸਹਿ ਦੋਸ਼ੀ ਬਣਾਇਆ ਗਿਆ ਹੈ। ਲੀ ਵਿਰੁੱਧ ਗੈਰਕਾਨੂੰਨੀ ਹਥਿਆਰ ਰੱਖਣ ਦੇ ਦੋਸ਼ ਵੀ ਲਾਏ ਗਏ ਹਨ। ਪੁਲਿਸ ਦਾ ਮੰਨਣਾ ਹੈ ਕਿ ਗੋਲੀ ਐਰਿਜ਼ ਨੇ ਚਲਾਈ ਜਦ ਕਿ ਵਾਇਨ ਲੀ ਕਾਰ ਚਲਾ ਰਹੀ ਸੀ। ਔਰੇਂਜ ਕਾਊਂਟੀ ਦੇ ਡਿਸਟੈਰਿਕਟ ਅਟਾਰਨੀ ਟੌਡ ਸਪਿਟਜ਼ਰ ਨੇ ਕਿਹਾ ਹੈ ਕਿ ਦੋਨਾਂ ਵਿਰੁੱਧ ਆਇਦ ਕੀਤੇ ਗਏ ਦੋਸ਼ਾਂ ਨਾਲ ਉਹ ਮੁਕੰਮਲ ਰੂਪ ਵਿਚ ਸਹਿਮਤ ਹਨ।

ਗ੍ਰਿਫਤਾਰ ਜੋੜੇ ਨੂੰ ਔਰੇਂਜ ਕਾਊਂਟੀ ਜੇਲ ਵਿਚ ਰਖਿਆ ਗਿਆ ਹੈ ਤੇ ਇਨਾਂ ਨੂੰ 18 ਜੂਨ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਜੱਜ ਨੇ ਐਰਿਜ਼ ਦੀ ਜ਼ਮਾਨਤ ਲਈ 20 ਲੱਖ ਡਾਲਰ ਤੇ ਲੀ ਦੀ ਜ਼ਮਾਨਤ ਲਈ 5 ਲੱਖ ਡਾਲਰ ਰਾਸ਼ੀ ਤੈਅ ਕੀਤੀ ਹੈ। ਇਨਾਂ ਦੋਨਾਂ ਨੂੰ ਤਕਰੀਬਨ ਦੋ ਹਫਤਿਆਂ ਦੀ ਨੱਠ ਭੱਜ ਤੇ ਜਾਂਚ ਉਪਰੰਤ ਐਤਵਾਰ ਨੂੰ ਗੈਰਿਫਤਾਰ ਕਰ ਲਿਆ ਗਿਆ ਸੀ।

ਦੋਸ਼ੀ ਪਾਏ ਜਾਣ 'ਤੇ ਐਰਿਜ਼ ਨੂੰ 40 ਸਾਲ ਜੇਲ ਦੀ ਸਜ਼ਾ ਤੇ ਲੀ ਨੂੰ 3 ਸਾਲ ਜੇਲ ਹੋ ਸਕਦੀ ਹੈ। ਇਨਾਂ ਦੋਨਾਂ ਦੀ ਗੈਰਿਫਤਾਰੀ ਲਈ 5 ਲੱਖ ਡਾਲਰ ਦਾ ਇਨਾਮ ਵੀ ਰਖਿਆ ਗਿਆ ਸੀ। ਅਜੇ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਇਨਾਮ ਕਿਸ ਨੂੰ ਦਿੱਤਾ ਜਾਵੇਗਾ ਕਿਉਂਕਿ ਇਨਾਮ ਦੀ ਰਾਸ਼ੀ ਐਲਾਨਣ ਉਪਰੰਤ ਬਹੁਤ ਸਾਰੇ ਲੋਕਾਂ ਨੇ ਪੁਲਿਸ ਨੂੰ ਸੰਭਾਵੀ ਦੋਸ਼ੀਆਂ ਬਾਰੇ ਜਾਣਕਾਰੀ ਦਿੱਤੀ ਸੀ।

ਇਥੇ ਜਿਕਰਯੋਗ ਹੈ ਕਿ ਏਡਨ ਦੀ ਪਿਛਲੇ ਮਹੀਨੇ 21 ਮਈ ਨੂੰ ਉਸ ਸਮੇ ਗੋਲੀ ਮਾਰ ਕੇ ਹਤਿਆ ਕਰ ਦਿੱਤੀ ਗਈ ਸੀ ਜਦੋਂ ਉਸ ਦੀ ਮਾਂ ਉਸ ਨੂੰ ਆਪਣੀ ਕਾਰ ਵਿਚ ਸਕੂਲ ਛੱਡਣ ਜਾ ਰਹੀ ਸੀ। ਦੋਸ਼ੀ ਵੱਲੋਂ ਕਾਰ ਉਪਰ ਗੋਲੀ ਚਲਾਈ ਗਈ ਜੋ ਸਿੱਧੀ ਪਿੱਛਲੀ ਸੀਟ ਉਪਰ ਬੈਠੇ ਬੱਚੇ ਦੇ ਢਿੱਡ ਵਿਚ ਜਾ ਵੱਜੀ ਤੇ ਉਸ ਦੀ ਮੌਕੇ ਉਪਰ ਹੀ ਮੌਤ ਹੋ ਗਈ ਸੀ।

# ਪੰਜਾਬ ਕਾਂਗਰਸ ਸਰਕਾਰ ਵਲੋਂ ਵੈਕਸੀਨ ਘਪਲੇ ਉਪਰ ਬਸਪਾ ਦੇ ਰਾਸ਼ਟਰੀ ਪ੍ਰਧਾਨ ਕੁਮਾਰੀ ਮਾਇਆਵਤੀ ਦਾ ਬਿਆਨ



ਪੰਜਾਬ ਦੀ ਕਾਂਗਰਸ ਸਰਕਾਰ ਦੁਆਰਾ ਕੋਰੋਨਾ ਵੈਕਸੀਨ ਨੂੰ ਕੇਂਦਰ ਤੋਂ 400 ਰੁਪਏ ਵਿਚ ਖਰੀਦਕੇ, ਉਸਦਾ ਲਾਭ ਜਨਤਾ ਨੂੰ ਦੇਣ ਦੀ ਬਜਾਇ ਵੈਕਸੀਨ ਪ੍ਰਾਈਵੇਟ ਹਸਪਤਾਲਾਂ ਨੂੰ 1060 ਰੁਪਿਆ ਵਿਚ ਵੇਚਕੇ ਕਰੋਪੀ ਵਿਚ ਵੀ ਮੁਨਾਫ਼ਾ ਕਮਾਉਣ ਦੀ ਕਰਤੂਤ ਅਤਿ ਅਸ਼ੋਭਨੀਯ, ਅਮਾਨਵੀ, ਨਿੰਦਾਯੋਗ ਤੇ ਅਤਿ ਦੁਰਭਾਗ-ਪੂਰਨ ਹੈ।

ਪੰਜਾਬ ਸਰਕਾਰ ਦੀ ਇਸ ਗਲਤ ਹਰਕਤ ਦਾ ਮੀਡੀਆ ਦੁਆਰਾ ਪਰਦਾਪਾਸ਼ ਕਰਨ ਤੋਂ ਬਾਅਦ ਸਪੱਸ਼ਟ ਹੈ ਕਿ ਕੋਰੋਨਾ ਵੈਕਸੀਨ ਦੇ ਸੰਬੰਧ ਵਿੱਚ ਕਾਂਗਰਸ ਲੀਡਰਸ਼ਿਪ ਦਾ ਹਾਲੀ ਤੱਕ ਜੋ ਵੀ ਸਟੈਂਡ ਤੇ ਬਿਆਨਬਾਜ਼ੀ ਆਦਿ ਹੀ ਰਹੀ ਹੈ, ਇਸਤੋਂ ਗੰਭੀਰਤਾ ਘੱਟ ਤੇ ਨਾਟਕਬਾਜ਼ੀ ਜਿਆਦਾ ਲਗਦੀ ਹੈ। ਕੇਂਦਰ ਸਰਕਾਰ ਇਸ ਉਪਰ ਉਚਿਤ ਕਾਰਵਾਈ ਕਰੇ, ਬਸਪਾ ਦੀ ਇਹ ਮੰਗ ਹੈ।

**ਸਹੀ/-**

**(ਕੁਮਾਰੀ ਮਾਇਆਵਤੀ ਜੀ ਦਾ ਬਿਆਨ)**

**ਰਾਸ਼ਟਰੀ ਪੈਰਧਾਨ ਬਹੁਜਨ ਸਮਾਜ ਪਾਰਟੀ।**

# ਪੰਜਾਬ ਦੀ ਰਾਜਨੀਤੀ ਦੇ ਜੋੜ ਤੋੜ ਦਾ ਫੈਸਲਾ ਸਿਰਫ ਮਾਇਆਵਤੀ ਕਰਨਗੇ-ਸ ਗੜ੍ਹੀ

## ਗੱਠਜੋੜ ਸਬੰਧੀ ਮੀਡੀਆ ਦੀਆ ਅਫਵਾਹਾਂ ਨਿਰਮੂਲ

**ਮੋਹਾਲੀ-** ਬਸਪਾ ਪੰਜਾਬ ਵਿੱਚ ਰਾਜਨੀਤਿਕ ਗਠਜੋੜ ਦਾ ਐਲਾਨ ਲਈ ਸਿਰਫ ਬਸਪਾ ਦੇ ਰਾਸ੍ਹਟਰੀ ਨੇਤਾ ਹੀ ਅਧਿਕਾਰਤ ਹਨ। ਬਹੁਜਨ ਸਮਾਜ ਪਾਰਟੀ ਵਲੋਂ ਕਿਸੀ ਵੀ ਕਿਸਮ ਦਾ ਰਾਜਨੀਤਿਕ ਗੱਠਜੋੜ ਪੰਜਾਬ ਦੀ ਰਾਜਨੀਤੀ ਲਈ ਨਹੀਂ ਹੋਇਆ ਹੈ। ਬਸਪਾ ਦੇ ਇਕਮਾਤਰ ਨੇਤਾ ਰਾਸ੍ਹਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਹਨ। ਇਹ ਜਾਣਕਾਰੀ ਪ੍ਰੈਸ ਨੋਟ ਰਾਹੀਂ ਦਿੰਦਿਆ ਬਸਪਾ ਪੰਜਾਬ ਦੇ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਓਹਨਾ ਦੀ ਡਿਊਟੀ ਸਿਰਫ ਸੰਗਠਨ ਬਣਾਉਣ ਦੀ ਹੈ ਤੇ ਸਮੁੱਚੀ ਬਸਪਾ ਪੰਜਾਬ ਦੀ ਟੀਮ ਸੰਗਠਨ ਬਣਾਉਣ ਵਿੱਚ ਲੱਗੀ ਹੋਈ ਹੈ। ਜਿਸ ਵਿਚ ਪੰਜਾਬ ਨੂੰ 117 ਵਿਧਾਨ ਸਭਾ ਢਾਂਚੇ ਦੇ ਨਾਲ 2300 ਸੈਕਟਰ ਵਿੱਚ ਵੰਡਿਆ ਹੋਇਆ ਹੈ। ਪੰਜਾਬ ਵਿੱਚ ਬਹੁਜਨ ਸਮਾਜ ਪਾਰਟੀ ਸੈਕਟਰ ਢਾਂਚਾ, ਬੂਥ ਕਮੇਟੀਆ ਅਤੇ ਸ੍ਹਹਿਰਾਂ ਵਿੱਚ ਵਾਰਡ ਕਮੇਟੀਆ ਦੇ ਗਠਨ ਵਿਚ ਦਿਨ ਰਾਤ ਲੱਗੀ ਹੋਈ ਹੈ। ਸ ਗੜ੍ਹੀ ਨੇ ਕਿਹਾ ਕਿ ਉਹ ਮੀਡੀਆ ਦੇ ਕੁਝ ਸ੍ਹਰਾਰਤੀ ਤੱਤਾਂ ਵਾਲੀ ਧਿਆਨ ਨਾ ਦੇਣ ਜੋਕਿ ਕਾਂਗਰਸ ਭਾਜਪਾ ਦੇ ਹੱਥਾਂ ਵਿਚ ਖੇਡਕੇ ਗਲਤ ਖਬਰਾਂ ਨੂੰ ਪਲਾਂਟ ਕਰਕੇ ਬਸਪਾ ਨੂੰ ਰਾਜਨੀਤਿਕ ਅਤੇ ਰਣਨਿਤਿਕ ਤੌਰ ਤੇ ਕਮਜੋਰ ਕਰਨ ਦੀ ਕੋਸ੍ਹਿਸ੍ਹ ਕਰ ਰਹੇ ਹਨ।

ਪੰਜਾਬ ਇੰਚਾਰਜ ਸ੍ਰੀ ਰਣਧੀਰ ਸਿੰਘ ਬੈਣੀਵਾਲ ਜੀ ਨੇ ਇਸ ਮੌਕੇ ਕਿਹਾ ਕਿ ਬਸਪਾ ਪੰਜਾਬ



ਦੀ ਲੀਡਰਸ੍ਹਿਪ ਬਹੁਤ ਮੇਹਨਤ ਨਾਲ ਬੂਥ ਤੇ ਪਿੰਡ ਪਿੰਡ ਜਾਣ ਦੀ ਕੋਸਿਸ ਕਰ ਰਹੀ ਹੈ, ਅਜਿਹੇ ਨਾਜ਼ੁਕ ਮੌਕਿਆ ਤੇ ਸਾਨੂੰ ਸੰਜਮ ਬਣਾਕੇ ਰੱਖਣਾ ਰੱਖਣਾ ਚਾਹੀਦਾ ਹੈ ਅਤੇ ਰਾਸ੍ਹਟਰੀ ਨੇਤਾ ਭੈਣ ਕੁਮਾਰੀ ਮਾਇਆਵਤੀ ਜੀ ਦੇ ਫੈਸਲੇ ਅਤੇ ਅਗਵਾਈ ਵਿਚ ਦਿਨ ਰਾਤ ਅੱਗੇ ਵਧਣ ਲਈ ਪੰਜਾਬ ਦੇ ਆਮ ਲੋਕਾਂ ਨੂੰ ਜੋੜਨ ਲਈ ਅਣਥੱਕ ਕੇਡਰ ਅਤੇ ਮੀਟਿੰਗਾਂ ਜਾਰੀ ਰਖਣੀਆਂ ਚਾਹੀਦੀਆਂ ਹਨ।

ਸ ਗੜ੍ਹੀ ਨੇ ਪੰਜਾਬ ਦੇ ਰਾਜਨੀਤਿਕ ਹਾਲਾਤਾਂ ਉਪਰ ਕਿਹਾ ਕਿ ਕੌਰੋਨਾ ਵੈਕਸੀਨ ਘਪਲੇ ਲਈ ਮੁੱਖ ਮੰਤਰੀ ਸ੍ਰੀ ਅਮਰਿੰਦਰ ਸਿੰਘ ਅਤੇ ਸਿਹਤ ਮੰਤਰੀ ਸ੍ਰੀ ਬਲਬੀਰ ਸਿਧੂ ਜੀ ਦੋਸ਼ੀ ਹਨ। ਘਪਲੇ ਦੀ ਸੀਬੀਆਈ ਜਾਂਚ ਫਾਸਟ ਟਰੈਕ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ 2 ਲੱਖ ਵਿਦਿਆਰਥੀਆਂ ਦੇ ਰੋਲ ਨੰਬਰ ਰੋਕਣੇ ਪੰਜਾਬ ਸਰਕਾਰ ਦੀ ਅਸਫ਼ਲਤਾ ਹੈ, ਬਸਪਾ ਪੰਜਾਬ ਵਲੋਂ ਇਸ ਲਈ 10 ਜੂਨ ਦੀ ਸੂਬਾ ਮੀਟਿੰਗ ਮੰਥਨ ਲਈ ਬੁਲਾਈ ਹੈ। ਪੰਜਾਬ ਵਿੱਚ ਦਲਿਤਾਂ ਤੇ ਪਛੜੇ ਵਰਗਾਂ ਦੇ ਮੁੱਦਿਆ ਉਪਰ ਬੋਲਦੇ ਸ ਗੜ੍ਹੀ ਨੇ ਕਿਹਾ ਕਿ ਮੰਡਲ ਕਮਿਸ੍ਹਨ ਰਿਪੋਰਟ, 85ਵੀ ਸੋਧ ਲਾਗੂ ਨਾ ਹੋਣਾ, ਬੈਕਲਾਗ, ਪੋਸਟ ਮੈਟ੍ਰਿਕ ਸਕਾਲਰਸ੍ਹਿਪ ਸਕੀਮ ਲਾਗੂ ਨਾ ਹੋਣਾ, ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿੱਚ ਰਾਖਵਾਂਕਰਨ ਨੀਤੀ ਦਾ ਨਾਂ ਹੋਣਾ, ਸਫ਼ਾਈ ਕਰਮਚਾਰੀਆਂ ਨੂੰ ਪੱਕੇ ਨਾ ਕਰਨਾ ਆਦਿ ਸਾਰੇ ਦਲਿਤ ਮੁੱਦਿਆ ਉਪਰ ਕਾਂਗਰਸ ਸਰਕਾਰ ਅਸਫਲ ਸਿੱਧ ਹੋਈ ਹੈ। ਬਸਪਾ ਪੰਜਾਬ ਕਾਂਗਰਸ ਨੂੰ ਸਬਕ ਸਿਖਾਉਣ ਲਈ ਲਗਾਤਾਰ ਪੰਜਾਬੀਆਂ ਦੀ ਲਾਮਬੰਦੀ ਜਾਰੀ ਰੱਖੇਗੀ।

# ਦੇਸ਼ ਭਗਤ ਯਾਦਗਾਰ ਕਮੇਟੀ ਨੇ ਰਾਸ਼ਟਰਪਤੀ ਤੋਂ ਕੀਤੀ ਮੰਗ, ਜੇਲ੍ਹੀਂ ਡੱਕੇ ਬੁੱਧੀਜੀਵੀ ਬਿਨਾਂ ਸ਼ਰਤ ਰਿਹਾ ਕਰੋ

**ਜਲੰਧਰ-** ਮੁਲਕ ਦੇ ਨਾਮਵਰ ਬੁੱਧੀਜੀਵੀਆਂ, ਲੇਖਕਾਂ, ਕਵੀਆਂ, ਰੰਗਕਰਮੀਆਂ, ਸਾਹਿਤਕਾਰਾਂ, ਪੱਤਰਕਾਰਾਂ, ਜਮਹੂਰੀ ਕਾਮਿਆਂ ਦੀ ਬਿਨਾ ਸ਼ਰਤ ਰਿਹਾਈ ਲਈ ਦੇਸ਼ ਭਗਤ ਯਾਦਗਾਰ ਕਮੇਟੀ ਨੇ ਦੇਸ਼ ਦੇ ਰਾਸ਼ਟਰਪਤੀ ਨੂੰ ਭੇਜੇ ਜਾ ਰਹੇ ਮੰਗ ਪੱਤਰ ’ਚ ਜ਼ੋਰਦਾਰ ਮੰਗ ਕੀਤੀ ਹੈ।

ਪੰਜਾਬ ਦੇ ਗਵਰਨਰ ਰਾਹੀਂ ਭੇਜੇ ਜਾ ਰਹੇ ਮੰਗ ਪੱਤਰ ਰਾਹੀਂ ਆਜ਼ਾਦੀ ਸੰਗਰਾਮ ਦੇ ਇਤਿਹਾਸ ਅਤੇ ਵਿਰਸੇ ਦੀ ਵਾਰਸ ਸਨਮਾਨਤ ਸੰਸਥਾ ਦੇਸ਼ ਭਗਤ ਯਾਦਗਾਰ ਕਮੇਟੀ ਨੇ ਚਿਤਾਵਨੀ ਵੀ ਦਿੱਤੀ ਹੈ ਕਿ ਝੂਠੇ ਕੇਸ ਮੜ੍ਹਕੇ, ਦੇਸ਼ ਦੇ ਰੌਸ਼ਨ ਦਿਮਾਗ ਵਿਦਵਾਨਾਂ ਦੀ ਰਿਹਾਈ ਲਈ ਜੇ ਲੋਕ ਆਵਾਜ਼ ਪ੍ਰਵਾਨ ਨਾ ਕੀਤੀ ਗਈ ਤਾਂ ਸਮੂਹ ਮਿਹਨਤਕਸ਼ ਤਬਕੇ ਬੁੱਧੀਮਾਨ ਹਲਕੇ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਇੱਕ ਆਵਾਜ਼ ਹੋ ਕੇ ਰਿਹਾਈ ਲਈ ਨਿਰੰਤਰ ਰੋਸ ਪ੍ਰਗਟਾਵਾ ਜਾਰੀ ਰੱਖਣਗੇ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ 6 ਜੂਨ ਤੋਂ ਬੁੱਧੀਜੀਵੀਆਂ ਦੀ ਰਿਹਾਈ ਲਈ ਮਨਾਏ ਜਾ ਰਹੀ ਚੇਤਨਾ ਅਤੇ ਆਵਾਜ਼ ਉਠਾਓ ਪੰਦਰਵਾੜਾ ਮੁਹਿੰਮ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਜ਼ੋਰਦਾਰ ਹਮਾਇਤ ਕਰੇਗੀ।

ਉਹਨਾਂ ਕਿਹਾ ਕਿ 6 ਜੂਨ 2018 ਨੂੰ ਭੀਮਾ ਕੋਰੇਗਾਓਂ ਮਨਘੜਤ ਕੇਸ ਵਿੱਚ ਮੋਦੀ ਹਕੂਮਤ ਨੇ ਪਹਿਲਾਂ ਸੁਰਿੰਦਰ ਗੈਰਲਿੰਗ, ਸੁਧੀਰ ਧਾਵਲੇ, ਰੋਨਾ ਵਿਲਸਨ, ਸੋਮਾ ਸੇਨ, ਮਾਹੇਸ਼ ਰਾਊਤ ਨੂੰ ਜੇਲ੍ਹ ’ਚ ਸੁੱਟਿਆ। ਉਸ ਉਪਰੰਤ 28 ਅਗਸਤ 2018 ਨੂੰ ਪੂਨਾ ਪੁਲਸ ਨੇ ਵਰਵਰਾ ਰਾਓ, ਸੁਧਾ ਭਾਰਦਵਾਜ਼, ਅਰੁਣ ਫਰੇਰਾ, ਗੌਤਮ ਨਵਲੱਖਾ ਪਹਿਲਾਂ ਘਰ ’ਚ ਨਜ਼ਰਬੰਦ ਕੀਤਾ ਫਿਰ ਜੇਲ੍ਹੀਂ ਡੱਕਿਆ। ਆਨੰਦ ਤੇਲਤੁੰਬੜੇ, ਪ੍ਰੋ. ਹਨੀ ਬਾਬੂ, ਫਾਦਰ ਸਟੇਨ ਸੁਆਮੀ ਅਤੇ ਦਰਜਣਾ ਬੁੱਧੀਜੀਵੀਆਂ ਨੂੰ ਜੇਲ੍ਹਾਂ ਅੰਦਰ ਹੀ ਦਮ ਤੋੜ ਦੇਣ ਵਰਗੀਆਂ ਹਾਲਤਾਂ ਵਿੱਚ ਡੱਕ ਰੱਖਿਆ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਮੋਦੀ ਹਕੂਮਤ ’ਤੇ ਦੋਸ਼ ਲਾਇਆ ਹੈ ਕਿ ਉਹ ਫਾਸ਼ੀ ਹੱਲੇ ਦੀਆਂ ਸਭੇ ਹੱਦਾਂ ਪਾਰ ਕਰਦੇ ਹੋਏ, ਜਮਹੂਰੀ ਕਦਰਾਂ ਕੀਮਤਾਂ ਦੀ ਮਿੱਟੀ ਪਲੀਤ ਕਰਦਿਆਂ ਗੰਭੀਰ ਰੋਗਾਂ ਤੋਂ ਪੀੜਤ ਵਿਦਵਾਨਾਂ ਨੂੰ ਜਮਾਨਤ ਵੀ ਨਾ ਦੇਣ, ਹਸਪਤਾਲਾਂ ਦਾ ਪ੍ਰਬੰਧ ਵੀ ਨਾ ਕਰਨ, ਉਹਨਾਂ ਦੇ ਪਰਿਵਾਰਕ ਮੈਂਬਰਾਂ ਤੱਕ ਦੇ ਦਮ ਤੋੜ ਜਾਣ ਤੇ ਵੀ ਉਹਨਾਂ ਨੂੰ ਜਮਾਨਤ ਨਾ ਦੇਣ ਵਰਗੇ ਘਿਨੌਣੇ ਕਦਮ ਚੁੱਕ ਰਹੀ ਹੈ। ਇਸਦੀ ਤਾਜ਼ਾ ਉਦਾਹਰਨ ਨਤਾਸ਼ਾ ਨਰਵਾਲ ਨਾਲ ਉਸਦੇ ਪਿਤਾ ਪ੍ਰੋ. ਮਹਾਵੀਰ ਨਰਵਾਲ ਦੀ ਮੌਤ ਵੇਲੇ ਵਿਹਾਰ ਕਰਨ ਤੋਂ ਮਿਲਦੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਅਗਲੇ ਦਿਨਾਂ ਵਿੱਚ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿੱਚ ਬੁੱਧੀਜੀਵੀਆਂ ਦੀ ਰਿਹਾਈ ਲਈ ਵਿਸ਼ੇਸ਼ ਵਿਚਾਰ ਚਰਚਾ, ਇਕੱਤਰਤਾ ਵੀ ਕਰੇਗੀ।







# ਸੁਖਪਾਲ ਸਿੰਘ ਖਹਿਰਾ ਪੰਜਾਬ ਦੀ ਸਿਆਸਤ ਵਿੱਚ ਅਰਸ਼ ਤੋਂ ਡਿੱਗਿਆ ਫਰਸ਼ ਤੇ

## ਕੀ ਹੁਣ ਸਿੱਧੂ ਅਤੇ ਪਰਗਟ ਵੀ ਹੋਣਗੇ ਠੁੱਸ?

ਖੇਡ ਮੈਦਾਨ ਬੋਲਦਾ ਹੈ
ਜਗਰੂਪ ਸਿੰਘ ਜਰਖੜ
98143-00722



ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ ਇੱਕ ਕਥਨ ਸੀ ਕਿ ਮੈਂ ਸਰੀਰਕ ਮੌਤ ਨੂੰ ਮੌਤ ਨਹੀਂ ਸਮਝਦਾ ਪਰ ਜ਼ਮੀਰ ਦਾ ਮਰ ਜਾਣਾ&; ਯਕੀਨਣ ਮੌਤ ਹੈ, ਅੱਜ 37 ਸਾਲ ਬਾਅਦ ਵੀ ਸਰੀਰਕ ਮੌਤ ਨਾਲੋਂ ਓਨਾ ਵਲੋਂ ਆਪਣੀ ਜਗਾਈ ਜ਼ਮੀਰ ਦਾ ਕਿੱਸਾ ਇੱਕ ਸੁਨਹਿਰੀ ਇਤਿਹਾਸ ਦਾ ਪੰਨਾ ਬਣ ਗਿਆ ਹੈ ਗੱਲ ਸਿਰਫ਼ ਅੱਜ ਦੀ ਹੀ ਨਹੀਂ ਰਹਿੰਦੀ ਦੁਨੀਆ ਤੱਕ ਸੰਤਾਂ ਦੀ ਕੌਮ ਅਤੇ ਪੰਜਾਬ ਪ੍ਰਤੀ ਦਿੱਤੀ ਕੁਰਬਾਨੀ ਨੂੰ ਇਕੱਲੀ ਸਿੱਖ ਕੌਮ ਹੀ ਨਹੀਂ ਦੁਨੀਆਂ ਵੀ ਯਾਦ ਰੱਖੇਗੀ, ਕਿਉਂਕਿ ਉਨ੍ਹਾਂ ਨੇ ਆਪਣੀ ਕਹਿਣੀ ਅਤੇ ਕਰਨੀ ਇੱਕ ਕਰਕੇ ਵਿਖਾਈ ਹੈ। ਦੂਸਰੇ ਪਾਸੇ ਸਾਡੇ ਅੱਜ ਦੇ ਪੰਜਾਬ ਦੇ ਸਿਆਸਤਦਾਨ ਹਨ ਜੋ ਕਹਿੰਦੇ ਕੁਝ ਹੋਰ ਹਨ ,ਕਰਦੇ ਕੁਝ ਹੋਰ ਹਨ, ਲੋਕਾਂ ਦੀਆਂ ਭਾਵਨਾਵਾਂ ਨਾਲ ਵੱਡਾ ਵਿਸ਼ਵਾਸਘਾਤ ਕਰਦੇ ਹਨ, ਤਾਜ਼ਾ ਉਦਹਾਰਣ ਸੁਖਪਾਲ ਸਿੰਘ ਖਹਿਰਾ ਦੀ ਹੈ ਜਿਸ ਦੀ ਸੋਸ਼ਲ ਮੀਡੀਆ ਤੇ ਇਕ ਹਫ਼ਤੇ ਤੋਂ ਵੱਡੇ ਪੱਧਰ ਤੇ ਕੁੱਤੇ ਖਾਣੀ ਹੋ ਰਹੀ ਹੈ ਕਿਉਂਕਿ ਖਹਿਰਾ ਆਪਣੀ ਰਾਜਨੀਤਿਕ ਕਹਿਣੀ ਅਤੇ ਕਰਨੀ ਉੱਤੇ ਖ਼ਰਾ ਨਹੀਂ ਉਤਰਿਆ।

ਪੰਜਾਬ ਦੇ ਲੋਕ ਪਿਛਲੇ ਕੁੱਝ ਅਰਸੇ ਤੋਂ ਰਵਾਇਤੀ ਪਾਰਟੀਆਂ ਅਕਾਲੀ ਕਾਂਗਰਸ ਤੋਂ ਪੂਰੀ ਤਰ੍ਹਾਂ ਤੰਗ ਆ ਚੁੱਕੇ ਹਨ ਉਹ ਪੰਜਾਬ ਦੀ ਸਿਆਸਤ ਵਿੱਚ ਕੁਝ ਬਦਲਾਅ ਚਾਹੁੰਦੇ ਹਨ ਸੁਖਪਾਲ ਸਿੰਘ ਖਹਿਰਾ ਰਵਾਇਤੀ ਪਾਰਟੀਆਂ ਦੇ ਖ਼ਿਲਾਫ਼ ਇੱਕ ਮਾਸੂਮ ਮੂਵਮੈਂਟ ਦੇ ਨੇਤਾ ਬਣਦਾ ਜਾ ਰਿਹਾ ਸੀ , ਲੋਕਾਂ ਨੂੰ ਖਹਿਰੇ ਦੇ ਵਿੱਚ ਪੰਜਾਬ ਦਾ ਭਵਿੱਖ ਦਿਸਦਾ ਸੀ ਕਿਉਂਕਿ ਅਕਾਲੀਆਂ ਕਾਂਗਰਸ ਦੀਆਂ ਨਾਕਾਮੀਆਂ ਨੂੰ ਖਹਿਰਾ ਕਿਤੇ ਪੰਜਾਬ ਦੇ ਪੁਲਾਂ ਤੇ ,ਕਿਤੇ ਸੜਕਾਂ ਤੇ ,ਕਿਤੇ ਚੁਰਾਹਿਆਂ ਤੇ ਖੜ੍ਹ ਕੇ ਵੱਡੇ ਤੱਥਾਂ ਦੇ ਆਧਾਰ ਤੇ ਭੰਡਦਾ ਸੀ ਪਰ ਅੱਜ ਆਪਣੇ ਛੋਟੇ ਜਿਹੇ ਸੁਖ ਦੀ ਖਾਤਰ ਜਾਂ ਵਿਧਾਇਕ ਬਣਨ ਦੀ ਖਾਤਰ ਉਹ ਕਾਂਗਰਸ ਦੀ ਝੋਲੀ ਵਿੱਚ ਜਾ ਬੈਠਿਆ ਉਹ ਵੀ ਉਸ ਦਿਨ ਜਦੋਂ ਪੂਰੀ ਸਿੱਖ ਕੌਮ ਕਾਂਗਰਸ ਦੇ ਵਰਤਾਏ ਕਹਿਰ 1984 ਦੇ ਦਰਬਾਰ ਸਾਹਿਬ ਦੇ ਘੱਲੂਘਾਰੇ ਦੇ ਸੰਤਾਪ ਨੂੰ ਯਾਦ ਕਰ ਰਹੀ ਸੀ , ਇਸ ਸੰਤਾਪ ਵਿੱਚ ਉੱਜੜੇ ਪਰਿਵਾਰਾਂ ਦੇ ਮੂੰਹੋਂ ਫਿੱਟੇ ਮੂੰਹ ਦੇ ਸਿਵਾਏ ਖਹਿਰੇ ਪ੍ਰਤੀ ਕੋਈ ਸ਼ਬਦ ਨਹੀਂ ਨਿਕਲੇ ਚਲੋ ਮਰੇ ਮੁੱਕਰੇ ਦਾ ਇੱਥੇ ਕੋਈ ਗਵਾਹ ਨਹੀਂ ਹੁੰਦਾ, ਪ੍ਰਮਾਤਮਾ ਖਹਿਰੇ ਦੀ ਮਰੀ ਜ਼ਮੀਰ ਨੂੰ ਸ਼ਾਂਤੀ ਬਖ਼ਸ਼ੇ। ਇਹ ਪੰਜਾਬ ਦੇ ਲੋਕਾਂ ਨਾਲ ਕੋਈ ਨਵਾਂ ਧੋਖਾ ਨੀ ਹੋਇਆ 1947 ਤੋਂ ਬਾਅਦ ਬੜੇ ਲੀਡਰ ਆਏ ਤੇ ਬੜੇ ਗਏ ਜੋ ਪੰਜਾਬ ਦੇ ਭਵਿੱਖ ਦਾ ਖਿਲਵਾੜ ਕਰਦੇ ਰਹੇ ਇਨ੍ਹਾਂ ਲੀਡਰਾਂ ਦੇ ਪੰਜਾਬ ਨੂੰ ਲੁੱਟਣ, ਕੁੱਟਣ ਦੇ ਅਤੇ







ਧੋਖੇਧੜੀਆਂ ਕਰਨ ਦੇ ਬਾਵਜੂਦ ਵੀ ਪੰਜਾਬ ਅੱਜ ਵੀ ਵਸਦਾ ਹੈ।

ਹੁਣ ਪੰਜਾਬੀਆਂ ਦੀਆਂ ਅਗਲੀਆਂ ਵੱਡੀਆਂ ਆਸਾਂ ਕਿਸਾਨ ਮੋਰਚੇ ਦੇ ਆਗੂਆਂ ਅਤੇ ਆਮ ਆਦਮੀ ਪਾਰਟੀ ਤੋਂ ਇਲਾਵਾ ਕਾਂਗਰਸ ਪਾਰਟੀ ਵਿੱਚ ਆਪਣੀ ਕੁਰਸੀ ਹਾਸਿਲ ਕਰਨ ਦੀ ਜੱਦੋ ਜਹਿਦ ਕਰ ਰਹੇ ਨਵਜੋਤ ਸਿੱਧੂ ਅਤੇ ਪਰਗਟ ਸਿੰਘ ਤੋਂ ਹਨ।

ਸਿੱਧੂ ਅਤੇ ਪਰਗਟ ਵੀ ਪੰਜਾਬ ਦੇ ਲੋਕਾਂ ਦੇ ਰਾਜਨੀਤਕ ਜਜ਼ਬਾਤਾਂ ਦਾ ਇੱਕ ਵਹਿਣ ਹੀ ਹਨ ਕਿਉਂਕਿ ਸਿੱਧੂ ਨੇ ਕਰਤਾਰਪੁਰ ਦੇ ਲਾਂਘੇ ਵਿੱਚ ਥੋੜ੍ਹੀ ਬਹੁਤੀ ਉਸਾਰੂ ਭੂਮਿਕਾ ਨਿਭਾਈ ਹੈ ਤੇ ਕ੍ਰਿਕਟ ਖੇਡੀ ਹੈ ਜਦਕਿ ਪਰਗਟ ਵੀ ਹਾਕੀ ਦਾ ਚੰਗਾ ਖਿਡਾਰੀ ਰਿਹਾ ਹੈ&; ਪਰ ਪੰਜਾਬ ਦੇ ਗੰਭੀਰ ਮੁੱਦਿਆਂ ਬਾਰੇ ਦੋਨੋਂ ਹੀ ਕਦੇ ਗੰਭੀਰ ਨਹੀਂ ਹੋਏ ਨਾ ਹੀ ਪੰਜਾਬ ਦੀਆਂ ਸਮੱਸਿਆਵਾਂ ਬਾਰੇ ਇਹ ਗਿਆਨਵਾਨ ਦਿਸੇ ਹਨ ਘੱਲੂਘਾਰੇ ਹਫ਼ਤੇ ਦੌਰਾਨ ਸਿੱਖ ਹੋਣ ਦੇ ਨਾਤੇ ਵੀ ਦੋਹਾਂ ਨੇਤਾਵਾਂ ਦੇ ਮੂੰਹੋਂ ਹਮਦਰਦੀ ਦੇ ਇੱਕ ਸ਼ਬਦ ਨਹੀਂ ਨਿਕਲਿਆ, ਸਿੱਧੂ ਨੇ ਤਾਂ ਹਮੇਸ਼ਾਂ ਹੀ ਆਪਣੀ ਸ਼ੇਅਰੋ ਸ਼ਾਇਰੀ ਨਾਲ ਆਪਣੀ ਗੱਲ ਮਨਾਉਣ ਦਾ ਯਤਨ ਕੀਤਾ ਪੰਜਾਬ ਦੇ ਲੋਕਾਂ ਦੀ ਵਿਚਾਰਧਾਰਾ ਦੀ ਕਦੇ ਵੀ ਤਰਜਮਾਨੀ ਨਹੀਂ ਕੀਤੀ ਜਦਕਿ ਹਾਲ ਪਰਗਟ ਸਿੰਘ ਦਾ ਵੀ ਸਿੱਧੂ ਵਾਲਾ ਹੀ ਰਿਹਾ, ਪਰਗਟ ਬਾਰੇ ਤਾਂ ਉਸਦੇ ਨਾਲ ਦੇ ਨੇੜਲੇ ਸਾਥੀ ਹੀ ਦੱਸਦੇ ਹਨ ਕਿ ਇਹ ਬੰਦਾ ਜਿੱਥੇ ਵੀ ਗਿਆ ਉਥੇ ਬੇੜਾ ਗਰਕ ਕਰਕੇ ਹੀ ਗਿਆ ਹੈ। ਭਾਰਤੀ ਹਾਕੀ ਟੀਮ ਵਿੱਚ ਆਪਣੇ 11 ਸਾਲ ਦੇ ਕੈਰੀਅਰ ਵਿੱਚ ਇਸਦਾ ਕੋਈ ਪ੍ਰਮੁੱਖ&; ਮੈਡਲ ਨਹੀਂ, ਫੇਰ ਟੀਮ ਇੰਡੀਆ ਵਿੱਚ ਸਿਵਾਏ ਫੁੱਟ ਅਤੇ ਕਪਤਾਨੀ ਮੰਗਣ ਤੋਂ ਕੀਤਾ ਕੁਝ ਨਹੀਂ, ਰੇਲਵੇ, ਅਲਕਲੀਜ਼, ਪੰਜਾਬ ਪੁਲੀਸ ਦੀਆਂ ਹਾਕੀ ਟੀਮਾਂ ਵਿੱਚ ਸੁੱਕਨੀ ਮਾਮੇ ਵਾਲੀ ਭੂਮਿਕਾ ਨਿਭਾਉਣ ਦੇ ਉਸ ਦੇ ਵੱਡੇ ਕਿੱਸੇ ਹਨ। ਅਕਾਲੀ ਅਤੇ ਕਾਂਗਰਸ ਦੀਆਂ ਸਰਕਾਰਾਂ ਵਿੱਚ&; ਹਰ ਵੇਲੇ ਆਪਣੀ ਮੰਤਰੀ ਵਾਲੀ ਕੁਰਸੀ ਮੰਗਣ ਤੋਂ ਇਲਾਵਾ ਪੰਜਾਬ ਲਈ ਕੀ ਮੰਗਿਆ ,ਪਰਗਟ ਪੰਜਾਬ ਦੇ ਹੱਕਾਂ ਲਈ ਕਿੱਥੇ ਖੜਿਆ, ਸਿੱਖਾਂ ਦੇ ਕਤਲੇਆਮ ਦੀ ਗੱਲ ਕਿਸ ਪਲੇਟਫਾਰਮ ਤੇ ਕੀਤੀ, ਜੇ ਗੱਲ ਕੀਤੀ ਹੈ ਪੰਜਾਬ ਦੀ ਨਹੀਂ ਆਪਣੀ ਲਾਲਸਾ ਦੀ ਹੀ ਕੀਤੀ ਹੈ ਪਰ ਮੌਕਾ ਅਜੇ ਵੀ ਪਰਗਟ ਅਤੇ ਸਿੱਧੂ ਦੇ ਹੱਥ ਵਿੱਚ ਹੈ ਕਿ ਆਪਣੀਆਂ ਕੁਰਸੀਆਂ ਅਤੇ ਲਾਲਚਾਂ ਦੇ ਮੋਹ ਤਿਆਗ ਕੇ ਦਿੱਲੀ ਦੀਆਂ ਸੜਕਾਂ ਤੇ ਕਿਸਾਨ ਮੋਰਚੇ ਤੇ ਜਾ ਕੇ ਬੈਠ ਜਾਣ, ਪੰਜਾਬ ਦੇ ਅੰਨਦਾਤੇ ਦੀ ਆਵਾਜ਼ ਨੂੰ ਬੁਲੰਦ ਕਰਨ ,ਉਸ ਦੇ ਇਨਸਾਫ ਦੀ ਗੱਲ ਕਰਨ, ਪੰਜਾਬ ਦੇ ਭਵਿੱਖ ਨੂੰ ਸੰਵਾਰਨ ਦੀ ਗੱਲ ਕਰਨ ,ਫੇਰ ਤਾਂ ਕੋਈ ਇਨ੍ਹਾਂ ਤੇ ਝਾਕ ਕੀਤੀ ਜਾ ਸਕਦੀ ਹੈ ਨਹੀਂ ਤਾਂ ਫਿਰ ਫਲਾਪ ਹੋਏ ਸੁਖਪਾਲ ਸਿੰਘ ਖਹਿਰਾ , ਜਗਮੀਤ ਸਿੰਘ ਬਰਾੜ ਅਤੇ ਹੋਰ ਕੁਰਸੀ ਦੇ ਲਾਲ-ਚੀਆਂ ਲੀਡਰਾਂ (ਜਿਨ੍ਹਾਂ ਦੀ ਸੂਚੀ ਕਾਫ਼ੀ ਲੰਬੀ ਹੈ) ਵਾਂਗ ਹੀ ਚੱਲਣ ਤੋਂ ਪਹਿਲਾਂ ਹੀ ਪਰਗਟ ਅਤੇ ਸਿੱਧੂ ਵੀ ਠੁੱਸ ਹੋ ਜਾਣਗੇ ਕਿਉਂਕਿ ਚੰਗਾ ਨੇਤਾ ਲੋਕਾਂ ਦੇ ਜਜ਼ਬਾਤਾਂ ਦੇ ਵਹਿਣ ਨਾਲੋਂ ਕਦੇ ਵੀ ਟੁੱਟਦਾ ਨਹੀਂ ਹੁੰਦਾ ਪਰ ਜੇ ਨੇਤਾ ਲੋਕ ਜਜ਼ਬਾਤਾਂ ਦੀ ਬੇਕ-ਦਰੀ ਕਰ ਜਾਣ ਤਾਂ ਲੋਕ ਮੁੜ ਕਦੇ ਮੂੰਹ ਵੀ ਨਹੀਂ ਲਾਉਂਦੇ ਹੁੰਦੇ ਇਹ ਪੰਜਾਬ ਦੇ ਪਿਛਲੇ ਇਤਿਹਾਸ ਵੱਲ ਵੀ ਝਾਤ ਮਾਰ ਲੈਣੀ ਚਾਹੀਦੀ ਹੈ । ਪੰਜਾਬ ਦੀ ਸਿਆਸਤ ਅੱਜ ਇਕ ਅਜਿਹੇ ਮੋੜ ਤੇ ਖੜ੍ਹੀ ਹੈ ਕਿ ਜਿਸ ਤਰ੍ਹਾਂ ਯਤੀਮ ਬੱਚਿਆਂ ਨੂੰ ਕਿਸੇ ਵੱਡੇ ਆਸਰੇ ਦੀ ਲੋੜ ਹੁੰਦੀ ਹੈ ਜਦੋਂ ਆਸਰਾ ਮਿਲ ਜਾਂਦਾ ਹੈ ਤਾਂ ਮੰਜ਼ਿਲ ਵੀ ਮਿਲ ਜਾਂਦੀ ਹੈ, ਅੱਜ ਪੰਜਾਬ ਦੀ ਸਿਆਸਤ ਅਤੇ ਲੋਕਾਂ&; ਦੇ ਹਲਾਤ ਯਤੀਮਾਂ ਵਾਲੇ ਹਨ, ਨੇਤਾ ਲੋਕ ਪੰਜਾਬ ਦੀ ਸਿਆਸਤ ਨੂੰ ਲੁੱਟ ਲੁੱਟ ਕੇ ਅਮੀਰ ਹੋ ਰਹੇ ਹਨ ਜਦਕਿ ਆਮ ਲੋਕ ਗ਼ਰੀਬੀ, ਭੁੱਖਮਰੀ, ਸਿੱਖਿਆ ਅਤੇ ਸਿਹਤ ਸਹੂਲਤਾਂ ਤੋਂ ਵਾਂਝੇ, ਮਹਿੰਗਾਈ ਬੇਰੁਜ਼ਗਾਰੀ , ਅਤੇ ਹੋਰ ਕਮੀਆਂ ਤਰੁੱਟੀਆਂ ਦੇ ਸ਼ਿਕਾਰ ਹਨ, ਅੱਜ ਸਮੇਂ ਦੀ ਲੋੜ ਹੈ ਕਿ ਜੇ ਕੋਈ ਚੰਗੀ ਵਾਗਡੋਰ ਸੰਭਾਲਣ ਵਾਲਾ ਨੇਤਾ ਮਿਲ ਜਾਵੇਗਾ ਤਾਂ ਪੰਜਾਬ ਵੀ ਬਚ ਜਾਵੇਗਾ। ਕਿਉਂਕਿ ਇਤਿਹਾਸ ਬਣਾਉਣ ਲਈ ਆਪਣਾ ਆਪ ਵਾਰਨਾ ਪੈਂਦਾ ਹੈ

ਇਤਿਹਾਸ ਬਿਆਨਬਾਜ਼ੀ ਜਾਂ ਗੱਲਬਾਤਾਂ ਨਾਲ ਨਹੀਂ ਬਣਦੇ, ਸਿੱਧੂ ਤੇ ਪਰਗਟ ਆਪਣੀਆਂ ਕਮੀਆਂ ਅਤੇ ਲਾਲਸਾਂ ਵਾਲੀ ਪੀੜ੍ਹੀ ਥੱਲੇ ਸੋਟਾ ਫੇਰ ਕੇ ਦੇਖਣ ਕਿ ਕਮੀ ਕਿੱਥੇ ਹੈ ਜੇ ਓਨਾ ਪੰਜਾਬ ਬਚਾਉਣਾ, ਨਹੀਂ ਫੇਰ ਬਾਦਲਾਂ ਦੇ 5 ਵਾਰ ਮੁੱਖ ਮੰਤਰੀ ਬਨਣ ਤੋਂ ਬਾਅਦ ਵੀ ਸਿਰ ਸਵਾਹ ਪਈ ਜਾਂਦੀ ਹੈ ਤੁਹਾਡੇ ਕੁੱਝ ਬਿਨ ਬਣਿਆ ਹੀ ਪੈ ਜਾਣੀ ਹੈ, ਇਹ ਗੁਰੂਆਂ ਪੀਰਾਂ ਦਾ ਬੰਨਿਆ ਪੰਜਾਬ ਹੈ ਲੋਕਾਂ ਦੇ ਜਜ਼ਬਾਤਾਂ ਦੀ ਕਦਰ ਕਰੋ , ਪੰਜਾਬ ਪਹਿਲਾਂ ਵੀ ਵਸਦਾ ਸੀ ਅੱਜ ਵੀ ਵੱਸਦਾ ਹੈ ਅੱਗੇ ਵੀ ਵਸੇਗਾ । ਮੇਰੇ ਵਤਨ ਪੰਜਾਬ ਦਾ ਰੱਬ ਰਾਖਾ!


Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਅਸੀਂ ਖਾਲਿਸਤਾਨ ਦੇ ਨਾਅਰੇ ਮਾਰਦੇ ਹਾਂ, ਪਰ ਇਹ ਪ੍ਰਾਪਤ ਕਿਵੇਂ ਹੋਣਾ ਇਸ ਬਾਰੇ ਕਦੇ ਸਿਰ ਜੋੜ ਕੇ ਵਿਚਾਰ ਨਹੀਂ ਕੀਤਾ

**ਅੰਮ੍ਰਿਤਸਰ–** ਜੂਨ 1984 ਵਿਚ ਭਾਰਤ ਦੀ ਕਾਂਗਰਸ ਸਰਕਾਰ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਸ਼ਹੀਦ ਹੋਏ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਬਾਬਾ ਠਾਰਾ ਸਿੰਘ ਤੇ ਜਨਰਲ ਸ਼ੁਬੇਗ ਸਿੰਘ ਸਮੇਤ ਹੋਰ ਸ਼ਹੀਦਾਂ ਦੀ ਯਾਦ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਾਲਾਨਾ ਸ਼ਹੀਦੀ ਸਮਾਗਮ ਕਰਵਾਇਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗਏ ਇਸ ਸਮਾਗਮ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਅਰਦਾਸ ਭਾਈ ਸੁਲਤਾਨ ਸਿੰਘ ਨੇ ਕੀਤੀ ਅਤੇ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਸਰਵਣ ਕਰਵਾਇਆ। ਸਮਾਗਮ 'ਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਵਧੀਕ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਤਰਨਾ ਦਲ ਦੇ ਮੁਖੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਦਲ ਬਾਬਾ ਬਿਧੀ ਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਨੂੰ ਸੰਬੋਧਨ ਹੁੰਦਿਆਂ ਆਪਸੀ ਵਿਤਕਰੇ ਅਤੇ ਮਤਭੇਦ ਭੁਲਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਇਕਜੁਟ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਨੇ ਕਿਹਾ ਕਿ ਜੂਨ 1984 ਵਿਚ ਭਾਰਤ ਦੀ ਕਾਂਗਰਸ ਸਰਕਾਰ ਵੱਲੋਂ ਮਾਨਵਤਾ ਦੇ ਰੂਹਾਨੀ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸਿੱਖ ਕੌਮ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕਰਵਾਇਆ ਗਿਆ ਫ਼ੌਜੀ ਹਮਲਾ ਉਹ ਨਾਸੂਰ ਹੈ, ਜੋ ਹਰ ਸਾਲ ਰਿਸਦਾ ਹੈ। ਇਸ ਘੱਲੂਘਾਰੇ ਨੂੰ ਸਿੱਖ ਕੌਮ ਕਦੇ ਨਹੀਂ ਭੁੱਲ ਸਕਦੀ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀ ਇਹ ਪੀੜਾ ਅਸਹਿ ਹੈ, ਪਰੰਤੂ ਇਸ ਨੂੰ ਕੌਮੀ ਸ਼ਕਤੀ ਲਈ ਵਰਤਣਾ ਜ਼ਰੂਰੀ ਹੈ। ਸਿੱਖ ਕੌਮ ਦੀਆਂ ਸੰਸਥਾਵਾਂ ਅਤੇ ਜਥੇਬੰਦੀਆਂ ਕੌਮ ਦੀ ਤਾਕਤ ਹਨ ਅਤੇ ਕੌਮ ਦੇ ਬਾਸ਼ਿੰਦਿਆਂ ਦਾ ਫ਼ਰਜ਼ ਹੈ ਕਿ ਇਨ੍ਹਾਂ ਨੂੰ ਕਮਜ਼ੋਰ ਨਾ ਹੋਣ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ



ਸਿੱਖ ਕੌਮ ਸਦਾ ਚੜ੍ਹਦੀ ਕਲਾ ਵਿਚ ਰਹੀ ਹੈ ਅਤੇ ਭਵਿੱਖ ਵਿਚ ਵੀ ਰਹੇਗੀ। ਅੱਜ ਵੀ ਜਦੋਂ ਕਿਧਰੇ ਸਿੱਖਾਂ 'ਤੇ ਕੋਈ ਹਮਲਾ ਹੁੰਦਾ ਹੈ ਤਾਂ ਪੂਰੀ ਕੌਮ ਸੁਚੇਤ ਰੂਪ ਵਿਚ ਉਸ ਦੇ ਨਾਲ ਖੜ੍ਹਦੀ ਹੈ। ਪਾਰਲੀਮੈਂਟਾਂ ਵਿਚ ਅਤੇ ਅੰਬੈਸੀਆਂ ਦੇ ਸਾਹਮਣੇ ਅਜਿਹੇ ਮਾਮਲਿਆਂ ਨੂੰ ਲੈ ਕੇ ਸਿੱਖਾਂ ਵੱਲੋਂ ਕੀਤੇ ਜਾਂਦੇ ਵਿਰੋਧ ਪ੍ਰਦਰਸ਼ਨ ਸਿੱਖ ਕੌਮ ਦੀ ਚੜ੍ਹਦੀ ਕਲਾ ਦਾ ਸਬੂਤ ਹਨ।

ਇਹ ਸ਼ਕਤੀ ਸਿੱਖ ਕੌਮ ਨੇ ਆਪਣੇ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਤੋਂ ਪ੍ਰਾਪਤ ਕੀਤੀ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਖਿਆ ਕਿ ਜੂਨ ਚੌਰਾਸੀ ਦੇ ਫ਼ੌਜੀ ਹਮਲੇ ਨੂੰ ਸਿੱਖ ਨਸਲਕੁਸ਼ੀ ਐਲਾਨ ਕਰਨ ਬਾਰੇ ਕਈ ਈ-ਮੇਲਾਂ ਪੁੱਜੀਆਂ ਹਨ, ਪਰੰਤੂ ਇਸ ਨੂੰ ਸਿੱਖ ਕੌਮ ਘੱਲੂਘਾਰਾ ਪ੍ਰਵਾਨ ਕਰ ਚੁੱਕੀ ਹੈ ਕਿਉਂਕਿ ਇਸ ਦੌਰਾਨ ਹਮਲਾਵਰ ਫ਼ੌਜ ਦਾ ਸਿੱਖ ਸੂਰਮਿਆਂ ਨੇ ਮੂੰਹ ਤੋੜ ਜਵਾਬ ਦਿੱਤਾ ਸੀ। ਉਨ੍ਹਾਂ ਇਹ ਵੀ ਕਿਹਾ ਕਿ ਸਿੱਖ ਕੌਮ ਇਸ ਘੱਲੂਘਾਰੇ ਨੂੰ ਸਾਕਾ ਨੀਲਾ ਤਾਰਾ ਕਹਿਣ ਤੋਂ ਵੀ ਗੁਰੇਜ਼ ਕਰੇ। ਸ਼ਹੀਦੀ ਸਮਾਗਮ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਸ਼ਹੀਦਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਜੂਨ ਚੌਰਾਸੀ ਵਿਚ ਭਾਰਤ ਦੀ ਕਾਂਗਰਸ ਸਰਕਾਰ ਵੱਲੋਂ ਬੇ-ਦੋਸ਼ੀਆਂ ਸੰਗਤਾਂ 'ਤੇ ਤੋਪਾਂ ਅਤੇ ਟੈਂਕਾਂ ਨਾਲ ਕੀਤਾ ਗਿਆ ਹਮਲਾ ਕਰਨਾ ਰਹਿੰਦੀ ਦੁਨੀਆਂ ਤੱਕ ਯਾਦ ਰਹੇਗਾ। ਉਨ੍ਹਾਂ ਕਿਹਾ ਕਿ ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਹੀ ਹਮਲਾ ਨਹੀਂ ਕੀਤਾ, ਸਗੋਂ ਸਰਕਾਰ ਨੇ 37 ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾਇਆ। ਇਸ ਮੌਕੇ ਸੰਤ ਬਾਬਾ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ, ਸ਼ਹੀਦ ਭਾਈ ਅਮਰੀਕ ਸਿੰਘ ਦੀ ਸਪੁੱਤਰੀ ਬੀਬੀ ਸਤਵੰਤ ਕੌਰ, ਭਰਾ ਭਾਈ ਮਨਜੀਤ ਸਿੰਘ ਭੂਰਾਕੋਹਨਾ, ਸ਼ਹੀਦ ਭਾਈ ਨਛੱਤਰ ਸਿੰਘ ਭਲਵਾਨ ਦੇ ਸਪੁੱਤਰ ਭਾਈ ਭੁਪਿੰਦਰ ਸਿੰਘ ਭਲਵਾਨ ਸਮੇਤ ਹੋਰ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ, ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਪੁੱਜੀਆਂ ਪੰਥਕ ਸ਼ਖ਼ਸੀਅਤਾਂ ਨੂੰ ਵੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਿਰੋਪਾਓ ਦੇ ਕੇ ਨਿਵਾਜਿਆ। ਸਮਾਗਮ ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ, ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਸੁਰਜੀਤ ਸਿੰਘ ਭਿੱਟੇਵਡ, ਜਨਰਲ ਸਕੱਤਰ ਸ. ਭਗਵੰਤ ਸਿੰਘ ਸਿਆਲਕਾ, ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਭਾਈ ਮਲਕੀਤ ਸਿੰਘ, ਅੰਤ੍ਰਿੰਗ ਮੈਂਬਰ ਸ. ਸਤਵਿੰਦਰ ਸਿੰਘ ਟੋਹੜਾ, ਸ. ਭੁਪਿੰਦਰ ਸਿੰਘ ਭਲਵਾਨ, ਸ. ਅਜਮੇਰ ਸਿੰਘ ਖੇੜਾ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਗੁਰਚਰਨ ਸਿੰਘ ਗਰੇਵਾਲ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਮਨਜੀਤ ਸਿੰਘ, ਭਾਈ ਰਾਮ ਸਿੰਘ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਸ. ਕੁਲਦੀਪ ਸਿੰਘ ਤੇੜਾ, ਭਾਈ ਅਜਾਇਬ ਸਿੰਘ ਅਭਿਆਸੀ, ਸ. ਅਮਰਬੀਰ ਸਿੰਘ ਢੋਟ, ਸ. ਕੰਵਰਚੜ੍ਹਤ ਸਿੰਘ ਗਿੱਲ, ਸਕੱਤਰ ਸ. ਮਹਿੰਦਰ ਸਿੰਘ ਆਹਲੀ, ਵਧੀਕ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ, ਸ. ਪਰਮਜੀਤ ਸਿੰਘ ਸਰੋਆ, ਸ. ਪ੍ਰਤਾਪ ਸਿੰਘ, ਸ. ਸੁਖਮਿੰਦਰ ਸਿੰਘ, ਮੀਤ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਮੈਨੇਜਰ ਸ. ਗੁਰਿੰਦਰ ਸਿੰਘ ਮਥਰੇਵਾਲ, ਓਐਸਡੀ ਡਾ. ਅਮਰੀਕ ਸਿੰਘ ਲਤੀਫਪੁਰ, ਡਾ. ਸੁਖਬੀਰ ਸਿੰਘ, ਆਨਰੇਰੀ ਸਕੱਤਰ ਸ. ਗੁਰਮੀਤ ਸਿੰਘ, ਸ. ਸਿਮਰਨਜੀਤ ਸਿੰਘ ਮਾਨ, ਸ. ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਸ. ਨਰਾਇਣ ਸਿੰਘ ਚੌੜਾ, ਸ. ਕੰਵਰਪਾਲ ਸਿੰਘ, ਸ. ਈਮਾਨ ਸਿੰਘ ਮਾਨ, ਸ. ਗੁਰਦੀਪ ਸਿੰਘ ਬਠਿੰਡਾ, ਭਾਈ ਜਸਬੀਰ ਸਿੰਘ ਘੁੰਮਣ, ਭਾਈ ਮੋਹਕਮ ਸਿੰਘ, ਭਾਈ ਹਰਪਾਲ ਸਿੰਘ ਚੀਮਾ, ਸ. ਸਤਨਾਮ ਸਿੰਘ ਮਾਨਾਵਾਂ ਆਦਿ ਮੌਜੂਦ ਸਨ।

---

# ਸੰਤ ਭਿੰਡਰਾਂਵਾਲਿਆਂ ਦੀ ਸ਼ਖ਼ਸੀਅਤ ਅਤੇ ਬਚਨਾਂ ਦਾ ਪ੍ਰਭਾਵ ਅੱਜ ਤਕ ਵੀ ਕਾਇਮ ਹੈ : ਬਾਬਾ ਹਰਨਾਮ ਸਿੰਘ ਖ਼ਾਲਸਾ

ਮਹਿਤਾ ਚੌਕ- ਦਮਦਮੀ ਟਕਸਾਲ ਦੇ 14ਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਅਤੇ ਜੂਨ '84 ਦੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਪਾਵਨ ਯਾਦ ਨੂੰ ਸਮਰਪਿਤ 37ਵਾਂ ਮਹਾਨ ਸ਼ਹੀਦੀ ਸਮਾਗਮ ਦਮਦਮੀ ਟਕਸਾਲ ਦੇ ਹੈੱਡ ਕੁਆਰਟਰ ਗੁਰਦੁਆਰਾ ਗੁਰ ਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਯੋਗ ਅਗਵਾਈ ਵਿਚ ਪੂਰੀ ਸ਼ਰਧਾ ਭਾਵਨਾ, ਉਤਸ਼ਾਹ ਅਤੇ ਚੜ੍ਹਦੀਕਲਾ ਨਾਲ ਮਨਾਇਆ ਗਿਆ।

ਕੋਰੋਨਾ ਮਹਾਂਮਾਰੀ ਦੇ ਬਾਵਜੂਦ ਸਿੱਖ ਸੰਗਤਾਂ ਵੱਲੋਂ ਪੂਰੀ ਜ਼ਾਬਤੇ ਵਿਚ ਰਹਿੰਦਿਆਂ ਸ਼ਹੀਦੀ ਸਪਤਾਹ ਦੇ ਸਮਾਗਮਾਂ ਉਪਰੰਤ ਅੱਜ ਵੀ ਸ਼ਹੀਦੀ ਸਮਾਗਮ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਆਪ ਮੁਹਾਰੇ ਸ਼ਮੂਲੀਅਤ ਕਰਦਿਆਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਨੂੰ '84 ਦੌਰਾਨ ਭਾਰਤ ਦੀ ਅਖੌਤੀ ਲੋਕਤੰਤਰ ਦੀਆਂ ਵਧੀਕੀਆਂ ਅਤੇ ਹੱਡੀਂ ਹੰਢਾਈ ਜ਼ੁਲਮਾਂ ਦੀ ਦਾਸਤਾਨ ਪ੍ਰਤੀ ਆਉਣ ਵਾਲੀਆਂ ਨਸਲਾਂ ਨੂੰ ਬੋਧ ਕਰਾਉਣ ਲਈ ਇਤਿਹਾਸ ਨੂੰ ਕਲਮਬੰਦ ਕਰਨ ਅਤੇ ਮੌਖਿਕ ਰਿਕਾਰਡਿੰਗ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਕੌਮ ਦੀ ਚੜ੍ਹਦੀਕਲਾ ਲਈ ਮੋਹਰੀ ਰੋਲ ਅਦਾ ਕਰਦੀ ਆਈ ਹੈ। ਉਨ੍ਹਾਂ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਵੱਲੋਂ ਪੰਥ ਨੂੰ ਇਕ ਲੜੀ 'ਚ ਪਰੋਣ ਲਈ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ।

ਪ੍ਰੋ: ਸਰਚਾਂਦ ਸਿੰਘ ਖਿਆਲਾ ਅਨੁਸਾਰ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਮੁਖਵਾਕ ਦੀ ਕਥਾ ਦੌਰਾਨ ਜੂਨ '84 ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿਚ ਸਿੱਖ ਕੌਮ ਦੀ ਆਨ ਸ਼ਾਨ ਤੇ ਗੁਰਧਾਮਾਂ ਦੀ ਰਾਖੀ ਲਈ ਆਪਾ ਵਾਰ ਗਏ ਸ਼ਹੀਦ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਜਥੇਦਾਰ ਬਾਬਾ ਠਾਹਰਾ ਸਿੰਘ, ਜਨਰਲ ਭਾਈ ਸੁਬੇਗ ਸਿੰਘ ਆਦਿ ਦੇ ਪਰਉਪਕਾਰ ਤੋਂ ਜਾਣੂ ਕਰਵਾਇਆ। ਉਨ੍ਹਾਂ ਮੌਤ ਨੂੰ ਮਖੌਲਾਂ ਕਰਨ ਵਾਲੇ ਸੰਤ ਭਿੰਡਰਾਂਵਾਲਿਆਂ ਦੀ ਉੱਚ ਰੂਹਾਨੀ ਅਵਸਥਾ, ਧਾਰਮਿਕ ਪ੍ਰਾਪਤੀਆਂ ਅਤੇ ਕੁਰਬਾਨੀਆਂ ਵਾਲੇ ਜੀਵਨ ਸੰਘਰਸ਼ 'ਤੇ ਰੌਸ਼ਨੀ ਪਾਈ। ਉਨ੍ਹਾਂ ਕਿਹਾ ਕਿ ਸੰਤ ਭਿੰਡਰਾਂਵਾਲਿਆਂ ਅਤੇ ਸਾਥੀਆਂ ਨੇ 6 ਦਿਨ 6 ਰਾਤਾਂ ਭੁਖਣ ਭਾਣੇ ਰਹਿ ਕੇ ਵੀ ਹਮਲਾਵਰ ਫ਼ੌਜ ਦੇ 72 ਘੰਟੇ ਤਕ ਪੈਰ ਨਹੀਂ ਲੱਗਣ ਦਿੱਤੇ। ਕੌਮ ਲਈ ਸਿਰ ਚੁੱਕਣ ਵਾਲਿਆਂ ਨੂੰ ਕੁਚਲਨ ਲਈ ਕਈ ਤਰਾਂ ਦੇ ਹਮਲੇ ਕੀਤੇ ਜਾਂਦੇ ਰਹੇ। ਉਨ੍ਹਾਂ ਕਿਹਾ ਕਿ ਸੰਤ ਭਿੰਡਰਾਂਵਾਲਿਆਂ ਦੀ ਸ਼ਖ਼ਸੀਅਤ ਅਤੇ ਬਚਨ ਦਾ ਪ੍ਰਭਾਵ ਨਾ ਕੇਵਲ ਅੱਜ ਤਕ ਵੀ ਦੇਖਿਆ ਜਾ ਸਕਦਾ ਹੈ ਸਗੋਂ ਉਸ ਦੀ ਚਮਕ ਦਿਨੋਂ ਦਿਨ ਵੱਧ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਘਰਸ਼ ਨੂੰ ਫੇਲ ਕਰਨ ਲਈ ਸਰਕਾਰ ਵੱਲੋਂ ਸੰਤਾਂ ਨੂੰ ਕਈ ਲਾਲਚ ਦਿੱਤੇ ਗਈ ਪਰ ਸੰਤਾਂ ਨੇ ਕਦੀ ਇਸ ਦੀ ਪ੍ਰਵਾਹ ਨਹੀਂ ਕੀਤੀ ਇਸੇ ਲਈ ਸੰਤਾਂ ਦੀ ਤਸਵੀਰ ਹਰ ਸਿੱਖ ਦੇ ਹਿਰਦੇ ਵਿਚ ਉੱਕਰੀ ਗਈ ਹੈ। ਉਨ੍ਹਾਂ ਅਜਿਹਾ ਲਾਸਾਨੀ ਇਤਿਹਾਸ ਸਿਰਜਿਆ ਜਿਸ 'ਤੇ ਆਉਣ ਵਾਲੀਆਂ ਪੀੜੀਆਂ ਸਦਾ ਮਾਣ ਕਰਨਗੀਆਂ।

ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਕਿਹਾ ਕਿ ਦਮਦਮੀ ਟਕਸਾਲ ਦੀ ਪੰਥ ਨੂੰ ਬਹੁਤ ਵੱਡੀ ਦੇਣ ਹੈ। ਗੁਰਬਾਣੀ ਪ੍ਰਚਾਰ ਪ੍ਰਸਾਰ, ਸ਼ਹਾਦਤਾਂ ਅਤੇ ਇਤਿਹਾਸਕ ਗੁਰਧਾਮਾਂ ਦੀ ਸੇਵਾ ਸੰਭਾਲ ਵਰਗੇ ਹਰ ਖੇਤਰ 'ਚ ਟਕਸਾਲ ਅੱਗੇ ਰਹੀ ਹੈ। ਉਨ੍ਹਾਂ ਕਿਹਾ ਕਿ ਸੰਤ ਜੀ ਨੇ ਚੜ ਕੇ ਆਈ ਫ਼ੌਜ ਦਾ ਦਲੇਰੀ ਅਤੇ ਰਵਾਇਤ ਅਨੁਸਾਰ ਟਾਕਰਾ ਕਰਦਿਆਂ ਦੁਸ਼ਮਣ ਦੇ ਦੰਦ ਖੱਟੇ ਕੀਤੇ । ਅੱਜ ਉਨ੍ਹਾਂ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ ਦੀ ਵੱਡੀ ਲੋੜ ਹੈ। ਉਨ੍ਹਾਂ ਭਾਰਤ 'ਚ ਘਟ ਗਿਣਤੀ ਸਿੱਖਾਂ 'ਤੇ ਹੋ ਰਹੇ ਨਸਲੀ ਹਮਲਿਆਂ ਪ੍ਰਤੀ ਚਿੰਤਾ ਜ਼ਾਹਿਰ ਕੀਤੀ। ਉਨ੍ਹਾਂ ਸਮੁੱਚੀ ਕੌਮ ਨੂੰ ਇਕ ਪਲੇਟ ਫਾਰਮ 'ਤੇ ਇਕੱਤਰ ਹੋਣ ਦਾ ਹੋਕਾ ਦਿੱਤਾ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸੰਤ ਭਿੰਡਰਾਂਵਾਲੇ ਕੌਮੀ ਨਾਇਕ, ਕਹਿਣੀ ਅਤੇ ਕਥਨੀ ਦੇ ਪੂਰੇ ਸਨ, ਜਿਨ੍ਹਾਂ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਾਇਆ। ਉਨ੍ਹਾਂ ਕਿਹਾ ਕਿ ਹਿੰਦ ਹਕੂਮਤ ਨੇ ਜੂਨ '84 ਦੌਰਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤੋਪਾਂ ਟੈਂਕਾਂ ਨਾਲ ਹਮਲਾ ਕਰ ਕੇ ਬਜ਼ੁਰਗਾਂ ਬੀਬੀਆਂ ਅਤੇ ਬਚਿਆਂ ਤਕ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ।




ਇਸ ਮੌਕੇ ਬੁੜੈਲ ਜੇਲ੍ਹ ਚੰਡੀਗੜ੍ਹ ਤੋਂ ਬੇਅੰਤ ਸਿੰਘ ਕਤਲ ਕੇਸ 'ਚ ਬੰਦ ਭਾਈ ਪਰਮਜੀਤ ਸਿੰਘ ਭਿਓਰਾ ਅਤੇ ਭਾਈ ਜਗਤਾਰ ਸਿੰਘ ਤਾਰਾ ਵੱਲੋਂ ਦਮਦਮੀ ਟਕਸਾਲ ਦੇ ਮੁਖੀ ਨੂੰ ਕੌਮ ਦੇ ਨਾਮ ਸੰਦੇਸ਼ ਭੇਜ ਦਿਆਂ ਘੱਲੂਘਾਰਾ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਹ ਸੰਦੇਸ਼ ਭਾਈ ਭਿਓਰਾ ਦੇ ਭਰਾਤਾ ਭਾਈ ਅਵਤਾਰ ਸਿੰਘ ਵੱਲੋਂ ਲਿਆਂਦਾ ਗਿਆ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ '84 ਦੇ ਸ਼ਹੀਦਾਂ ਦੇ ਇਤਿਹਾਸ ਨੂੰ ਰੂਪਮਾਨ ਕਰਨ ਲਈ ਸ਼ਹੀਦੀ ਯਾਦਗਾਰ ਦੀ ਉਸਾਰੀ ਕਰਵਾਈ। ਉਨ੍ਹਾਂ ਕਿਹਾ ਕਿ ਅੱਜ ਬਾਣੀ ਅਤੇ ਬਾਣੇ ਦਾ ਪ੍ਰਚਾਰ ਸਮੇਂ ਦੀ ਲੋੜ ਹੈ ਅਤੇ ਦਮਦਮੀ ਟਕਸਾਲ ਨੇ ਪਾਠ ਬੋਧ ਸਮਾਗਮਾਂ ਰਾਹੀਂ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਨੇ ਕਿਹਾ ਕਿ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਕੌਮ ਦੀ ਅਣਖ ਤੇ ਸ਼ਾਨ ਲਈ ਲੜਾਈ ਲਈ ਅਤੇ ਆਪਣੀ ਕੁਰਬਾਨੀ ਦੇ ਕੇ ਸੁੱਤੀ ਕੌਮ ਨੂੰ ਜਗਾਇਆ। ਉਨ੍ਹਾਂ ਕਿਹਾ ਕਿ ਇਸ ਕਲਗ਼ੀਧਰ ਦੇ ਸਪੁੱਤਰ ਨੇ ਦੁਨੀਆ ਨੂੰ ਇਹ ਵੀ ਦੱਸ ਦਿੱਤਾ ਕਿ ਸਿੱਖ ਨਾ ਕੇਵਲ ਅਠਾਰ੍ਹਵੀਂ ਅਤੇ ਉਨੀਵੀ ਸਦੀ 'ਚ ਜ਼ਾਲਮ ਹਕੂਮਤਾਂ ਦੇ ਤਖ਼ਤਾਂ ਨੂੰ ਹਿਲਾਉਂਦੇ ਰਹੇ ਸਗੋਂ ਉਹ ਹੁਣ ਵੀ ਹਰ ਹਾਲਤ ਵਿਚ ਜ਼ਾਲਮ ਹਕੂਮਤਾਂ ਦੇ ਤਖ਼ਤਾਂ ਨੂੰ ਹਿਲਾਉਣ ਦੀ ਸਮਰੱਥਾ ਰੱਖਦੇ ਹਨ। ਸ਼੍ਰੋਮਣੀ ਕਮੇਟੀ ਦੇ ਤਰਫ਼ੋਂ ਬੋਲਦਿਆਂ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ: ਸੁਰਜੀਤ ਸਿੰਘ ਭਿਟੇਵਡ ਨੇ ਕਿਹਾ ਕਿ ਜਿਊਂਦੀਆਂ ਕੌਮਾਂ ਆਪਣੇ ਸ਼ਹੀਦਾਂ ਨੂੰ ਯਾਦ ਕਰਿਆ ਕਰਦੀਆਂ ਹਨ। ਉਨ੍ਹਾਂ ਜੂਨ '84 ਦੌਰਾਨ ਇੰਦਰਾ ਹਕੂਮਤ ਵੱਲੋਂ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਗਏ ਹਮਲੇ ਦੀ ਨਿਖੇਧੀ ਕਰਦਿਆਂ ਇਸ ਨੂੰ ਜ਼ਾਲਮਾਨਾ ਕਰਾਰ ਦਿੱਤਾ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਤੇ ਮੈਂਬਰ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦਮਦਮੀ ਟਕਸਾਲ ਨੂੰ ਬਾਣੀ ਦੀ ਮੁਹਾਰਤ ਗੁਰੂ ਸਾਹਿਬ ਨੇ ਬਖ਼ਸ਼ੀ ਹੈ । ਉਨ੍ਹਾਂ ਕਿਹਾ ਕਿ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਆਪਣੀ ਖ਼ੂਨ ਨਾਲ ਕੌਮ ਦੀ ਰੂਹ ਨੂੰ ਸਿੰਜਿਆ ਅਤੇ ਸੰਤ ਹਰਨਾਮ ਸਿੰਘ ਖ਼ਾਲਸਾ ਪੰਥ ਦੇ ਵੱਡੇ ਕਾਰਜ ਅਤੇ ਵੱਡੀਆਂ ਜ਼ੰਮੇਵਾਰੀਆਂ ਬਾਖ਼ੂਬੀ ਨਿਭਾ ਰਹੇ ਹਨ। ਇਸ ਮੌਕੇ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਸੰਤ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ, ਸਮੂਹ ਨਾਨਕਸਰ ਸੰਪਰਦਾ ਵਲ ਸੰਤ ਬਾਬਾ ਹਰੀ ਸਿੰਘ ਨਾਨਕਸਰ ਵਾਲੇ, ਭਾਈ ਅਨੰਦ ਬਾਜ਼ ਸਿੰਘ ਨਾਨਕਸਰ ਸਮਰਾਲਾ ਚੌਕ, ਰਾੜਾ ਸਾਹਿਬ ਸੰਪਰਦਾ ਤੋਂ ਭਾਈ ਬਲਦੇਵ ਸਿੰਘ ਨੇ ਦਮਦਮੀ ਟਕਸਾਲ ਦੇ ਮੁਖੀ ਸੰਤ ਗਿ: ਹਰਨਾਮ ਸਿੰਘ ਖ਼ਾਲਸਾ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਸਿੱਖੀ ਬਾਣੇ 'ਚ ਸਿੱਖੀ ਸਿਧਾਂਤਾਂ, ਬਾਣੀ ਅਤੇ ਬਾਣੇ ਨੂੰ ਨਿਸ਼ਾਨਾ ਬਣਾ ਰਹੇ ਬਹੁਰੂਪੀਏ ਪ੍ਰਚਾਰਕਾਂ ਪ੍ਰਤੀ ਸੁਚੇਤ ਅਤੇ ਸਾਵਧਾਨ ਰਹਿਣ ਲਈ ਕੌਮ ਨੂੰ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਮੇਂ ਦੀਆਂ ਹਕੂਮਤਾਂ ਸਿੱਖ ਕੌਮ ਨੂੰ ਮਲੀਆਮੇਟ ਕਰਨ ਲਈ ਯਤਨਸ਼ੀਲ ਰਹੀਆਂ ਹਨ ਅਤੇ ਜੂਨ '84 ਦਾ ਹਮਲਾ ਵੀ ਇਸੇ ਮਨਸ਼ੇ ਨਾਲ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਸੰਤ ਭਿੰਡਰਾਂਵਾਲਿਆਂ 'ਤੇ ਕੋਈ ਕੇਸ ਦਰਜ ਨਹੀਂ ਸਨ। ਉਨ੍ਹਾਂ ਕਿਹਾ ਕਿ ਇੰਦਰਾ ਹਕੂਮਤ ਨੇ ਸਿੱਖ ਕੌਮ ਅਤੇ ਦਮਦਮੀ ਟਕਸਾਲ ਨੂੰ ਮਿਟਾਉਣ ਦੀ ਤਹੱਈਆ ਕੀਤਾ ਹੋਇਆ ਸੀ। ਪਰ ਸੰਤ ਜੀ ਅਤੇ ਸਾਥੀਆਂ ਨੇ ਹਮਲਾਵਰ ਫ਼ੌਜ ਅਤੇ ਜਾਬਰ ਹਕੂਮਤ ਦੇ ਸਭ ਭੁਲੇਖੇ ਦੂਰ ਕਰ ਦਿੱਤੇ ਸਨ।

ਨਾਮਵਰ ਸਿੱਖ ਪ੍ਰਚਾਰਕ ਬਾਬਾ ਬੰਤਾ ਸਿੰਘ ਮੁੰਡਾ ਪਿੰਡ ਨੇ ਕਿਹਾ ਕਿ '੮੪ ਦਾ ਹਮਲਾ ਹਕੂਮਤ ਵੱਲੋਂ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਕਾਰਵਾਈ ਸੀ। ਸਰਕਾਰ ਘੱਲੂਘਾਰੇ ਰਾਹੀ ਸਿੱਖਾਂ ਦਾ ਕਤਲੇਆਮ ਕਰਦਿਆਂ ਸਰਵ ਨਾਸ਼ ਕਰਨਾ ਚਾਹੁੰਦੀ ਸੀ। ਉਨ੍ਹਾਂ ਕਿਹਾ ਕਿ ਦੇਸ਼ ਦੀ ਬਹੁਗਿਣਤੀ ਭਾਈਚਾਰਾ ਇਹ ਭੁੱਲ ਰਿਹਾ ਹੈ ਕਿ ਦੇਸ਼ ਦੀ ਆਜ਼ਾਦੀ ਲਈ ਸਿੱਖਾਂ ਨੇ ੯੦ ਫ਼ੀਸਦੀ ਕੁਰਬਾਨੀਆਂ ਕੀਤੀਆਂ ਹਨ। ਜੇ ਸਿੱਖ ਇੰਨੀ ਵੱਡੀ ਕੁਰਬਾਨੀ ਨਾ ਕਰਦੇ ਤਾਂ ਅੱਜ ਹਿੰਦੁਸਤਾਨ ਦਾ ਨਕਸ਼ਾ ਹੋਰ ਹੁੰਦਾ ਅਤੇ ਭਾਰਤ ਉਨ੍ਹਾਂ ਦਾ ਵੀ ਨਾ ਹੁੰਦਾ। ਉਨ੍ਹਾਂ ਕਿਹਾ ਕਿ ਸੰਤ ਭਿੰਡਰਾਂਵਾਲਿਆਂ ਨੇ ਬਰਾਬਰ ਹੱਕਾਂ ਦੀ ਗਲ ਕੀਤੀ ਸੀ। ਅਸੀਂ ਬਰਾਬਰ ਸ਼ਹਿਰੀ ਵਾਲਾ ਰੁਤਬਾ ਚਾਹੁੰਦੇ ਹਾਂ। ਜੇ ਦੂਜੇ ਦਰਜੇ ਦਾ ਸ਼ਹਿਰੀ ਬਣਾਈ ਰੱਖਣਾ ਹੈ ਤਾਂ ਸਾਨੂੰ ਵੱਖ ਕਰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਚੜ ਕੇ ਆਇਆਂ ਨੂੰ ਖ਼ਾਲੀ ਨਹੀਂ ਜਾ ਦਿੱਤਾ। ਇਸ ਮੌਕੇ ਆਏ ਮਹਿਮਾਨਾਂ, ਸੰਤਾਂ ਮਹਾਂਪੁਰਸ਼ਾਂ ਅਤੇ ਆਗੂਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਇਸ ਮੌਕੇ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ, ਭਾਈ ਰਜਿੰਦਰ ਸਿੰਘ ਮਹਿਤਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ ਜਨਰਲ ਸਕੱਤਰ ਸ਼੍ਰੋਮਣੀ ਕਮੇਟੀ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਭਾਈ ਰਾਮ ਸਿੰਘ ਨੇ ਵੀ ਸੰਬੋਧਨ ਕੀਤਾ। ਸਟੇਜ ਦੀ ਸੇਵਾ ਗਿਆਨੀ ਜੀਵਾ ਸਿੰਘ, ਗਿਆਨੀ ਪਰਵਿੰਦਰਪਾਲ ਸਿੰਘ ਬੁੱਟਰ ਅਤੇ ਗਿਆਨੀ ਸਾਹਿਬ ਸਿੰਘ ਨੇ ਨਿਭਾਈ।

ਇਸ ਮੌਕੇ ਭਾਈ ਈਸ਼ਰ ਸਿੰਘ, ਗਿਆਨੀ ਹਰਮਿਤਰ ਸਿੰਘ, ਭਾਈ ਅਜੈਬ ਸਿੰਘ ਅਭਿਆਸੀ,ਬਾਬਾ ਚਰਨਜੀਤ ਸਿੰਘ ਜੱਸੋਵਾਲ, ਭਾਈ ਜਗਤਾਰ ਸਿੰਘ ਰੋਡੇ, ਭਾਈ ਅਮਰਬੀਰ ਸਿੰਘ ਢੋਟ, ਚੀਫ ਸਕੱਤਰ ਸ: ਗੁਰਮੀਤ ਸਿੰਘ,

**(ਬਾਕੀ ਅਗਲੇ ਸਫੇ 'ਤੇ)**

ਲੰਡਨ ਖਬਰਨਾਮਾ / ਮਨਦੀਪ ਖੁਰਮੀ ਹਿੰਮਤਪੁਰਾ

# ਇੰਗਲੈਂਡ ਵਿੱਚ 25 ਤੋਂ 29 ਸਾਲ ਉਮਰ ਵਰਗ ਦੇ ਲੋਕਾਂ ਨੂੰ ਕੋਰੋਨਾ ਵੈਕਸੀਨ ਦੀ ਪੇਸ਼ਕਸ਼

**ਗਲਾਸਗੋ/ ਲੰਡਨ–** ਇੰਗਲੈਂਡ ਵਿੱਚ ਕੋਰੋਨਾ ਟੀਕਾਕਰਨ ਦੇ ਚਲਦਿਆਂ 25 ਤੋਂ 29 ਸਾਲ ਦੇ ਸਾਰੇ ਲੋਕ ਜਿਨੈਹਾਂ ਨੂੰ ਅਜੇ ਤੱਕ ਕੋਵਿਡ ਟੀਕਾ ਨਹੀਂ ਲਗਾਇਆ ਗਿਆ ਹੈ, ਮੰਗਲਵਾਰ ਤੋਂ ਆਪਣੀ ਪਹਿਲੀ ਕੋਰੋਨਾ ਵੈਕਸੀਨ ਖੁਰਾਕ ਬੁੱਕ ਕਰਵਾ ਸਕਣਗੇ। ਸਰਕਾਰ ਦੁਆਰਾ ਜੁਲਾਈ ਦੇ ਅੰਤ ਤੱਕ ਸਾਰੇ ਬਾਲਗ਼ਾਂ ਨੂੰ ਵੈਕਸੀਨ ਲਗਾਉਣ ਦੇ ਟੀਚੇ ਨੂੰ ਪੂਰਾ ਕਰਨ ਲਈ ਇਹ ਪੇਸ਼ਕਸ਼ ਕੀਤੀ ਜਾ ਰਹੀ ਹੈ। ਸਿਹਤ ਸਕੱਤਰ ਮੈਟ ਹੈਨਕਾਕ ਅਨੁਸਾਰ ਟੀਕੇ ਲਾਗਾਂ, ਹਸਪਤਾਲਾਂ ਵਿੱਚ ਦਾਖਲੇ ਅਤੇ ਮੌਤਾਂ ਨੂੰ ਕਾਬੂ ਕਰਨ ਲਈ ਬਹੁਤ ਜਰੂਰੀ ਹੈ ਅਤੇ ਇਸਦੇ ਨਾਲ ਹੀ ਭਾਰਤੀ ਕੋਰੋਨਾ ਵਾਇਰਸ ਰੂਪ ਦੇ ਵਾਧੇ ਨੂੰ ਰੋਕਣ ਲਈ ਟੀਕਾਕਰਨ ਜਰੂਰੀ ਹੈ।ਟੀਕਾਕਰਨ ਦੇ ਮੱਦੇਨਜ਼ਰ ਇੰਗਲੈਂਡ ਵਿੱਚ, 25 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕ ਵੈਕਸੀਨ ਬੁੱਕ ਕਰਨ ਲਈ ਆਨਲਾਈਨ ਜਾਂ 119 'ਤੇ ਕਾਲ




ਕਰ ਸਕਦੇ ਹਨ। ਸਕਾਟਲੈਂਡ ਵਿੱਚ, 30 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕ ਟੀਕੇ ਦੇ ਯੋਗ ਹਨ ਜਦਕਿ ਵੇਲਜ਼ 18 ਤੋਂ ਵੱਧ ਦੇ ਲੋਕਾਂ ਨੂੰ ਟੀਕੇ ਲਗਾ ਰਿਹਾ ਹੈ। ਇਸਦੇ ਨਾਲ ਹੀ ਉੱਤਰੀ ਆਇਰਲੈਂਡ ਵਿੱਚ, 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਬੁਕਿੰਗ ਲਈ ਬੁਲਾਇਆ ਜਾ ਰਿਹਾ ਹੈ। ਕੋਰੋਨਾ ਵੈਕਸੀਨ ਅੰਕੜਿਆਂ ਅਨੁਸਾਰ ਯੂਕੇ ਵਿੱਚ ਕੁੱਲ 40,460,576 ਲੋਕਾਂ ਨੂੰ ਟੀਕੇ ਦੀ ਘੱਟੋ ਘੱਟ ਇੱਕ ਖੁਰਾਕ ਮਿਲੀ ਹੈ, ਜਦੋਂ ਕਿ 27,921,294 ਦੋ ਖੁਰਾਕਾਂ ਮਿਲ ਚੁੱਕੀਆਂ ਹਨ।

## ਇੰਗਲੈਂਡ ਦੇ ਇਸ ਪੰਜਾਬੀ ਡਰਾਈਵਰ ਨੇ ਕੋਰੋਨਾ ਨਾਲ ਇਉਂ ਕੀਤੇ ਸਵਾਲ ਜਵਾਬ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਕੋਵਿਡ ਕਾਰਨ ਹੱਸਦੇ ਵਸਦੇ ਪਰਿਵਾਰਾਂ ਵਿੱਚ ਸੱਥਰ ਵਿਛ ਗਏ, ਘਰਾਂ ਦੇ ਘਰ ਮੌਤ ਨੇ ਖਾਲੀ ਕਰ ਦਿੱਤੇ। ਅਜਿਹੇ ਭਿਆਨਕ ਸਮੇਂ ਹਰ ਪਾਸੇ ਮੌਤ ਵਰਗੀ ਚੁੱਪ ਛਾਈ ਨਜ਼ਰ ਆਉਂਦੀ ਹੈ। ਮਨੁੱਖ ਮਨੁੱਖ ਤੋਂ ਦੂਰੀ ਬਣਾ ਕੇ ਖੜਦਾ ਹੈ। ਭਿਆਨਕ ਦੌਰ ਵਿੱਚ ਹਰ ਕੋਈ ਆਪੋ ਆਪਣੇ ਅਕੀਦੇ, ਆਪੋ ਆਪਣੇ ਢੰਗ ਅਨੁਸਾਰ ਅਰਦਾਸਾਂ ਕਰਦਾ ਦਿਖਾਈ ਦਿੰਦਾ ਹੈ। ਕਲਾਕਾਰ ਮਨ ਇਹੋ ਜਿਹੇ ਭਿਆਨਕ ਹਲਾਤਾਂ ਵਿੱਚ ਬਿਹਬਲ ਹੋ ਉੱਠਦਾ ਹੈ। ਇੰਗਲੈਂਡ ਦੇ ਸ਼ਹਿਰ ਬਰਮਿੰਘਮ ਵਸਦੇ ਇੱਕ ਬੱਸ ਡਰਾਈਵਰ ਰਣਜੀਤ ਸਿੰਘ ਵੀਰ ਅੰਦਰਲੇ ਕਲਾਕਾਰ ਵੱਲੋਂ ਕੋਰੋਨਾ ਨਾਲ ਸਵਾਲ ਜਵਾਬ ਕੀਤੇ ਗਏ ਹਨ। ਗੀਤ 'ਸੱਚ ਦੱਸ ਵੇ ਕੋਰੋਨਿਆਂ ਰਾਹੀਂ ਰਣਜੀਤ ਸਿੰਘ ਵੀਰ ਨੇ ਜਿੱਥੇ ਆਪਣੇ ਮਨ ਦੀ ਕੋਮਲਤਾ, ਆਪਣੇ ਅੰਦਰ ਛੁਪੇ ਬੈਠੇ ਸੂਝਵਾਨ ਗਾਇਕ ਦੇ ਦੀਦਾਰੇ ਕਰਵਾਏ ਹਨ, ਉੱਥੇ ਇਸ ਗੀਤ ਰਾਹੀਂ ਸੁਣਨ ਵਾਲਿਆਂ ਨੂੰ 1982 ਦੇ ਸੰਗੀਤਕ ਦੌਰ ਵਿੱਚ ਲਿਆ




ਖੜਾ ਕੀਤਾ ਹੈ। ਉਹਨਾਂ ਨੇ ਇਸ ਗੀਤ ਰਾਹੀਂ 1982 'ਚ ਲੋਕ ਕਚਹਿਰੀ ਵਿੱਚ ਪੇਸ਼ ਹੋਏ ਗੀਤ 'ਦੱਸ ਮੇਰਿਆ ਦਿਲਬਰਾ ਵੇ' ਨੂੰ ਮੁੜ ਲੋਕ ਚੇਤਿਆਂ ਵਿੱਚ ਜੀਵਤ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ 'ਦੱਸ ਮੇਰਿਆ ਦਿਲਬਰਾ ਵੇ' ਗੀਤ ਨੂੰ ਜਨਾਬ ਮੁਹੰਮਦ ਰਫ਼ੀ ਅਤੇ ਆਸ਼ਾ ਭੌਂਸਲੇ ਨੇ ਆਪਣੀਆਂ ਆਵਾਜ਼ਾਂ ਨਾਲ ਸ਼ਿੰਗਾਰਿਆ ਸੀ। ਹੁਣ ਰਣਜੀਤ ਸਿੰਘ ਵੀਰ ਵੱਲੋਂ ਇਸ ਧੁਨ ਨੂੰ ਆਧਾਰ ਬਣਾ ਕੇ ਗਾਇਆ ਗੀਤ ਜਿੱਥੇ ਸੁਣਨ ਵਾਲੇ ਨੂੰ ਕੋਰੋਨਾ ਨਾਲ ਕੀਤੇ ਸੰਵਾਦ ਬਾਰੇ ਜਾਣਨ ਦੀ ਇੱਛਾ ਪੈਦਾ ਕਰਦਾ ਹੈ ਉੱਥੇ ਰਣਜੀਤ ਸਿੰਘ ਵੀਰ ਦੀ ਪੁਖ਼ਤਾ ਗਾਇਕੀ ਦੀ ਝਲਕ ਵੀ ਮਿਲਦੀ ਹੈ। ਜ਼ਿਕਰਯੋਗ ਹੈ ਕਿ ਰਣਜੀਤ ਸਿੰਘ ਵੀਰ ਮਾਛੀਵਾੜਾ ਲਾਗਲੇ ਪਿੰਡ ਲੁਬਾਣਗੜ੍ਹਹ ਦੇ ਜੰਮਪਲ ਹਨ ਅਤੇ ਉਨ੍ਹਾਂ ਨੂੰ ਸੰਗੀਤ ਨਾਲ ਮੋਹ ਪਿਤਾ ਗਿਆਨੀ ਸਵਰਨ ਸਿੰਘ ਰਾਗੀ ਜੀ ਕੋਲੋਂ ਵਿਰਾਸਤ ਵਿੱਚ ਮਿਲਿਆ। ਪਿਤਾ ਜੀ ਕੋਲੋਂ ਗੁਰਬਾਣੀ ਤੇ ਕੀਰਤਨ ਸਿੱਖ ਕੇ ਉਹ ਵੱਖ ਵੱਖ ਦੇਸ਼ਾਂ ਵਿੱਚ ਸੇਵਾਵਾਂ ਨਿਭਾਉਂਦੇ ਰਹੇ। 1999 ਤੋਂ 2007 ਤੱਕ ਉਨ੍ਹਾਂ ਇੰਗਲੈਂਡ ਦੇ ਬਰਮਿੰਘਮ ਸ਼ਹਿਰ (ਸੈਂਡਵਿਲ) ਵਿਖੇ ਗੁਰੂ ਘਰ ਵਿੱਚ ਗੁਰਬਾਣੀ ਕੀਰਤਨ ਕਰਨ ਦੀ ਸੇਵਾ ਨਿਭਾਈ। 2007 ਤੋਂ ਹੁਣ ਤੱਕ ਉਹ ਬੱਸ ਡਰਾਈਵਰ ਵਜੋਂ ਕਿਰਤਸ਼ੀਲ ਹਨ। ਗਾਇਕੀ ਵਰਗੀ ਕੋਮਲ ਕਲਾ ਨਾਲੋਂ ਬਿਲਕੁਲ ਵੱਖਰੇ ਕਿੱਤੇ ਬੱਸ ਡਰਾਈਵਰ ਵਜੋਂ ਵਿਚਰਦਿਆਂ ਹੋਇਆਂ ਵੀ ਉਨ੍ਹਾਂ ਗੁਰਬਾਣੀ, ਕੀਰਤਨ ਅਤੇ ਸਮਾਜਿਕ ਸਰੋਕਾਰਾਂ ਨਾਲ ਜੁੜੀ ਗਾਇਕੀ ਨੂੰ ਆਪਣੀ ਵਿਰਾਸਤ ਬਣਾਇਆ ਹੋਇਆ ਹੈ। ਇਸ ਪ੍ਰਤੀ-ਨਿਧੀ ਨਾਲ ਗੱਲਬਾਤ ਕਰਦਿਆਂ ਰਣਜੀਤ ਸਿੰਘ ਵੀਰ ਨੇ ਕਿਹਾ ਕਿ ਉਹ ਮਾਨਸਿਕ ਤੈਰਿਪਤੀ ਲਈ ਵਧੇਰੇ ਸਮਾਂ ਸ਼ਬਦ ਗਾਇਨ ਕਰਦੇ ਹਨ। ਡਰਾਈਵਰ ਵਜੋਂ ਹੁਣ ਤੱਕ ਦੀ ਨੌਕਰੀ ਦੌਰਾਨ ਲੱਖਾਂ ਮਹਿਮਾਨ ਯਾਤਰੀਆਂ ਨੇ ਉਨ੍ਹਾਂ ਨਾਲ ਸਫ਼ਰ ਕੀਤਾ ਹੈ, ਪਰ ਕੋਰੋਨਾ ਦੌਰ ਵਿੱਚ ਲੋਕਾਂ ਦੇ ਚਿਹਰਿਆਂ 'ਤੇ ਜੋ ਹਾਵ ਭਾਵ ਨਜ਼ਰ ਆਉਂਦੇ ਹਨ, ਉਹ ਬੇਹੱਦ ਤਕਲੀਫ਼ਦੇਹ ਹਨ। ਸੱਚ ਦੱਸ ਵੇ ਕੋਰੋਨਿਆ ਗੀਤ ਉਸੇ ਤਕਲੀਫ਼ ਵਿੱਚੋਂ ਉਪਜਿਆ ਹੈ।

## ਪ੍ਰੋਸਟੇਟ ਕੈਂਸਰ ਦੀ ਨਵੀਂ ਦਵਾਈ ਨੂੰ ਮਨਜ਼ੂਰੀ ਮਿਲਣ ਤੋਂ ਬਾਅਦ ਹਜ਼ਾਰਾਂ ਪੁਰਸ਼ਾਂ ਨੂੰ ਹੋਵੇਗਾ ਫਾਇਦਾ

**ਗਲਾਸਗੋ/ ਲੰਡਨ–** ਯੂਕੇ ਵਿੱਚ ਹਜ਼ਾਰਾਂ ਆਦਮੀ ਐਡਵਾਂਸਡ ਪੈਰੋਸਟੇਟ ਕੈਂਸਰ ਦੇ ਇਲਾਜ ਵਿੱਚ ਇੱਕ ਨਵੀਂ ਦਵਾਈ ਜਿਸ ਨੂੰ ਐੱਨ ਐੱਚ ਐੱਸ ਦੀ ਵਰਤੋਂ ਲਈ ਮਨਜ਼ੂਰੀ ਮਿਲਣੀ ਬਾਕੀ ਹੈ, ਦਾ ਲਾਭ ਲੈ ਸਕਣਗੇ। ਨੈਸ਼ਨਲ ਇੰਸਟੀਚਿਊਟ ਫਾਰ ਹੈਲਥ ਐਂਡ ਕੇਅਰ ਐਕਸੀਲੈਂਸ (ਨਾਇਸ) ਨੇ ਪੈਰੋਸਟੇਟ ਕੈਂਸਰ ਦੀਆਂ ਕੁੱਝ ਕਿਸਮਾਂ ਦੇ ਇਲਾਜ ਲਈ ਐਨਜ਼ੁਲਾਟਾਮਾਈਡ ਨਾਮਕ ਦਵਾਈ ਦੀ ਇੱਕ ਵਿਕਲਪ ਵਜੋਂ ਸਿਫਾਰਸ਼ ਕੀਤੀ ਹੈ।ਪੈਰੋਸਟੇਟ ਕੈਂਸਰ ਯੂਕੇ ਦੇ ਇੱਕ ਬੁਲਾਰੇ ਅਨੁਸਾਰ ਐਨਜ਼ੁਲਾਟਾਮਾਈਡ ਇੰਗਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ ਵਿੱਚ ਪੁਰਸ਼ਾਂ ਲਈ ਪੱਕੇ ਤੌਰ ਤੇ ਉਪਲਬਧ ਕਰਵਾਈ ਜਾਵੇਗੀ, ਜਦੋਂਕਿ ਸਕਾਟਲੈਂਡ ਵਿੱਚ ਮਰਦਾਂ ਨੂੰ ਇਸੇ ਤਰੈਹਾਂ ਦੇ ਇਲਾਜ ਵਾਲੀ ਐਬਿਏਰੇਟੈਰੋਨ ਨਾਮਕ ਦਵਾਈ ਮਿਲੇਗੀ। ਸਿਹਤ ਮਾਹਰਾਂ ਨੇ ਇਸ ਕਦਮ ਦਾ ਸਵਾਗਤ ਕੀਤਾ ਹੈ ਅਤੇ ਕਿਹਾ ਹੈ ਕਿ ਇਹ ਖਾਸ ਤੌਰ 'ਤੇ ਉਹਨਾਂ ਲਈ ਲਾ-



ਭਕਾਰੀ ਹੋਵੇਗੀ ਜਿਹੜੇ ਕਿ ਕੀਮੋਥੈਰੇਪੀ ਨਹੀਂ ਕਰਵਾ ਸਕਦੇ। ਐਨਜ਼ੁਲਾਟਾਮਾਈਡ, ਜਿਸਨੂੰ ਕਿ ਮਰੀਜ਼ ਘਰ ਵਿੱਚ ਹੀ ਲੈ ਸਕਦੇ ਹਨ, ਐੱਨ ਐੱਚ ਐੱਸ ਇੰਗਲੈਂਡ ਦੁਆਰਾ ਮਹਾਂਮਾਰੀ ਦੌਰਾਨ ਵੀ ਵਰਤੀ ਗਈ ਹੈ।ਸਿਹਤ ਮਾਹਿਰਾਂ ਦੇ ਅਨੁਸਾਰ, ਬਾਲਗਾਂ ਵਿੱਚ ਹਾਰਮੋਨ-ਸੰਵੇਦਨਸ਼ੀਲ ਮੈਟਾਸਟੈਟਿਕ ਪੈ-ਰੋਸਟੇਟ ਕੈਂਸਰ ਦੇ ਇਲਾਜ ਲਈ ਇੱਕ ਵਿਕਲਪ ਦੇ ਤੌਰ ਤੇ ਐਂਡੋਰੋਜਨ ਡਿਵੀਜ਼ਨ ਥੈਰੇਪੀ ਦੇ ਨਾਲ ਵੀ ਇਸ ਦਵਾਈ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਹ ਪੈ-ਰੋਸਟੇਟ ਕੈਂਸਰ ਸੈੱਲਾਂ ਤੇ ਟੈਸਟੋਸਟੀਰੋਨ ਦੇ ਪੈਰਭਾਵ ਨੂੰ ਰੋਕ ਕੇ ਕੰਮ ਕਰਦੀ ਹੈ ਅਤੇ ਹਾਰਮੋਨ ਦੇ ਬਿਨਾਂ, ਸੈੱਲ ਨਹੀਂ ਵੱਧ ਸਕਦੇ ਭਾਵੇਂ ਉਹ ਸਰੀਰ ਦੇ ਦੂਜੇ ਹਿੱਸਿਆਂ ਵਿੱਚ ਫੈਲ ਗਏ ਹੋਣ। ਇਸ ਦਵਾਈ ਦੀਆਂ ਕਲੀਨਿਕਲ ਅਜ਼ਮਾਇਸ਼ਾਂ ਤੋਂ ਪਤਾ ਚਲਿਆ ਹੈ ਕਿ ਇਸਦਾ ਇਲਾਜ਼ ਬਿਮਾਰੀ ਦੇ ਵਿਗੜਨ ਨੂੰ ਹੌਲੀ ਕਰ ਦਿੰਦਾ ਹੈ ਅਤੇ ਮਰੀਜ਼ਾਂ ਦੀ ਉਮਰ ਵਧਾਉਂਦਾ ਹੈ।

## ਯੂਕੇ ਵਿੱਚ 9-10 ਸਾਲ ਦੇ ਬੱਚਿਆਂ ਕੋਲੋਂ ਕਰਵਾਈ ਜਾ ਰਹੀ ਹੈ ਕੋਕੀਨ ਦੀ ਤਸਕਰੀ

**ਗਲਾਸਗੋ/ ਲੰਡਨ–** ਕੋਕੀਨ ਦੀ ਤਸਕਰੀ ਦੇ ਸੰਬੰਧ ਵਿੱਚ ਜਾਰੀ ਹੋਈਆਂ ਰਿਪੋਰਟਾਂ ਦੇ ਅਨੁਸਾਰ ਬੈਰਿਟੇਨ ਵਿੱਚ ਅਪਰਾਧੀਆਂ ਦੁਆਰਾ 10 ਸਾਲ ਤੋਂ ਘੱਟ ਉਮਰ ਦੇ ਹਜ਼ਾਰਾਂ ਬੱਚਿਆਂ ਨੂੰ ਅਪਰਾਧ ਕਰਨ ਲਈ ਇਸਤੇਮਾਲ ਕੀਤਾ ਜਾ ਰਿਹਾ ਹੈ, ਜਿਸ ਵਿੱਚ ਕੋਕੀਨ ਆਦਿ ਨਸ਼ਿਆਂ ਦੀ ਤਸਕਰੀ ਸ਼ਾਮਲ ਹੈ। ਅਜਿਹਾ ਇਸ ਲਈ ਕੀਤਾ ਜਾਂਦਾ ਹੈ, ਕਿਉਂਕਿ ਇੰਨੀ ਛੋਟੀ ਉਮਰ ਦੇ ਬੱਚਿਆਂ 'ਤੇ ਕਾਨੂੰਨੀ ਦੋਸ਼ ਨਹੀਂ ਲਗਾਇਆ ਨਹੀਂ ਜਾ ਸਕਦਾ। ਅਜਿਹੇ ਅਪਰਾਧਾਂ ਵਿੱਚ ਹਾਲ ਹੀ ਵਿੱਚ 9 ਸਾਲਾਂ ਦੇ ਲੜਕੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਉੱਤੇ ਇੰਗਲੈਂਡ ਦਾ ਸਭ ਤੋਂ ਛੋਟਾ ਕਰੈਕ ਕੋਕੀਨ ਡੀਲਰ ਹੋਣ ਦਾ ਦੋਸ਼ ਹੈ। ਇੰਗਲੈਂਡ ਅਤੇ ਵੇਲਜ਼ ਵਿੱਚ ਅਪਰਾਧਿਕ ਜ਼ੁੰਮੇਵਾਰੀ ਦੀ ਉਮਰ ਤੋਂ ਉਸਦੀ ਉਮਰ ਛੋਟੀ ਹੈ, ਇਸ ਲਈ ਉਸ ਉੱਤੇ ਦੋਸ਼ ਨਹੀਂ ਲਾਇਆ ਜਾ ਸਕਦਾ। ਅਧਿਕਾਰੀਆਂ ਨੇ ਦੱਸਿਆ ਕਿ ਇਹ ਬੱਚਾ, ਜੋ ਕਿ ਕੈਂ-



ਬਰਿਜਸ਼ਾਇਰ ਵਿੱਚ ਰਹਿੰਦਾ ਹੈ, ਨੂੰ ਇੱਕ ਰਿਸ਼ਤੇਦਾਰ ਲਈ ਡਰੱਗਸ ਪਹੁੰਚਾਉਣ ਲਈ ਨਿਸ਼ਾਨਾ ਬਣਾਇਆ ਗਿਆ ਸੀ ਅਤੇ ਇਹ ਹਜ਼ਾਰਾਂ ਉਹਨਾਂ ਬੱਚਿਆਂ ਵਿੱਚੋਂ ਇੱਕ ਹੈ, ਜਿਹਨਾਂ ਨੂੰ ਗੰਭੀਰ ਜੁਰਮ ਕਰਨ ਲਈ ਵਰਤਿਆ ਜਾਂਦਾ ਹੈ। ਫਰੀਡਮ ਆਫ ਇਨਫਰਮੇਸ਼ਨ ਐਕਟ ਤਹਿਤ ਮਿਲੀ ਜਾਣਕਾਰੀ ਅਨੁਸਾਰ ਪਿਛਲੇ ਪੰਜ ਸਾਲਾਂ ਤੋਂ ਅਜਿਹੇ ਲੱਗਭਗ 16,000 ਅਪਰਾਧਾਂ ਦੀਆਂ ਰਿਪੋਰਟਾਂ ਵਿੱਚ ਨੌਂ ਸਾਲ ਜਾਂ ਇਸਤੋਂ ਘੱਟ ਉਮਰ ਦੇ ਸ਼ੱਕੀ ਬੱਚਿਆਂ ਦੇ ਸ਼ਾਮਲ ਹੋਣ ਦੇ ਅੰਕੜੇ ਮਿਲੇ ਹਨ। ਇਹ ਅੰਕੜਾ ਇਸ ਤੋਂ ਵੀ ਉੱਚਾ ਹੋ ਸਕਦਾ ਹੈ ਕਿਉਂਕਿ 43 ਪੁਲਿਸ ਅਧਿਕਾਰੀਆਂ ਵਿੱਚੋਂ ਸਿਰਫ 29 ਨੇ ਹੀ ਜਾਣਕਾਰੀ ਦਿੱਤੀ ਹੈ।

## ਬਰਕਸ਼ਾਇਰ 'ਚ 12 ਸਾਲ ਦੇ ਛੋਟੇ ਬੱਚਿਆਂ ਨੂੰ ਕੋਵਿਡ ਟੈਸਟ ਲਈ ਦਿੱਤਾ ਜਾ ਰਿਹਾ ਹੈ ਸੱਦਾ

**ਗਲਾਸਗੋ/ ਲੰਡਨ–** ਯੂਕੇ ਵਿੱਚ ਵਧ ਰਹੇ ਕੋਵਿਡ ਮਾਮਲਿਆਂ ਦੇ ਮੱਦੇਨਜ਼ਰ 12 ਸਾਲ ਦੇ ਛੋਟੇ ਬੱਚਿਆਂ ਨੂੰ ਬਰਕਸ਼ਾਇਰ ਖੇਤਰ ਵਿੱਚ ਕੋਰੋਨਾ ਟੈਸਟ ਕਰਵਾਉਣ ਲਈ ਸੱਦਾ ਦਿੱਤਾ ਜਾ ਰਿਹਾ ਹੈ। ਇਸ ਖੇਤਰ ਦੇ ਦੋ ਕਸਬਿਆਂ ਰੈਡਿੰਗ ਅਤੇ ਵੋਕਿੰਘਮ ਵਿੱਚ ਡੈਲਟਾ (ਭਾਰਤੀ) ਕੋਰੋਨਾ ਵੇਰੀਐਂਟ ਦੇ ਮਾਮਲੇ ਦਰਜ ਕੀਤੇ ਗਏ ਹਨ। ਇਹਨਾਂ ਖੇਤਰਾਂ ਵਿੱਚ ਵਾਇਰਸ ਦਾ ਵਾਧਾ ਖ਼ਾਸਕਰ ਨੌਜਵਾਨਾਂ ਵਿੱਚ ਵੇਖਿਆ ਗਿਆ ਹੈ। ਇਸ ਲਈ ਬਾਲਗਾਂ ਅਤੇ ਅੱਲੜੈਹਾਂ ਵਿੱਚ ਵਾਇਰਸ ਦੇ ਫੈਲਣ ਨੂੰ ਰੋਕਣ ਲਈ ਸੋਮਵਾਰ ਤੋਂ ਪੀ ਸੀ ਆਰ ਟੈਸਟ ਦੇਣ ਲਈ ਕਿਹਾ ਜਾ ਰਿਹਾ ਹੈ। ਇਹ ਟੈਸਟਿੰਗ ਰੀਡਿੰਗ ਦੇ ਪੋਸਟਕੋਡਾਂ ਆਰ ਜੀ 1 3, ਆਰ ਜੀ 1 5, ਆਰ ਜੀ 1 6 ਅਤੇ ਆਰ ਜੀ 1 7 ਅਤੇ ਵੋਕਿੰਘਮ ਦੇ ਬਲਮਰਸ਼ ਐਂਡ ਵੈਹਾਈਟਗੇਟਸ, ਐਵਨਡਨਜ਼, ਨੌਰੀਜ ਅਤੇ ਵੈਸਕੋਟ ਖੇਤਰਾਂ ਵਿੱਚ ਪੇਸ਼ ਕੀਤਾ ਜਾ ਰਿਹਾ ਹੈ।




ਬਰਕਸ਼ਾਇਰ ਵੈਸਟ ਲਈ ਜਨਤਕ ਸਿਹਤ ਵਿਭਾਗ ਦੀ ਨਿਰਦੇਸ਼ਕ, ਮਾਰਾਡੀਨ ਪੇਚੀ ਨੇ ਅਨੁਸਾਰ ਪਿਛਲੇ ਹਫ਼ਤੇ ਵਿੱਚ, ਬਹੁਤ ਸਾਰੇ ਕੇਸ ਆ ਰਹੇ ਹਨ । ਇਸ ਲਈ ਲੋਕਾਂ ਦੀ ਜਾਂਚ ਕਰਨੀ ਬਹੁਤ ਜਰੂਰੀ ਹੈ। ਇਸ ਖੇਤਰ ਵਿੱਚ ਵੇਰੀਐਂਟ ਦੇ ਕੇਸਾਂ ਦੀ ਪਛਾਣ ਹੋਣ ਤੋਂ ਬਾਅਦ ਸਿਹਤ ਅਧਿਕਾਰੀ ਬੈਰੈਡਫੋਰਡ, ਕੈਂਟਰਬਰੀ ਅਤੇ ਮੈਡਸਟੋਨ ਵਿੱਚ ਵਾਧੂ ਜਾਂਚ ਸ਼ੁਰੂ ਕਰ ਚੁੱਕੇ ਹਨ। ਪਬਲਿਕ ਹੈਲਥ ਇੰਗਲੈਂਡ ਨੇ ਵੀਰਵਾਰ ਨੂੰ ਐਲਾਨ ਕੀਤਾ ਹੈ ਕਿ ਡੈਲਟਾ ਵੇਰੀਐਂਟ ਯੂਕੇ ਵਿੱਚ ਪ੍ਰਭਾਵਸ਼ਾਲੀ ਮੰਨਿਆ ਜਾ ਰਿਹਾ ਹੈ ਅਤੇ ਪਿਛਲੇ ਹਫਤੇ ਤੋਂ ਕੇਸਾਂ ਵਿੱਚ 79% ਵਾਧਾ ਹੋਇਆ ਹੈ।ਵਿਸ਼ਵ ਸਿਹਤ ਸੰਗਠਨ ਦੁਆਰਾ ਇਸ ਹਫ਼ਤੇ ਡੈਲਟਾ ਨਾਮ ਦਿੱਤੇ ਗਏ ਇਸ ਵੇਰੀਐਂਟ ਨੇ ਭਾਰਤ ਵਿੱਚ ਵੱਡੇ ਪੱਧਰ 'ਤੇ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ।

## ਸੰਤ ਭਿੰਡਰਾਂਵਾਲਿਆਂ ਦੀ ਸ਼ਖ਼ਸੀਅਤ ਅਤੇ ਬਚਨਾਂ ਦਾ ਪ੍ਰਭਾਵ ਅੱਜ ਤਕ ਵੀ ਕਾਇਮ ਹੈ : ਬਾਬਾ ਹਰਨਾਮ ਸਿੰਘ ਖ਼ਾਲਸਾ

**(ਸਫਾ 12 ਦੀ ਬਾਕੀ)**

ਸੰਤ ਬਾਬਾ ਮਹਿੰਦਰ ਸਿੰਘ ਜਨੇਰ, ਬਾਬਾ ਸਵਰਨਜੀਤ ਸਿੰਘ ਤਰਨਾ ਦਲ, ਸੰਤ ਬਾਬਾ ਹਾਕਮ ਸਿੰਘ ਗੰਡਾ ਸਿੰਘ, ਬਾਬਾ ਹਰਜਿੰਦਰ ਸਿੰਘ, ਮਾਤਾ ਜਸਪ੍ਰੀਤ ਕੌਰ ਮਾਹਲਪੁਰ, ਬਾਬਾ ਸਤਿੰਦਰ ਸਿੰਘ ਮੁਕੇਰੀਆਂ, ਬਾਬਾ ਅਵਤਾਰ ਸਿੰਘ ਟਾਹਲਾ ਸਾਹਿਬ, ਭਾਈ ਸੁਲਤਾਨ ਸਿੰਘ ਅਰਦਾਸੀਆ, ਸੰਤ ਬਾਬਾ ਮੋਹਨ ਸਿੰਘ ਭੰਗਾਲੀ, ਬਾਬਾ ਹਜ਼ੂਰ ਸਿੰਘ ਬਾਗੜੀਆ, ਸੰਤ ਬਾਬਾ ਬੀਰ ਸਿੰਘ ਭੰਗਾਲੀ, ਬਾਬਾ ਮੇਜਰ ਸਿੰਘ ਵਾਂ, ਬਾਬਾ ਸਜਨ ਸਿੰਘ ਗੁਰੂ ਕੇ ਬੇਰ ਸਾਹਿਬ, ਮਹੰਤ ਭੁਪਿੰਦਰਗਿਰੀ, ਮਹੰਤ ਵਰਿੰਦਰ ਮੁਨੀ, ਬਾਬਾ ਪ੍ਰਭਜੋਤ ਸਿੰਘ ਜਫਲ ਝਿਗੜ, ਸੰਤ ਬਾਬਾ ਗੁਰਜੀਤ ਸਿੰਘ ਨਾਨਕਸਰ, ਸੰਤ ਬਾਬਾ ਮੇਵਾ ਸਿੰਘ ਖਡੂਰ ਸਾਹਿਬ, ਸੰਤ ਬਾਬਾ ਸਤਨਾਮ ਸਿੰਘ ਜਫਰਵਾਲ, ਸੰਤ ਬਲਬੀਰ ਦਾਸ ਜੀ ਉਦਾਸੀਨ, ਸੰਤ ਬਾਬਾ ਮਾਨ ਸਿੰਘ ਮੰਡੀਆਂ ਵਾਲੇ, ਗਿਆਨੀ ਹੀਰਾ ਸਿੰਘ ਮਨਿਆਲਾ,ਗਿਆਨੀ ਤੇਜਪਾਲ ਸਿੰਘ ਕੁਰਕਸ਼ੇਤਰ, ਐਡਵੋਕੇਟ ਅਨੁਰਾਧਾ ਭਾਰਗਵ, ਬਾਬਾ ਜੋਰਾ ਸਿੰਘ ਬਧਨੀ, ਭਾਈ ਜਗਰੂਪ ਸਿੰਘ ਚੀਮਾ, ਸੰਤ ਬਾਬਾ ਸੁਖਾ ਸਿੰਘ ਸਰਹਾਲੀ, ਸੰਤ ਬਾਬਾ ਰਘਬੀਰ ਸਿੰਘ ਖਿਆਲਾ ਵਾਲੇ, ਸ: ਕਸ਼ਮੀਰ ਸਿੰਘ ਪਟਿਆਲਾ, ਭਾਈ ਗੁਰਮੀਤ ਸਿੰਘ ਮੁਕਤਸਰ, ਗਿਆਨੀ ਰਛਪਾਲ ਸਿੰਘ ਮਹਿਤਾ, ਸੰਤ ਬਾਬਾ ਸੁਰਜੀਤ ਸਿੰਘ ਮਹਿਰੋਵਾਲੇ ਸੰਤ ਬਾਬਾ ਗੁਰਦਿਆਲ ਸਿੰਘ ਟਾਂਡਾ, ਸੰਤ ਬਾਬਾ ਸਤਿੰਦਰ ਸਿੰਘ ਮੁਕੇਰੀਆਂ, ਸੰਤ ਬਾਬਾ ਕਰਮ ਜੀਤ ਸਿੰਘ ਟਿਬਾ ਸਾਹਿਬ, ਮਹੰਤ ਸ਼ੇਰ ਸਿੰਘ ਨਿਰਮਲ ਡੇਰਾ, ਸੰਤ ਬਾਬਾ ਗੁਰਭੇਜ ਸਿੰਘ ਖਜਾਲਾ ਬੁਲਾਰਾ ਸੰਤ ਸਮਾਜ, ਸੰਤ ਬਾਬਾ ਸਵਿੰਦਰ ਸਿੰਘ ਟਾਹਲੀ ਸਾਹਿਬ, ਸੰਤ ਬਾਬਾ ਦਿਲਬਾਗ ਸਿੰਘ ਆਰਡਕੇ, ਸੰਤ ਬਾਬਾ ਸਤਨਾਮ ਸਿੰਘ ਕਿਲਾ ਅਨੰਦਗੜ, ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ, ਬਾਬਾ ਸੁਖਵਿੰਦਰ ਸਿੰਘ ਮਲਕਪੁਰ, ਸੰਤ ਬਾਬਾ ਹਾਕਮ ਸਿੰਘ ਗੰਡਾ ਸਿੰਘ ਵਾਲਾ, ਬਾਬਾ ਗੁਰਦੇਵ ਸਿੰਘ ਤਰਸਿਕਾ, ਬਾਬਾ ਹਰ-ਜੰਦਰ ਸਿੰਘ ਬਾਘਾਪੁਰਾਣਾ, ਭਗਤ ਬਾਬਾ ਮਿਲਖਾ ਸਿੰਘ ਅਰਮਾਨਪੁਰਾ, ਗਿਆਨੀ ਕੁਲਦੀਪ ਸਿੰਘ, ਸਾਬਕਾ ਵਿਧਾਇਕ ਅਜੈਪਾਲ ਸਿੰਘ ਮੀਰਾਂਕੋਟ, ਸੰਤ ਬਾਬਾ ਸੁਰਜੀਤ ਸਿੰਘ ਘਨੂਘੜੀ, ਗਿਆਨੀ ਕੁਲਵਿੰਦਰ ਸਿੰਘ ਭੋਗਪੁਰ, ਭਾਈ ਬਿੰਦਰ ਸਿੰਘ, ਭਾਈ ਰਣਜੀਤ ਸਿੰਘ ਫੈਡਰੇਸ਼ਨ ਭਿੰਡਰਾਂਵਾਲਾ, ਭਾਈ ਬਲਬੀਰ ਸਿੰਘ ਮੁਛਲ, ਭਾਈ ਸੁਖਜੀਤ ਸਿੰਘ ਟਪਈ, ਭਾਈ ਪਰਮਜੀਤ ਸਿੰਘ ਅਕਾਲੀ, ਪਰਿਤਪਾਲ ਸਿੰਘ ਬਰਗਾੜੀ, ਗਿਆਨੀ ਗੁਰਲਾਲ ਸਿੰਘ, ਭਾਈ ਪ੍ਰਦੀਪ ਸਿੰਘ, ਰਾਗੀ ਭਾਈ ਕਾਰਜ ਸਿੰਘ, ਭਾਈ ਭੁਪਿੰਦਰ ਸਿੰਘ ਸ਼ੇਖੂਪੁਰਾ,ਸ: ਤਰਲੋਕ ਸਿੰਘ ਬਾਠ, ਸੰਦੀਪ ਸਿੰਘ ਏ ਆਰ, ਚੇਅਰਮੈਨ ਗੁਰਮੀਤ ਸਿੰਘ ਨੰਗਲੀ, ਭਾਈ ਪ੍ਰਗਟ ਸਿੰਘ ਸਖੀਰਾ, ਭਾਈ ਬਲਵਿੰਦਰ ਸਿੰਘ ਤਰਨ ਤਾਰਨ, ਭਾਈ ਜਗਤਾਰ ਸਿੰਘ ਸ੍ਰੀ ਦਰਬਾਰ ਸਾਹਿਬ, ਭਾਈ ਜੋਗਾ ਸਿੰਘ ਤਰਨ ਤਾਰਨ, ਰਛਪਾਲ ਸਿੰਘ ਗੋਨਾ, ਸਰਪੰਚ ਰਵਿੰਦਰਪਾਲ ਸਿੰਘ ਸੂਸਾਂ, ਮਾ: ਸੁਖਵਿੰਦਰ ਸਿੰਘ, ਭਾਏ. ਸ਼ਮਸ਼ੇਰ ਸਿੰਘ ਜੇਠੂਵਾਲ, ਅਵਤਾਰ ਸਿੰਘ ਬੁੱਟਰ, ਹਰਸ਼ਦੀਪ ਸਿੰਘ ਰੰਧਾਵਾ, ਬਲਦੇਵ ਸਿੰਘ ਸੰਧੂ, ਜਤਿੰਦਰ ਸਿੰਘ ਜੇਠੂਵਾਲ, ਜਸਪਾਲ ਸਿੰਘ ਸਿਧੂ ਮੰਬਈ, ਪਰਮਜੀਤ ਸਿੰਘ ਗਿਲ , ਬਾਬਾ ਗੁਰਮੀਤ ਸਿੰਘ ਬਦੋਵਾਲ, ਪ੍ਰਮਿੰਦਰ ਸਿੰਘ ਢੀਗਰਾ ਅਤੇ ਪ੍ਰੋ: ਸਰਚਾਂਦ ਸਿੰਘ ਆਦਿ ਵੀ ਮੌਜੂਦ ਸਨ।

----

# ਭਾਰਤ ਵਿੱਚ ਕਿਸਾਨੀ ਸੰਘਰਸ਼ ਦੀ ਮੱਦਦ ਲਈ ਫਰਿਜ਼ਨੋ ਵਿਖੇ ਫੰਡ ਰੇਜ਼ਰ

## ਇੱਕ ਲੱਖ ਡਾਲਰ ਤੋਂ ਵੱਧ ਦੀ ਡੋਨੇਸ਼ਨ ਹੋਈ ਇਕੱਠੀ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆਂ) 5 ਜੂਨ 2021–** ਦਿੱਲੀ ਦੇ ਬਾਰਡਰਾਂ 'ਤੇ ਕਿਸਾਨਾਂ ਵੱਲੋਂ ਖੇਤੀ ਕਾਨੂੰਨਾਂ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਲਗਾਤਾਰ ਜਾਰੀ ਹੈ। ਸਰਕਾਰ ਨਾਲ ਦਰਜਨਾਂ ਦੌਰ ਦੀ ਗੱਲਬਾਤ ਮਗਰੋਂ ਵੀ ਇਸ ਮੁੱਦੇ ਦਾ ਹੱਲ ਨਹੀਂ ਨਿਕਲ ਸਕਿਆ ਹੈ। 180 ਦਿਨਾਂ ਤੋਂ ਜਾਰੀ ਇਸ ਸੰਘਰਸ਼ ਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਭਾਰਤੀ ਭਾਈਚਾਰੇ ਵੱਲੋਂ ਸਮਰਥਨ ਦਿੱਤਾ ਜਾ ਰਿਹਾ ਹੈ। ਪਿਛਲੇ ਮਹੀਨਿਆਂ ਦੌਰਾਨ ਇਸ ਸਿਲਸਿਲੇ ਵਿਚ ਅਮਰੀਕਾ ਭਰ ਦੀਆਂ ਸਿੱਖ ਜੱਥੇਬੰਦੀਆਂ ਤੇ ਸਮਾਜਿਕ ਸੰਸਥਾਵਾਂ ਵੀ ਕਿਸਾਨਾਂ ਦੇ ਹੱਕ ਵਿੱਚ ਨਿਤਰੀਆ, ਪਰ ਪਿਛਲੇ ਕੁਝ ਸਮੇਂ ਤੋਂ ਸਭ ਕੁਝ ਖਮੋਸ਼ ਚੱਲ ਰਿਹਾ ਸੀ। ਲੰਮੀ ਚੁੱਪ ਮਗਰੋਂ ਫਰਿਜਨੋ ਕੈਲੀਫੋਰਨੀਆਂ ਤੋਂ ਪੰਜਾਬੀ ਭਾਈਚਾਰੇ ਨੇ ਇੱਕ ਵਾਰ ਫੇਰ ਪੰਜਾਬੀ ਭਰਾਵਾਂ ਨੂੰ ਹੋਕਰਾ ਮਾਰਕੇ ਭਾਰੀ ਇਕੱਠ ਕੀਤਾ ਅਤੇ ਸੰਘਰਸ਼ਸੀਲ&; ਕਿਸਾਨਾਂ ਦੀਆਂ ਲੋੜਾਂ ਨੂੰ ਪੂਰਨ ਲਈ ਫੰਡ ਰੇਜ਼ ਕੀਤਾ ਗਿਆ। ਇਸ ਮੌਕੇ ਹੰਭਲਾ ਮਾਰਦੇ ਹੋਏ ਪੰਜਾਬੀਆਂ ਨੇ ਲੱਖ ਡਾਲਰ ਤੋਂ ਉੱਪਰ ਦੀ ਰਾਸ਼ੀ ਇਕੱਤਰ ਕੀਤੀ। ਇਸ ਮੌਕੇ ਪ੍ਰੋਗ੍ਰਾਮ ਦੀ ਸੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ ਅਤੇ ਜੂਨ ਚੁਰਾਸੀ ਦੇ ਸਮੂੰਹ ਸ਼ਹੀਦਾਂ ਨੂੰ ਯਾਦ ਕਰਦਿਆ, ਪੰਚਮ ਪਾਤਸ਼ਾਹ ਗੁਰੂ ਅਰਜਨ ਦੇਣ ਜੀ ਦੀ ਸ਼ਹੀਦੀ ਨੂੰ ਯਾਦ ਕਰਦਿਆਂ, ਕਿਸਾਨੀ ਸੰਘਰਸ਼ ਦੌਰਾਨ ਆਪਣੀ ਜਾਨ ਗਵਾਉਣ ਵਾਲੇ ਕਿਸਾਨਾ ਨੂੰ ਯਾਦ ਕਰਦਿਆਂ ਇੱਕ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਜ਼ਲੀ ਦਿੱਤੀ ਗਈ।

ਇਸ ਮੌਕੇ ਬੋਲਣ ਵਾਲੇ ਬੁਲਾਰਿਆ ਨੇ ਕਿਹਾ ਕਿ ਫਰਿਜ਼ਨੋ ਏਰੀਆ ਦੁਨੀਆ ਭਰ ਵਿੱਚ ਖੇਤੀ ਦੀ ਹੱਬ ਕਰਕੇ ਜਾਣਿਆ ਜਾਂਦਾ ਹੈ, ਅਸੀਂ ਕਿਸਾਨੀ ਮੰਗਾ ਨੂੰ ਸਮਝਦੇ ਹਾਂ। ਇਸ ਸਮੇਂ ਇੰਡੀਆ ਭਰ ਵਿੱਚ ਕਿਸਾਨੀ ਅੰਦੋਲਨ ਪੂਰੇ ਜ਼ੋਰਾਂ 'ਤੇ ਹੈ, ਅਤੇ ਅਸੀਂ ਤਨੋਂ, ਮਨੋਂ ਅਤੇ ਧਨੋਂ ਆਪਣੇ ਕਿਸਾਨ ਭਰਾਵਾਂ ਦੇ ਨਾਲ ਖੜੇ ਹਾਂ।

ਬੁਲਾਰਿਆਂ ਨੇ ਕਿਹਾ ਕਿ ਮੋਦੀ ਸਰਕਾਰ ਭਾਵੇਂ ਇਸ ਤਰਾਂ ਮਹਿਸੂਸ ਕਰਵਾ ਰਹੀ ਹੈ ਕਿ ਕਿਸਾਨੀ ਅੰਦੋਲਨ ਨਾਲ ਸਾਨੂੰ ਕੋਈ ਫਰਕ ਨਹੀਂ ਪਿਆ, ਪਰ ਸਰਕਾਰ ਦੀ ਅੰਦਰੋ ਅੰਦਰੀ ਨੀਂਦ ਹਰਾਮ ਹੋਈ ਪਈ ਹੈ। ਸਰਕਾਰ ਘਟੀਆ ਤੋ ਘਟੀਆ ਹਰਕਤਾਂ ਕਰਕੇ ਕਿਸਾਨੀ ਸੰਘਰਸ਼ ਨੂੰ ਬਦਨਾਮ ਕਰਨ ਲਈ ਹਰ ਹੀਲਾ ਵਰਤ ਰਹੀ ਹੈ, ਪਰ ਕਿਸਾਨ ਲੀਡਰ ਜਿਸ ਸੂਝ-ਬੂਝ ਨਾਲ ਅੰਦੋਲਨ ਨੂੰ ਚਲਾ ਰਹੇ ਹਨ ਉਹਨਾਂ ਦੀ ਸੋਚ ਦੀ ਦਾਦ ਦੇਣੀ ਬਣਦੀ ਹੈ। ਬੁਲਾਰਿਆਂ ਨੇ ਕਿਹਾ ਕਿ ਜੇ ਭਾਜਪਾ ਦੇ ਰਥ ਦਾ ਕੰਡਿਆਲ਼ਾ ਫੜਕੇ ਰੋਕਿਆ ਤਾਂ ਇਹ ਪੰਜਾਬੀਆਂ ਨੇ ਰੋਕਿਆ ਅਤੇ ਇਹ ਅੰਦੋਲਨ ਮੋਦੀ ਸਰਕਾਰ ਦੇ ਕੱਫਨ ਵਿੱਚ ਆਖਰੀ ਕਿੱਲ ਸਾਬਤ ਹੋਵੇਗਾ। ਉਹਨਾਂ ਕਿਹਾ ਕਿ ਪੰਜਾਬੀ ਅਤੇ ਹਰਿਆਣਵੀ ਭਰਾਵਾਂ ਦੀਆਂ ਆਪਸੀ ਜੱਫੀਆਂ ਇਹ ਸਿੱਧ ਕਰਦੀਆਂ ਨੇ ਕਿ ਸਰਕਾਰਾਂ ਜਿੰਨਾ ਮਰਜ਼ੀ ਜ਼ੋਰ ਲਾ ਲੈਣ ਪਰ ਕਿਸਾਨ ਇੱਕ ਪਲੇਟਫ਼ਾਰਮ ਤੇ ਇਕੱਠੇ ਹਨ ਅਤੇ ਇਸ ਅੰਦੋਲਨ ਦਾ ਅਸਰ ਪੂਰੇ ਮੁਲਕ ਵਿੱਚ ਮਹਿਸੂਸ ਕੀਤਾ ਜਾ ਸਕਦਾ ਹੈ।

ਇਸ ਮੌਕੇ ਪ੍ਰਬੰਧਕ ਅਮੋਲਕ ਸਿੰਘ ਸਿੱਧੂ ਨੇ ਕਿਹਾ ਕਿ ਅਸੀਂ ਇਹ ਪੈਸਾ ਸਿੱਧਾ ਕਿਸੇ ਵੀ ਸੰਸਥਾ ਜਾ ਵਿਅੱਕਤੀ ਵਿਸ਼ੇਸ਼ ਨੂੰ ਨਹੀਂ ਦਿੱਤਾ ਜਾਵੇਗਾ, ਸਗੋਂ ਇੱਕ ਕਮੇਟੀ ਬਣਾਕੇ ਉਹਨਾਂ ਜ਼ੁੰਮੇਵਾਰੀ ਦੇਵਾਂਗੇ ਕਿ ਕਿਹੜੇ ਬਾਰਡਰ ਤੇ ਕਿਹੜੀ ਚੀਜ਼ ਦੀ ਜ਼ਰੂਰਤ ਹੈ। ਅਤੇ ਅਸੀਂ ਤੁਹਾਨੂੰ ਵਿਸ਼ਵਾਸ ਦਵਾਉਂਦੇ ਹਾਂ ਕਿ ਤੁਹਾਡੇ ਵੱਲੋਂ ਦਿੱਤੀ ਗਈ ਇੱਕ ਇੱਕ ਪੈਂਨੀ ਸਹੀ ਥਾਂ ਤੇ ਲੱਗੇਗੀ। ਅਖੀਰ ਵਿੱਚ ਉਹਨਾਂ ਸਭਨਾਂ ਦਾਨੀ ਸੱਜਣਾਂ ਦਾ ਵੀ ਧੰਨਵਾਦ ਕੀਤਾ।

ਇਸ ਮੌਕੇ ਬੋਲਣ ਵਾਲੇ ਬੁਲਾਰਿਆਂ ਵਿੱਚ ਤਰਲੋਚਨ ਸਿੰਘ ਦੁਪਾਲਪੁਰ,ਗੁਰਬਖਸ਼ੀਸ਼ ਸਿੰਘ ਗਰੇਵਾਲ, ਗੁਲਿੰਦਰ ਗਿੱਲ, ਅਵਤਾਰ ਗਰੇਵਾਲ, ਸੁਰਿੰਦਰ ਮੰਡਾਲੀ, ਦਲਜੀਤ ਰਿਆੜ, ਸਾਧੂ ਸਿੰਘ ਸੰਘਾ, ਪ੍ਰਗਟ ਸਿੰਘ ਧਾਲੀਵਾਲ, ਮਨਦੀਪ ਸਿੰਘ ਬਿਲਗਾ, ਜੱਗੀ ਟੁੱਟ, ਵਰਿੰਦਰ ਸਿੰਘ ਗੋਲਡੀ, ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ, ਪਰਮਜੀਤ ਹੇੜੀਆਂ , ਸੁਖਬੀਰ ਭੰਡਾਲ, ਮਿੱਕੀ ਸਰਾਂ, ਗੁਰਨੇਕ ਸਿੰਘ ਬਾਗੜੀ ,ਡਾ. ਮਲਕੀਤ ਸਿੰਘ ਕਿੰਗਰਾ, ਧਰਮਵੀਰ ਥਾਂਦੀ ਅਤੇ ਸਮਰਵੀਰ ਸਿੰਘ ਵਿਰਕ ਆਦਿ ਨੇ ਆਪਣੇ ਵਿਚਾਰ ਰੱਖੇ। ਅਖੀਰ ਰਾਤਰੀ ਦੇ ਭੋਜਨ ਨਾਲ ਇਹ ਸਮਾਗਮ ਯਾਦਗਾਰੀ ਹੋ ਨਿਬੜਿਆ।

























# ਵਾਤਾਵਰਣ ਪ੍ਰਣਾਲੀ ਦੀ ਬਹਾਲੀ- ਵਿਸ਼ਵ ਵਾਤਾਵਰਣ ਦਿਵਸ 2021

ਵਿਸ਼ਵਜੀਤ ਸਿੰਘ, ਚੰਡੀਗੜ੍ਹ
91-97809-66297

ਜੂਨ 1972 ਉਹ ਮਹੀਨਾ ਸੀ ਜਦੋਂ ਪਹਿਲੀ ਵਾਰ ਸੰਯੁਕਤ ਰਾਸ਼ਟਰ ਨੇ ਅੰਤਰਰਾਸ਼ਟਰੀ ਵਾਤਾਵਰਣ ਮੁੱਦਿਆਂ 'ਤੇ ਇਕ ਬਹੁਤ ਵੱਡੀ ਕਾਨਫਰੈਂਸ ਕਰਵਾਈ ਅਤੇ ਇਸ ਕਾਨਫਰੈਂਸ ਤੋਂ ਬਾਅਦ ਅੰਤਰਰਾਸ਼ਟਰੀ ਵਾਤਾਵਰਣ ਰਾਜਨੀਤੀ ਵਿਚ ਇਕ ਵੱਡਾ ਮੋੜ ਆਇਆ। ਇਸ ਇੰਟਰਨੈਸ਼ਨਲ ਕਾਨਫਰੈਂਸ ਦਾ ਨਾਮ ਸੀ। ਯੂਨਾਈਟਿਡ ਨੇਸ਼ਨ ਕਾਨਫਰੈਂਸ ਆਨ ਹਿਊਮਨ ਇਨਵਾਇਰਮੈਂਟ; ਜੋ ਕਿ 5 ਜੂਨ 16 ਜੂਨ ਨੂੰ ਸਵੀਡਨ ਦੀ ਰਾਜਧਾਨੀ ਸਟੋਕਹੋਲਮ ਵਿਚ ਹੋਈ ਸੀ ਅਤੇ ਇਸ ਨੂੰ ਇਸ ਕਰਕੇ 'ਸਟੋਕਹੋਲਮ ਕਾਨਫਰੈਂਸ' ਦੇ ਨਾਮ ਨਾਲ ਨਾਲ ਵੀ ਜਾਣਿਆ ਜਾਂਦਾ ਹੈ। ਇਸ ਕਾਨਫਰੈਂਸ ਨਾਲ ਇਹ ਸਪਸ਼ਟ ਹੋ ਗਿਆ ਕਿ ਵਾਤਾਵਰਣ ਸਾਡੇ ਲਈ ਕਿੰਨਾ ਜ਼ਰੂਰੀ ਹੈ ਅਤੇ ਇਸ ਦੇ ਸਾਂਭ-ਸੰਭਾਲ ਲਈ ਅੰਤਰਰਾਸ਼ਟਰੀ ਪੱਧਰ 'ਤੇ ਮਾਪਦੰਡਾਂ ਨੂੰ ਨਿਰਧਾਰਿਤ ਕੀਤਾ ਜਾਵੇ। ਇਸ ਲਈ ਅਸੀਂ ਇਸ ਦਿਨ ਦੀ ਮਹੱਤਤਾ ਕਰਕੇ ਹਰ ਸਾਲ 5 ਜੂਨ ਨੂੰ "ਵਿਸ਼ਵ ਵਾਤਾਵਰਣ ਦਿਵਸ" ਵਜੋਂ ਮਨਾਉਂਦੇ ਹਾਂ।

ਵਾਤਾਵਰਣ ਸੰਬੰਧੀ 5 ਜੂਨ ਸਾਲ ਦਾ ਸਭ ਤੋਂ ਅਹਿਮ ਦਿਨ ਹੁੰਦਾ ਹੈ ਅਤੇ ਇਸ ਸਾਲ ਪਾਕਿਸਤਾਨ ਵਿਸ਼ਵ ਵਾਤਾਵਰਣ ਦਿਵਸ ਦਾ ਆਲਮੀ ਮੇਜ਼ਬਾਨ ਹੋਵੇਗਾ। ਇਸ ਬਾਰ ਇਸ ਦਾ ਥੀਮ ਹੈ, 'ਵਾਤਾਵਰਣ ਪ੍ਰਣਾਲੀ ਦੀ ਬਹਾਲੀ' ਇਸ ਬਾਰ ਇੱਕ ਖ਼ਾਸ ਗੱਲ ਇਹ ਵੀ ਹੈ ਕਿ ਇਸ ਦਿਨ ਇਸ ਪ੍ਰੋਗਰਾਮ ਨਾਲ ਸੰਯੁਕਤ ਰਾਸ਼ਟਰ ਦੇ ਵਾਤਾਵਰਣ ਪ੍ਰਣਾਲੀ ਦੀ ਬਹਾਲੀ ਦੇ ਦਹਾਕੇ ਦੀ ਸ਼ੁਰੂਆਤ ਹੋਵੇਗੀ ਵਾਤਾਵਰਣ ਪ੍ਰਣਾਲੀ ਦੀ ਬਹਾਲੀ ਦਾ ਅਰਥ ਹੈ। ਵਾਤਾਵਰਣ ਪ੍ਰਣਾਲੀ ਦੀ ਮੁੜ-ਸਥਾਪਨਾ ਵਿਚ ਸਹਾਇਤਾ ਕਰਨਾ ਜੋ ਕਿਸੇ ਕਾਰਨ ਵਿਗੜਿਆ ਜਾਂ ਨਸ਼ਟ ਹੋ ਗਿਆ ਹੈ। ਇਸ ਵਿਚ ਵਾਤਾਵਰਣ ਪ੍ਰਣਾਲੀਆਂ ਦੀ ਸੰਭਾਲ ਵੀ ਸ਼ਾਮਲ ਹੈ ਜੋ ਨਾਜ਼ੁਕ ਹਨ ਜਾਂ ਅਜੇ ਵੀ ਬਰਕਰਾਰ ਹਨ ਵਾਤਾਵਰਣ ਪ੍ਰਣਾਲੀ ਨੂੰ ਕਈ ਤਰੀਕਿਆਂ ਨਾਲ ਬਹਾਲ ਕੀਤਾ ਜਾ ਸਕਦਾ ਹੈ ਅਤੇ ਇਸ ਵਿਚ ਸਭ ਤੋਂ ਅਹਿਮ ਰੁੱਖ ਲਗਾਉਣਾ ਵਾਤਾਵਰਣ ਦੀ ਦੇਖਭਾਲ ਦਾ ਸਭ ਤੋਂ ਸੌਖਾ ਅਤੇ ਵਧੀਆ ਢੰਗ ਹੈ ਸ਼ਹਿਰੀ ਅਤੇ ਪੇਂਡੂ ਲੈਂਡਸਕੇਪ ਦੇ ਵਾਤਾਵਰਣ-ਵਿਵਸਥਾ ਨੂੰ ਅਨੁਕੂਲ ਬਣਾਉਣ ਅਤੇ ਇਸਨੂੰ ਬਹਾਲ ਕਰਨ ਦੇ ਵੱਖੋ ਵੱਖਰੇ ਢੰਗ ਹਨ।

ਤੇਜ਼ ਰਫਤਾਰ ਜ਼ਿੰਦਗੀ ਅਤੇ ਸ਼ਹਿਰੀਕਰਨ ਨੇ ਲੋਕਾਂ ਨੂੰ ਕੁਦਰਤ ਤੋਂ ਵੱਖ ਕਰ ਦਿੱਤਾ ਹੈ। ਕੱਚੀਆਂ ਥਾਵਾਂ ਦੀ ਜਗ੍ਹਾ ਪੱਕੇ ਰਾਹਵਾਂ ਨੇ ਲੈ ਲਈ ਹੈ ਮਿੱਟੀ, ਦਰੱਖਤ, ਬੂਟੇ, ਪੰਛੀਆਂ ਦੀ ਤਾਦਾਦ ਦਿਨੋ ਦਿਨ ਘਟਦੀ ਜਾ ਰਹੀ ਹੈ ਸਾਨੂੰ ਪਤਾ ਹੀ ਨਾ ਲੱਗਿਆ ਕਦੋਂ ਸਾਡੇ ਘਰ ਆਉਣ ਵਾਲੀ ਛੋਟੀ ਚਿੜੀ ਅਲੋਪ ਹੋ ਗਈ, ਕਦੋਂ ਮੀਂਹ ਵੇਲੇ ਟਰ ਟਰ ਕਰਦੇ ਡੱਡੂ ਗੁੱਮ ਗਏ, ਕਦੋਂ ਅਸੀਂ ਫਲਾਂ ਦੇ ਰੁੱਖ ਲਾਉਣੇ ਅਤੇ ਫ਼ਲ ਤੋੜਨੇ ਛੱਡ ਦਿੱਤੇ ਅੱਜਕਲ ਸਾਡੇ ਕੋਲ ਆਪਣੇ ਆਪ ਲਈ ਸਮਾਂ ਨਹੀਂ ਹੈ ਤਾਂ ਅਸੀਂ ਕੁਦਰਤ ਨੂੰ ਕਿਥੋਂ ਸਮਾਂ ਦੇਵਾਂਗੇ ਇਸਦੇ ਸਿੱਟੇ ਇਹ ਨਿਕਲ ਰਹੇ ਹਨ ਕਿ ਅਸੀਂ ਪਦਾਰਥਵਾਦੀ ਹੋ ਰਹੇ ਹਾਂ ਅਤੇ ਕੁਦਰਤ ਤੋਂ ਪਾਸਾ ਵੱਟ ਲਿਆ ਹੈ ਇਸ ਲਈ ਇਸ ਸਾਲ ਦਾ ਥੀਮ ਲੋਕਾਂ ਵਾਤਾਵਰਣ ਪ੍ਰਣਾਲੀ ਦੀ ਬਹਾਲੀ ਵਿਚ ਹੱਥ ਵੰਡਾਉਣ ਦਾ ਇੱਕ ਸੱਦਾ ਹੈ ਕਿ ਆਓ ਆਪ ਸਾਰੇ ਰਲ਼ ਕੇ ਆਪਣੇ ਚੌਗਿਰਦੇ ਨੂੰ ਸਾਂਭੀਏ।

ਇਸ ਸਾਲ ਕੋਰੋਨਾ ਦੀ ਦੂਜੀ ਲਹਿਰ ਕਰਕੇ ਜਿਹੜੀ ਆਕਸੀਜਨ ਦੀ ਕਿੱਲਤ ਦਾ ਸਾਹਮਣਾ ਅਸੀਂ ਕੀਤਾ ਹੈ ਉਸਤੋਂ ਸਾਨੂੰ ਕਰੜਾ ਸਬਕ ਲੈਣਾ ਚਾਹੀਦਾ ਹੈ ਇਸ ਮਹਾਮਾਰੀ ਨੇ ਸਾਨੂੰ ਰੁੱਖਾਂ ਦੀ ਅਹਮੀਅਤ ਨਾਲ ਜਾਣੂ ਕਰਵਾਇਆ ਹੈ ਅਤੇ ਸ਼ਾਇਦ ਅੱਜ ਕੁਦਰਤ ਦੀ ਚੇਤਾਵਨੀ ਵੀ ਹੈ ਕਿ ਜੇ ਤੁਸੀਂ ਮੇਰੇ ਨਾਲ ਖ਼ਿਲਵਾੜ ਕਰੋਂਗੇ ਤਾਂ ਪੁੱਠੇ ਪੈਰੀਂ ਤੁਹਾਡੇ ਤੇ ਹੀ ਮੁਸੀਬਤਾਂ ਆਉਣਗੀਆਂ ਇਹ ਸਭ ਤੋਂ ਵਧੀਆ ਸਮਾਂ ਹੈ ਜਦੋਂ ਭਾਰਤ ਦਾ ਹਰ ਨਾਗਰਿਕ ਵੱਧ ਤੋਂ ਵੱਧ ਰੁੱਖ ਲਾਵੇ ਅਤੇ ਵਾਤਾਵਰਣ ਪ੍ਰਣਾਲੀ ਦੀ ਬਹਾਲੀ ਵਿਚ ਆਪਣਾ ਸਹਿਯੋਗ ਦੇਵੇ।

1972 ਦੀ ਕਾਨਫਰੈਂਸ ਤੋਂ ਬਾਅਦ ਸੰਯੁਕਤ ਰਾਸ਼ਟਰ ਨੇ 1987 ਵਿਚ ਇੱਕ 'ਵਰਲਡ ਕਮਿਸ਼ਨ ਆਨ ਇਨਵਾਇਰਮੈਂਟ ਐਂਡ ਡਿਵੈਲਪਮੈਂਟ' ਬਿਠਾਇਆ ਜਿਸ ਵਿਚੋਂ ਪ੍ਰਸਿੱਧ ਬਰੰਟਲੈਂਡ ਕਮਿਸ਼ਨ ਰਿਪੋਰਟ ਨਿਕਲੀ ਜਿਸ ਦਾ ਨਾਮ ਸੀ 'ਸਾਡਾ ਸਾਂਝਾ ਭਵਿੱਖ'। ਇਸ ਕਮਿਸ਼ਨ 'ਚੋਂ 'ਸਸਟੇਨੇਬਲ ਵਿਕਾਸ' ਸ਼ਬਦ ਉਭਰ ਕੇ ਆਇਆ। ਇਸ ਰਿਪੋਰਟ ਮੁਤਾਬਿਕ ਸਸਟੇਨੇਬਲ ਵਿਕਾਸ ਉਹ ਵਿਕਾਸ ਹੈ ਜਿਸ ਵਿਚ ਅਸੀਂ ਆਪਣੀ ਹੁਣ ਦੀਆਂ ਲੋੜਾਂ (ਜਿਵੇਂ ਸਾਫ ਹਵਾ,ਪਾਣੀ, ਮਿੱਟੀ ਆਦਿ) ਦੀ ਇਸ ਤਰ੍ਹਾਂ ਪੂਰਤੀ ਕਰਾਂਗੇ ਕਿ ਭਵਿੱਖ ਵਿਚ ਸਾਡੀ ਪੀੜੀਆਂ ਨੂੰ ਉਨ੍ਹਾਂ ਦੀਆਂ ਲੋੜਾਂ ਪੂਰੀ ਕਰਨ ਵਿਚ ਕੋਈ ਸਮੱਸਿਆ ਨਾ ਆਵੇ। ਇਸ ਤੋਂ ਭਾਵ ਹੈ ਕਿ ਅਸੀਂ ਆਪਣੇ ਸਰੋਤ ਬੜੇ ਸਾਂਭ-ਸੰਭਾਲ ਕੇ ਵਰਤੀਏ ਤਾਂਕਿ ਸਾਡੀ ਆਉਣ ਵਾਲੀਆਂ ਪੀੜੀਆਂ ਵੀ ਇਨ੍ਹਾਂ ਨੂੰ ਵਰਤ ਸਕਣ। ਜੇ ਅਸੀਂ ਇਨ੍ਹਾਂ ਨੂੰ ਹੁਣ ਹੀ ਖਤਮ ਕਰ ਦਵਾਂਗੇ ਤਾਂ ਸਾਡੀਆਂ ਪੀੜੀਆਂ ਦੀ ਹੋਂਦ ਖਤਰੇ ਵਿਚ ਪੈ ਜਾਵੇਗੀ।

1992 ਵਿਚ ਹੋਈ ਰਿਓ ਸਮਿੱਟ ਵਿਚ ਰਿਓ ਡੇਕਲਾਰੇਸ਼ਨ ਅਪਣਾਈ ਗਈ ਅਤੇ ਸਸਟੇਨੇਬਲ ਡਿਵੈਲਪਮੈਂਟ ਦੇ ਸੰਬੰਧ ਵਿਚ ਏਜੰਡਾ 21 ਜਾਰੀ ਕੀਤਾ ਗਿਆ। ਇਸ ਦੇ ਨਾਲ ਹੀ ਅੰਤਰਰਾਸ਼ਟਰੀ ਪੱਧਰ 'ਤੇ "ਯੂਨਾਈਟਿਡ ਨੇਸ਼ਨਜ਼ ਫਰੇਮਵਰਕ ਕੰਵੈਂਸ਼ਨ ਆਨ ਕਲਾਈਮੇਟ ਚੇਂਜ" ਸੰਧੀ ਨੂੰ ਅਪਣਾਇਆ ਗਿਆ ਅਤੇ ਹੁਣ ਤੱਕ ਇਸ ਨੂੰ 197 ਦੇਸ਼ ਮਨਜ਼ੂਰ ਕਰ ਚੁਕੇ ਹੁਣ । ਇਸ ਸੰਧੀ ਤੋਂ ਬਾਅਦ ਵਾਤਾਵਰਣ ਦਾ ਵਿਸ਼ਾ ਤਕਰੀਬਨ ਹਰ ਦੇਸ਼ ਲਈ ਜ਼ਰੂਰੀ ਹੋ ਗਿਆ। ਸਰਕਾਰਾਂ ਲਈ ਵਾਤਾਵਰਣ ਵੀ ਇਕ ਅਹਿਮ ਮੁੱਦਾ ਬਣ ਗਿਆ ਜਿਸ ਦੇ ਨਾਲ ਨਜਿੱਠਣਾ ਵੀ ਬਹੁਤ ਜ਼ਰੂਰੀ ਹੋ ਗਿਆ। ਅਠਾਰਵੀਂ ਸਦੀ ਦੇ ਮੱਧ ਵਿਚ ਯੂਰੋਪ ਅਤੇ ਉੱਤਰੀ ਅਮਰੀਕਾ ਵਿਚ ਆਈ ਉਦਯੋਗਿਕ ਕ੍ਰਾਂਤੀ ਨੇ ਇਤਿਹਾਸ ਦਾ ਰੁੱਖ ਬਦਲ ਕੇ ਰੱਖ ਦਿੱਤਾ। ਉਸ ਸਮੇਂ ਅਜੇ ਉਦਯੋਗਿਕ ਕ੍ਰਾਂਤੀ ਵਾਲੇ ਦੇਸ਼ ਆਉਣ ਵਾਲੇ ਵਾਤਾਵਰਣ ਸੰਬੰਧੀ ਖ਼ਤਰਿਆਂ ਤੋਂ ਜਾਣੂ ਨਹੀਂ ਸਨ। ਪਿਛਲੇ 50 ਸਾਲਾਂ ਵਿਚ ਕਾਫੀ ਮੁਲਕਾਂ ਵਿਚ ਜਮਹੂਰੀ ਰਾਜ ਸਥਾਪਿਤ ਹੋਏ ਅਤੇ ਉਦਯੋਗਿਕ ਵਿਕਾਸ ਦੀ ਸ਼ੁਰੂਆਤ ਹੋ ਗਈ।

ਨਾਲ ਹੀ ਨਾਲ ਉਦਯੋਗਿਕ ਕ੍ਰਾਂਤੀ ਵੇਲੇ ਹੋਏ ਵਿਕਾਸ ਦੇ ਨਤੀਜਿਆਂ ਵਜੋਂ, ਵਾਤਾਵਰਣ 'ਤੇ ਦੁਸ਼ਪ੍ਰਭਾਵ ਸਾਹਮਣੇ ਆਉਣ ਲੱਗੇ। ਇਸ ਲਈ ਵਾਤਾਵਰਣ ਵਿਸ਼ਾ ਸਾਰੇ ਦੇਸ਼ਾਂ ਲਈ ਇਕ ਚੁਣੌਤੀ ਬਣ ਗਿਆ ਅਤੇ ਲਗਭਗ ਹਰ ਸਾਲ ਵਾਤਾਵਰਨ ਸਬੰਧੀ ਵਿਸ਼ੇ 'ਤੇ ਅੰਤਰਰਾਸ਼ਟਰੀ ਕਾਨਫਰੰਸਾਂ ਸ਼ੁਰੂ ਹੋ ਗਈਆਂ। ਵਿਸ਼ਵ ਦੀ ਸਭ ਤੋਂ ਵੱਡੇ ਪੱਧਰ ਦੀ ਪੈਰਿਸ ਕਲਾਈਮੇਟ ਸੰਧੀ ਉਦੋਂ ਤਕਰੀਬਨ ਠੱਪ ਹੀ ਹੋ ਗਈ ਜਦੋਂ ਅਮਰੀਕਾ ਦੇ ਪੂਰਵ ਰਾਸ਼ਟਰਪਤੀ ਨੇ ਅਮਰੀਕਾ ਨੂੰ ਇਸ ਸੰਧੀ ਵਿਚੋਂ ਕੱਢ ਲਿਆ ਸੀ ਮਗਰ ਹੁਣ ਚੰਗਾ ਇਹ ਹੋਇਆ ਕਿ ਨਵੇਂ ਰਾਸ਼ਟਰਪਤੀ ਬਾਈਡਨ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਆਉਂਦੇ ਸਾਰ ਹੀ ਵਾਤਾਵਰਣ ਨੂੰ ਆਪਣੇ ਮੁਖ ਮੁੱਦਿਆਂ ਵਿਚ ਸ਼ਾਮਲ ਕੀਤਾ ਅਤੇ ਪੈਰਿਸ ਸੰਧੀ ਵਿਚ ਮੁੜ ਤੋਂ ਅਮਰੀਕਾ ਦੇ ਸ਼ਾਮਲ ਹੋਣ ਦਾ ਐਲਾਨ ਕੀਤਾ ਇਹ ਪੂਰੀ ਦੁਨੀਆ ਲਈ ਵਾਤਾਵਰਣ ਸਬੰਧੀ ਇੱਕ ਇਤਿਹਾਸਕ ਪਲ ਸੀ।



ਵਾਤਾਵਰਣ ਅਜੋਕੇ ਸਮੇਂ ਦਾ ਬਹੁਤ ਹੀ ਗੰਭੀਰ ਮੁੱਦਾ ਹੈ। ਭਾਰਤ ਵਰਗੇ ਦੇਸ਼ ਲਈ ਵੀ ਵਾਤਾਵਰਣ ਇਕ ਅਹਿਮ ਮੁੱਦਾ ਬਣ ਚੁੱਕਿਆ ਹੈ ਕਿਉਂਕਿ ਸਾਡੇ ਕੋਲ 1.3 ਬਿਲੀਅਨ ਦੀ ਵਸੋਂ ਹੈ ਅਤੇ ਦੁਨੀਆ ਦਾ 2.4 ਪ੍ਰਤੀਸ਼ਤ ਜ਼ਮੀਨ ਦਾ ਹਿੱਸਾ ਹੈ ਅਤੇ ਇੰਨੀ ਆਬਾਦੀ ਬਸ ਇੰਨੇ ਕੁ ਜ਼ਮੀਨ ਅਤੇ ਸਰੋਤਾਂ 'ਤੇ ਨਿਰਭਰ ਹੈ। ਭਾਰਤ ਵਿਚ 'ਵਾਤਾਵਰਣ, ਜੰਗਲ ਅਤੇ ਜਲਵਾਯੂ ਬਦਲਾਅ' ਮੰਤਰਾਲਾ 1985 ਵਿਚ ਹੋਂਦ ਵਿਚ ਆਇਆ ਜਿਸ ਦਾ ਕੰਮ ਵਾਤਾਵਰਣ ਦੇ ਖੇਤਰ ਲਈ ਕੰਮ ਕਰਨਾ ਸੀ। ਅੱਜ ਅਸੀਂ ਦੁਨੀਆ ਵਿਚ ਤੇਜੀ ਨਾਲ ਵਿਕਾਸ ਕਰ ਰਹੇ ਦੇਸ਼ ਵਜੋਂ ਜਾਣੇ ਜਾਂਦੇ ਹਾਂ। ਪਰ ਇਹ ਵਿਕਾਸ ਸਸਟੇਨੇਬਲ ਵਿਕਾਸ ਨਹੀਂ ਹੈ, ਇਸ ਨਾਲ ਸਾਡੇ ਪਰਿਆਵਰਣ ਅਤੇ ਵਾਤਾਵਰਣ ਨੂੰ ਲਗਾਤਾਰ ਨੁਕਸਾਨ ਪੁਹੰਚ ਰਿਹਾ ਹੈ। ਵਰਲਡ ਬੈਂਕ ਦੀ ਇਕ ਰਿਪੋਰਟ ਮੁਤਾਬਿਕ ਵਿਕਾਸ ਨਾਲ ਵਾਤਾਵਰਣ ਖਰਾਬ ਹੋਣ ਕਰਨ ਭਾਰਤ ਨੂੰ ਲਗਭਗ ਹਰ ਸਾਲ 80 ਬਿਲੀਅਨ ਡਾਲਰ ਦਾ ਨੁਕਸਾਨ ਹੋ ਰਿਹਾ ਹੈ। ਇਸ ਸਮੇਂ ਵਾਤਾਵਰਣ ਦਾ ਸਭ ਤੋਂ ਵੱਡਾ ਮੁੱਦਾ ਜੈਵਿਕ ਬਾਲਨ ਦੇ ਬਲਣ ਤੋਂ ਹੋਣ ਵਾਲਾ ਧੂੰਆਂ ਹੈ। ਇਸ ਦੇ ਨਾਲ ਸਿਹਤ ਨੂੰ ਸਭ ਤੋਂ ਵੱਧ ਨੁਕਸਾਨ ਪੁਹੰਚ ਰਿਹਾ ਹੈ। ਆਰਥਿਕ ਵਿਕਾਸ ਦੇ ਨਾਲ-ਨਾਲ ਪ੍ਰਦੂਸ਼ਣ ਨੂੰ ਘਟਾਉਣ ਦੇ ਤਰੀਕੇ ਲੱਭੇ ਜਾਣੇ ਚਾਹੀਦੇ ਤਾਂਕਿ ਸਸਟੇਨੇਬਲ ਵਿਕਾਸ ਹੋ ਸਕੇ। ਬੋਸਟਨ ਵਿਚ ਜਾਰੀ ਹੋਈ। ਸਟੇਟ ਆਫ ਦ ਗਲੋਬਲ ਏਅਰ ਰਿਪੋਰਟ ਵਿਚ ਇਹ ਦਸਿਆ ਗਿਆ ਹੈ ਕਿ 2015 ਵਿਚ ਹਵਾ ਪ੍ਰਦੂਸ਼ਣ ਤੋਂ ਭਾਰਤ ਵਿਚ ਅੰਦਾਜਨ 11 ਲੱਖ ਲੋਕਾਂ ਦੀ ਜਾਨ ਗਈ। ਹਾਲ ਹੀ ਵਿਚ ਆਈ ਗ੍ਰੀਨਪੀਸ ਇੰਡੀਆ ਦੀ ਰਿਪੋਰਟ ਮੁਤਾਬਿਕ ਹਰ ਸਾਲ 12 ਲੱਖ ਲੋਕ ਹਵਾ ਪ੍ਰਦੂਸ਼ਣ ਨਾਲ ਮਰਦੇ ਹਨ ਅਤੇ ਪ੍ਰਦੂਸ਼ਿਤ ਹਵਾ ਵਿਚ ਦਿੱਲੀ ਸਭ ਤੋਂ ਮੋਹਰੀ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ ਬਾਹਰੀ ਹਵਾ ਦੇ ਪ੍ਰਦੂਸ਼ਣ ਸਦਕਾ ਹਰ ਸਾਲ 42 ਲੱਖ ਲੋਕ ਅਤੇ ਘਰੇਲੂ ਬਾਲਣ ਦੇ ਧੂਏਂ ਸਦਕਾ ਹਰ ਸਾਲ 38 ਲੱਖ ਲੋਕ ਮੌਤ ਦੀ ਸੂਲ਼ੀ ਚੜ੍ਹ ਜਾਂਦੇ ਹਨ ਵਿਸ਼ਵ ਦੀ ਲਗਭਗ 91 ਫੀਸਦੀ ਆਬਾਦੀ ਉਨ੍ਹਾਂ ਸਥਾਨਾਂ ਤੇ ਰਹਿੰਦੀ ਹੈ ਜਿਥੇ ਹਵਾ ਦੀ ਗੁਣਵੱਤਾ ਵਿਸ਼ਵ ਸਿਹਤ ਸੰਗਠਨ ਦੁਆਰਾ ਦੱਸੀ ਹੱਦ ਤੋਂ ਉੱਪਰ ਹੈ ਅਮਰੀਕਾ ਦੇ ਇਕ ਹੈਲਥ ਇੰਸਟੀਟਿਊਟ ਦੀ ਰਿਪੋਰਟ ਮੁਤਾਬਿਕ ਹੁਣ ਭਾਰਤ ਵਿਚਲਾ ਹਵਾ ਪ੍ਰਦੂਸ਼ਣ ਚੀਨ ਦੇ ਹਵਾ ਪ੍ਰਦੂਸ਼ਣ ਤੋਂ ਵੀ ਖਤਰਨਾਕ ਹੋ ਗਿਆ ਹੈ। ਸਰਕਾਰ ਵਲੋਂ ਹਵਾ ਦੀ ਗੁਣਵੱਤਾ ਸਬੰਧੀ ਇਕ ਇੰਡੈਕਸ ਜਾਰੀ ਕੀਤਾ ਗਿਆ ਹੈ ਜੋ ਸਰਕਾਰ ਅਤੇ ਪ੍ਰਸ਼ਾਸ਼ਨ ਨੂੰ ਲਗਾਤਾਰ ਹਵਾ ਦੀ ਗੁਣਵੱਤਾ ਸੰਬੰਧੀ ਜਾਣਕਾਰੀ ਦਿੰਦਾ ਰਹੇਗਾ ਤਾਂਕਿ ਜੇ ਹਵਾ ਖਰਾਬ ਹੁੰਦੀ ਹੈ ਤਾਂ ਸਮੇਂ ਸਿਰ ਰਹਿੰਦੇ ਇਸ ਤੇ ਕਾਬੂ ਪਾਇਆ ਜਾ ਸਕੇ

2018 ਵਿਚ ਵਿਸ਼ਵ ਸਿਹਤ ਸੰਗਠਨ ਦੀ ਹਵਾ ਦੀ ਗੁਣਵੱਤਾ ਸਬੰਧੀ ਰਿਪੋਰਟ ਸਾਹਮਣੇ ਆਈ ਜਿਸ ਵਿਚ ਲਗਭਗ 3000 ਸ਼ਹਿਰਾਂ ਉੱਤੇ ਅਧਿਅਨ ਕੀਤਾ ਗਿਆ ਜਿਸ ਵਿਚ ਇਹ ਸਾਹਮਣੇ ਆਇਆ ਕਿ ਇਨ੍ਹਾਂ 3000 ਸ਼ਹਿਰਾਂ ਚੋਂ 64 ਫੀਸਦੀ ਸ਼ਹਿਰਾਂ ਵਿਚ 2.5 ਦੀ ਮਾਤਰਾ ਵਿਸ਼ਵ ਸਿਹਤ ਸੰਗਠਨ ਵਲੋਂ ਮਾਪਦੰਡ ਦੀ ਹੱਦ ਤੋਂ ਵੱਧ ਪਾਈ ਗਈ ਅਤੇ ਦੱਖਣ ਏਸ਼ੀਆ ਵਿਚ ਲਗਭਗ 99 ਫੀਸਦੀ ਸ਼ਹਿਰਾਂ ਵਿਚ ਇਹ ਮਾਪਦੰਡ ਨਾਲੋਂ ਵੱਧ ਪਾਈ ਗਈ ਦਸਣਯੋਗ ਹੈ ਕਿ ਵਿਸ਼ਵ ਸਿਹਤ ਸੰਗਠਨ ਵਲੋਂ ਇਹ 2.5 ਦੀ ਸੁਰੱਖਿਅਤ ਸੀਮਾ 10 ਮਾਈਕਰੋਗ੍ਰਾਮ/ ਕਿਊਬਿਕ ਮੀਟਰ ਸਾਲਾਨਾ ਰੱਖੀ ਗਈ ਹੈ। 2.5 ਦੇ ਪ੍ਰਦੂਸ਼ਣ ਕਰਕੇ ਫੇਫੜੇ ਦੇ ਕੈਂਸਰ, ਸਟ੍ਰੋਕ, ਦਿਲ ਦੇ ਦੌਰੇ ਅਤੇ ਸਾਹ ਦੀਆਂ ਬਿਮਾਰੀਆਂ ਦੇ ਹੋਣ ਦੇ ਜੋਖਮ ਵੱਧ ਜਾਂਦੇ ਹਨ ਅਤੇ ਲਗਭਗ ਸਾਰੇ ਉਮਰ ਵਰਗਾਂ ਵਿਚ ਇਸ ਕਰਕੇ ਅਸਥਮਾ ਦੇ ਲੱਛਣ ਪੈਦਾ ਹੁੰਦੇ ਹਨ ਅਤੇ ਵਲੋਂ ਜਾਰੀ ਕੀਤੀ 2018 ਦੀ ਹਵਾ ਸਬੰਧੀ ਰਿਪੋਰਟ ਵਿਚ ਦੁਨੀਆ ਦੇ 10 ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ ਵਿਚ ਭਾਰਤ ਦੇ 7 ਸ਼ਹਿਰ ਸ਼ਾਮਲ ਸਨ ਜਦੋਂਕਿ ਇੱਕ ਸ਼ਹਿਰ ਚੀਨ ਵਿਚ ਹੈ ਅਤੇ ਦੋ ਪਾਕਿਸਤਾਨ ਵਿਚ ਹਨ ਇਨ੍ਹਾਂ ਸੱਤ ਸ਼ਹਿਰਾਂ ਵਿਚੋਂ ਕ੍ਰਮਵਾਰ ਪਹਿਲੇ ਨੰਬਰ ਤੇ ਗੁਰੂਗਰਾਮ ਫੇਰ ਗ਼ਾਜ਼ਿਆਬਾਦ, ਫਰੀਦਾਬਾਦ, ਭਿਵਾਦੀ, ਨੋਇਡਾ, ਪਟਨਾ ਅਤੇ ਲਖਨਊ ਸ਼ਾਮਲ ਹਨ।

ਹਵਾ ਦਾ ਪ੍ਰਦੂਸ਼ਣ ਘੱਟ ਕਰਨ ਲਈ ਕੁਝ ਅਹਿਮ ਤਰੀਕੇ ਹਨ ਜਿਵੇਂ ਕਿ ਜਨਤਕ ਟ੍ਰਾਂਸਪੋਰਟ ਨੂੰ ਸੁਧਾਰਨਾ, ਸੜਕ ਤੇ ਪ੍ਰਦੂਸ਼ਣ ਵਾਲੇ ਵਾਹਨਾਂ ਦੀ ਗਿਣਤੀ ਨੂੰ ਘੱਟ ਕਰਨਾ, ਘੱਟ ਪ੍ਰਦੂਸ਼ਣ ਵਾਲੇ ਬਾਲਣ ਦੀ ਵਰਤੋਂ ਕਰਨਾ, ਸਖ਼ਤ ਪ੍ਰਦੂਸ਼ਣ ਨਿਯਮਾਂ ਦੀ ਉਸਾਰੀ, ਥਰਮਲ ਪਾਵਰ ਪਲਾਂਟਾਂ ਅਤੇ ਉਦਯੋਗਾਂ ਦੀ ਕੁਸ਼ਲਤਾ 'ਚ ਸੁਧਾਰ ਲਿਆਉਣਾ, ਡੀਜ਼ਲ ਜਨਰੇਟਰਾਂ ਦੀ ਬਜਾਏ ਰੂਫਟੌਪ ਸੌਰ ਊਰਜਾ ਦੀ ਵਰਤੋਂ, ਸਾਫ਼ ਨਵੀਨੀਕਰਣਯੋਗ ਊਰਜਾ ਦੀ ਵਰਤੋਂ ਵਿਚ ਵਾਧਾ, ਬਿਜਲੀ ਵਾਹਨਾਂ ਦੀ ਵਰਤੋਂ, ਉਸਾਰੀ ਦੀਆਂ ਗਤੀਵਿਧੀਆਂ ਨੂੰ ਨਿਯਮਿਤ ਕਰਨਾ, ਸਟੱਬਲ ਬਰਨਿੰਗ ਨੂੰ ਰੋਕਣਾ, ਬਾਲਣ ਦੀ ਬਜਾਏ ਐਲਪੀਜੀ ਦੀ ਵਰਤੋਂ ਅਤੇ ਹੋਰ ਕਦਮ ਸ਼ਾਮਲ ਹਨ।

ਇਸੇ ਤਰ੍ਹਾਂ ਪਾਣੀ ਦੇ ਪ੍ਰਦੂਸ਼ਣ ਦਾ ਮੁੱਦਾ ਵੀ ਬਹੁਤ ਗੰਭੀਰ ਹੈ। ਹਾਲ ਵਿਚ ਹੀ ਉੱਤਰਾਖੰਡ ਹਾਈ ਕੋਰਟ ਨੇ ਗੰਗਾ ਨੂੰ ਜਿਉਂਦੇ ਇਨਸਾਨ ਦਾ ਦਰਜਾ ਦਿੱਤਾ ਅਤੇ ਉਸਦੇ ਮਾਪੇ ਵੀ ਨਿਰਧਾਰਿਤ ਕੀਤੇ ਹਨ । ਗੰਗਾ ਨਦੀ ਭਾਰਤ ਦੇਸ਼ ਲਈ ਬਹੁਤ ਅਹਿਮ ਨਦੀ ਹੈ ਅਤੇ ਇਸਦੇ ਸਾਫ ਸਫਾਈ ਲਈ ਚਲ ਰਿਹਾ 'ਨਾਮਾਮੀ ਗੰਗਾ ਪ੍ਰੋਗਰਾਮ' ਕੁਛ ਹੱਦ ਤੱਕ ਹੀ ਸਫਲ ਹੋ ਪਾਇਆ ਹੈ। ਧਰਤੀ ਹੇਠਲਾ ਪਾਣੀ, ਖਾਸਕਰ ਪੰਜਾਬ 'ਚ ਬਹੁਤ ਗੰਭੀਰ ਸਥਿਤੀ ਵਿਚ ਹੈ। ਜੇ ਇਸ ਦਾ ਇਸੀ ਤਰ੍ਹਾਂ ਅੰਨ੍ਹੇਵਾਹ ਇਸਤੇਮਾਲ ਹੁੰਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦ ਹਰਿਆ-ਭਰਿਆ ਪੰਜਾਬ ਰੇਗਿਸਤਾਨ ਬਣ ਜਾਵੇਗਾ। ਇੰਨੀ ਡੂੰਘਾਈ ਤੋਂ ਪਾਣੀ ਕੱਢਣ ਕਰਕੇ ਕਈ ਰਸਾਇਣਿਕ ਤੱਤ ਜਿਵੇਂ ਆਰਸੇਨਿਕ, ਯੂਰੇਨੀਅਮ ਵਗੈਰਾ ਪਾਣੀ ਨਾਲ ਘੁਲ ਕੇ ਆ ਰਹੇ ਨੇ ਅਤੇ ਇਹ ਪ੍ਰਦੂਸ਼ਿਤ ਪਾਣੀ ਪੀਣ ਕਰਕੇ ਪੰਜਾਬ ਦੇ ਲੋਕ ਕੈਂਸਰ ਅਤੇ ਹੋਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਜ਼ਮੀਨ ਹੇਠਲੇ ਪਾਣੀ ਬਾਰੇ ਹਾਲ ਵਿਚ ਹੀ ਆਈ ਕੇਂਦਰੀ ਬੋਰਡ ਦੀ ਇਕ ਰਿਪੋਰਟ ਮੁਤਾਬਕ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਜੇਕਰ ਇਸੇ ਤਰ੍ਹਾਂ ਜਾਰੀ ਰਹੀ ਤਾਂ 25 ਵਰ੍ਹਿਆਂ ਦੇ ਵਿਚ ਹੀ ਸੂਬਾ ਮਾਰੂਥਲ ਵਿਚ ਤਬਦੀਲ ਹੋ ਜਾਵੇਗਾ ਇਸ ਰਿਪੋਰਟ ਵਿਚ ਕਿਹਾ ਗਿਆ ਕਿ ਜਿਸ ਰਫ਼ਤਾਰ ਨਾਲ ਹੁਣ ਪਾਣੀ ਕੱਢਿਆ ਜਾ ਰਿਹਾ ਹੈ, ਉਸ ਹਿਸਾਬ ਨਾਲ 300 ਮੀਟਰ ਦੀ ਡੂੰਘਾਈ ਤੱਕ ਮੌਜੂਦ ਪਾਣੀ ਦੇ ਸਾਰੇ ਸੋਮੇ 20-25 ਸਾਲਾਂ ਵਿਚ ਖ਼ਤਮ ਹੋ ਜਾਣਗੇ ਖੇਤੀ ਅਰਥਚਾਰੇ ਦੇ ਉਘੇ ਮਾਹਰ ਡਾ. ਐਸ. ਐਸ. ਜੌਹਲ ਨੇ ਕਿਹਾ ਕਿ ਪਾਣੀ ਦਾ ਪੱਧਰ ਡਿਗਣ ਦਾ ਸਭ ਤੋਂ ਵੱਡਾ ਕਾਰਣ ਝੋਨੇ ਦੀ ਫ਼ਸਲ ਹੈ ਕਿਸਾਨਾਂ ਨੂੰ ਮੁਫ਼ਤ ਪਾਣੀ ਮਿਲ ਰਿਹਾ ਹੈ ਤੇ ਬਹੁਤ ਅਜਾਈ ਜਾ ਰਿਹਾ ਹੈ ਉਨ੍ਹਾਂ ਕਿਹਾ ਕਿ ਇਸ ਦਾ ਮੁੱਲ ਤੈਅ ਕੀਤਾ ਜਾਣਾ ਚਾਹੀਦਾ ਹੈ

ਸੈਂਟਰਲ ਗਰਾਊਂਡ ਵਾਟਰ ਬੋਰਡ ਮੁਤਾਬਿਕ ਪੰਜਾਬ ਦੇ 141 ਐਗਰੀਕਲਚਰਲ ਡਿਵੈਲਪਮੈਂਟ ਬਲਾਕਸ 'ਚੋਂ 102 ਇਸ ਵੇਲੇ ਡਾਰਕ ਜ਼ੋਨ 'ਚ ਹਨ ਜਿਥੇ ਪਾਣੀ 200 ਫੁੱਟ ਜਾਂ ਇਸ ਤੋਂ ਝੂੰਘਾਈ 'ਤੇ ਹੈ। ਵਾਤਾਵਰਣਵਾਦੀ ਬਾਬਾ ਬਲਬੀਰ ਸਿੰਘ ਸੀਚੇਵਾਲ ਦੇ ਮੁਤਾਬਕ ਧਰਤੀ ਹੇਠ ਪਾਣੀ ਨੂੰ ਨਾ ਕੱਢਣ 'ਤੇ ਕੋਈ ਨਿਯਮ ਕਾਨੂੰਨ ਨਾ ਹੋਣ ਕਰਕੇ ਇਸ ਦਾ ਦੁਰਉਪਯੋਗ ਹੋ ਰਿਹਾ ਹੈ।

ਪੰਜਾਬ ਪੋਲਿਊਸ਼ਨ ਕੰਟਰੋਲ ਬੋਰਡ ਦੀ ਇੱਕ ਰਿਪੋਰਟ ਮੁਤਾਬਿਕ ਪੰਜਾਬ ਵਿਚ ਚਾਰ ਨਦੀਆਂ ਦਾ ਪਾਣੀ ਨਾ ਪੀਣਯੋਗ ਕਰਾਰ ਦਿੱਤਾ ਗਿਆ ਹੈ। ਸਮੇਂ ਰਹਿੰਦੇ ਅਸੀਂ ਪਾਣੀ ਦੇ ਮੁੱਲ ਨੂੰ ਨਾ ਸਮਝਿਆ ਤਾਂ ਸਾਡੀਆਂ ਆਉਣ ਵਾਲੀਆਂ ਪੀੜੀਆਂ ਪਿਆਸੀਆਂ ਮਰਨਗੀਆਂ ਅਤੇ ਸਾਨੂੰ ਦੋਸ਼ ਦੇਣਗੀਆਂ। ਪਾਣੀ ਖਰਾਬ ਹੋਣ ਕਰਕੇ ਇਸ ਵਿਚ ਰਹਿ ਰਹੇ ਜੀਵ-ਜੰਤੂਆਂ ਦੀ ਗਿਣਤੀ ਚਿੰਤਾਜਨਕ ਪੱਧਰ ਤੇ ਘੱਟ ਰਹੀ ਹੈ ਜਿਸ ਕਰਕੇ ਸਾਰਾ ਈਕੋਸਿਸਟਮ ਖਰਾਬ ਹੋ ਰਿਹਾ ਹੈ। ਅਜੇ ਕੁਝ ਸਮੇਂ ਪਹਿਲਾਂ ਹੈ ਬਿਆਸ ਦਰਿਆ ਵਿਚ ਵੱਡੇ ਪੱਧਰ ਤੇ ਮੱਛੀਆਂ ਅਤੇ ਹੋਰ ਸਮੁੰਦਰੀ ਜੀਵ ਮਾਰੇ ਪਾਏ ਗਏ ਸਨ ਜਿਸਦਾ ਕਾਰਣ ਕਾਰਖਾਨਿਆਂ ਵਲੋਂ ਛੱਡਿਆ ਜਾ ਰਿਹਾ ਦੂਸ਼ਿਤ ਪਾਣੀ ਸੀ ਹੁਣ ਜੇ ਇਹ ਮੱਛੀਆਂ ਇਨਸਾਨ ਖਾ ਲਵੇ ਤਾਂ ਉਸਨੂੰ ਪੱਕਾ ਕੋਈ ਨਾ ਕੋਈ ਰੋਗ ਲੱਗ ਜਾਏਗਾ ਜਪਾਨ ਵਿਚ ਹੋਈ 'ਮਿਨਿਮਾਟਾ ਘਟਨਾ' ਇਤਿਹਾਸ ਦੀ ਮਹੱਤਵਪੂਰਨ ਘਟਨਾ ਹੈ ਜਿਥੇ ਪਾਣੀ ਵਿਚ ਉਦਯੋਗਿਕ ਕਾਰਖਾਨਿਆਂ ਤੋਂ ਮਰਕਰੀ ਮਿਲਣ ਕਰਕੇ ਇਹ ਮੱਛੀਆਂ ਵਿਚ ਚਲੀ ਗਈ ਅਤੇ ਇਹ ਮੱਛੀਆਂ ਜਦੋਂ ਲੋਕਾਂ ਨੇ ਖਾਧੀਆਂ ਤਾਂ ਉਨ੍ਹਾਂ ਦੀ ਮੌਤ ਹੋਣੀ ਸ਼ੁਰੂ ਹੋ ਗਈ। ਸਾਨੂੰ ਅਜਿਹੀਆਂ ਘਟਨਾਵਾਂ ਤੋਂ ਸਬਕ ਲੈਣ ਦੀ ਲੋੜ ਹੈ।

ਮਿੱਟੀ ਪ੍ਰਦੂਸ਼ਣ ਵੀ ਇਕ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਪੋਲੀਥੀਨ ਦੇ ਲਿਫਾਫੇ, ਸੀਵਰੇਜ, ਖੇਤੀ ਵਿਚ ਪੈਸਟੀਸਾਈਡਸ ਦੀ ਵਰਤੋਂ, ਰੁੱਖ ਕੱਟਣਾ ਇਸਦੇ ਕੁਝ ਕਾਰਨ ਹਨ। ਮਿੱਟੀ ਦੇ ਪ੍ਰਦੂਸ਼ਣ ਕਰਕੇ ਉਪਜਾਊ ਮਿੱਟੀ ਖਤਮ ਹੋ ਰਹੀ ਹੈ ਅਤੇ ਫ਼ਸਲਾਂ ਦੀ ਪੈਦਾਵਾਰ ਘੱਟ ਰਹੀ ਹੈ। ਉਹ ਸਮਾਂ ਦੂਰ ਨਹੀਂ ਜਦ ਮਿੱਟੀ ਬੰਜਰ ਹੋ ਜਾਵੇਗੀ। ਇਸੇ ਤਰ੍ਹਾਂ ਆਵਾਜ਼ ਦਾ ਪ੍ਰਦੂਸ਼ਣ ਵੀ ਲਗਾਤਾਰ ਵੱਧ ਰਿਹਾ ਹੈ। ਹੌਰਨ ਸੱਭਿਆਚਾਰ ਨੇ ਇਨਸਾਨ ਦੀ ਮੱਤ ਮਾਰ ਦਿੱਤੀ ਹੈ ਖਾਸਕਰ ਭਾਰਤ ਵਰਗੇ ਮੁਲਕ ਵਿਚ ਜਿਥੇ ਹੌਰਨ ਮਾਰਨਾ ਬੇਜ਼ਤੀ ਨਾ ਸਮਝ ਲੋਕ ਆਪਣਾ ਅਧਿਕਾਰ ਸਮਝਦੇ ਹਨ । ਇਕ ਮਿੰਟ ਦਾ ਵੀ ਸਬਰ ਕਿਤੇ ਬਿਨ੍ਹਾਂ ਬਸ ਹੌਰਨ 'ਤੇ ਹੱਥ ਰੱਖ ਲੋਕ ਆਪਣੇ ਕਿਰਦਾਰ ਤੋਂ ਜਾਣੂ ਕਰਵਾਉਂਦੇ ਹਨ । ਟ੍ਰੈਫ਼ਿਕ, ਪਟਾਕਿਆਂ ਦਾ ਸ਼ੋਰ, ਉਦਯੋਗਿਕ ਕਾਰਖਾਨਿਆਂ ਵਗੈਰਾ ਵੀ ਆਵਾਜ਼ ਪ੍ਰਦੂਸ਼ਣ ਦਾ ਮੁੱਖ ਕਾਰਨ ਹਨ।

ਵਾਤਾਵਰਣ ਨੂੰ ਲੈ ਕੇ ਇਸ ਸਮੇਂ ਸਾਰੀ ਦੁਨੀਆ ਚਿੰਤਿਤ ਹੈ। ਦੁਨੀਆ ਵਿਚ ਕੁਝ ਸੰਸਥਾਵਾਂ ਇਸ ਖੇਤਰ ਵਿਚ ਸ਼ਲਾਘਾਯੋਗ ਕੰਮ ਕਰ ਰਹੀਆਂ ਹਨ। ਜਿਵੇਂ ਕਿ 1961 ਵਿਚ ਬਣੀ "ਵਰਲਡ ਵਾਈਲਡ ਲਾਈਫ" ਫੰਡ ਜੋ ਕਿ ਸਵਿਟਜ਼ਰਲੈਂਡ ਸਥਿਤ ਹੈ ਅਤੇ ਪੂਰੀ ਦੁਨੀਆ ਵਿਚ ਵਾਤਾਵਰਣ ਦੀ ਸਾਂਭ-ਸੰਭਾਲ ਦੇ ਖੇਤਰ ਵਿਚ ਚੰਗਾ ਕੰਮ ਕਰ ਰਹੀ ਹੈ। ਇਹ ਸੰਸਥਾ ਸਾਰੀ ਦੁਨੀਆ ਵਿਚ ਆਪਣੇ ਮਸ਼ਹੂਰ ਲੋਗੋ ਪਾਂਡਾ ਨਾਲ ਜਾਣੀ ਜਾਂਦੀ ਹੈ। ਇਸੇ ਤਰ੍ਹਾਂ ਕਈ ਹੋਰ ਸੰਸਥਾਵਾਂ ਜਿਵੇਂ ਕਿ ਇੰਟਰ-ਗਵਰਨਮੈਂਟਲ ਪੈਨਲ ਆਨ ਕਲਾਈਮੇਟ ਚੇਂਜ, ਸੰਯੁਕਤ ਰਾਸ਼ਟਰ ਵਾਤਾਵਰਣ ਸੁਰੱਖਿਆ ਏਜੰਸੀ, ਵਾਈਲਡ ਲਾਈਫ ਕੰਜ਼ਰਵੇਸ਼ਨ ਸੋਸਾਇਟੀ ਅਤੇ ਹੋਰ ਕਈ ਸੰਸਥਾਵਾਂ ਲਗਾਤਾਰ ਪੂਰੀ ਦੁਨੀਆ ਵਿਚ ਕੰਮ ਕਰ ਰਹੀਆਂ ਹਨ। ਭਾਰਤ ਵਿਚ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦਾ ਬਣਨਾ ਵੀ ਇਕ ਮਹੱਤਪੂਰਨ ਦਿਨ ਸੀ। ਇਸ ਨੂੰ ਸੰਸਦ ਦੇ ਇਕ ਐਕਟ ਨਾਲ ਬਣਾਇਆ ਗਿਆ ਹੈ। ਇਸ ਦਾ ਕੰਮ ਵਾਤਾਵਰਣ ਸੰਬੰਧੀ ਮੁੱਦਿਆਂ 'ਤੇ ਕੇਸਾਂ ਦਾ ਜਲਦ ਨਿਪਟਾਰਾ ਕਰਨਾ ਹੈ। 2010 ਵਿਚ ਬਣੇ ਇਸ ਟ੍ਰਿਬਿਊਨਲ ਨੇ ਕਈ ਅਹਿਮ ਮੁੱਦਿਆਂ 'ਤੇ ਸੁਣਵਾਈ ਕੀਤੀ ਹੈ ਜਿਵੇਂ ਕਿ ਯਮੁਨਾ ਕੰਜ਼ਰਵੇਸ਼ਨ ਜ਼ੋਨ ਬਣਾਉਣ ਦਾ ਫੈਸਲਾ ਅਤੇ ਛੱਤੀਸਗੜ੍ਹ ਵਿਚ ਕੋਲ ਬਲਾਕਸ ਰੱਦ ਕਰਨੇ।

ਸਾਨੂੰ ਆਪਣੇ ਪੱਧਰ 'ਤੇ ਵੀ ਕਈ ਪਹਿਲ ਕਦਮੀਆਂ ਕਰਨ ਦੀ ਲੋੜ ਹੈ ਕਿਉਂਕਿ ਅਸੀਂ ਵੀ ਇਸ ਧਰਤੀ ਦੇ ਵਾਸੀ ਹਾਂ। ਜੇ ਅਸੀਂ ਇਹ ਸੋਚੀ ਜਾਈਏ ਕਿ ਵਾਤਾਵਰਣ ਸੰਭਾਲਣਾ ਤਾਂ ਸੰਸਥਾਵਾਂ ਜਾਂ ਸਰਕਾਰਾਂ ਦਾ ਕੰਮ ਹੈ ਤਾਂ ਅਸੀਂ ਬਿਲਕੁਲ ਗਲਤ ਹਾਂ। ਆਪਣੇ ਤੋਂ ਸ਼ੁਰੂਆਤ ਕਰਕੇ ਹੀ ਅਸੀਂ ਆਪਣੇ ਪਰਿਆਵਰਣ ਨੂੰ ਸਾਂਭ ਸਕਦੇ ਹਾਂ। ਸਾਨੂੰ ਆਪਣੇ ਆਲੇ-ਦੁਆਲੇ ਸਫਾਈ ਰੱਖਣੀ ਚਾਹੀਦੀ ਹੈ ਅਤੇ ਜੇ ਘਰ ਵਿਚ ਹੋ ਸਕੇ ਤਾਂ ਨਸ਼ਟ ਹੋਣ ਯੋਗ ਅਤੇ ਨਾ ਨਸ਼ਟ ਹੋਣ ਯੋਗ ਕੂੜੇ ਨੂੰ ਅਲੱਗ-ਅਲੱਗ ਰੱਖਣਾ ਚਾਹੀਦਾ ਹੈ। ਕਾਰ ਪੂਲਿੰਗ ਦੀ ਵਰਤੋਂ ਹੋਣੀ ਚਾਹੀਦੀ ਹੈ ਤਾਂਕਿ ਅਸੀਂ ਆਪਣਾ ਕਾਰਬਨ ਫੁਟਪ੍ਰਿੰਟ ਘਟਾ ਸਕੀਏ। ਪਾਣੀ ਦੀ ਜਿੰਨੀ ਜ਼ਰੂਰਤ ਹੋਵੇ ਓਨੀ ਹੀ ਵਰਤੋਂ ਹੋਣੀ ਚਾਹੀਦੀ ਹੈ। ਸਾਨੂੰ ਹੌਲੀ-ਹੌਲੀ ਆਰਗੈਨਿਕ ਖੇਤੀ ਵੱਲ ਜਾਣਾ ਚਾਹੀਦਾ ਹੈ ਤਾਂਕਿ ਅਸੀਂ ਮਿੱਟੀ ਨੂੰ ਬੰਜਰ ਹੋਣ ਤੋਂ ਬਚਾ ਸਕੀਏ। ਸਾਨੂੰ ਵੱਧ ਤੋਂ ਵੱਧ ਦਰਖਤ ਲਾਉਣੇ ਚਾਹੀਦੇ ਹਨ ਤਾਂਕਿ ਅਸੀਂ ਸਾਫ ਹਵਾ ਦਾ ਆਨੰਦ ਮਾਣ ਸਕੀਏ। ਕੁਝ ਦਿਨ ਪਹਿਲਾਂ ਹੀ ਬੰਗਲੌਰ ਦਾ ਇੱਕ ਸਾਇੰਟਿਸਟ ਏ.ਆਰ. ਸ਼ਿਵਕੁਮਾਰ ਇਸ ਕਰਕੇ ਬਹੁਤ ਮਸ਼ਹੂਰ ਹੋਇਆ ਕਿ ਉਸ ਨੇ ਪਿਛਲੇ 22 ਸਾਲਾਂ ਤੋਂ ਪਾਣੀ ਦਾ ਬਿੱਲ ਨਹੀਂ ਦਿੱਤਾ ਬਲਕਿ ਪਾਣੀ ਦੀ ਸੰਭਾਲ ਦਾ ਇਕ ਬਿਹਤਰੀਨ ਨਮੂਨਾ ਪੇਸ਼ ਕੀਤਾ ਮੀਂਹ ਦੇ ਪਾਣੀ ਦਾ ਸੰਰਕਸ਼ਨ ਕਰਕੇ ਉਸ ਨੂੰ ਵਰਤੋਂ ਵਿਚ ਲਿਆਂਦਾ ਅਤੇ ਘਰ ਦੇ ਪਾਣੀ ਜਿਵੇਂ ਕਿ ਕੱਪੜੇ ਧੋਣ ਵਾਲਾ ਅਤੇ ਰਸੋਈ ਵਾਲੇ ਪਾਣੀ ਨੂੰ ਫਿਲਟਰ ਕਰ ਮੁੜ ਉਪਯੋਗ ਵਿਚ ਲਿਆਇਆ। ਸਾਨੂੰ ਅਜਿਹੇ ਇਨਸਾਨ ਤੋਂ ਸਿੱਖਣ ਦੀ ਲੋੜ ਹੈ।

ਇਹ ਸਾਡਾ ਪਲ ਹੈ ਅਸੀਂ ਸਮੇਂ ਨੂੰ ਨਹੀਂ ਮੋੜ ਸਕਦੇ ਪਰ ਅਸੀਂ ਦਰੱਖਤ ਉਗਾ ਸਕਦੇ ਹਾਂ, ਆਪਣੇ ਸ਼ਹਿਰਾਂ ਨੂੰ ਹਰਿਆਲੀ ਨਾਲ ਭਰ ਸਕਦੇ ਹਾਂ, ਆਪਣੇ ਬਾਗਾਂ ਨੂੰ ਦੁਬਾਰਾ ਬਣਾ ਸਕਦੇ ਹਾਂ, ਆਪਣਾ ਭੋਜਨ ਬਦਲ ਸਕਦੇ ਹਾਂ ਅਤੇ ਦਰਿਆਵਾਂ ਅਤੇ ਤੱਟਾਂ ਨੂੰ ਸਾਫ਼ ਕਰ ਸਕਦੇ ਹਾਂ ਅਸੀਂ ਉਹ ਪੀੜ੍ਹੀ ਹਾਂ ਜੋ ਕੁਦਰਤ ਨਾਲ ਸ਼ਾਂਤੀ ਬਣਾ ਕੇ ਰਹਿ ਸਕਦੀ ਹੈ ਆਓ ਕਿਰਿਆਸ਼ੀਲ ਹੋਵੋ, ਚਿੰਤਤ ਨਹੀਂ ਆਓ ਦਲੇਰ ਹੋਵੋ, ਡਰੋ ਨਾ।

# ਸਮਾਜਿਕ ਚਿੰਤਕ ਅਤੇ ਸਮਾਜਿਕ ਮੁੱਦਿਆ ਤੇ ਪਹਿਰਾ ਦੇਣ ਵਾਲੇ ਜੈ ਸਿੰਘ ਫਿਲੌਰ ਨੂੰ ਯਾਦ ਕਰਦਿਆਂ



ਕੁਲਦੀਪ ਚੰਦ
91-9417563054

ਜੈ ਸਿੰਘ ਫਿਲੌਰ ਜਿਸਦੀ ਪਹਿਚਾਣ ਸਮਾਜਿਕ ਕਾਰਜਕਰਤਾ ਅਤੇ ਐਕਟਿਵਿਸਟ ਦੇ ਤੋਰ ਤੇ ਰਹੀ ਹੈ ਨੇ ਪੰਜਾਬ ਵਿੱਚ ਬੰਧੂਆਂ ਮਜਦੂਰੀ ਦੇ ਕਲੰਕ, ਦਲਿਤਾਂ ਨਾਲ ਵਾਪਰਦੀਆਂ ਅਤਿੱਆਚਾਰਾਂ ਦੀਆਂ ਘਟਨਾਵਾਂ, ਪੰਜਾਬ ਵਿੱਚ ਆਏ ਖੇਤੀ ਸੰਕਟ ਕਾਰਨ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵਲੋਂ ਕੀਤੀਆਂ ਜਾ ਰਹੀਆਂ ਆਤਮ ਹੱਤਿਆਵਾਂ, ਪਾਖੰਡਵਾਦ, ਆਦਿ ਸਬੰਧੀ ਮੁਹਿੰਮ ਚਲਾਈ ਅਤੇ ਲੋਕਾਂ ਨੂੰ ਜਾਗਰੂਕ ਕੀਤਾ। ਜੈ ਸਿੰਘ ਫਿਲੌਰ ਸਬੰਧੀ ਮਿਲੀ ਜਾਣਕਾਰੀ ਅਨੁਸਾਰ ਆਪ ਇੱਕ ਦਲਿੱਤ ਪਰਿਵਾਰ ਨਾਲ ਸਬੰਧ ਰੱਖਦੇ ਸਨ ਅਤੇ ਆਪ ਦੇ ਦਾਦਾ ਸਰਦਾਰ ਪ੍ਰਤਾਪ ਸਿੰਘ ਮਾਨਸਾ ਵਿੱਚ ਰਹਿੰਦੇ ਸਨ ਅਤੇ ਰੇਲਵੇ ਵਿਭਾਗ ਵਿੱਚ ਕੰਮ ਕਰਦੇ ਸਨ ਜਿਨ੍ਹਾਂ ਦੀ ਸਾਲ 1968 ਵਿੱਚ ਮੌਤ ਹੋ ਗਈ। ਆਪ ਦੇ ਪਿਤਾ ਸਰਦਾਰ ਪਿਆਰਾ ਸਿੰਘ ਪੇਸ਼ੇ ਵਜੋਂ ਇੱਕ ਅਧਿਆਪਕ ਸਨ ਅਤੇ ਮਾਨਸਾ ਇਲਾਕੇ ਵਿੱਚ ਸਿੱਖਿਆ ਵਿਭਾਗ ਵਿੱਚ ਨੌਕਰੀ ਕਰਦੇ ਸਨ,1948 ਵਿੱਚ ਆਪ ਦਾ ਪਰਿਵਾਰ ਮਾਨਸਾ ਛੱਡਕੇ ਧਰਮਸ਼ਾਲਾ ਮੌਜੂਦਾ ਹਿਮਾਚਲ ਪ੍ਰਦੇਸ ਅਤੇ ਫਿਰ ਚੰਬਾ ਚੱਲੇ ਗਏ ਜਿੱਥੇ ਚੰਬਾ ਰਿਆਸਤ ਦੇ ਰਾਜਾ ਦੇ ਬੱਚਿਆਂ ਅਤੇ ਚੰਬਾ ਦੇ ਡਿਪਟੀ ਕਮਿਸ਼ਨਰ ਦੇ ਬੱਚਿਆਂ ਨੂੰ ਪੜ੍ਹਾਉਣ ਦਾ ਕੰਮ ਕੀਤਾ। 1952 ਵਿੱਚ ਆਪ ਦਾ ਪਰਿਵਾਰ ਵਾਪਸ ਮਾਨਸਾ ਪੰਜਾਬ ਆ ਗਿਆ ਜਿੱਥੇ ਇੱਕ ਸਕੂਲ ਵਿੱਚ ਅਧਿਆਪਕ ਵਜੋਂ ਕੰਮ ਕਰਦੇ ਰਹੇ। ਜੈ ਸਿੰਘ ਫਿਲੌਰ ਦਾ ਜਨਮ 20 ਜੁਲਾਈ 1954 ਨੂੰ ਮਾਨਸਾ ਵਿੱਚ ਪਿਤਾ ਪਿਆਰਾ ਸਿੰਘ ਅਤੇ ਮਾਤਾ ਬਲਦੇਵ ਕੌਰ ਦੇ ਘਰ ਹੋਇਆ। ਆਪ 3 ਭੈਣ ਭਰਾ ਸਨ ਆਪ ਦਾ ਭਰਾ ਕੈਲਾਸ਼ ਸਿੰਘ ਸੀ ਜਿਸਦੀ ਸਾਲ 2006 ਵਿੱਚ ਮੌਤ ਹੋ ਚੁੱਕੀ ਹੈ। ਆਪ ਦੀ ਭੈਣ ਰਾਜਿੰਦਰ ਕੌਰ ਅਪਣੇ ਸਹੁਰੇ ਪਰਿਵਾਰ ਨਾਲ ਰਹਿ ਰਹੀ ਹੈ। ਆਪ ਦਾ ਪਰਿਵਾਰ ਸਾਲ 1955 ਵਿੱਚ ਮਾਨਸਾ ਤੋਂ ਪੰਜਾਬ ਦੇ ਫਿਲੌਰ ਕਸਬੇ ਵਿੱਚ ਆਕੇ ਰਹਿਣ ਲੱਗ ਪਿਆ। ਆਪ ਦਾ ਪਰਿਵਾਰ ਸ਼ੁਰੂ ਤੋਂ ਪਾਖੰਡਵਾਦ ਦਾ ਵਿਰੋਧੀ ਰਿਹਾ ਹੈ। ਸਕੂਲੀ ਪੜ੍ਹਾਈ ਤੋਂ ਬਾਦ ਆਪ ਇੰਡੀਅਨ ਨੇਵੀ ਵਿੱਚ ਭਰਤੀ ਹੋ ਗਏ ਅਤੇ 1971 ਵਿੱਚ ਭਾਰਤ-ਪਾਕਿਸਤਾਨ ਯੁੱਧ ਵਿੱਚ ਲੜਾਈ ਲੜ੍ਹੀ। ਆਪ ਨੇਵੀ ਤੋਂ ਵਾਪਸ ਆਕੇ ਫਿਲੌਰ ਪੰਜਾਬ ਵਿੱਚ 1975 ਵਿੱਚ ਖੇਤੀਬਾੜੀ ਉਦਮੀ ਬਣ ਗਏ ਅਤੇ ਕਿਸਾਨਾਂ ਨੂੰ ਖੇਤੀ ਦਾ ਧੰਦਾ ਲਾਭਕਾਰੀ ਬਣਾਉਣ ਲਈ ਸਹਾਇਤਾ ਕੀਤੀ। ਆਪ ਦਾ ਵਿਆਹ ਸਾਲ 1977 ਵਿੱਚ ਪਰਮਿੰਦਰ ਕੌਰ ਨਾਲ ਹੋਇਆ। 1977 ਵਿੱਚ ਆਪ ਦੇ ਪਿਤਾ ਪਿਆਰਾ ਸਿੰਘ ਦੀ ਮੌਤ ਹੋ ਗਈ। ਆਪ ਦਾ ਪੂਰਾ ਪਰਿਵਾਰ ਅੰਦੋਲਨਕਾਰੀ ਰਿਹਾ ਹੈ। ਆਪ ਦੇ ਘਰ ਵਿੱਚ 03 ਬੱਚੇ ਪੈਦਾ ਹੋਏ ਹਨ ਜਿਨ੍ਹਾਂ ਵਿੱਚੋਂ ਇੱਕ ਲੜਕੀ ਪ੍ਰਭਜੋਤ ਕੌਰ ਅਪਣੇ ਪਤੀ ਨਾਲ ਇੰਗਲੈਂਡ ਵਿੱਚ ਰਹਿ ਰਹੀ ਹੈ, ਦੂਜੀ ਲੜਕੀ ਗਗਨਦੀਪ ਕੌਰ ਵਿਆਹ ਤੋਂ ਬਾਦ ਵੀ ਅਪਣੇ ਪਿਤਾ ਨਾਲ ਸਮਾਜਿਕ ਅੰਦੋਲਨ ਚਲਾਂਦੀ ਰਹੀ ਹੈ ਅਤੇ ਬੇਟਾ ਜਸਕਰਨ ਸਿੰਘ ਪਰਿਵਾਰ ਸਮੇਤ ਇਸ ਅੰਦੋਲਨ ਵਿੱਚ ਕੰਮ ਕਰ ਰਿਹਾ ਹੈ। ਦੇਸ਼ ਵਿੱਚ ਕਾਂਗਰਸ ਸਰਕਾਰ ਵਲੋਂ ਲਗਾਈ ਗਈ ਐਮਰਜੈਂਸੀ ਨੇ ਆਪ ਨੂੰ ਪ੍ਰਭਾਵਿਤ ਕੀਤਾ ਅਤੇ 1977 ਵਿੱਚ ਜਨਤਾ ਪਾਰਟੀ ਵਿੱਚ ਸ਼ਾਮਿਲ ਹੋ ਗਏ ਅਤੇ ਪੰਜਾਬ ਦੇ ਜਨਰਲ ਸਕੱਤਰ ਬਣ ਗਏ। 1980 ਵਿੱਚ ਬੰਧੂਆਂ ਮਜਦੂਰਾਂ ਨੂੰ ਅਜਾਦ ਕਰਵਾਉਣ ਲਈ ਸਵਰਗੀ ਸਵਾਮੀ ਅਗਨੀਵੇਸ਼ ਦੀ ਅਗਵਾਈ ਵਿੱਚ ਬੰਧੂਆ ਮੁੱਕਤੀ ਮੋਰਚਾ ਸਥਾਪਿਤ ਹੋਇਆ ਜਿਸਦਾ ਮੁੱਖ ਦੱਫਤਰ ਦਿੱਲੀ ਵਿੱਚ ਬਣਾਇਆ ਗਿਆ। ਸਾਲ 1981 ਵਿੱਚ ਸਵਾਮੀ ਅਗਨੀਵੇਸ਼ ਫਿਲੌਰ ਆਏ ਅਤੇ ਜੈ ਸਿੰਘ ਦੇ ਘਰ ਗਏ ਜਿੱਥੇ ਮਾਤਾ ਬਲਦੇਵ ਕੌਰ ਨੂੰ ਕਿਹਾ ਕਿ ਇਹ ਲੜਕਾ ਸਮਾਜਿਕ ਅੰਦੋਲਨ ਵਾਸਤੇ ਦੇ ਦੇਵੋ। ਇਸਤੋ ਬਾਦ ਆਪ ਸਵਾਮੀ ਅਗਨੀਵੇਸ ਨਾਲ ਬੰਧੂਆ ਮੁੱਕਤੀ ਮੋਰਚਾ ਵਿੱਚ ਸ਼ਾਮਿਲ ਹੋ ਗਏ। ਇਸ ਸੰਗਠਨ ਵਿੱਚ ਆਪ ਨੇ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਬੰਧੁਆਂ ਮਜਦੂਰਾਂ ਨੂੰ ਅਜਾਦ ਕਰਵਾਉਣ ਲਈ ਕੰਮ ਕੀਤਾ ਅਤੇ ਇਸ ਦੌਰਾਨ ਆਪ ਤੇ ਕਈ ਵਾਰ ਜਾਨਲੇਵਾ ਹਮਲੇ ਹੋਏ। 1985 ਵਿੱਚ ਆਪ ਵਾਪਿਸ ਪੰਜਾਬ ਆ ਗਏ ਅਤੇ ਵਾਲੰਟੀਅਰਜ਼ ਫਾਰ ਸੋਸ਼ਲ ਜਸਟਿਸ ਨਾਮ ਦਾ ਸੰਗਠਨ ਬਣਾਇਆ। ਇਸ ਸੰਗਠਨ ਵਲੋਂ ਖੇਤੀਬਾੜੀ ਦੇ ਧੰਦੇ ਨਾਲ ਜੁੜ੍ਹੇ ਕਿਸਾਨਾਂ ਅਤੇ ਮਜਦੂਰਾਂ ਦੇ ਕਣਕ ਥ੍ਰੈਸ਼ਰਾਂ ਨਾਲ ਹੋਣ ਵਾਲੇ ਹਾਦਸਿਆਂ ਵਿੱਚ ਹੋਏ ਨੁਕਸਾਨ ਸਬੰਧੀ ਸਰਵੇਖਣ ਕੀਤਾ ਅਤੇ 1000 ਹਾਦਸਾ ਪੀੜ੍ਹਤਾਂ ਦੀ ਪਛਾਣ ਕਰਕੇ ਮਾਣਯੋਗ ਸੁਪਰੀਮ ਕੋਰਟ ਵਿੱਚ ਇੱਕ ਜਨਹਿੱਤ ਪਟੀਸਨ ਦਾਇਰ ਕੀਤੀ। ਇਸ ਵਿੱਚ ਮਾਣਯੋਗ ਅਦਾਲਤ ਨੇ ਖਤਰਨਾਕ ਮਸ਼ਿਨਰੀ ਐਕਟ ਅਧੀਨ ਰਾਜ ਸਰਕਾਰ ਨੂੰ ਦਿਸ਼ਾ ਨਿਰਦੇਸ਼ ਦਿਤੇ ਕਿ ਅਜਿਹੇ ਹਾਦਸਾ ਪੀੜ੍ਹਤ ਮਜਦੂਰਾਂ ਅਤੇ ਕਿਸਾਨਾਂ ਦੇ ਰਿਹੈਬਲੀਟੇਸਨ ਲਈ ਅਤੇ ਇਨ੍ਹਾਂ ਥ੍ਰੈਸ਼ਰਾਂ ਕਰਨ ਹੋਣ ਵਾਲੇ ਹਾਦਸਿਆਂ ਨੂੰ ਰੋਕਣ ਲਈ ਯੋਗ ਕਦਮ ਚੁੱਕੇ ਜਾਣ। ਦੱਸਣਯੋਗ ਹੈ ਕਿ ਸਾਲ 1987 ਵਿੱਚ ਸ਼ੁਰੂ ਹੋਈ ਖੇਤੀ ਦੇ ਧੰਦੇ ਨਾਲ ਜੁੜ੍ਹੇ ਲੋਕਾਂ ਲਈ ਇਸ ਸਭ ਤੋਂ ਵੱਡੀ ਭਲਾਈ ਸਕੀਮ ਹੈ ਜੋਕਿ ਪੰਜਾਬ ਮੰਡੀ ਦੁਆਰਾ ਲਾਗੂ ਕੀਤੀ ਗਈ ਅਤੇ ਹਾਦਸਾ ਪੀੜ੍ਹਤਾਂ ਨੂੰ 2 ਲੱਖ ਦੀ ਸਹਾਇਤਾ ਦਿਤੀ ਜਾਂਦੀ ਹੈ। ਆਪ ਨੇ ਪੰਜਾਬ ਦੇ ਵੱਖ ਵੱਖ ਭਾਗਾਂ ਵਿੱਚ ਖੇਤੀਬਾੜੀ ਅਤੇ ਇੱਟਾਂ ਦੇ ਭੱਠਿਆਂ ਤੇ ਕੰਮ ਕਰਨ ਵਾਲੇ ਹਜਾਰਾਂ ਬੰਧੂਆਂ ਮਜਦੂਰਾਂ ਨੂੰ ਅਜਾਦ ਕਰਵਾਉਣ ਲਈ ਲੱਗਭੱਗ 300 ਸ਼ਿਕਾਇਤਾਂ ਦਾਇਰ ਕੀਤੀਆਂ ਅਤੇ ਵੱਖ ਵੱਖ ਅਥਾਰਟੀਜ ਨੂੰ ਨਾਲ ਲੈਕੇ ਬੰਧੂਆਂ ਮਜਦੂਰਾਂ ਨੂੰ ਅਜਾਦ ਕਰਵਾਇਆ। ਆਪ ਵਲੋਂ ਕੀਤੇ ਜਾ ਰਹੇ ਸਮਾਜਿਕ ਕਾਰਜਾਂ ਨੂੰ ਵੇਖਦੇ ਹੋਏ 1991 ਵਿੱਚ ਆਪ ਨੂੰ ਐਡਵੋਕੇਸੀ ਇੰਸਟੀਚਿਉਟ ਵਾਸ਼ਿੰਗਟਨ ਡੀ ਸੀ ਵਲੋਂ ਫੈਲੋਸ਼ਿੱਪ ਦਿੱਤੀ ਗਈ। 1995 ਵਿੱਚ ਆਪ ਨੇ ਸੰਯੁਕਤ ਰਾਸ਼ਟਰ ਜਨੇਵਾ ਵਿੱਚ ਭਾਰਤ ਦੇਸ਼ ਵਿੱਚ ਗੁਲਾਮ ਮਜਦੂਰਾਂ ਦੀ ਸਥਿਤੀ ਸਬੰਧੀ ਰਿਪੋਰਟ ਪੇਸ਼ ਕੀਤੀ। ਸਾਲ 1998 ਵਿੱਚ ਨੋਬਲ ਸ਼ਾਂਤੀ ਪੁਰਸਕਾਰ ਕੈਲਾਸ਼ ਸਤਿਆਰਥੀ ਦੀ ਅਗਵਾਈ ਵਿੱਚ ਬਚਪਨ ਬਚਾਓ ਅੰਦੋਲਨ ਵਲੋਂ ਚਲਾਏ ਗਏ ਬਾਲ ਮਜਦੂਰੀ ਦੇ ਵਿਰੋਧ ਵਿੱਚ ਗਲੋਬਲ ਮਾਰਚ ਵਿੱਚ ਭਾਗ ਲਿਆ ਅਤੇ ਇਸ ਕੁਰਿਤੀ ਖਿਲਾਫ ਕੰਮ ਕੀਤਾ। 1998 ਵਿੱਚ ਆਪ ਨੇ ਦਲਿਤ ਦਾਸਤਾ ਵਿਰੋਧੀ ਅੰਦੋਲਨ ਸ਼ੁਰੂ ਕੀਤਾ ਅਤੇ ਵੱਖ ਵੱਖ ਥਾਵਾਂ ਤੇ ਲੋਕਾਂ ਨੂੰ ਉਨ੍ਹਾਂ ਦੇ ਸੰਵਿਧਾਨਿਕ ਹੱਕਾਂ ਲਈ ਜਾਗਰੁਕ ਕਰਨ ਲਈ ਮੁਹਿੰਮ ਚਲਾਈ। ਸਾਲ 2002 ਅਤੇ 2003 ਵਿੱਚ ਆਪ ਨੇ ਖੇਡ ਉਦਯੋਗ ਵਿੱਚ ਚੱਲ ਰਹੀ ਬਾਲ ਮਜਦੂਰੀ ਦੇ ਖਾਤਮੇ ਲਈ ਕੰਮ ਕੀਤਾ ਅਤੇ ਪੰਜਾਬ ਵਿੱਚ ਬਾਲ ਮਜਦੂਰਾਂ ਲਈ 100 ਰਾਸਟਰੀ ਬਾਲ ਮਜ਼ਦੂਰ ਪ੍ਰੋਜੈਕਟ ਸਕੂਲ ਸ਼ੁਰੂ ਕੀਤੇ। ਸਾਲ 2003 ਵਿੱਚ ਆਪ ਨੇ ਗੁਲਾਮੀ ਤੋਂ ਮੁੱਕਤੀ ਦੇ ਸਿਰਲੇਖ ਵਾਲੇ ਇੱਕ ਕਿਤਾਬ ਤਿਆਰ ਕੀਤੀ ਅਤੇ ਲੋਕਾਂ ਨੂੰ ਅਧੁਨਿਕ ਗੁਲਾਮੀ ਦੇ ਰੂਪਾਂ ਬਾਰੇ ਜਾਗਰੂਕ ਕਰਨ ਲਈ ਮੁਹਿੰਮ ਚਲਾਈ। ਸਾਲ 2004 ਵਿੱਚ ਆਪ ਨੇ ਮਾਨਸਾ ਤੋਂ ਫਿਰੋਜਪੁਰ, ਅਮ੍ਰਿਤਸਰ ਆਦਿ ਰਸਤੇ ਦਿੱਲੀ ਤੱਕ ਲੱਗਭੱਗ 1500 ਕਿਲੋਮੀਟਰ ਸਾਇਕਲ ਮਾਰਚ ਕੀਤਾ ਜਿਸ ਦੌਰਾਨ ਖੇਤੀਬਾੜੀ ਧੰਦੇ, ਇੱਟ ਭੱਠੇ ਉਦਯੋਗ, ਬਿਲਡਿੰਗ ਉਸਾਰੀ ਉਦਯੋਗ, ਮਾਇਨਿੰਗ ਆਦਿ ਵਿੱਚ ਚੱਲ ਰਹੀ ਬੰਧੂਆ ਮਜਦੂਰੀ ਦੀ ਪ੍ਰਥਾ ਬਾਰੇ ਜਾਗਰੂਕ ਕੀਤਾ। ਸਾਲ 2005 ਵਿੱਚ ਖੇਤ ਮਜਦੂਰਾਂ ਨੂੰ ਪੂਰੀ ਮਜਦੂਰੀ ਅਤੇ ਸਹੀ ਰੋਜਗਾਰ ਮਿਲੇ ਲਈ ਵੱਖ ਵੱਖ ਇਲਾਕਿਆਂ ਵਿੱਚ ਸਾਇਕਲ ਯਾਤਰਾ ਕੀਤੀ। ਬੰਧੂਆ ਮਜਦੂਰੀ ਪ੍ਰਥਾ ਦੇ ਖਾਤਮੇ, ਮਜਦੂਰਾਂ ਨੂੰ ਜਮੀਨਾਂ ਅਤੇ ਮਕਾਨਾਂ ਦੇ ਅਧਿਕਾਰਾਂ ਲਈ 2007 ਵਿੱਚ ਫਤਿਹਗੜ੍ਹ ਸਾਹਿਬ ਤੋਂ ਇੱਕ ਪੈਦਲ ਯਾਤਰਾ ਕੀਤੀ ਜੋਕਿ ਸੰਗਰੂਰ, ਪਟਿਆਲਾ, ਬਠਿੰਡਾ, ਫਿਰੋਜਪੁਰ, ਮਾਨਸਾ, ਮੁੱਕਤਸਰ ਆਦਿ ਹੋਕੇ ਚੰਡੀਗੜ੍ਹ ਵਿਖੇ ਸਮਾਪਤ ਹੋਈ। 2009 ਵਿੱਚ ਆਪ ਨੇ ਨਰੇਗਾ ਵਰਕਰਜ਼ ਯੂਨੀਅਨ ਤਿਆਰ ਕੀਤੀ ਤਾਂ ਜੋ ਨਰੇਗਾ ਵਰਕਰਾਂ ਨੂੰ ਬਣਦੀਆਂ ਸਹੂਲਤਾਂ ਮਿਲ ਸਕਣ। ਇਹ ਦੇਸ਼ ਵਿੱਚ ਪਹਿਲੀ ਅਜਿਹੀ ਯੂਨੀਅਨ ਸੀ ਅਤੇ ਆਪ ਨੇ ਸੰਘਰਸ਼ ਕਰਕੇ ਨਰੇਗਾ ਵਰਕਰਾਂ ਦੀ ਦਿਹਾੜੀ ਵਿੱਚ ਵਾਧਾ ਕਰਵਾਇਆ। ਬੇਘਰਾਂ ਨੂੰ ਘਰ ਬਣਾਉਣ ਅਤੇ ਬੇਜਮੀਨਿਆਂ ਨੂੰ ਜਮੀਨ ਦਿਵਾਉਣ ਲਈ ਰੋਸ ਪ੍ਰਦਰਸ਼ਨ ਕੀਤਾ ਜਿਸਤੋਂ ਬਾਦ ਪੇਂਡੂ ਵਿਕਾਸ ਮੰਤਰਾਲਿਆ ਨੇ ਭੂਮੀ ਸੁਧਾਰ ਕਨੂੰਨ ਲਾਗੂ ਕਰਨ ਸਬੰਧੀ ਸਮਝੌਤਾ ਕੀਤਾ। ਆਪ ਨੇ ਐਂਟੀ ਸਲੇਵਰੀ ਇੰਟਰਨੈਸ਼ਨਲ ਸੰਗਠਨ, ਇੰਟਰਨੈਸ਼ਨਲ ਜਸਟਿਸ ਮਿਸ਼ਨ, ਐਕਸ਼ਨ ਏਡ ਇੰਟਰਨੈਸ਼ਨਲ ਆਦਿ ਨਾਲ ਮਿਲਕੇ ਬੰਧੁਆਂ ਮਜਦੂਰੀ ਅਤੇ ਹਰ ਪ੍ਰਕਾਰ ਦੀ ਗੁਲਾਮੀ ਦੀ ਪ੍ਰਥਾ ਨੂੰ ਖਤਮ ਕਰਨ ਲਈ ਕੰਮ ਕੀਤਾ। ਮੈਨੂੰ ਆਪ ਉਨ੍ਹਾਂ ਨਾਲ ਕੁੱਝ ਸਾਲ ਕੰਮ ਕਰਨ ਅਤੇ ਸਮਾਜਿਕ ਅੰਦੋਲਨਾਂ ਵਿੱਚ ਭਾਗ ਲੈਣ ਦਾ ਮੌਕਾ ਮਿਲਿਆ ਅਤੇ ਉਨ੍ਹਾਂ ਤੋਂ ਕਾਫੀ ਕੁੱਝ ਸਿੱਖਣ ਦਾ ਮੌਕਾ ਮਿਲਿਆ। ਸਾਲ 2019 ਵਿੱਚ ਆਪ ਦੇ ਮਾਤਾ ਬਲਦੇਵ ਕੌਰ ਦੀ ਮੌਤ ਹੋ ਗਈ। ਆਪ ਦਾ ਸਾਰਾ ਪਰਿਵਾਰ ਮਨੁਖਤਾਵਾਦੀ ਸੋਚ ਵਾਲਾ ਸੀ ਅਤੇ ਅਪਦੀ ਮਾਤਾ ਦਾ ਮ੍ਰਿਤਕ ਸ਼ਰੀਰ ਹਸਪਤਾਲ ਵਿੱਚ ਮੈਡੀਕਲ ਪੜ੍ਹਾਈ ਦੀ ਖੋਜ ਲਈ ਦਾਨ ਦਿਤਾ ਗਿਆ। ਜੈ ਸਿੰਘ ਬੇਸ਼ੱਕ ਪਿਛਲੇ ਕੁੱਝ ਸਾਲਾਂ ਤੋਂ ਸਿਹਤ ਪੱਖੋਂ ਕੁੱਝ ਸਮਸਿਆਵਾਂ ਨਾਲ ਘਿਰੇ ਹੋਏ ਸਨ ਪਰ ਉਨ੍ਹਾਂ ਨੇ ਇਨ੍ਹਾਂ ਸਮਸਿਆਵਾਂ ਨੂੰ ਕਦੇ ਵੀ ਅਪਣੇ ਅੰਦੋਲਨ ਵਿੱਚ ਅੜ੍ਹਿਕਾ ਨਹੀਂ ਬਣਨ ਦਿਤਾ। ਕੋਰੋਨਾ ਲਹਿਰ ਦੌਰਾਨ ਵੀ ਉਹ ਮਜਦੂਰਾਂ ਅਤੇ ਜਰੂਰਤਮੰਦ ਵਿਅਕਤੀਆਂ ਦੀ ਭਲਾਈ ਲਈ ਲਗਾਤਾਰ ਕੰਮ ਕਰਦੇ ਰਹੇ। ਪਿਛਲੇ ਦਿਨੀਂ ਉਹ ਅਪਣੇ ਪਰਿਵਾਰ ਦੇ ਕੁੱਝ ਹੋਰ ਮੈਂਬਰਾਂ ਸਮੇਤ ਕੋਰੋਨਾ ਗ੍ਰਸਤ ਹੋ ਗਏ ਅਤੇ ਆਪ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।



ਆਖਿਰ 22 ਮਈ ਨੂੰ ਸਵੇਰੇ ਲੱਗਭੱਗ 6 ਵਜੇ ਆਪ ਜਿੰਦਗੀ ਦੀ ਜੰਗ ਹਾਰ ਗਏ ਅਤੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੇ ਪਰਿਵਾਰ ਅਤੇ ਸਮਾਜਿਕ ਅੰਦੋਲਨ ਦੇ ਸਾਥੀਆਂ ਵਲੋਂ ਜੈ ਸਿੰਘ ਨੂੰ ਸ਼ਰਧਾਂਜਲੀ ਦੇਣ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਵਲੋਂ ਸੁਰੁ ਕੀਤੇ ਗਏ ਸਮਾਜਿਕ ਅੰਦੋਲਨ ਨੂੰ ਚੱਲਦਾ ਰੱਖਣ ਲਈ ਅਗਲੀ ਯੋਜਨਾ ਬਣਾਈ ਜਾ ਰਹੀ ਹੈ। ਉਨ੍ਹਾਂ ਵਲੋਂ ਕੀਤੇ ਗਏ ਸਮਾਜ ਸੇਵਾ ਦੇ ਕੰਮਾ ਲਈ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

# ਤੇਲ ਕੀਮਤਾਂ ਤੇ ਭਾਰਤੀ ਅਰਥਚਾਰਾ: ਸਾਰੀ ਲੁੱਟ ਲਈ ਮੁਲਾਹਜ਼ੇਦਾਰਾਂ



ਗੁਰਮੀਤ ਪਲਾਹੀ
91-98158-02070

ਕਰੋਨਾ ਮਹਾਂਮਾਰੀ ਦੀ ਪਹਿਲੀ ਲਹਿਰ ਨੇ ਲਗਭਗ ਸਾਰੀਆਂ ਆਰਥਿਕ ਗਤੀਵਿਧੀਆਂ ਬੰਦ ਕਰ ਦਿੱਤੀਆਂ । ਵਿਸ਼ਵ ਪੱਧਰ ਮੰਦੀ ਦਾ ਦੌਰ ਵੇਖਣ ਨੂੰ ਮਿਲਿਆ। ਸਿੱਟੇ ਵਜੋਂ ਤੇਲ ਕੀਮਤਾਂ 'ਚ ਇਕ ਦਮ ਗਿਰਾਵਟ ਆਈ। 2020 ਵਿੱਚ ਕੱਚਾ ਤੇਲ ਜੋ 39.68 ਡਾਲਰ ਪ੍ਰਤੀ ਬੈਰਲ ਸੀ, ਉਸ ਵਿੱਚ 11 ਡਾਲਰ ਪ੍ਰਤੀ ਬੈਰਲ ਦੀ ਕਮੀ ਹੋਈ। ਪਰ ਭਾਰਤ ਦੇਸ਼ ਦੇ ਹਾਕਮਾਂ ਨੇ ਡੀਜ਼ਲ-ਪੈਟਰੋਲ ਦੀਆਂ ਕੀਮਤਾਂ 'ਚ ਗਿਰਾਵਟ ਦਾ ਲਾਭ ਆਮ ਜਨਤਾ ਨੂੰ ਨਾ ਦਿੱਤਾ। ਇਸ ਦਰਮਿਆਨ ਕੀਮਤਾਂ ਸਥਿਰ ਰੱਖਣ ਲਈ ਪੈਟਰੋਲ ਦੀਆਂ ਕੀਮਤਾਂ ਉਤੇ 13 ਰੁਪਏ ਅਤੇ ਡੀਜ਼ਲ ਉਤੇ 16 ਰੁਪਏ ਐਕਸਾਈਜ਼ ਡਿਊਟੀ ਵਧਾ ਦਿੱਤੀ ਗਈ। ਕੇਂਦਰ ਅਤੇ ਸੂਬਾ ਸਰਕਾਰਾਂ ਨੇ ਆਪਣੇ ਖ਼ਜ਼ਾਨੇ ਭਰ ਲਏ।

ਪਿਛਲੇ ਮਹੀਨੇ ਦੇਸ਼ ਦੇ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਖ਼ਤਮ ਹੋਈਆਂ। ਚੋਣਾਂ ਦਰਮਿਆਨ ਤੇਲ ਕੀਮਤਾਂ 'ਚ ਕੋਈ ਵਾਧਾ ਤੇਲ ਕੰਪਨੀਆਂ ਨੇ ਨਾ ਕੀਤਾ। ਸਰਕਾਰ ਨੂੰ ਵੋਟ ਬੈਂਕ ਉਤੇ ਅਸਰ ਦਾ ਡਰ ਸੀ, ਸੋ ਕੰਪਨੀਆਂ ਨੂੰ ਵਾਧੇ ਤੋਂ ਰੋਕੀ ਰੱਖਿਆ। ਪਰ ਜਿਉਂ ਹੀ ਚੋਣਾਂ ਖ਼ਤਮ ਹੋਈਆਂ, ਡੀਜ਼ਲ-ਪੈਟਰੋਲ ਦੀਆਂ ਕੀਮਤਾਂ 'ਚ ਵਾਧਾ ਕੰਪਨੀਆਂ ਵਲੋਂ ਲਗਭਗ ਹਰ ਰੋਜ਼ ਕੀਤਾ ਜਾਣ ਲੱਗਾ।ਪਿਛਲੇ 29 ਦਿਨਾਂ 'ਚ 17 ਵੇਰ ਇਹਨਾ ਕੀਮਤਾਂ 'ਚ ਵਾਧਾ ਕੀਤਾ ਗਿਆ। ਕਈ ਸ਼ਹਿਰਾਂ 'ਚ ਪੈਟਰੋਲ ਕੀਮਤ ਪ੍ਰਤੀ ਲਿਟਰ ਇੱਕ ਸੌ ਰੁਪਏ ਨੂੰ ਪਾਰ ਕਰ ਗਈ ਹੈ। ਇਸਦਾ ਕਾਰਨ ਕੱਚੇ ਤੇਲ ਦੀਆਂ ਅੰਤਰਰਾਸ਼ਟਰੀ ਕੀਮਤਾਂ 'ਚ ਵਾਧਾ ਦੱਸਿਆ ਜਾ ਰਿਹਾ ਹੈ। ਹੈਰਾਨੀ ਹੋ ਰਹੀ ਹੈ ਕਿ ਜਦੋਂ ਅੰਤਰਰਾਸ਼ਟਰੀ ਕੀਮਤਾਂ 'ਚ ਗਿਰਾਵਟ ਆਈ ਤਾਂ ਤੇਲ ਦੀਆਂ ਕੀਮਤਾਂ 'ਚ ਆਮ ਲੋਕਾਂ ਨੂੰ ਤੇਲ ਦੀਆਂ ਕੀਮਤਾਂ ਘਟਾ ਕੇ ਕੋਈ ਫ਼ਾਇਦਾ ਨਹੀਂ ਦਿੱਤਾ ਗਿਆ, ਜਦਕਿ ਹੁਣ ਅੰਤਰ-ਰਾਸ਼ਟਰੀ ਕੀਮਤ ਵਧੀ ਹੈ ਤਾਂ ਭਾਰ ਜਨਤਾ ਉਤੇ ਪਾਇਆ ਜਾ ਰਿਹਾ ਹੈ।

ਭਾਰਤ ਇੱਕ ਵਿਕਾਸਸ਼ੀਲ ਅਰਥ ਵਿਵਸਥਾ ਹੈ। ਚੀਨ ਅਤੇ ਅਮਰੀਕਾ ਤੋਂ ਬਾਅਦ ਭਾਰਤ ਦੁਨੀਆ ਦਾ ਤੀਜਾ ਦੇਸ਼ ਹੈ, ਜਿਥੇ ਤੇਲ ਦੀ ਖ਼ਪਤ ਸਭ ਤੋਂ ਵੱਧ ਹੁੰਦੀ ਹੈ। ਭਾਰਤ ਵਿੱਚ ਤੇਲ ਦੇ ਕੋਈ ਸ੍ਰੋਤ ਨਹੀਂ ਹਨ। ਭਾਰਤ ਦੀ ਕੁੱਲ ਖ਼ਪਤ ਦਾ ਲਗਭਗ 86 ਫ਼ੀਸਦੀ ਹਿੱਸਾ ਵਿਦੇਸ਼ਾਂ ਤੋਂ ਮੰਗਵਾਇਆ ਜਾਂਦਾ ਹੈ।ਸਾਲ 2013 ਅਤੇ 2015 ਵਿੱਚ ਕੱਚੇ ਤੇਲ ਦੀ ਕੀਮਤ ਵਿੱਚ ਭਾਰੀ ਕਮੀ ਦਾ ਭਾਰਤ ਨੂੰ ਬਹੁਤ ਲਾਭ ਹੋਇਆ ਸੀ। ਸਾਲ 2014 ਵਿੱਚ ਕੱਚੇ ਤੇਲ ਦੀ ਕੀਮਤ 93.17 ਡਾਲਰ ਪ੍ਰਤੀ ਬੈਰਲ ਸੀ ਜੋ ਘਟ ਕੇ 48.66 ਡਾਲਰ ਪ੍ਰਤੀ ਬੈਰਲ ਰਹਿ ਗਈ। ਸਾਲ 2016 'ਚ ਕੀਮਤ 43-29 ਡਾਲਰ ਪ੍ਰਤੀ ਬੈਰਲ ਸੀ ਲੇਕਿਨ 2017 ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਤੇਜ਼ੀ ਵੇਖਣ ਨੂੰ ਮਿਲੀ। ਇਹ 50.80 ਡਾਲਰ ਪ੍ਰਤੀ ਬੈਰਲ ਹੋ ਗਈ। ਸਾਲ 2018 'ਚ ਕੱਚਾ ਤੇਲ 65.23 ਡਾਲਰ ਪ੍ਰਤੀ ਬੈਰਲ ਨੂੰ ਭਾਰਤ ਵਲੋਂ ਖਰੀਦਿਆ ਗਿਆ। ਸਾਲ 2019 'ਚ ਇਹ ਕੀਮਤ ਘੱਟਕੇ 56.99 ਡਾਲਰ ਪ੍ਰਤੀ ਬੈਰਲ ਅਤੇ 2020 'ਚ 39.68 ਡਾਲਰ ਪ੍ਰਤੀ ਬੈਰਲ ਤੇ ਆ ਗਈ। ਜੋ ਹੁਣ 2021 'ਚ ਲਗਾਤਾਰ ਵਾਧੇ ਵੱਲ ਹੈ। ਇਸ ਵਧੀ ਹੋਈ ਕੀਮਤ ਦਾ ਭਾਰ ਜਨਤਾ ਉਤੇ ਪਾਉਣ ਦੀ ਕਵ-ਾਇਦ ਜਾਰੀ ਹੈ, ਜਦਕਿ ਜਦੋਂ 2020 'ਚ ਕੀਮਤ ਘਟੀ ਸੀ ਤਾਂ ਸਰਕਾਰ ਲੋਕ ਹਿੱਤ ਵਿੱਚ ਐਕਸਾਈਜ਼ ਡਿਊਟੀ 8 ਰੁਪਏ ਪ੍ਰਤੀ ਲਿਟਰ ਘਟਾ ਸਕਦੀ ਸੀ। ਹੁਣ ਮੌਜੂਦਾ ਸਮੇਂ 'ਚ ਪੈਟਰੋਲ ਉਤੇ 32.90 ਰੁਪਏ ਪ੍ਰਤੀ ਲਿਟਰ ਅਤੇ ਡੀਜ਼ਲ ਉਤੇ 31.80 ਰੁਪਏ ਪ੍ਰਤੀ ਲਿਟਰ ਐਕਸਾਈਜ਼ ਡਿਊਟੀ ਕੇਂਦਰ ਸਰਕਾਰ ਉਗਰਾਹੁੰਦੀ ਹੈ, ਜਦਕਿ ਸੂਬਾ ਸਰਕਾਰਾਂ ਦੇ ਟੈਕਸ ਇਸ ਤੋਂ ਵੱਖਰੇ ਹਨ। ਮੌਜੂਦਾ ਸਮੇਂ ਪੈਟਰੋਲ ਦੀ ਕੁੱਲ ਕੀਮਤ ਦਾ 63 ਫ਼ੀਸਦੀ ਹਿੱਸਾ ਕੇਂਦਰ ਅਤੇ ਸੂਬਾ ਸਰਕਾਰਾਂ ਦਾ ਹੈ। ਇਸੇ ਤਰ੍ਹਾਂ ਡੀਜ਼ਲ ਦੀ ਕੀਮਤ ਦਾ 60 ਫ਼ੀਸਦੀ ਹਿੱਸਾ ਕੇਂਦਰ ਅਤੇ ਸੂਬਿਆਂ ਦਾ ਹੈ।



ਅੱਜ ਦੇ ਸਮੇਂ ਵਿੱਚ ਅਰਥ ਵਿਵਸਥਾ ਅਤੇ ਤੇਲ ਦਾ ਸਬੰਧ ਕੁਝ ਇਹੋ ਜਿਹਾ ਹੈ, ਜਿਹੋ ਜਿਹਾ ਸਬੰਧ ਜੀਵਨ ਅਤੇ ਆਕਸੀਜਨ ਦਾ ਹੈ। ਭਾਰਤ ਵਿਕਾਸਸ਼ੀਲ ਦੇਸ਼ ਹੈ ਅਤੇ ਤੇਲ ਬਾਹਰੋਂ ਮੰਗਵਾਉਂਦਾ ਹੈ, ਇਸ ਲਈ ਤੇਲ ਦੀ ਕੀਮਤ ਇਸਦੀ ਅਰਥ ਵਿਵਸਥਾ ਉਤੇ ਸਿੱਧਾ ਅਸਰ ਪਾਉਂਦੀ ਹੈ।

ਤੇਲ ਕੀਮਤਾਂ ਵਧਣ ਨਾਲ ਪਰਿਵਹਨ ਅਤੇ ਨਿਰਮਾਣ ਉੱਤੇ ਲਾਗਤ ਵਧਦੀ ਹੈ ਅਤੇ ਇਸਦਾ ਅਸਰ ਸਿੱਧਾ ਮਹਿੰਗਾਈ ਉੱਤੇ ਪੈਂਦਾ ਹੈ। ਵਾਹਨਾਂ ਦੀ ਵਿਕਰੀ ਘਟਦੀ ਹੈ ਤਾਂ ਇਸਦਾ ਅਸਰ ਅਰਥਵਿਵਸਥਾ ਦੇ ਦੂਜੇ ਖੇਤਰਾਂ ਉੱਤੇ ਪੈਂਦਾ ਹੈ ਕਿਉਂਕਿ ਵਾਹਨ ਉਦਯੋਗ, ਰੋਜ਼ਗਾਰ ਮਹੁਈਆ ਕਰਨ ਵਾਲਾ ਮੁੱਖ ਖੇਤਰ ਹੈ। ਇਸ ਸਥਿਤੀ ਵਿੱਚ ਵੱਡਾ ਨੁਕਸਾਨ ਆਮ ਜਨਤਾ ਦਾ ਹੁੰਦਾ ਹੈ।

ਮਹਾਂਮਾਰੀ ਦੀ ਦੂਜੀ ਲਹਿਰ ਨੇ ਲਗਭਗ ਇਕ ਕਰੋੜ ਲੋਕਾਂ ਦੀਆਂ ਨੋਕਰੀਆਂ ਖੋਹ ਲਈਆਂ ਹਨ ਅਤੇ ਪਿਛਲੇ ਸਾਲ ਜਦੋਂ ਤੋਂ ਮਹਾਂਮਾਰੀ ਸ਼ੁਰੂ ਹੋਈ ਹੈ, ਭਾਰਤੀ ਆਰਥਿਕਤਾ ਦੀ ਨਿਗਰਾਨੀ ਲਈ ਬਣਾਏ ਕੇਂਦਰ (ਸੀ. ਐਮ. ਆਈ. ਈ.) ਦੇ ਅਨੁਸਾਰ ਲਗਭਗ 97 ਫ਼ੀਸਦੀ ਘਰਾਂ ਦੀ ਆਮਦਨ ਘੱਟ ਗਈ ਹੈ। ਬੇਰੁਜ਼ਗਾਰੀ ਦਰ ਮਈ ਦੇ ਆਖ਼ੀਰ 'ਚ 12 ਫ਼ੀਸਦੀ ਤੇ ਆਉਣ ਦੀ ਉਮੀਦ ਹੈ ਜੋ ਅ੍ਰਪੈਲ 8, 2021 ਨੂੰ 8 ਫ਼ੀਸਦੀ ਸੀ। ਇਸ ਕੇਂਦਰ ਅਨੁਸਾਰ ਇੱਕ ਕਰੋੜ ਭਾਰਤੀ ਨੌਕਰੀ ਗੁਆ ਚੁੱਕੇ ਹਨ।

ਭਾਰਤੀ ਅਰਥ ਵਿਵਸਥਾ ਵਿੱਚ ਵਿੱਤੀ ਸਾਲ 2020-21 ਵਿੱਚ ਦੇਸ਼ ਦੀ ਜੀ ਡੀ ਪੀ 'ਚ 7.3 ਫ਼ੀਸਦੀ ਗਿਰ-ਾਵਟ ਆਈ ਹੈ। ਗਿਰਾਵਟ ਦੇ ਲਿਹਾਜ ਨਾਲ ਵੇਖਿਆ ਜਾਵੇ ਤਾਂ ਇਹ ਪਿਛਲੇ 40 ਸਾਲ ਦਾ ਅਰਥ ਵਿਵਸਥਾ ਦਾ ਸਭ ਤੋਂ ਖਰਾਬ ਦੌਰ ਹੈ। ਸਾਲ 1979-80 ਵਿਚ ਵਾਧਾ ਦਰ ਮਨਫੀ 5.2 ਸੀ। ਇਸ ਦੀ ਵਜਹ ਉਸ ਵੇਲੇ ਦੇਸ਼ ਵਿਚ ਔੜ ਲੱਗਣਾ ਸੀ। ਤੇਲ ਦੀਆਂ ਕੀਮਤਾਂ ਦੁਗਣੀਆਂ ਹੋ ਗਈਆਂ ਸਨ। ਉਸ ਸਮੇਂ ਕੇਂਦਰ ਵਿੱਚ ਜਨਤਾ ਸਰਕਾਰ ਸੀ, ਜੋ 33 ਮਹੀਨਿਆਂ ਬਾਅਦ ਡਿੱਗ ਗਈ ਸੀ।

ਬਿਨਾਂ ਸ਼ੱਕ ਕਰੋਨਾ ਮਹਾਂਮਾਰੀ ਨੇ ਦੇਸ਼ ਦੀ ਅਰਥ ਵਿਵਸਥਾ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ, ਪਰ ਮੋਦੀ ਕਾਲ 'ਚ 2016-17 ਤੋਂ ਹੀ ਦੇਸ਼ ਦੀ ਅਰਥ ਵਿਵਸਥਾ ਡਿੱਗ ਰਹੀ ਹੈ। ਇਸ ਗਿਰਾਵਟ ਦਾ ਕਾਰਨ ਨਵੰਬਰ 2016 'ਚ ਨੋਟਬੰਦੀ ਅਤੇ ਫਿਰ ਜੁਲਾਈ 2017 'ਚ ਜੀ.ਐਸ.ਟੀ. ਲਾਗੂ ਹੋਣਾ ਹੈ। ਦੇਸ਼ ਦੀ ਅਰਥ ਵਿਵਸਥਾ ਵਿੱਚ ਇਸ ਵੇਲੇ ਵਾਧਾ ਨਹੀਂ ਹੋ ਰਿਹਾ ਸਗੋਂ ਭਾਰਤ ਸਰਕਾਰ ਦੇ ਆਪਣੇ ਪੇਸ਼ ਕੀਤੇ ਅੰਕੜਿਆਂ ਅਨੁਸਾਰ 7.3 ਫ਼ੀਸਦੀ ਦਰ ਨਾਲ ਮਨਫ਼ੀ ਹੋਈ ਹੈ। ਪਿਛਲੇ ਸਾਲ ਅਜ਼ਾਦੀ ਤੋਂ ਬਾਅਦ ਪਹਿਲੀ ਵਾਰ ਦੇਸ਼ 'ਚ 10.8 ਫ਼ੀਸਦੀ ਨਿਵੇਸ਼ ਘਟਿਆ ਹੈ। ਇਹ ਵੀ ਪਹਿਲੀ ਵਾਰ ਹੈ ਕਿ ਸਰਕਾਰ ਦੀ ਆਮਦਨੀ ਨਾਲੋਂ ਖ਼ਰਚ ਦੁਗਣਾ ਹੋਇਆ ਹੈ। ਪਿਛਲੇ ਸਾਲ ਕੁਲ ਆਮਦਨੀ 16.3 ਲੱਖ ਕਰੋੜ ਸੀ ਜਦਕਿ ਕੁਲ ਖ਼ਰਚ 35.1 ਲੱਖ ਕਰੋੜ ਸੀ। ਇਹ ਕੁਲ ਜੀ ਡੀ ਪੀ ਦਾ 9.2 ਫ਼ੀਸਦੀ ਹੈ। 2021 ਵਿੱਚ ਬੇਰੁਜ਼ਗਾਰੀ ਦੀ ਦਰ 11.9 ਫ਼ੀਸਦੀ ਹੋ ਗਈ ਹੈ।

ਇੱਕ ਅਨੁਮਾਨ ਅਨੁਸਾਰ ਦੇਸ਼ ਵਿੱਚ 5.2 ਤੋਂ 8 ਕਰੋੜ ਲੋਕ ਬੇਰੁਜ਼ਗਾਰ ਹਨ। ਮਹਿੰਗਾਈ ਦੀ ਥੋਕ ਸੂਚਕ ਅੰਕ 10.5 ਫ਼ੀਸਦੀ ਹੋ ਚੁਕਿਆ ਹੈ। ਭਾਵ ਮਹਿੰਗਾਈ ਦਰ ਵਧ ਰਹੀ ਹੈ। ਇਸ ਤੋਂ ਵੀ ਭੈੜੀ ਹਾਲਤ ਇਹ ਹੈ ਕਿ ਦੇਸ਼ ਵਿੱਚ ਡਾਲਰ ਅਰਬਪਤੀ ਵੱਧ ਰਹੇ ਹਨ। ਇਹ ਸੰਖਿਆ ਦੇਸ਼ ਵਿੱਚ ਦੁਗਣੀ ਹੋ ਰਹੀ ਹੈ। ਪਿਛਲੇ ਸਾਲ 100 ਕਰੋੜ ਡਾਲਰ (7300 ਕਰੋੜ ਰੁਪਏ ਲਗਭਗ) ਜਾਇਦਾਦ ਰੱਖਣ ਵਾਲਿਆਂ ਦੀ ਦੇਸ਼ ਵਿੱਚ

(ਬਾਕੀ ਸਫਾ 19 'ਤੇ)

# ਸੰਤ ਸਰਵਨ ਦਾਸ ਡੇਰਾ ਸਚਖੰਡ ਬੱਲਾਂ (ਜਲੰਧਰ) ਦੇ ਮਹਾਨ ਵਜ਼ੀਰ ਵਜੋਂ ਜਾਣੇ ਜਾਂਦੇ ਸੰਤ ਰਾਮਾਨੰਦ ਜੀ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ

**ਸੈਕਰਾਮੈਂਟੋ (ਡੀ. ਡੀ. ਬੀ.)–** ਲੰਘੇ ਐਤਵਾਰ ਜੂਨ 6, 2021 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਡੇਰਾ ਸੱਚਖੰਡ ਬੱਲਾਂ (ਜਲੰਧਰ) ਦੇ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੀ 12ਵੀਂ ਬਰਸੀ ’ਤੇ ਸੁਖਮਨੀ ਸਾਹਿਬ ਜੀ ਦੇ ਪਾਠ ਰਖਾਏ ਗਏ ਤੇ ਕੀਰਤਨ ਦੀਵਾਨ ਵੀ ਸਜਾਏ ਗਏ, ਜਿਸ ਦੇ ਲੰਗਰ ਸੇਵਾ ਸ੍ਰੀ 108 ਸੰਤ ਸਰਵਨ ਦਾਸ ਡੇਰਾ ਬੱਲਾਂ ਦੇ ਅਨਿਨ ਸੇਵਕ ਸ੍ਰੀ ਸੁਖਰਾਮ ਚੰਦੜ ਅਤੇ ਸ੍ਰੀ ਗਿਆਨ ਚੰਦ ਕਾਜ਼ਲਾ ਸਮੂਹ ਪਰਿਵਾਰਾਂ ਵੱਲੋਂ ਕੀਤੀ ਗਈ।

ਸੁਖਮਨੀ ਸਾਹਿਬ ਜੀ ਦੇ ਪਾਠ ਪੜ੍ਹੇ ਜਾਣ ਉਪਰੰਤ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਜਸਪਾਲ ਸਿੰਘ (ਜੰਡੂ ਸਿੰਘਾ ਵਾਲੇ) ਅਤੇ ਭਾਈ ਗੁਰਦੀਪ ਸਿੰਘ (ਜਲੰਧਰ ਵਾਲੇ) ਨੇ ਬਹੁਤ ਰਸਭਿੰਨਾ ਸ਼ਬਦ ਗਾਇਨ ਤੇ ਸੰਤਾਂ ਦੀ ਉਪਮਾ ’ਚ ਆਪਣੇ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਹਨਾਂ ਤੋਂ ਇਲਾਵਾ ਵੱਖ-ਵੱਖ ਬੁਲਾਰੇ ਵਿਸ਼ੇਸ਼ ਤੌਰ ਤੇ ਸਵਸ੍ਰੀ ਹੰਸ ਰਾਜ ਕਾਜਲਾ, ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ, ਗੁਰੂ ਘਰ ਦੇ ਸਾਬਕਾ ਪ੍ਰਧਾਨ ਕੇਵਲ ਬੋਲੀਨਾ ਅਤੇ ਸੋਨੂੰ ਅੰਬੇਦਕਰ ਆਦਿ ਨੇ ਆਪੋ-ਆਪਣੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਸੰਤਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਉਪਰੰਤ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ। ਸਟੇਜ ਦੀ ਸੇਵਾ ਸ੍ਰੀ ਬਲਜੀਤ ਸਿੰਘ ਨੇ ਨਿਭਾਉਂਦਿਆਂ ਸੇਵਾਦਾਰ ਪਰਿਵਾਰਾਂ ਅਤੇ ਸਮੂਹ ਸੰਗਤ ਦਾ ਧੰਨਵਾਦ ਕੀਤਾ ਅਤੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੇ ਉਸਾਰੇ ਜਾ ਰਹੇ ਲੰਗਰ ਹਾਲ ਦੀ ਜਾਣਕਾਰੀ ਦਿੰਦਿਆਂ ਇਸ ਦੀ ਮੁਕੰਮਲ ਤਿਆਰੀ ਲਈ ਵੱਧ ਤੋਂ ਵੱਧ ਮਾਇਕ ਸੇਵਾ ਲਈ ਸਨਿਮਰ ਬੇਨਤੀ ਕੀਤੀ। ਇੱਥੇ ਵਰਣਨਯੋਗ ਹੈ ਕਿ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਸੰਗਤਾਂ ’ਚ ਅਥਾਹ ਉਤਸ਼ਾਹ ਹੈ, ਜਿਸ ਬਾਰੇ ਪ੍ਰਬੰਧਕ ਕਮੇਟੀ ਵੱਲੋਂ ਜਾਣਕਾਰੀ ਮਿਲਣ ਤੇ ਦੇਸ਼ ਦੁਆਬਾ ਦੇ ਪਾਠਕ ਸਾਹਿਬਾਨ ਨਾਲ ਜ਼ਰੂਰ ਸਾਂਝੀ ਕਰਾਂਗੇ।

ਅੱਜ ਦੇ ਸਮਾਗਮ ਦੌਰਾਨ ਬੁਲਾਰਿਆਂ ਨੇ ਜਿੱਥੇ ਸਿਰਫ ਸੰਤਾਂ ਨੂੰ ਸ਼ਰਧਾਂਜਲੀ ਹੀ ਨਹੀਂ ਦਿੱਤੀ ਬਲਕਿ ਸੰਤਾਂ ਦੇ ਕੰਮਾਂ ਦਾ ਵੀ ਵਰਣਨ ਕੀਤਾ, ਜਿਸ ਵਿਚ ਵਿਸ਼ੇਸ਼ ਤੌਰ ’ਤੇ ਸੰਤਾਂ ਦਾ ਪੜ੍ਹੇ-ਲਿਖੇ ਹੋਣਾ ਮਾਨਵਤਾ ਪੱਖੀ ਪਾਏ ਯੋਗਦਾਨ ਜਿਵੇਂ ਅਧਿਆਤਮਕਤਾ ਦੇ ਨਾਲ-ਨਾਲ, ਜਿੱਥੇ ਕਹਾਵਤ ਹੈ ਕਿ ਜਾਨ ਹੈ ਤਾਂ ਜਹਾਨ ਹੈ, ਉਸ ਲਈ ਜਿੱਥੇ ਸ਼ੁਰੂਆਤੀ ਦੌਰ ਸਮੇਂ ਡੇਰੇ ਤੋਂ ਦੇਸੀ ਦਵਾਈਆਂ ਦਿੱਤੀਆਂ ਜਾਂਦੀਆਂ ਸੀ, ਉਥੇ ਉਹਨਾਂ ਜਲੰਧਰ-ਹੁਸ਼ਿਆਰਪੁਰ ਰੋਡ ’ਤੇ ਸਥਿਤ ਅੱਡਾ ਕਠਾਰ ਨਾਲ ਸੰਤ ਸਰਵਣ ਦਾਸ ਚੈਰੀਟੇਬਲ ਇਕ ਵੱਡਾ ਹਸਪਤਾਲ ਵੀ ਖੋਲ੍ਹਿਆ, ਉਸ ਤੋਂ ਇਲਾਵਾ ਬਾਬਾ ਸਾਹਿਬ ਡਾ. ਅੰਬੇਦਕਰ ਦੇ ਵਿਸ਼ੇਸ਼ ਨਾਅਰਾ Education-Agitate, Organize ਨੂੰ ਮੁੱਖ ਰੱਖਦਿਆਂ ਵਿਦਿਅਕ ਅਦਾਰੇ ਭਾਵ ਸਕੂਲ ਵੀ ਖੋਲ੍ਹੇ। ਅਜਿਹਾ ਆਦਿ ਧਰਮ ਮੰਡਲ ਦੇ ਬਾਨੀ ਮਹਾਨ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਵੱਲੋਂ ਵੀ 1926 ਆਦਿ ਧਰਮ ਸਕੂਲ ਚਲਾਇਆ ਗਿਆ ਸੀ ਤੇ ਆਦਿ ਡੰਕਾ ਨਾਂ ਦਾ ਅਖਬਾਰ ਵੀ ਚਲਾਇਆ। ਇਸੇ ਤਰ੍ਹਾਂ ਸੰਤਾਂ ਨੇ ਆਪਣੀ ਆਵਾਜ਼ ਸੰਗਤ ਤੱਕ ਪਹੁੰਚਾਉਣ ਲਈ ਸਪਤਾਹਿਕ ਬੇਗਮਪੁਰਾ ਸ਼ਹਿਰ ਵੀ ਚਲਾਇਆ।

ਸੰਤਾਂ ਨੇ ਦੇਸ਼ ਵਿਦੇਸ਼ ਦੇ ਅਣਗਿਣਤ ਦੌਰੇ ਕੀਤੇ। ਕੁੱਲ ਮਿਲਾ ਕੇ ਸੰਤ ਰਾਮਾਨੰਦ ਜੀ ਇਹਨਾਂ ਕਲਾਵਾਂ ਤੋਂ ਇਲਾਵਾ ਰਾਜਨੀਤੀ ਤੋਂ ਵੀ ਅਭਿੱਜ ਸਨ। ਜਿਸ ਬਾਰੇ ਸਮਾਂ ਪਾ ਕੇ ਅਦਾਰਾ ’ਦੇਸ਼ ਦੁਆਬਾ’ ਫਿਰ ਕਦੀ ਆਪਣੇ ਪਾਠਕਾਂ ਨਾਲ ਜਾਣਕਾਰੀ ਮੁਹੱਈਆ ਕਰਨ ਦੀ ਕੋਸ਼ਿਸ਼ ਕਰੇਗਾ ਕਿਉਂਕਿ ਸੰਤ ਰਾਮਾਨੰਦ ਇਕ ਬਹੁਪੱਖੀ ਸ਼ਖਸੀਅਤ ਸਨ।

ਅਦਾਰਾ ’ਦੇਸ਼ ਦੁਆਬਾ’ ਦੀ ਸ਼ੁਰੂ ਤੋਂ ਉਸਾਰੂ ਸੋਚ ਰਹੀ ਹੈ ਤੇ ਉਸਾਰੂ ਸੋਚਾਂ ਨੂੰ ਆਪਣੇ ਪਾਠਕਾਂ ਨਾਲ ਸਾਂਝੀ ਕਰਨਾ ਅਖਲਾਕੀ ਫਰਜ਼ ਸਮਝਦਾ ਹੀ ਨਹੀਂ ਬਲਕਿ ਨਿਭਾਉਣ ਦੀ ਵੀ ਕੋਸ਼ਿਸ਼ ਕਰਦਾ ਆ ਰਿਹਾ ਹੈ ਤੇ ਕਰਦੇ ਰਹਿਣਾ ਹੈ।
















ਤਸਵੀਰਾਂ- ਦੇਸ਼ ਦੁਆਬਾ




# ਸੰਤ ਸਰਵਨ ਦਾਸ ਡੇਰਾ ਸਚਖੰਡ ਬੱਲਾਂ (ਜਲੰਧਰ) ਦਾ ਮਹਾਨ ਵਜੀਰ ਵਜੋਂ ਜਾਣੇ ਜਾਂਦੇ ਸੰਤ ਰਾਮਾਨੰਦ ਜੀ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ










ਤਸਵੀਰਾਂ- ਦੇਸ਼ ਦੁਆਬਾ









## ਸਿੱਖ ਧਰਮ , ਪੰਜਾਬੀ ਬੋਲੀ ਸਭ ਸਿਆਸਤ ਦੀ ਭੇਟ! - (ਭਾਗ ਸੱਤਵਾਂ)

# ਸਿੱਖ ਕੌਮ ਇਸ ਨੂੰ ਬਚਾਉਣ ਲਈ ਗੰਭੀਰਤਾ ਨਾਲ ਵਿਚਾਰ ਕਰੇ

**ਲੜੀ ਜੋੜਨ ਲਈ ਇਸ ਤੋਂ ਪਹਿਲਾਂ ਦਾ ਅੰਕ ਪੜ੍ਹੋ**

ਹੁਣ ਤਕ ਸਿੱਖ ਕੌਮ ਨਾਲ ਜੋ ਕੁਝ ਵਾਪਰਦਾ ਆ ਰਿਹਾ ਹੈ ਉਸ ਨੇ ਇਕ ਗੱਲ ਤਾਂ ਜਾਹਰ ਕਰ ਦਿੱਤੀ ਹੈ ਕਿ ਸਿੱਖ ਕੌਮ ਨਿਰਛੱਲ ਤੇ ਸਿੱਧੀ ਸਾਧੀ ਤੇ ਸਾਊ ਵੀ ਹੈ ਉਹ ਕਈ ਦਹਾਕੇ ਜਾਣ ਹੀ ਨਹੀਂ ਸਕੀ ਕਿ ਉਨਾਂ ਦੀ ਲੀਡਰ ਸ਼ਿਪ ਸਿੱਖਾਂ ਦੀ ਤਰਜਮਾਨੀ ਕਰਨ ਵਾਲੀ ਹੈ ਵੀ ਕਿ ਨਹੀਂ। ਮੌਜੂਦਾ ਲੀਡਰਸ਼ਿਪ ਦੇ ਇਤਿਹਾਸਕ ਪਿਛੋਕੜ ਬਾਰੇ ਵੀ ਬੜੇ ਕਿੰਤੂ ਪ੍ਰੰਤੂ ਹੁੰਦੇ ਆ ਰਹੇ ਹਨ ਕਿ ਸਾਡਾ ਦੇਸ਼ ਜਦੋਂ ਅੰਗਰੇਜਾਂ ਦੇ ਗੁਲਾਮ ਸੀ ਤਾਂ ਇਸੇ ਲੀਡਰਸ਼ਿਪ ਦੇ ਪੁਰਖਿਆਂ ਨੇ ਨਨਕਾਣਾ ਦੇ ਸਾਹਿਬ ਦੇ ਸਾਕੇ ਸਮੇਂ ਜਦੋਂ ਸਿੰਘਾਂ ਦੇ ਸ਼ਹੀਦੀ ਜੱਥਿਆਂ ਨੇ ਸ੍ਰੀ ਨਨਕਾਣਾ ਸਾਹਿਬ ਜਾਣ ਲਈ ਚਾਲੇ ਪਾਏ ਤਾਂ ਇਨਾਂ ਆਗੂਆਂ ਦੇ ਵੱਡੇ ਵਡੇਰੇ ਜਿਹੜੇ ਕਿ ਅੰਗਰੇਜਾਂ ਦੇ ਝੋਲੀ- ਚੁੱਕ ਸਨਨੇ ਸ਼ਹੀਦੀ ਜੱਥਿਆਂ ਦੀ ਪਿੰਡ ਪਿੰਡ ਆਉਣ ਦੀ ਸਖਤ ਵਿਰੋਧਤਾ ਕੀਤੀ। ਪਹਿਲਾਂ ਜੱਥਿਆਂ ਨੂੰ ਆਪਣੇ ਪਿੰਡ ਵਿੱਚ ਠਹਿਰਾਉ ਨਾ ਕਰਨ ਦਿੱਤਾ ਤੇ ਫਿਰ ਕਮੀਨੀ ਹਰਕਤ ਕਰਦੇ ਨਾਲ ਲਗਦੇ ਪਿੰਡ ਜਿਸ ਦੇ ਵਾਸੀਆਂ ਨੇ ਉਨਾਂ ਦੇ ਠਹਿਰਾਉ ਦਾ ਪ੍ਰਬੰਧ ਤੇ ਲੰਗਰ ਤਿਆਰ ਕੀਤਾ ਹੋਇਆ ਸੀ ਤਾਂ ਇਸ ਤੋਂ ਖਿੱਝ ਕੇ ਉਸਪਿੰਡ ਦੀ ਪਾਣੀ ਵਾਲੀ ਟੈਂਕੀ ਵਿੱਚ ਕੋਈ ਜਹਿਰੀਲੀ ਚੀਜ ਮਿਲਾ ਦਿੱਤੀ ਜਿਸ ਨਾਲ ਕੁਝ ਸਿੰਘਾਂ ਦੀ ਮੌਤ ਤੇ ਕਈਆਂ ਦੇ ਬਿਮਾਰ ਹੋ ਜਾਣ ਬਾਰੇ ਦਸਿਆ ਜਾਂਦਾ ਹੈ। ਇਹ ਵੀ ਕਿਹਾ ਜਾਂਦਾ ਕਿ ਇਨਾਂ ਦੇ ਪੁਰਖਿਆਂ ਨੇ ਜਲਿਆਂ ਵਾਲੇ ਬਾਗ ਦੇ ਸਾਕੇ ਦੇ ਮੁੱਖ ਦੋਸ਼ੀ ਜਨਰਲ ਓਡਵਾਇਰ ਨੂੰ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਵਿਖੇ ਸਿਰੋਪਾ ਵੀ ਦਿੱਤਾ ਸੀ। ਇਹ ਵੀ ਦਸਿਆ ਜਾਂਦਾ ਕਿ ਸਿੱਖ ਕੌਮ ਦੀ ਮੌਜੂਦਾ ਲੀਡਰਸ਼ਿਪ ਜੋ ਇਸ ਸਮੇਂ ਅਕਾਲੀ ਦੱਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਲਾ ਰਹੀ ਹੈ ਇਸ ਦਾ ਪ੍ਰਮੁੱਖ ਆਗੂ ਰ.ਸ.ਸ ਦੀਆਂ ਸ਼ਾਖਾਵਾਂ ਲਗਾਉਂਦਾ ਰਿਹਾ ਹੈ, ਜੋ ਹਿੰਦੂ ਧਰਮ ਤੋਂ ਬਿਨਾ ਹੋਰ ਧਰਮਾਂ ਦੀ ਕੱਟੜ੍ਹ ਵਿਰੋਧੀ ਸੰਸਥਾ ਹੈ ।ਜਿਸ ਦਾ ਇਕੋ ਇਕ ਨਾਹਰਾ ਹੈ ਕਿ ਹਿੰਦੋਸਤਾਨ ਸਿਰਫ ਹਿੰਦੂਆਂ ਦਾ ਹੈ। ਜਿਸ ਨੂੰ ਮੌਜੂਦਾ ਭਾਜਪਾ ਦਾ ਆਗੂ ਤੇ ਦੇਸ਼ ਦਾ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇਸ਼ ਵਿੱਚ ਲਾਗੂ ਕਰਕੇ ਵੱਖ ਵੱਖ ਫੁੱਲਾਂ ਦੇ ਗੁੱਲਦਸਤੇ ਨੂੰ ਇਕ ਰੰਗ ਵਿੱਚ ਰੰਗ ਕੇ ਦੇਸ਼ ਨੂੰ "ਹਿੰਦੂ ਰਾਸ਼ਟਰ" ਬਣਾਉਣ ਲਈ ਪੱਬਾਂ ਭਾਰ ਹੋਇਆ ਫਿਰਦਾ ਹੈ। ਸਿੱਖਾਂ ਦੇ ਇਹਆਗੂ ਇਨੇ ਚੁੱਸਤ ਤੇ ਚਲਾਕ ਕਿਸਮ ਦੇ ਹਨ ਕਿ ਇਨਾਂ ਨੇ ਜਸਟਿਸ ਗੁਰਨਾਮ ਸਿੰਘ, ਸੰਤ ਹਰਚੰਦ ਸਿੰਘ ਲੌਂਗੋਵਾਲ, ਸ੍ਰ ਸੁਰਜੀਤ ਸਿੰਘ ਬਰਨਾਲਾ, ਇਥੋਂ ਤਕ ਕਿ ਜਥੇ ਗੁਰਚਰਨ ਸਿੰਘ ਟੌਹੜਾ ਤਕ ਨੂੰ ਵੀ ਟਿੱਕਣ ਨਹੀਂ ਦਿੱਤਾ। ਹਮੇਸ਼ਾ ਆਪਣੀਆਂ ਸ਼ਤਰੰਜੀ ਚਾਲਾਂ ਨਾਲ ਸਿੱਖ ਕੌਮ ਦੇ ਆਗੂ ਬਣੇ ਰਹੇ। ਜਿਨਾਂ ਨੇ ਪੰਜਾਬੀ ਬੋਲੀ, ਪੰਜਾਬੀ ਸਭਿਆਚਾਰ ਤੇ ਸਿੱਖ ਧਰਮ ਨੂੰ ਰਸਾਤਲ ਵਿੱਚ ਧੱਸਣ ਦਾ ਕੰਮ ਕੀਤਾ। ਪਿਛਲੇ ਲਗ ਭਗ 50 ਵਰ੍ਹਿਆਂ ਤੋਂ ਜਦੋਂ ਤੋਂ ਇਸ ਲੀਡਰਸ਼ਿਪ ਨੇ ਪੰਜਾਬ ਦੇ ਸਿਆਸਤਦੀ ਵਾਗਡੋਰ ਸੰਭਾਲੀ ਬਸ ਉਦੋਂ ਤੋਂ ਹੀ ਸਿੱਖ ਧਰਮ ਦਾ ਘਾਣ ਹੀ ਹੁੰਦਾ ਆ ਰਿਹਾ ਹੈ। ਜਿਸ ਨੂੰ ਰ.ਸ.ਸ. ਤੇ ਭਾਜਪਾ ਦੇ ਆਗੂ ਇਸੇ ਅਖੌਤੀ ਸਿੱਖ ਲੀਡਰਸ਼ਿਪ ਰਾਹੀਂ ਆਪਣੀਆਂ ਕੱਟੜ੍ਹ ਹਿੰਦੂ ਨੀਤੀਆਂ ਸਿੱਖ ਧਰਮ ਵਿੱਚ ਲਾਗੂ ਕਰਾ ਕੇ ਸਿੱਖ ਧਰਮ ਨੂੰ ਖਤਮ ਕਰਨਾ ਚਾਹੁੰਦੀ ਹੈ। ਇਸ ਲੀਡਰਸ਼ਿਪ ਬਾਰੇ ਉਸ ਵੀ. ਡੀ. ਓ. ਨੇ ਸਾਰੇ ਸ਼ੰਕੇ ਦੂਰ ਕਰ ਦਿੱਤੇ ਹਨ ਜਿਸ ਵਿੱਚ ਵਿਖਾਇਆ ਜਾ ਚੁੱਕਾ ਹੈ ਕਾਬਜ ਲੀਡਰਸ਼ਿਪ ਰ.ਸ.ਸ. ਦੀਆਂ ਸ਼ਾਂਖਾਵਾਂ ਲਗਾਉਂਦੀ ਰਹੀ ਹੈ। ਇਸ ਲੀਡਰਸ਼ਿਪ ਨੇ ਸਿੱਖ ਕੌਮ ਨਾਲ ਗਦਾਰੀ ਕਰਕੇ ਉਸ ਨੂੰ ਇਸ ਹਾਲਤ ਵਿੱਚ ਪਹੁੰਚਾ ਦਿੱਤਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਗੁਰਦੁਆਰਿਆਂ ਤੇ ਸਕੂਲਾਂ ਵਿੱਚ ਵੀ ਰ.ਸ.ਸ. ਦੇ ਕੈਂਪ ਲਗਵਾਉਣੇ ਇਸ ਲੀਡਰਸ਼ਿਪ ਨੇ ਸ਼ੂਰੂ ਕਰ ਦਿੱਤੇ ਸਨ।ਜਿਸ ਦਾ ਸਿੱਖ ਸੰਗਤਾਂ ਵਲੋਂ ਭਾਰੀ ਵਿਰੋਧ ਕਰਨ ਤੇ ਉਹ ਕੈਂਪ ਬੰਦ ਕਰਨੇ ਪਏ। ਇਸ ਲੇਖ ਦੇ ਲੇਖਕ ਨੇ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਈ ਵਾਰੀ ਭਾਜਪਾ ਦੀਆਂ ਮੀਟਿੰਗਾਂ ਮਾਤਾ ਨਾਨਕੀ ਨਿਵਾਸ ਜਿਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੋਂ ਬਿਨਾ ਸ਼੍ਰੋਮਣੀ ਕਮੇਟੀ ਦੇ ਆਗੂ ਤੇ ਸ਼੍ਰੋਮਣੀ ਅਕਾਲੀ ਦੱਲ ਦੇ ਸੀਨੀਅਰ ਆਗੂ ਮੀਟਿੰਗਾਂ ਕਰਦੇ ਹਨ ਉਸੇ ਥਾਂ ਤੇ ਹੀ ਜਦੋਂ ਅਕਾਲੀ ਦੱਲ ਦੀ ਭਾਜਪਾ ਨਾਲ ਸਾਂਝ ਸੀ। ਕਈ ਵਾਰ ਭਾਜਪਾ ਦੀਆਂ ਮੀਟਿੰਗਾਂ ਹੋਣ ਦੀਆਂ ਖਬਰਾਂ ਮਿਲਦੀਆਂ ਰਹੀਆਂ ਹਨ। ਇਸ ਤੋਂ ਵੱਧ ਹੋਰ ਹੈਰਾਨੀ ਦੀ ਗੱਲ ਇਹ ਸੀ ਇਨਾਂ ਮੀਟਿੰਗਾਂ ਵਿੱਚ ਭਾਜਪਾ ਆਗੂਆਂ ਦੀ ਬਕਾਇਦਾ ਤੌਰਤੇ ਚਾਹ ਤੇ ਹੋਰ ਖਾਣ ਪੀਣ ਵਾਲੇ ਕਈ ਪਦਾਰਥਾਂ ਸਮੇਤ ਸ਼ਾਨਦਾਰ ਲੰਗਰ ਦੀ ਸੇਵਾ ਵੀ ਇਸੇ ਮੀਟਿੰਗ ਹਾਲ ਵਿੱਚ ਕਰਕੇ ਲੰਗਰ ਦੇ ਸਿਧਾਂਤ ਪੰਗਤ ਵਿੱਚ ਬੈਠ ਕੇ ਲੰਗਰ ਛੱਕਣ ਦੀ ਪਿਰਤ ਨੂੰ ਵੀ ਤੋੜਿਆ ਜਾਂਦਾ ਰਿਹਾ ਹੈ। ਭਾਜਪਾ ਦੇ ਇਹ ਆਗੂ ਇਨਾਂ ਸਥਾਨਾਂ ਤੇ ਇੰਝ ਮੀਟਿੰਗਾਂ ਕਰਦੇ ਸਨ ਜਿਵੇਂ ਇਹ ਅਸਥਾਨ ਭਾਜਪਾ ਦੇ ਆਪਣੇ ਨਿੱਜੀ ਦਫਤਰ ਹੋਣ। ਵਾਰੀ ਜਾਈਏ ਅਕਾਲੀ ਲੀਡਰਸ਼ਿਪ ਦੇ ਜਿਸ ਨੂੰ ਇਹ ਨਹੀਂ ਪਤਾ ਇਹ ਭਾਜਪਾ ਜਾਂ ਜਿਸ ਦਾ ਪਹਿਲਾ ਨਾਮ ਜੰਨ ਸੰਘ ਹੁੰਦਾ ਸੀ। ਇਸ ਪਾਰਟੀ ਨੇ ਪੰਜਾਬ ਵਿੱਚ ਇਤਨੀ ਨਫਰਤ ਤੇ ਪਾੜਾ ਹਿੰਦੂਆਂ ਸਿੱਖਾਂ ਵਿੱਚ ਪਵਾਇਆ ਕਿ ਕਈਪੰਜਾਬੀ ਹੂੰਦਿਆਂ ਨੇ ਆਪਣੇ ਆਪ ਨੂੰ ਪੰਜਾਬ ਦੇ ਵਾਸੀ ਨਾ ਸਮਝ ਕੇ ਪੰਜਾਬ ਦੇ ਹੀ ਵਿਰੋਧੀ ਬਣ ਬੈਠੇ।ਜਿਨਾਂ ਨੇ ਪਹਿਲਾਂ ਮਾਂ ਬੋਲੀ ਪੰਜਾਬੀ ਦੀ ਥਾਂ ਤੇ ਹਿੰਦੀ ਲਿਖਵਾ ਕੇ ਪੰਜਾਬ ਨੂੰ ਛੋਟਾ ਕਰਾਇਆ, ਫਿਰ ਪੰਜਾਬ ਨੂੰ ਚੰਡੀਗੜ੍ਹ ਦੇਣ ਦਾ ਵਿਰੋਧ ਕੀਤਾ, ਪੰਜਾਬੀ ਬੋਲੀ ਨੂੰ ਸੂਬੇ ਦੀ ਭਾਸ਼ਾ ਬਣਾਉਣ ਦਾ ਰੱਜ ਕੇ ਵਿਰੋਧ ਕੀਤਾ , ਪੰਜਾਬ ਦੇ ਪਾਣੀਆਂ ਸਬੰਧੀ ਇਸ ਪਾਰਟੀ ਦੀ ਨੀਤੀ ਹਰ ਖੇਤਰ ਵਿੱਚ ਪੰਜਾਬ ਵਿਰੋਧੀ ਹੀ ਰਹੀ ਹੈ। ਇਸ ਲੀਡਰਸ਼ਿਪ ਨੇ ਰਾਜਨੀਤਕ ਸਾਂਝ ਪਾਉਣ ਲਗਿਆਂ ਇਹ ਵੀ ਨਹੀਂ ਸੋਚਿਆ ਕਿ ਕਿਸ ਪਾਰਟੀ ਨਾਲ ਸਾਂਝ ਕਰਨੀ ਹੈ ਤੇ ਕਿਸ ਨਾਲ ਨਹੀਂ।ਪਰ ਸੋਚਦੇ ਤਾਂ ਜੇ ਉਹ ਅਸਲ ਮਾਇਨਿਆਂ ਵਿੱਚ ਸਿੱਖਾਂ ਦੀ ਨੁਮਾਇੰਦਗੀ ਕਰਦੀ ਲੀਡਰਸ਼ਿਪ ਹੁੰਦੀ ।ਜਦੋਂ ਹੈ ਹੀ ਕਾਲੀਆਂ ਭੇਡਾਂ ਸਨ ਜੋ ਭਾਜਪਾ ਨੇ ਸਿੱਖੀ ਰੂਪ ਵਿੱਚ ਬਣਾ ਕੇ ਪੰਜਾਬ, ਪੰਜਾਬੀ ਬੋਲੀ , ਸਿੱਖ ਕੌਮ ਦਾ ਨਾਸ ਕਰਨ ਲਈ ਭੇਜੇ ਹੋਏ ਸਨ।ਉਨਾਂ ਨੇ ਉਹੋ ਕੁਝ ਕਰਨਾ ਸੀ ਜਿਸ ਤਰਾਂ ਦਾ ਆਦੇਸ਼ ਉਨਾਂ ਦੇ ਭਾਜਪਾ ਆਕਾਵਾਂ ਨੇ ਦਿੱਤਾ ਹੋਇਆ ਸੀ। ਹਾਲਾਂਕਿ ਅਕਾਲੀ ਆਗੂ ਸ੍ਰ ਲਛਮਣ ਸਿੰਘ ਗਿੱਲ ਜਿਸ ਨੇ 1968 ਵਿੱਚ ਅਕਾਲੀ ਦੱਲ ਤੋਂ ਬਗਾਵਤ ਕਰਕੇ ਕਾਂਗਰਸ ਨਾਲ ਰੱਲ ਕੇ ਸਾਂਝੀ ਵਜਾਰਤ ਬਣਾਈ ਸੀ ।ਉਸ ਨੇ "ਪੰਜਾਬੀ ਬੋਲੀ" ਨੂੰ ਸੂਬੇ ਦੀ ਮਾਂ ਬੋਲੀ ਪੰਜਾਬੀ ਬਣਾ ਕੇ ਇਕ ਮਾਹਰਕੇ ਵਾਲਾ ਕੰਮ ਕੀਤਾ ਸੀ ।ਜੇ ਕਰ ਸ੍ਰ ਗਿੱਲ ਇਹ ਕੰਮ ਨਾ ਕਰਕੇ ਜਾਂਦੇ ਤਾਂ ਸ੍ਰ ਬਾਦਲ ਜਿਸ ਦੀ ਦਿਲੀ ਸਾਂਝ ਭਾਜਪਾ ਨਾਲ ਜੁੜ੍ਹੀ ਹੋਈ ਹੈ ਉਹ ਕਦੇ ਵੀ ਸੂਬੇ ਦੀ ਭਾਸ਼ਾ "ਪੰਜਾਬੀ" ਨੂੰ ਨਾ ਬਣਾ ਸਕਦੇ। ਬਾਦਲ ਸਰਕਾਰ ਨੇ ਭਾਸ਼ਾ ਐਕਟ ਨੂੰ ਪੂਰੀ ਤਰਾਂ ਲਾਗੂ ਕਰਨ ਦੀ ਥਾਂ ਤੇ ਐਸ ਡੀ, ਡੀ ਏ ਵੀ ਤੇ ਹਰ ਹਿੰਦੂਆਂ ਰਾਹੀਂ ਚਲਾਏ ਜਾਂਦੇ ਵਿਦਿਅੱਕ ਅਦਾਰਿਆਂ, ਵਿੱਚ ਪਹਿਲੀ ਭਾਸ਼ਾ ਹਿੰਦੀ ਪੜਾਉਣ ਦੀ ਆਗਿਆ ਦੇ ਕੇ ਪੰਜਾਬੀ ਭਾਸ਼ਾ ਦਾ ਵੱਡਾ ਨੁਕਸਾਨ ਕੀਤਾ ਹੈ। ਇਹਨਾਂ ਦੇ ਰਾਜ ਭਾਗ ਵਿੱਚ ਬਣਾਏ ਹੋਏ ਭਾਸ਼ਾ ਵਿਭਾਗ ਪੰਜਾਬ ਜਿਸ ਨੇ ਪੰਜਾਬੀ ਬੋਲੀ ਨੂੰ ਪ੍ਰਫੁਲੱਤ ਕਰਨਾ ਸੀ । ਉਹ ਵੀ ਕੋਈ ਸਾਰਥਕ ਕੰਮ ਕਰਨ ਦੀ ਥਾਂ ਆਪ ਹੀ "ਚਿੱਟਾ ਹਾਥੀ" ਬਣ ਕੇ ਰਹਿ ਗਿਆ। ਇਹ ਵੀ ਸੂਚਨਾ ਹੈ ਕਿ ਇਸ ਵਿਭਾਗ ਦੇ ਇਕ ਡਾਇਰੈਕਟਰ ਉਹ ਲਗਾਏ ਗਏ ਜਿਨਾਂ ਦਾ ਸਬੰਧ ਭਾਜਪਾ ਤੇ ਰ.ਸ.ਸ, ਨਾਲ ਦਸਿਆ ਜਾਂਦਾ ਸੀ। ਉਨਾਂ ਨੇ ਪੰਜਾਬੀ ਭਾਸ਼ਾ ਨੂੰ ਦਫਤਰਾਂ ਵਿੱਚ ਲਾਗੂ ਕਰਾਉਣ ਦਾ ਕੰਮ ਘੱਟ ਤੇ ਅਖਬਾਰੀ ਪਰਚਾਰ ਸ਼ਵੱਧ ਕੀਤਾ। ਪਿਛਲੇ ਸਮੇਂ ਤੋਂ ਇਸ ਵਿਭਾਗ ਦੀ ਹਾਲਤ ਇਹ ਬਣੀ ਹੋਈ ਕਿ ਸੇਵਾ ਮੁੱਕਤ ਹੋਏ ਕਰਮਚਾਰੀਆਂ ਦੀ ਥਾਂ ਹੋਰ ਨਵੇਂ ਬੰਦੇ ਨਿਯੁੱਕਤ ਨਾ ਕੀਤੇ ਜਾਣ ਕਾਰਨ ਇਸ ਦਫਤਰਦੀਆਂ ਕਈ ਬਰਾਂਚਾਂ ਵਿੱਚ ਨਾਂ ਮਾਤਰ ਹੀ ਮੁਲਾਜਮ ਰਹਿ ਗਏ ਹਨ ਇਸ ਕਰਕੇ ਭਾਸ਼ਾ ਵਿਭਾਗ ਇਕ ਨਾਂ ਦਾ ਹੀ ਵਿਭਾਗ ਰਹਿ ਗਿਆ ਹੈ। ਜਿਲਾ ਭਾਸ਼ਾ ਅਫਸਰ ਜਿਨਾਂ ਨੇ ਜਿਲਿਆਂ ਦੇ ਦਫਤਰਾਂ ਵਿਚ ਜਾ ਕੇ ਜਾਂਚ ਪੜਤਾਲ ਕਰਨੀ ਹੁੰਦੀ ਹੈ ਕਿ ਵਿਭਾਗਾਂ ਵਿੱਚ ਕੰਮ ਕਾਜ ਪੰਜਾਬੀ ਵਿੱਚ ਹੋ ਵੀ ਰਿਹਾ ਹੈ ਕਿ ਨਹੀਂ, ਬਹੁਤ ਸਾਰੇ ਜਿਲਿਆਂ ਵਿੱਚ ਜਿਲਾ ਭਾਸ਼ਾ ਅਫਸਰਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ ਤਾਂ ਫਿਰ ਕੰਮ ਕੀ ਹੋਣਾ ਹੈ? ਸਰਕਾਰਾਂ ਵੀ ਇਸ ਵਿਭਾਗ ਨੂੰ ਬਹੁਤੀ ਅਹਿਮੀਅਤ ਨਹੀਂ ਦੇ ਰਹੀਆਂ ਜਿਸ ਦਾ ਪ੍ਰਗਟਾਵਾ ਸਰਕਾਰ ਵਲੋਂ ਹਰ ਸਾਲ ਇਸ ਵਿਭਾਗ ਲਈ ਰਾਖਵੇਂ ਕੀਤੇ ਫੰਡਾਂ ਤੋਂ ਪਤਾ ਲਗ ਜਾਂਦਾ ਹੈ। ਸਰਕਾਰਾਂ ਦਾ ਸਾਰਾ ਜੋਰ ਪੰਜਾਬੀ ਬੋਲੀ ਨੂੰ ਪ੍ਰਫੁਲਤ ਕਰਨ ਦੀ ਥਾਂ ਤੇ "ਅੰਗਰੇਜੀ" ਪੜਾਉਣ ਤੇ ਲਗਾਇਆ ਜਾ ਰਿਹਾ ਹੈ। ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਅਸਾਮੀਆਂ ਨਾ ਹੋਣ ਕਾਰਨ ਬੱਚਿਆਂ ਨੂੰ ਮਾਂ ਬੋਲੀ ਉਪੰਜਾਬੀ"ਚੰਗੀ ਤੇ ਤਰਾਂ ਪੜ੍ਹਣੀ ਤਾਂ ਆਉਂਦੀ ਨਹੀਂ। ਉਨਾਂ ਨੂੰ ਉਲਟਾ ਪਹਿਲੀ ਜਮਾਤ ਤੋਂ ਅੰਗਰੇਜੀ ਪੜਾ ਕੇ ਅੰਗਰੇਜ ਬਣਾਇਆ ਜਾ ਰਿਹਾ ਹੈ। ਸਾਡੇ ਦੇਸ਼ ਦੇ ਵਿਦਿਆ ਮਹਿਰਾਂ ਨੂੰ ਇਕ ਭਰਮ ਹੋ ਗਿਆ ਲਗਦਾ ਹੈ ਕਿ ਜੇ ਕਰ ਅਸੀਂ ਅੰਗਰੇਜੀ ਨਾ ਪੜ੍ਹੀ ਤਾਂ ਸ਼ਾਇਦ ਅਸੀ ਫਿਰ ਪਿੱਛੇ ਰਹਿ ਜਾਵਾਂਗੇ। ਭਾਰਤ ਦੇ ਇਨਾਂ ਮਾਹਰਾਂ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਰੂਸ, ਚੀਨ ਜਪਾਨ ਆਦਿ ਬਹੁਤ ਸਾਰੇ ਹੋਰ ਵੀ ਮੁੱਲਕ ਹੋਣਗੇ ਜਿਹੜੇ ਅੰਗਰੇਜੀ ਪੜ੍ਹਣੀ ਤਾਂ ਕੀ ਉਸ ਨਾਲ ਸਖਤ ਨਫਰਤ ਵੀ ਕਰਦੇ ਹਨ। ਅੱਜ ਜਾਪਾਨ ਵਰਗੇ ਦੇਸ਼ਾਂ ਦਾ ਨਾਂ ਵਿਕਸਤ ਦੇਸ਼ਾਂ ਵਿੱਚ ਲਿਆ ਜਾਂਦਾ ਹੈ। ਇਹਨਾਂ ਦੇਸ਼ਾਂ ਨੇ ਆਪਣੀ ਮਾਂ ਬੋਲੀ ਨੂੰ ਹੀ ਪੜਾਉਣ ਨੂੰ ਮਹੱਤਤਾ ਦਿੱਤੀ ਹੈ ਤੇ ਅੱਜ ਸੰਸਾਰ ਦੀਆਂ ਬੁਲੰਦੀਆਂ ਤੇ ਪੁੱਜੇ ਹੋਏ ਹਨ। ਜਾਪਾਨ ਤਾਂ ਅੰਗਰੇਜੀ ਬੋਲਣੀ ਤੇ ਪੜਣ ਨੂੰ ਸਖਤ ਨਫਰਤ ਕਰਦਾ ਸੁਣਿਆ ਗਿਆ ਹੈ।ਪਰ ਪੰਜਾਬ ਵਿੱਚ ਸਾਜਿਸ਼ੀ ਢੰਗ ਨਾਲ ਬਣਾਈ ਇਸ ਨੀਤੀ ਨਾਲ ਪੰਜਾਬ ਦੀ ਮਾਂ ਬੋਲੀ ਪੰਜਾਬੀ ਨੂੰ ਖਤਮ ਕਰਨ ਦੀ ਚਾਲ ਸਮਝੀ ਜਾ ਰਹੀ ਹੈ। ਜਦੋਂ ਕਿ ਸਿਖਿਆ ਮਾਹਰਾਂ ਦਾ ਕਹਿਣਾ ਹੈ ਜੇ ਕਰ ਵਿਦਿਆਰਥੀ ਆਪਣੀ ਮਾਂ ਬੋਲੀ ਵਿੱਚ ਪ੍ਰਪੱਕ ਹੋ ਜਾਂਦਾ ਹੈ ਤਾਂ ਉਹ ਬਾਕੀ ਸਭ ਵਿਸ਼ੇ ਵੀ ਚੰਗੀ ਤਰਾਂ ਪੜ੍ਹ ਸਕਣ ਦੇ ਪੂਰੀ ਤਰ੍ਹਾਂ ਸਮਰੱਥ ਹੁੰਦਾ ਹੈ। ਪਰ ਇਥੇ ਤਾਂ ਉਲਟੀ ਗੰਗਾ ਵਹਿ ਰਹੀ ਹੈ। ਜਿਸ ਵਿੱਚ ਅਕਾਲੀਆਂ ਦੇ ਨਾਲ ਕਾਂਗਰਸੀ ਵੀ ਰਲੇ ਹੋਏ ਹਨ। ਇਨਾਂ ਦਾ ਸਬੰਧ ਆਮ ਲੋਕਾਂ ਨਾਲ ਨਾ ਹੋ ਕੇ, ਰਜਵਾੜਿਆਂ ਨਾਲ ਜੁੜਿਆ ਹੋਣ ਕਰਕੇ ਇਹ ਅਜਿਹੀਆਂ ਲੋਕ ਮਾਰੂ ਨੀਤੀਆਂ ਘੜਦੇ ਹਨ। ਪੰਜਾਬ ਦੀ ਵਿੱਗੜੀ ਤਾਣੀ ਉਨਾ ਚਿਰ ਸੁਲੱਝ ਨਹੀਂ ਸਕਦੀ ਜਿਨਾ ਚਿਰ ਪੰਜਾਬ ਵਿੱਚ ਕੋਈ ਨਰੋਈ ਸੋਚ ਵਾਲੀ ਧਿਰ ਨਹੀਂ ਬਣਦੀ । ਪੰਜਾਬ ਵਿੱਚ ਹੋਰ ਕੁਝ ਮਹੀਨਿਆ ਤਕ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ ਪਰ ਨਰੋਈ ਸੋਚ ਵਾਲੇ ਲੀਡਰ ਸੋਚੀ ਪਏ ਹੋਏ ਹਨ ਜੋ ਹੁਣ ਤਕ ਪੰਜਾਬ ਵਿੱਚ ਤੀਜੀ ਧਿਰ ਸਥਾਪਤ ਨਹੀਂ ਕਰ ਸਕੇ। ਸੰਘਰਸ਼ ਕਰ ਰਹੇ ਕਿਸਾਨ ਮੋਰਚੇ ਦੇ ਆਗੂਆਂ ਨੇ ਪੰਜਾਬ ਸਮੇਤ ਦੇਸ਼ ਦੀਆਂ ਸਾਰੀਆਂ ਪਾਰਟੀਆਂ ਦੇ ਪਾਜ ਉਘੇੜ ਕੇ ਵੱਡੀ ਗਿਣਤੀ ਵਿੱਚ ਕਿਸਾਨਾਂ ਵਿਸ਼ੇਸ਼ ਕਰਕੇ ਆਮ ਜੰਨਤਾ ਨੂੰ ਸੁਚੇਤ ਕਰਕੇ ਇਹ ਦੱਸ ਦਿੱਤਾ ਹੈ



ਜੀਗ ਸਿੰਘ
91-94170-95965

ਕਿ ਮੌਜੂਦਾ ਰਵਾਇਤੀ ਪਾਰਟੀਆਂ ਦੇ ਸਾਰੇ ਆਗੂ ਸਭ ਹਰਬੇ ਵਰਤ, ਲਾਲਚ, ਪੈਸੇ ਨਸ਼ਿਆਂ ਦਾ ਝਾਸਾਂ ਦੇ ਕੇ ਆਮ ਲੋਕਾਂ ਦੀਆਂ ਵੋਟਾਂ ਬਟੋਰ ਕੇ ਚੋਣਾਂ ਜਿੱਤ ਲੈਂਦੇ ਹਨ ਫਿਰ ਪੰਜ ਸਾਲ ਉਨਾਂ ਦੀ ਕੋਈ ਸਾਰ ਨਹੀਂ ਲੈਂਦੇ ਤੇ ਆਪਣੇ ਘਰ ਭਰਨ ਵੱਲ ਲਗ ਜਾਂਦੇ ਹਨ। ਜਿਵੇਂ ਕਿਸਾਨਾਂ ਨਾਲ ਹੋਇਆ ਹੈ। ਇਸ ਲਈ ਸਾਨੂੰ ਰਵਾਇਤੀ ਪਾਰਟੀਆਂ ਦਾ ਖਹਿੜਾ ਛੱਡ ਕੇ ਨਰੋਈ ਦਿੱਖ ਵਾਲੀ ਪਾਰਟੀ ਸਥਾਪਤ ਕਰਨ ਦੀ ਜਰੂਰਤ ਹੈ।

ਕੁਝ ਸਮਾਂ ਪਹਿਲਾਂ ਲੋਕਾਂ ਨੂੰ ਆਮ ਆਦਮੀ ਪਾਰਟੀ ਤੋਂ ਆਸ ਬੱਝੀ ਸੀ ਕਿ ਪਰ ਇਸ ਪਾਰਟੀ ਨੇ ਵੀ ਇਹੋ ਕੁਝ ਕਰ ਵਿਖਾਇਆ ਹੈ। 2017 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਇਸ ਪਾਰਟੀ ਦੇ ਸਰਬ ਰਾਹ ਬਣੇ ਸ੍ਰੀ ਅਰਵਿੰਦ ਕੇਜਰੀ ਵਾਲ ਵੀ ਇਸੇ ਹੀ ਸੋਚ ਦੇ ਮਾਲਕ ਬਣ ਚੁਕੇ ਹਨ । ਉਨਾਂ ਨੇ ਵੀ ਪੰਜਾਬ ਵਿੱਚ ਜੇ ਕੋਈ ਲੀਡਰ ਉਭਰਨ ਲਗਦਾ ਹੈ ਤਾਂ ਝੱਟ ਉਸ ਨੂੰ ਛਾਂਗ ਕੇ ਦਿੱਲੀ ਪਾਰਟੀ ਦੇ ਲੋਕਾਂ ਨੂੰ ਪੰਜਾਬ ਤੇ ਹਾਵੀ ਕਰਨ ਦਾ ਯਤਨ ਕੀਤਾ ਜਾਂਦਾ ਰਿਹਾ ਹੈ ਜਿਸ ਕਾਰਨ ਬਹੁਤ ਸਾਰੇ ਸੁਘੱੜ ਲੀਡਰ ਜਾਂ ਤਾਂ ਇਸ ਪਾਰਟੀ ਵਿੱਚ ਆਏ ਨਹੀਂ ਜਾਂ ਫਿਰ ਛਾਂਗ ਦਿੱਤੇ ਗਏ ਜਿਸ ਦੀ ਇਕ ਲੰਮੀ ਲਾਈਨ ਲੋਕਾਂ ਸਾਹਮਣੇ ਹੈ। ਹੁਣ ਤਾਂ ਲੋਕਾਂ ਦਾ ਮੱਤ ਇਹ ਬਣ ਗਿਆ ਹੈ ਕਿ ਕੇਜਰੀਵਾਲ ਦੀ 'ਆਮ ਆਦਮੀ ਪਾਰਟੀ' ਭਾਜਪਾ ਦੀ ਬਣਾਈ ਹੋਈ "ਬੀ" ਟੀਮ ਹੈ।

ਇਸ ਵਲੋਂ ਪਿਛੋਕੜ ਵਿੱਚ ਲਏ ਸਾਰੇ ਫੈਸਲੇ ਪੰਜਾਬ ਵਿਰੋਧੀ ਰਹੇ ਹਨ । ਪੰਜਾਬ ਦੇ ਲੋਕਾਂ ਦਾ ਇਹ ਵੀ ਮੱਤ ਹੈ ਕਿ ਕੇਜਰੀਵਾਲ ਆਪਣੇ ਕਿਸੇ ਖਾਸਮ-ਖਾਸ ਨੂੰ ਪੰਜਾਬ ਦਾ ਲੀਡਰ ਬਣਾਉਣਾ ਚਾਹੁੰਦਾ ਹੈ ਤਾਂ ਕਿ ਆਪਣੇ ਮਨਸੂਬੇ ਅਨੁਸਾਰ ਪੰਜਾਬ ਨੂੰ ਚਲਾ ਕੇ ਜਿਵੇਂ ਅਕਾਲੀਆਂ ਦੀ ਮੌਜੂਦਾ ਲੀਡਰਸ਼ਿਪ ਨੇ ਪੰਜਾਬ ਦਾ ਵੱਡਾ ਨੁਕਸਾਨ ਕੀਤਾ ਹੈ ਬਿਲਕੁਲ ਇਸੇ ਤਰਾਂ ਭਾਜਪਾ ਦੀ ਪਾਲਿਸੀ ਮੁਤਾਬਿਕ ਪੰਜਾਬ ਵਿੱਚ ਕੰਮ ਕੀਤਾ ਜਾ ਸਕੇ। ਜਿਸ ਨੂੰ ਪੰਜਾਬ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੇ। ਇਸ ਲਈ ਬਹਾਦਰ ਸਿੱਖ ਯੋਧਿਉ ਜਾਗੋ! ਜਾਗੋ!! ਸਿੱਖ ਜੱਗਤ ਲਈ ਇਹ ਵੇਲਾ ਪੰਜਾਬ ਦੀ ਹੋ ਰਹੀ ਬਰਬਾਦੀ ਨੂੰ ਵੇਖਣ ਦਾ ਨਹੀਂ, ਬਲਕਿਇਸ ਦੀ ਵਿਗੜ ਰਹੀ ਹਾਲਤ ਨੂੰ ਸ਼ਾਨਦਾਰ ਬਣਾਉਣਲਈ,ਸ ਮਰਪਿੱਤ ਸਿੱਖ ਲੀਡਰਸ਼ਿਪ ਨੂੰ ਚੁਣਨ ਦਾ ਹੈ!

# ਨਿਊਜ਼ੀਲੈਂਡ ਵਿੱਚ ਘੱਲੂਘਾਰਾ ਦਿਵਸ ਮਨਾਇਆ










ਇਥੋਂ ਦੇ ਸ਼ਹਿਰ ਆਕਲੈਂਡ ਵਿੱਚ ਮੈਨੂਰੇਵਾ ਵਿਖੇ ਸਥਿੱਤ ਗੁਰੂਦੁਆਰਾ ਨਾਨਕ ਠਾਠ ਵਿੱਚ ਸਾਕਾ ਨੀਲਾ ਤਾਰਾ ਦੀ ਯਾਦ ਮਨਾਉਂਦਿਆਂ ਪ੍ਰੋਗਰਾਮ ਕਰਵਾਇਆ ਗਿਆ। 4 ਜੂਨ ਦਿਨ ਸ਼ੁਕਰਵਾਰ ਨੂੰ ਸ਼੍ਰੀ ਆਖੰਡ ਪਾਠ ਸਾਹਿਬ ਅਰੰਭ ਕੀਤਾ ਗਿਆ ਅਤੇ 6 ਜੂਨ ਦਿਨ ਐਤਵਾਰ ਨੂੰ ਭੋਗ ਪਾਏ ਗਏ। ਸ਼੍ਰੀ ਆਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਇਥੋਂ ਦੇ ਬਜ਼ੁਰਗ ਭਾਇ-ਚਾਰੇ ਵੱਲੋਂ ਕੀਤੀ ਗਈ।

ਭੋਗ ਉਪ੍ਰੰਤ ਗੁਰਦੁਆਰਾ ਸਾਹਿਬ ਦੇ ਰਾਗੀ ਜਥੇ (ਭਾਈ ਈਸ਼ਵਰ ਸਿੰਘ ਤੇ ਸਾਥੀਆਂ) ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਗਿਆ। ਕਵੀ ਬਾਬਾ ਗੁਰਚਰਨ ਸਿੰਘ ਚਕਰ ਅਤੇ ਗਿਆਨੀ ਜਸਵੰਤ ਸਿੰਘ ਵੱਲੋਂ ਕਵੀਸ਼ਰੀ ਰਾਹੀਂ ਸ਼ਹੀਦ ਸਿੰਘਾਂ ਨੂੰ ਆਪਣੀ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਸ਼ਹੀਦ ਸਤਵੰਤ ਸਿੰਘ ਆਗਵਾਨ ਅਤੇ ਭਰਪੂਰ ਸਿੰਘ ਗਹੀਰਾਂ ਦੇ ਪਰਿਵਾਰਾਂ ਨੂੰ ਸਨੁਮਾਨਿਤ ਕੀਤਾ ਗਿਆ।

**ਰਿਪੋਰਟ: ਸੰਤੋਖ ਸਿੰਘ ਸੰਧੂ**
**(022 071 0935)**

# ਤੇਲ ਕੀਮਤਾਂ ਤੇ ਭਾਰਤੀ ਅਰਥਚਾਰਾ: ਸਾਰੀ ਲੁੱਟ ਲਈ ਮੁਲਾਹਜ਼ੇਦਾਰਾਂ

**(ਸਫਾ 16 ਦੀ ਬਾਕੀ)**

ਗਿਣਤੀ 102 ਸੀ। ਪਹਿਲੀ ਮਹਾਂਮਾਰੀ ਦੇ ਅੰਤ ਤੱਕ ਵਧਕੇ ਇਹ ਗਿਣਤੀ 140 ਹੋ ਗਈ ਅਤੇ ਉਹਨਾ ਦੀ ਕੁਲ ਜਮ੍ਹਾਂ ਪੂੰਜੀ 43 ਲੱਖ ਕਰੋੜ ਰੁਪਏ ਤੋਂ ਵਧ ਗਈ। ਮੁਕੇਸ਼ ਅੰਬਾਨੀ ਇੱਕ ਇੱਕ ਸਾਲ ਵਿੱਚ ਹੀ ਕੁਲ ਜਾਇਦਾਦ 2.6 ਤੋਂ ਵਧਕੇ 6.2 ਲੱਖ ਕਰੋੜ ਰੁਪਏ ਹੋ ਗਈ, ਜਦਕਿ ਗੌਤਮ ਅੰਡਾਨੀ ਦੀ ਜਾਇਦਾਦ 58 ਹਜ਼ਾਰ ਕਰੋੜ ਤੋਂ ਵਧਕੇ 3.7 ਲੱਖ ਕਰੋੜ ਹੋ ਗਈ।

ਇਸ ਸਮੇਂ ਦੇਸ਼ ਵਿੱਚ ਅਸਮਾਨਤਾ ਵਧੀ ਹੈ ਅਤੇ ਹੋਰ ਵਧੇਗੀ। ਗਰੀਬ ਹੋਰ ਗਰੀਬ ਹੋਣਗੇ, ਕਰਜ਼ਾਈ ਹੋਣਗੇ। ਆਰਥਿਕ ਹਾਲਤਾਂ ਦਾ ਮਨੁੱਖੀ ਅਜੀਵਕਾ, ਉਤੇ ਵੱਡਾ ਅਸਰ ਪਏਗਾ, ਕਿਉਂਕਿ ਮਜ਼ਬੂਤ ਅਰਥਵਿਵਸਥਾ ਦੇ ਸੰਕੇਤ ਨਾਕਾਰਤਮਕ ਹਨ। ਮਹਾਂਮਾਰੀ ਦੇ ਕਾਰਨ ਲੋਕਾਂ ਦੀ ਕਮਾਈ ਘੱਟ ਗਈ ਹੈ। ਅਜ਼ੀਮ ਪ੍ਰੇਮ ਜੀ ਯੂਨੀ-ਵਰਸਿਟੀ ਦੇ ਇੱਕ ਅਧਿਐਨ ਅਨੁਸਾਰ ਦੇਸ਼ ਦੀ 23 ਕਰੋੜ ਆਬਾਦੀ ਗਰੀਬੀ ਰੇਖਾ ਦੇ ਹੇਠ ਚਲੀ ਗਈ ਹੈ। ਜਿਸਦੀ ਕਮਾਈ 375 ਰੁਪਏ ਦੀ ਘੱਟੋ ਘੱਟ ਰੋਜ਼ਾਨਾ ਤੋਂ ਵੀ ਘੱਟ ਗਈ ਹੈ। ਇਸ ਨਾਲ ਪੈਟਰੋਲ ਅਤੇ ਡੀਜ਼ਲ ਦੀਆਂ ਉੱਚੀਆਂ ਕੀਮਤਾਂ ਲੋਕਾਂ ਦੀ ਜੇਬ ਦੇ ਨਾਲ ਨਾਲ ਦਿਲ ਨੂੰ ਵੀ ਜਲਾ ਰਹੀਆਂ ਹਨ। ਮਹਿੰਗੇ ਹੋਏ ਤੇਲ ਨਾਲ ਇਹ ਹਾਲਤ ਬਣ ਰਹੇ ਹਨ ਕਿ ਇਹ ਦੇਸ਼ ਦੀ ਅਰਥ ਵਿਵਸਥਾ ਨੂੰ ਕਿਸੇ ਵੀ ਹਾਲ ਵਿੱਚ ਉਚਾਈਆਂ ਤੇ ਲੈ ਜਾਣ ਵਾਲੇ ਨਹੀਂ ਹਨ। ਕੁਝ ਸਾਲ ਪਹਿਲਾਂ ਦੁਨੀਆ ਦੀ ਸਭ ਤੋਂ ਤੇਜ਼ ਗਤੀ ਵਾਲੀ ਆਰਥਿਕ ਵਾਧੇ ਵਾਲੀ ਸਾਡੀ ਅਰਥਵਿਵਸਥਾ ਹੁਣ ਆਰਥਿਕ ਵਾਧੇ ਦੀ 142ਵੀਂ ਰੈਕਿੰਗ ਉਤੇ ਪੁੱਜ ਗਈ ਹੈ। ਦੇਸ਼ ਕੰਗਾਲ ਹੋ ਰਿਹਾ ਹੈ। ਦੇਸ਼ ਫਟੇਹਾਲ ਹੋ ਰਿਹਾ ਹੈ। ਜਨਤਾ ਬੇਰੁਜ਼ਗਾਰੀ ਝੱਲ ਰਹੀ ਹੈ, ਜਨਤਾ ਮਹਿੰਗਾਈ ਦੀ ਮਾਰ ਝੱਲ ਰਹੀ ਹੈ। ਅਮਰੀਕੀ ਊਰਜਾ ਸੂਚਨਾ ਪ੍ਰਸਾਸ਼ਨ ਅਨੁਸਾਰ ਤੇਲ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਹੋਣ ਦੇ ਸੰਕੇਤ ਹਨ। ਸਾਲ 2021 'ਚ ਤੇਲ ਦੀਅ ਕੀਮਤ 60.67 ਡਲਾਰ ਪ੍ਰਤੀ ਬੈਰਲ ਰਹਿ ਸਕਦੀ ਹੈ। ਇਸ ਲਿਹਾਜ ਨਾਲ ਭਾਰਤ ਵਿੱਚ 2021 ਲਈ ਕੱਚੇ ਤੇਲ ਵਾਸਤੇ 21 ਡਾਲਰ ਪ੍ਰਤੀ ਬੈਰਲ ਹੋਰ ਖ਼ਰਚਾ ਪਵੇਗਾ। ਇਸ ਨਾਲ ਭਾਰਤ ਨੂੰ ਵੀਹ ਅਰਬ ਡਾਲਰ ਦਾ ਵਾਧੂ ਖ਼ਰਚਾ ਪਵੇਗਾ। ਜਿਸ ਨਾਲ ਜੀ.ਡੀ.ਪੀ. ਇੱਕ ਫੀਸਦੀ ਘੱਟ ਜਾਏਗੀ। ਪਹਿਲਾਂ ਤੋਂ ਹੀ ਭੈੜੀ ਭਾਰਤ ਦੀ ਆਰਥਿਕ ਸਿਹਤ ਹੋਰ ਵੀ ਕਮਜ਼ੋਰ ਹੋ ਜਾਏਗੀ। ਇਸ ਨਾਲ ਅਸਮਾਨਤਾ ਦੀ ਖਾਈ ਹੋਰ ਡੂੰਘੀ ਹੋ ਜਾਏਗੀ। ਇਸ ਜੀ.ਡੀ.ਪੀ. ਦੀ ਇੱਕ ਫ਼ੀਸਦੀ ਘੱਟ ਹੋਣ ਦਾ ਅਰਥ ਪ੍ਰਤੀ ਵਿਅਕਤੀ 105 ਰੁਪਏ ਪ੍ਰਤੀ ਮਹੀਨਾ ਦੀ ਆਮਦਨ ਵਿੱਚ ਕਮੀ ਹੁੰਦਾ ਹੈ। ਇਸਦਾ ਸਿੱਧਾ ਅਸਰ ਉਹਨਾ ਕਰੋੜਾਂ ਲੋਕਾਂ ਉਤੇ ਪਏਗਾ ਜਿਹੜੇ ਕਿ ਪਹਿਲਾਂ ਹੀ 375 ਰੁਪਏ ਦੀ ਘੱਟੋ-ਘੱਟ ਦਿਹਾੜੀ ਉਤੇ ਬੈਠੇ ਹਨ। ਇਸ ਨਾਲ ਮਾਸਿਕ ਦਿਹਾੜੀ ਹੋਰ ਹੇਠ ਚਲੇ ਜਾਏਗੀ ਜਿਸਦਾ ਭਾਰਤੀ ਅਰਥ ਵਿਵਸਥਾ ਉਤੇ ਅਸਰ ਪਏਗਾ। ਅਸਲ 'ਚ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਭਾਰਤੀ ਅਰਥ ਵਿਵਸਥਾ ਲਈ ਕਿਸੇ ਭੁਚਾਲ ਤੋਂ ਘੱਟ ਨਹੀਂ ਹੈ। ਇਸ ਨਾਲ ਰੁਪਏ ਦੇ ਮੁੱਲ ਵਿੱਚ ਕਮੀ ਵੀ ਦੇਖਣ ਨੂੰ ਮਿਲੇਗੀ।

# ਇਮਤਿਹਾਨ ਜ਼ਿੰਦਗੀ ਨਾਲੋਂ ਜ਼ਿਆਦਾ ਮਹੱਤਵਪੂਰਣ ਨਹੀਂ ਹੁੰਦਾ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਬਾਰ੍ਹਵੀਂ ਜਮਾਤ ਦੀਆਂ ਬੋਰਡਾਂ ਦੀਆਂ ਪ੍ਰੀਖਿਆਵਾਂ (ਖ਼ਾਸਕਰ ਸੀਬੀਐਸਈ) ਨੂੰ ਰੱਦ ਕਰਨ ਦਾ ਫੈਸਲਾ ਇਸ ਸਮੇਂ ਉਪਲਬਧ ਸਾਰੇ ਵਿਕਲਪਾਂ ਵਿੱਚੋਂ ਸਭ ਤੋਂ ਉੱਤਮ ਮੰਨਿਆ ਜਾਵੇਗਾ। ਇਹ ਇਕ ਬਹੁਤ ਦਲੇਰ ਫ਼ੈਸਲਾ ਹੈ, ਜੋ ਦੇਸ਼ ਦੀ ਸੰਵੇਦਨਸ਼ੀਲਤਾ ਨੂੰ ਵੀ ਦਰਸਾਉਂਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਲਗਭਗ 1.5 ਕਰੋੜ 12 ਵੀਂ ਕਲਾਸ ਦੇ ਵਿਦਿਆਰਥੀਆਂ ਵਿਚੋਂ ਬਹੁਤ ਸਾਰੇ ਅਗਲੇ ਕੁਝ ਸਾਲਾਂ ਵਿਚ ਦੇਸ਼ ਦੇ ਵੱਖ-ਵੱਖ ਥਾਂਵਾਂ 'ਤੇ ਫੈਸਲਾ ਲੈਣ ਵਾਲੀਆਂ ਅਹੁਦਿਆਂ' ਤੇ ਹੋਣਗੇ। ਇਸ ਲਈ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਹੋਣਾ ਲਾਜ਼ਮੀ ਹੈ। ਜਿਵੇਂ ਕਿ ਅਸੀਂ ਹੁਣ ਬੁੱਧ ਨੂੰ ਕੋਰੋਨਾ ਦੇ ਅਦਿੱਖ ਦੁਸ਼ਮਣ ਨਾਲ ਲੜ ਰਹੇ ਹਾਂ, ਜਿਸਦਾ ਚਰਿੱਤਰ ਅਜੇ ਵੀ ਪੂਰੀ ਤਰ੍ਹਾਂ ਹੱਲ ਨਹੀਂ ਹੋਇਆ ਹੈ, ਬੱਚਿਆਂ ਦੀ ਸੁਰੱਖਿਆ ਤੋਂ ਵੱਡਾ ਹੋਰ ਕੋਈ ਟੀਚਾ ਨਹੀਂ ਹੋ ਸਕਦਾ।

ਹਾਂ, ਬੱਚੇ ਚਿੰਤਤ ਹੋਣਗੇ ਕਿ ਜੇ ਉਹ ਨਿਸ਼ਚਤ ਰਵਾਇਤੀ ਪ੍ਰੀਖਿਆ ਨਹੀਂ ਦਿੰਦੇ, ਤਾਂ ਉਨ੍ਹਾਂ ਨੂੰ ਸ਼ਾਇਦ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਏਗਾ। ਉਹਨਾਂ ਨੂੰ ਯੂਨੀਵਰਸਿਟੀਆਂ ਵਿੱਚ ਦਾਖਲ ਹੋਣਾ ਮੁਸ਼ਕਲ ਹੋ ਸਕਦਾ ਹੈ, ਜਾਂ ਉਹਨਾਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਦਾਖਲਾ ਕਰਨਾ ਮੁਸ਼ਕਲ ਹੋ ਸਕਦਾ ਹੈ। ਪਰ ਹੌਲੀ ਹੌਲੀ ਬੱਚੇ ਸਮਝਣਗੇ ਕਿ ਸੁਰੱਖਿਆ ਦੇ ਸਾਮ੍ਹਣੇ ਇਹ ਸਾਰੀਆਂ ਮੁਸ਼ਕਲਾਂ ਨਾਬਾਲਗ ਹਨ, ਅਤੇ ਇਹ ਕਿ ਉਨ੍ਹਾਂ ਕੋਲ ਇਸ ਵਾਰ ਵਰਤਣ ਲਈ ਬਹੁਤ ਸਾਰੇ ਵਿਕਲਪ ਹਨ, ਜਿਸ ਬਾਰੇ ਉਨ੍ਹਾਂ ਨੂੰ ਮਿਲ ਕੇ ਵਿਚਾਰ ਕਰਨਾ ਚਾਹੀਦਾ ਹੈ।

ਹਰ ਕੋਈ ਜਾਣਦਾ ਹੈ ਕਿ ਪਿਛਲੇ ਕੁਝ ਮਹੀਨਿਆਂ ਵਿੱਚ ਦੇਸ਼ ਉਨ੍ਹਾਂ ਮੁਸ਼ਕਲ ਹਾਲਤਾਂ ਵਿੱਚੋਂ ਲੰਘਿਆ ਹੈ। ਕੋਰੋਨਾ ਦੇ ਕਾਰਨ, ਲੋਕ ਨਾਖੁਸ਼ ਸਨ, ਪਰਿਵਾਰ ਮੁਸੀਬਤ ਵਿੱਚ ਸਨ ਅਤੇ ਸਮਾਜ ਪਰੇਸ਼ਾਨ ਸੀ। ਅਸੀਂ ਨਕਾਰਾਤਮਕਤਾ ਵੀ ਵੇਖੀ, ਜਿੱਥੇ ਕੁਝ ਲੋਕ ਸਿਰਫ਼ ਆਲੋਚਨਾ ਕਰ ਰਹੇ ਸਨ, ਅਤੇ ਸਕਾਰਾਤਮਕਤਾ, ਜਿੱਥੇ ਲੋਕ ਇਕ ਦੂਜੇ ਦੀ ਨਿਜੀ, ਸਮਾਜਿਕ ਅਤੇ ਸੰਸਥਾਗਤ ਮਦਦ ਕਰਦੇ ਸਨ। ਇਸ ਤੋਂ ਸਬਕ ਲੈਂਦੇ ਹੋਏ ਬੱਚਿਆਂ ਨੂੰ ਆਪਣੀਆਂ ਚਿੰਥਾਂਵਾਂ ਤੋਂ ਬਾਹਰ ਆਉਣਾ ਚਾਹੀਦਾ ਹੈ। ਉਨ੍ਹਾਂ ਨੂੰ ਨਾ ਸਿਰਫ਼ ਦੂਜਿਆਂ ਦੀ ਮਦਦ ਕਰਨੀ ਚਾਹੀਦੀ ਹੈ ਬਲਕਿ ਨਕਾਰਾਤਮਕ ਰੁਝਾਨਾਂ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਵੀ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਇਸ ਸਮੇਂ ਦੀ ਚੰਗੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਅਚਾਨਕ ਸਾਹਮਣੇ ਆ ਰਹੀ ਸਭ ਤੋਂ ਵੱਡੀ ਸਮੱਸਿਆ ਨਾਲ ਕਿਵੇਂ ਨਜਿੱਠਣਾ ਹੈ। 'ਸੰਘਰਸ਼ ਮਤਾ' ਦੀਆਂ ਚਾਲਾਂ ਨੂੰ ਸਿੱਖਣ ਦਾ ਸਮਾਂ ਆ ਗਿਆ ਹੈ ਬੱਚਿਆਂ ਨੂੰ ਤਣਾਅ, ਦਬਾਅ ਦਾ ਚੰਗੀ ਤਰ੍ਹਾਂ ਮੁਕਾਬਲਾ ਕਰਨ ਦੀ ਕੁਸ਼ਲਤਾ ਸਿੱਖਣੀ ਚਾਹੀਦੀ ਹੈ। ਉਨ੍ਹਾਂ ਨੂੰ ਸਰਕਾਰ ਦੇ ਇਸ ਫੈਸਲੇ ਦੀ ਮਹੱਤਤਾ ਨੂੰ ਸਮਝਣਾ ਚਾਹੀਦਾ ਹੈ। ਹਾਲਾਂਕਿ, ਉਨ੍ਹਾਂ ਕੋਲ ਇਹ ਵਿਕਲਪ ਵੀ ਹੈ ਕਿ ਉਹ ਸਥਿਤੀ ਆਮ ਹੋਣ ਤੋਂ ਬਾਅਦ ਪ੍ਰੀਖਿਆ ਦੇ ਸਕਦੇ ਹਨ, ਇਸ ਲਈ ਹੁਣ ਬਹੁਤ ਜ਼ਿਆਦਾ ਤਣਾਅ ਲੈਣ ਦਾ ਕੋਈ ਮਤਲਬ ਨਹੀਂ ਹੈ।

ਹੁਣ ਸਵਾਲ ਇਹ ਹੈ ਕਿ ਬੱਚਿਆਂ ਵਿੱਚ ਸਕਾਰਾਤਮਕਤਾ ਕਿਵੇਂ ਆਵੇਗੀ? ਬਹੁਤ ਸਾਰੇ ਬੱਚੇ ਮੰਨਦੇ ਹਨ ਕਿ ਹੁਣ ਤੱਕ ਉਨ੍ਹਾਂ ਨੇ ਸਿਰਫ਼ ਪਾਠ ਪੁਸਤਕਾਂ ਅਤੇ ਸਕੂਲ ਪ੍ਰੀਖਿਆਵਾਂ ਦੇ ਖੇਤਰ ਵਿੱਚ ਹੀ ਤਰੱਕੀ ਕੀਤੀ ਹੈ। ਜ਼ਿੰਦਗੀ ਵਿਚ ਪਹਿਲੀ ਵਾਰ ਉਹ ਇਸ ਗੁਲਾਮੀ ਤੋਂ ਬਾਹਰ ਆ ਸਕਦੇ ਹਨ। ਉਦਾਹਰਣ ਦੇ ਲਈ, ਅਗਲੇ ਕੁਝ ਮਹੀਨਿਆਂ ਵਿੱਚ ਵੱਖ ਵੱਖ ਸ਼ੈਲੀਆਂ ਦੀਆਂ ਕਿਤਾਬਾਂ ਪੜ੍ਹਨ ਵਿੱਚ ਖਰਚ ਕੀਤਾ ਜਾ ਸਕਦਾ ਹੈ. ਜੇ ਵਿਗਿਆਨ ਦੇ ਵਿਦਿਆਰਥੀ ਚਾਹੁੰਦੇ ਹਨ, ਤਾਂ ਸੋਸ਼ਲ ਸਾਇੰਸ ਦੀਆਂ ਕਿਤਾਬਾਂ ਪੜ੍ਹੀਆਂ ਜਾ ਸਕਦੀਆਂ ਹਨ। ਇਕ ਅਕਾਦਮਿਕ ਡਿਗਰੀ ਬੇਸ਼ੱਕ ਜ਼ਰੂਰੀ ਹੈ, ਪਰ ਇਤਿਹਾਸ, ਵਿਰਾਸਤ, ਭੂਗੋਲ, ਸਮਾਜਿਕ ਸੰਬੰਧਾਂ, ਆਦਿ ਦੀ ਸਮਝ ਵੀ ਜ਼ਰੂਰੀ ਹੈ। ਵੈਸੇ ਵੀ, ਮੁਫ਼ਤ ਪੜ੍ਹਨਾ ਬਹੁਤ ਮਜ਼ੇਦਾਰ ਹੈ, ਅਤੇ 12 ਵੀਂ ਜਮਾਤ ਦੇ ਬੱਚੇ ਸ਼ਾਇਦ ਜ਼ਿੰਦਗੀ ਵਿਚ ਪਹਿਲੀ ਵਾਰ ਹੋਣਗੇ ਜਦੋਂ ਉਹ ਬਿਨਾਂ ਕਿਸੇ ਗੁਲਾਮੀ ਦੇ ਕਿਤਾਬਾਂ ਦੀਆਂ ਵੱਖ ਵੱਖ ਸ਼ੈਲੀਆਂ ਪੜ੍ਹਨ ਦਾ ਅਨੰਦ ਲੈ ਸਕਦੇ ਹਨ।

ਬੱਚਿਆਂ ਨੂੰ 'ਲਾਈਫ ਲੌਂਗ ਲਰਨਿੰਗ' ਦੀ ਮਹੱਤਤਾ ਵੀ ਸਿੱਖਣੀ ਚਾਹੀਦੀ ਹੈ. ਅੱਜ ਸਾਰਾ ਸੰਸਾਰ ਮੰਨਦਾ ਹੈ ਕਿ ਇਸਦੇ ਬਿਨਾਂ ਕੋਈ ਹੋਰ ਰਸਤਾ ਨਹੀਂ ਹੈ। ਅਸੀਂ ਇਮਤਿਹਾਨਾਂ ਵਿਚ ਪਾਸ ਹੋ ਸਕਦੇ ਹਾਂ, ਪਰ ਜੋ ਗਿਆਨ ਅਸੀਂ ਪ੍ਰਾਪਤ ਕਰਾਂਗੇ, ਉਹ ਅਗਲੇ ਦੋ-ਚਾਰ ਸਾਲਾਂ ਬਾਅਦ ਸਾਡੀ ਜ਼ਿੰਦਗੀ ਵਿਚ ਕਿੰਨਾ ਲਾਭਕਾਰੀ ਹੋਏਗਾ, ਇਹ ਸਮਝ ਜ਼ਰੂਰੀ ਹੈ ਉਦਾਹਰਣ ਲਈ, 40-50 ਸਾਲ ਪਹਿਲਾਂ, ਜੇ ਕੋਈ ਸਿੱਖਦਾ ਹੁੰਦਾ ਸੀ. ਟਾਈਪਰਾਇਟਰ, ਫਿਰ ਉਹ ਹੁਨਰ ਕਈ ਸਾਲਾਂ ਤੋਂ ਉਸ ਲਈ ਲਾਭਦਾਇਕ ਹੁੰਦਾ ਸੀ, ਪਰ ਅੱਜ ਅਸੀਂ ਨਹੀਂ ਜਾਣਦੇ ਕਿ ਕੰਪਿਊਟਰ ਦਾ ਸਾਫਟਵੇਅਰ ਜੋ ਸਾਡੇ ਹੱਥ ਵਿੱਚ ਹੈ, ਉਹ ਸਾਡੇ ਲਈ ਛੇ ਮਹੀਨਿਆਂ ਲਈ ਵੀ ਵਰਤੇਗਾ ਜਾਂ ਨਹੀਂ? ਬੱਚਿਆਂ ਨੂੰ ਸਮਝਣਾ ਚਾਹੀਦਾ ਹੈ ਕਿ ਤਬਦੀਲੀ ਦੀ ਇਹ ਗਤੀ ਵਧਦੀ ਰਹੇਗੀ. ਉਨ੍ਹਾਂ ਨੂੰ ਹੁਨਰ ਵਿੱਚ ਸੁਧਾਰ ਕਰਦਿਆਂ ਹਮੇਸ਼ਾਂ ਕੁਝ ਨਵਾਂ ਸਿੱਖਣਾ ਪਏਗਾ, ਕੇਵਲ ਤਾਂ ਹੀ ਉਨ੍ਹਾਂ ਦੀ ਜਿੰਦਗੀ ਅੱਗੇ ਵਧਣ ਦੇ ਯੋਗ ਹੋਵੇਗੀ। ਬੱਚਿਆਂ ਕੋਲ ਹੁਣ ਇਹ ਜਾਣਨ ਦਾ ਮੌਕਾ ਹੈ ਕਿ ਉਹ ਇਸ ਹੁਨਰ ਵਿਕਾਸ ਪ੍ਰਕਿਰਿਆ ਵਿਚ ਕੀ ਅਤੇ ਕਿਵੇਂ ਸਿੱਖ ਸਕਦੇ ਹਨ।

ਬੱਚਿਆਂ ਨੇ ਇਹ ਦਿਨ ਵੀ ਜ਼ਰੂਰ ਵੇਖਿਆ ਹੋਵੇਗਾ ਕਿ ਸਮਾਜ ਕਿਵੇਂ ਇਕ ਦੂਜੇ ਦੀ ਸਹਾਇਤਾ ਕਰ ਰਿਹਾ ਹੈ। ਸਹਿਯੋਗ ਅਤੇ ਸੇਵਾ ਦੀ ਇਹ ਭਾਵਨਾ ਅਦਿੱਖ ਹੈ, ਪਰ ਮਹੱਤਵਪੂਰਣ ਹੈ। ਅਸੀਂ ਸਪਸ਼ਟ ਤੌਰ ਤੇ ਵੇਖ ਸਕਦੇ ਹਾਂ ਕਿ ਜਿਹੜਾ ਦੇਸ਼ ਅਨੁਸ਼ਾਸਨ ਦੀ ਗੱਲ ਕਰਦਾ ਹੈ, ਜੀਵਨ ਦੀ ਵਕਾਲਤ ਕਰਦਾ ਹੈ, ਉਹ ਬੱਚਿਆਂ ਪ੍ਰਤੀ ਸੰਵੇਦਨਸ਼ੀਲ ਹੈ ਅਤੇ ਉਨ੍ਹਾਂ ਦੇ ਵਿਕਾਸ ਲਈ ਰਾਹ ਤਿਆਰ ਕਰਦਾ ਹੈ, ਜੋ ਸਿਰਫ਼ ਤਰੱਕੀ ਕਰਦਾ ਹੈ। ਸਾਨੂੰ ਜੀਵਨ ਲਈ ਇਸ ਪਾਠ ਨੂੰ ਯਾਦ ਰੱਖਣਾ ਚਾਹੀਦਾ ਹੈ। ਸਾਨੂੰ ਨਾ ਸਿਰਫ਼ ਇਕੱਠੇ ਰਹਿਣ ਲਈ, ਬਲਕਿ ਸਾਰੇ ਸੱਭਿਆਚਾਰਾਂ ਅਤੇ ਦੇਸ਼ਾਂ ਬਾਰੇ ਜਾਣਨਾ ਵੀ ਸਿੱਖਣਾ ਪਏਗਾ।

ਬੋਰਡ ਦੀ ਪ੍ਰੀਖਿਆ ਰੱਦ ਹੋਣ ਤੋਂ ਬਾਅਦ ਹੁਣ ਨਤੀਜੇ ਅੰਦਰੂਨੀ ਮੁਲਾਂਕਣ ਦੇ ਅਧਾਰ 'ਤੇ ਐਲਾਨੇ ਜਾਣਗੇ। ਇੱਥੋਂ ਤਕ ਕਿ ਸਾਡੇ ਬੱਚਿਆਂ ਨੂੰ ਇਸ ਬਾਰੇ ਬਿਲਕੁਲ ਵੀ ਚਿੰਤਾ ਨਹੀਂ ਕਰਨੀ ਚਾਹੀਦੀ। ਸੀਬੀਐਸਈ ਅਤੇ ਹੋਰ ਸਾਰੇ ਬੋਰਡਾਂ ਦੇ ਮਾਹਰ ਹਨ ਜੋ ਜਾਣਦੇ ਹਨ ਕਿ ਇਸ ਔਖੀ ਸਥਿਤੀ ਵਿਚ ਕੀ ਕੀਤਾ ਜਾ ਸਕਦਾ ਹੈ? ਇਹ ਪਿਛਲੇ ਸਮੇਂ ਵਿੱਚ ਬਹੁਤ ਵਾਰ ਹੋਇਆ ਹੈ, ਜਦੋਂ ਇੱਕ ਕਾਰਨ ਜਾਂ ਕਿਸੇ ਹੋਰ ਕਾਰਨ, ਪ੍ਰੀਖਿਆ ਦੀਆਂ ਕਾਪੀਆਂ ਨਸ਼ਟ ਹੋ ਗਈਆਂ ਸਨ। ਫਿਰ, ਬੱਚਿਆਂ ਦਾ ਵਿਗਿਆਨਕ ਅਧਾਰਤ ਤਰੀਕਿਆਂ ਦੀ ਵਰਤੋਂ ਕਰਕੇ ਮੁਲਾਂਕਣ ਕੀਤਾ ਗਿਆ। ਸਾਡੇ ਮਾਹਰ ਇਸ ਵਾਰ ਵੀ ਇਕੱਠੇ ਮਿਲ ਕੇ ਅਜਿਹਾ ਤਰੀਕਾ ਲੱਭਣਗੇ। ਇਹ ਸੰਭਵ ਹੈ ਕਿ ਯੂਨੀਵਰਸਿਟੀ ਵਿਚ ਦਾਖਲਾ ਪ੍ਰੀਖਿਆ ਦੇ ਨਿਯਮਾਂ ਵਿਚ ਵੀ ਜ਼ਰੂਰੀ ਸੋਧ ਕਰੋ। ਇਸ ਲਈ, ਸਾਰੀਆਂ ਨਕਾਰਾਤਮਕਤਾ ਨੂੰ ਪਿੱਛੇ ਛੱਡਦਿਆਂ ਬੱਚਿਆਂ ਨੂੰ ਨਵੀਂ ਜ਼ਿੰਦਗੀ ਕਮਾਉਣੀ ਚਾਹੀਦੀ ਹੈ ਅਤੇ ਸਕਾਰਾਤਮਕ ਦਿਸ਼ਾ ਵੱਲ ਅੱਗੇ ਵਧਣਾ ਚਾਹੀਦਾ ਹੈ।

ਸਾਨੂੰ ਇਹ ਵੀ ਸਮਝਣਾ ਪਏਗਾ ਕਿ ਸਿੱਖਿਆ ਦੀ ਗਤੀਸ਼ੀਲਤਾ ਇਸਦੀ ਉਪਯੋਗਤਾ ਨਿਰਧਾਰਤ ਕਰਦੀ ਹੈ ਅਤੇ ਮਨੁੱਖਾਂ ਨੂੰ ਇਸਦੇ ਟੀਚਿਆਂ ਵੱਲ ਲੈ ਜਾਂਦੀ ਹੈ। ਸਾਡੀ ਨਵੀਂ ਸਿੱਖਿਆ ਨੀਤੀ ਵਿਚ ਅਜਿਹੀਆਂ ਚੀਜ਼ਾਂ ਦਾ ਧਿਆਨ ਰੱਖਿਆ ਗਿਆ ਹੈ। ਜੇ ਇਸ ਨੂੰ ਲਾਗੂ ਕੀਤਾ ਜਾਂਦਾ, ਤਾਂ ਅਸੀਂ ਬੱਚਿਆਂ ਦਾ ਨਿਰੰਤਰ ਮੁਲਾਂਕਣ ਅਸਾਨੀ ਨਾਲ ਕਰ ਸਕਦੇ। ਪਰ ਬਦਕਿਸਮਤੀ ਨਾਲ, ਸਾਡੇ ਸਾਰੇ ਸਕੂਲਾਂ ਵਿਚ ਅਜਿਹਾ ਸਿਸਟਮ ਨਹੀਂ ਹੈ। ਜੇ ਪੂਰੇ ਦੇਸ਼ ਵਿਚ ਅਧਿਆਪਕਾਂ ਦਾ ਢੁਕਵਾਂ ਅਨੁਪਾਤ ਹੈ, ਸਮਾਜ ਨੂੰ ਸਿਸਟਮ ਵਿਚ ਵਿਸ਼ਵਾਸ ਹੈ ਅਤੇ ਅਧਿਆਪਕ ਅਧਿਆਪਨ ਸਿਖਾਉਣ ਤੋਂ ਇਲਾਵਾ ਕਿਸੇ ਹੋਰ ਕੰਮ ਵਿਚ ਨਹੀਂ ਲੱਗੇ ਹੋਏ ਹਨ, ਤਾਂ ਯਕੀਨਨ ਅਧਿਆਪਕਾਂ ਦਾ ਮੁਲਾਂਕਣ ਸਾਰਿਆਂ ਨੂੰ ਪ੍ਰਵਾਨ ਹੋਵੇਗਾ।

ਥਿਊਰੀ ਕਹਿੰਦੀ ਹੈ ਕਿ ਬੱਚੇ ਦਾ ਅਸਲ ਮੁਲਾਂਕਣ ਉਸ ਦੁਆਰਾ ਕੀਤਾ ਜਾ ਸਕਦਾ ਹੈ ਜੋ ਉਸ ਨੂੰ ਸਿਖਾਉਂਦਾ ਹੈ। ਉਮੀਦ ਹੈ ਕਿ ਅਜੋਕੀ ਅਸਾਧਾਰਣ ਸਥਿਤੀਆਂ ਤੋਂ ਸਬਕ ਲੈਂਦੇ ਹੋਏ, ਅਸੀਂ ਭਵਿੱਖ ਵਿਚ ਅਜਿਹੀਆਂ ਸਥਿਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਹੋਵਾਂਗੇ।

# ਅਪਾਹਜ ਵਿਅਕਤੀਆਂ ਨੂੰ ਵੀ ਮਿਲੇ ਮਾਣ-ਸਨਮਾਨ

ਅਜੋਕੇ ਪਦਾਰਥਵਾਦੀ ਯੁੱਗ ਵਿਚ ਦੌੜ ਰਿਹਾ ਮਨੁੱਖ ਇਸ ਗੱਲੋਂ ਬੇਖ਼ਬਰ ਹੈ ਕਿ ਮਨੁੱਖੀ ਸਰੀਰ ਵਿਚ ਕਿਸੇ ਵੀ ਕਿਸਮ ਦੀ ਘਾਟ ਸਰਾਪ ਵਰਗੀ ਜਾਪਦੀ ਹੈ। ਮਨੁੱਖੀ ਸਰੀਰ ਵਿਚ ਕਿਸੇ ਵੀ ਤਰ੍ਹਾਂ ਦੀ ਘਾਟ ਜਿਸ ਨਾਲ ਰੋਜ਼ਾਨਾ ਜ਼ਿੰਦਗੀ ਦੇ ਆਮ ਕੰਮ ਕਰਨ ਵਿਚ ਮੁਸ਼ਕਲ ਪੇਸ਼ ਆਵੇ, ਨੂੰ ਅਪੰਗਤਾ ਕਿਹਾ ਜਾਂਦਾ ਹੈ। ਜਦੋਂ ਅਸੀਂ ਅੰਗਹੀਣਤਾ ਦੀ ਗੱਲ ਕਰਦੇ ਹਾਂ ਤਾਂ ਪੀੜਤ ਵਿਅਕਤੀ ਲਈ ਖ਼ਰਾਬੀ, ਅਯੋਗਤਾ ਅਤੇ ਅੰਗਹੀਣਤਾ ਵਰਗੇ ਸ਼ਬਦ ਵਰਤੇ ਜਾਂਦੇ ਹਨ। ਇਨ੍ਹਾਂ ਸ਼ਬਦਾਂ ਦਾ ਆਪਸੀ ਸਬੰਧ ਹੈ ਅਤੇ ਇਨ੍ਹਾਂ ਨੂੰ ਇਕ-ਦੂਜੇ ਤੋਂ ਵੱਖ ਕਰ ਕੇ ਸਪਸ਼ਟ ਰੂਪ 'ਚ ਸਮਝਣਾ ਅਤਿ ਕਠਿਨ ਹੈ।

ਹਰ ਸਾਲ ਕਿਸੇ ਨਵੇਂ ਵਿਚਾਰ ਨਾਲ 'ਕੌਮਾਂਤਰੀ ਅਪਾਹਜ ਦਿਹਾੜਾ' ਮਨਾਇਆ ਜਾਂਦਾ ਹੈ। ਸਾਲ-2020 ਦਾ ਥੀਮ 'ਕੋਵਿਡ-19 ਤੋਂ ਬਾਅਦ ਇਕ ਸਥਿਰ , ਸਵੀਕਾਰਯੋਗ, ਅਪਾਹਜਾਂ ਸਮੇਤ ਵਧੀਆ ਸੰਸਾਰ ਬਣਾਉਣਾ ਹੈ।' ਸੰਯੁਕਤ ਰਾਸ਼ਟਰ ਵੱਲੋਂ ਸਾਲ 1981 ਨੂੰ 'ਅਪਾਹਜਾਂ ਦਾ ਕੌਮਾਂਤਰੀ ਸਾਲ' ਐਲਾਨਿਆ ਗਿਆ ਸੀ ਤਾਂ ਕਿ ਕੌਮਾਂਤਰੀ, ਰਾਸ਼ਟਰੀ ਅਤੇ ਖੇਤਰੀ ਪੱਧਰ 'ਤੇ ਉਨ੍ਹਾਂ ਦੀਆਂ ਸਮੱਸਿਆਵਾਂ ਵੱਲ ਸਰਕਾਰਾਂ ਅਤੇ ਸਮਾਜ ਦਾ ਧਿਆਨ ਕੇਂਦਰਿਤ ਕੀਤਾ ਜਾ ਸਕੇ। ਅਪਾਹਜ ਵਿਅਕਤੀਆਂ ਦੇ ਪੁਨਰਵਾਸ, ਅਪੰਗਤਾ ਦੀ ਰੋਕਥਾਮ, ਤਰੱਕੀ ਅਤੇ ਸਮਾਨਤਾ 'ਤੇ ਜ਼ੋਰ ਦਿੱਤਾ ਜਾ ਸਕੇ। ਪਹਿਲਾਂ 'ਸੰਸਾਰ ਅਪਾਹਜ ਦਿਵਸ' ਮਾਰਚ ਮਹੀਨੇ ਦੇ ਤੀਸਰੇ ਐਤਵਾਰ ਨੂੰ ਮਨਾਇਆ ਜਾਂਦਾ ਸੀ। ਸਾਲ 1992 ਤੋਂ ਸੰਯੁਕਤ ਰਾਸ਼ਟਰ ਵੱਲੋਂ ਹਰ ਸਾਲ 3 ਦਸੰਬਰ ਨੂੰ 'ਕੌਮਾਂਤਰੀ ਅਪਾਹਜ ਦਿਵਸ' ਮਨਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਵਾਰ ਅਸੀਂ 39ਵਾਂ ਸੰਸਾਰ ਅਪਾਹਜ ਦਿਵਸ ਮਨਾਉਣ ਜਾ ਰਹੇ ਹਾਂ ਜੋ ਕਿ ਮਹਿਜ਼ ਇਕ ਰਸਮ ਜਿਹੀ ਬਣ ਕੇ ਹੀ ਰਹਿ ਗਿਆ ਹੈ। ਯੂਐੱਨਓ ਦੀ ਇਕ ਰਿਪੋਰਟ ਅਨੁਸਾਰ ਸੰਸਾਰ ਦੀ 10 ਪ੍ਰਤੀਸ਼ਤ ਆਬਾਦੀ ਸਰੀਰਕ, ਮਾਨਸਿਕ ਅਤੇ ਗੰਭੀਰ ਬਿਮਾਰੀਆਂ ਤੋਂ ਪੀੜਤ ਹੈ। ਭਾਰਤ ਵਿਚ ਮਰਦਮਸ਼ੁਮਾਰੀ ਅਨੁਸਾਰ ਸਾਲ 2001 ਤੋਂ 2011 ਤਕ ਅਪਾਹਜਾਂ ਦੀ ਆਬਾਦੀ 'ਚ 22.4 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਸਾਲ 2001 'ਚ ਇਹ ਸੰਖਿਆ 2.19 ਕਰੋੜ ਸੀ ਜੋ ਕਿ ਵੱਧ ਕੇ ਸਾਲ 2011 ਵਿਚ 2.68 ਕਰੋੜ ਹੋ ਗਈ ਜਿਸ ਵਿਚ 1.5 ਕਰੋੜ ਪੁਰਸ਼ ਅਤੇ 1.18 ਕਰੋੜ ਔਰਤਾਂ ਹਨ। ਤਿੰਨ ਦਸੰਬਰ 2018 ਨੂੰ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਦੇ ਰਾਜ ਮੰਤਰੀ ਨੇ ਕਿਹਾ ਸੀ ਕਿ ਦੇਸ਼ ਵਿਚ 12 ਕਰੋੜ ਅੰਗਹੀਣ ਹਨ ਜਿਨ੍ਹਾਂ 'ਚੋਂ ਕੇਵਲ 1 ਪ੍ਰਤੀਸ਼ਤ ਸਕੂਲ ਜਾ ਪਾਉਂਦੇ ਹਨ।

ਡਾ. ਆਰ.ਬੀ. ਰਮਨ ਨੇ 2018 'ਚ ਕਿਹਾ ਸੀ ਕਿ ਦੁਨੀਆ ਭਰ 'ਚ ਅੰਨ੍ਹੇਪਣ ਦੇ ਸ਼ਿਕਾਰ ਕੁੱਲ ਵਿਅਕਤੀਆਂ ਵਿੱਚੋਂ 20 ਪ੍ਰਤੀਸ਼ਤ ਇਕੱਲੇ ਭਾਰਤ ਵਿਚ ਹਨ ਜਿਨ੍ਹਾਂ ਦੀ ਗਿਣਤੀ 6 ਕਰੋੜ ਦੇ ਲਗਭਗ ਹੈ। ਇਨ੍ਹਾਂ ਵਿੱਚੋਂ 4.5 ਕਰੋੜ ਅੰਸ਼ਿਕ ਰੂਪ 'ਚ ਜਦਕਿ 1 ਕਰੋੜ 50 ਲੱਖ ਪੂਰੀ ਤਰ੍ਹਾਂ ਅੰਨ੍ਹੇਪਣ ਦਾ ਸ਼ਿਕਾਰ ਹਨ। ਪੰਜਾਬ ਵਿਚ ਅੰਨ੍ਹੇਪਣ ਦੇ ਸ਼ਿਕਾਰ ਲੋਕਾਂ ਦੀ ਗਿਣਤੀ ਲਗਭਗ 3 ਲੱਖ ਹੈ ਜਿਨ੍ਹਾਂ 'ਚੋਂ ਬਹੁ-ਗਿਣਤੀ ਰੋਗੀ ਕੈਂਸਰ ਰੋਗੀਆਂ ਵਾਂਗ ਹੀ ਮਾਲਵਾ ਖੇਤਰ ਵਿਚ ਹਨ। ਇਹ ਅੰਕੜੇ ਕੌਮੀ ਸਰਵੇ ਦੌਰਾਨ ਸਾਹਮਣੇ ਆਏ ਹਨ। ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ 'ਚ 6 ਲੱਖ 54 ਹਜ਼ਾਰ 63 ਅਪਾਹਜ ਹਨ ਜਿਨ੍ਹਾਂ 'ਚੋਂ ਪੁਰਸ਼ 3,66,376 ਅਤੇ 2,87,782 ਔਰਤਾਂ ਹਨ। ਮਾਹਿਰਾਂ ਅਨੁਸਾਰ ਵਿਅਕਤੀ ਤਿੰਨ ਪੜਾਵਾਂ ਵਿਚ ਅਪਾਹਜ ਹੁੰਦੇ ਹਨ ਜਿਵੇਂ ਕਿ ਜਨਮ ਤੋਂ ਪਹਿਲਾਂ, ਜਨਮ ਸਮੇਂ ਅਤੇ ਜਨਮ ਤੋਂ ਬਾਅਦ। ਡਾਕਟਰਾਂ ਦੇ ਇਕ ਸਰਵੇ ਅਨੁਸਾਰ ਜਨਮ ਤੋਂ ਪਹਿਲਾਂ ਤੇ ਜਨਮ ਸਮੇਂ 2 ਪ੍ਰਤੀਸ਼ਤ ਤੋਂ ਵੀ ਘੱਟ ਲੋਕ ਅਪਾਹਜ ਹੁੰਦੇ ਹਨ। ਲੋਕਾਂ ਦੀ ਵਧੇਰੇ ਗਿਣਤੀ ਦੇਸ਼ ਦੀ ਉਸਾਰੀ ਅਤੇ ਰੱਖਿਆ ਕਰਦਿਆਂ ਅਪਾਹਜ ਹੋਈ ਹੈ ਜਿਵੇਂ ਕਿ ਮਜ਼ਦੂਰ, ਕਿਸਾਨ, ਇੰਜੀਨੀਅਰ ਅਤੇ ਸੈਨਿਕ ਆਦਿ। ਅਪੰਗਤਾ ਦੇ ਹੋਰ ਵੀ ਕਈ ਕਾਰਨ ਹਨ ਜਿਵੇਂ ਲੜਾਈਆਂ, ਦੁਰਘਟਨਾਵਾਂ, ਬਿਮਾਰੀਆਂ, ਡਾਕਟਰੀ ਸਹੂਲਤਾਂ ਦੀ ਘਾਟ, ਖੇਤੀਬਾੜੀ ਦੇ ਆਧੁਨਿਕ ਯੰਤਰਾਂ ਦੀ ਗ਼ਲਤ ਵਰਤੋਂ, ਸੰਤੁਲਿਤ ਭੋਜਨ ਦੀ ਘਾਟ, ਗਰਭਵਤੀ ਮਹਿਲਾਵਾਂ ਦੀ ਉਚਿਤ ਸਮੇਂ 'ਤੇ ਡਾਕਟਰੀ ਜਾਂਚ ਨਾ ਹੋਣਾ, ਖੇਤੀ ਵਿਚ ਕੀਟਨਾਸ਼ਕਾਂ ਦੀ ਵੱਧ ਰਹੀ ਵਰਤੋਂ, ਉਦਯੋਗਿਕ ਹਾਦਸੇ, ਕੁਦਰਤੀ ਆਫ਼ਤਾਂ, ਅਸੁਰੱਖਿਅਤ ਪੀਣ ਵਾਲਾ ਪਾਣੀ, ਵੱਧ ਰਿਹਾ ਪ੍ਰਦੂਸ਼ਣ ਅਤੇ ਗ਼ਰੀਬੀ ਆਦਿ।



ਬਹੁਤ ਸਾਰੇ ਅੰਗਹੀਣਾਂ ਦੀ ਅੰਗਹੀਣਤਾ ਲਈ ਅਸੀਂ ਸਾਰੇ ਕਿਸੇ ਨਾ ਕਿਸੇ ਰੂਪ 'ਚ ਜ਼ਿੰਮੇਵਾਰ ਹਾਂ ਜਿਵੇਂ ਕਿ ਰਿਸ਼ਤੇਦਾਰ, ਡਾਕਟਰ ਤੇ ਸਰਕਾਰ। ਦੇਸ਼ ਦੀਆਂ ਬਦਹਾਲ ਸਿਹਤ ਸਹੂਲਤਾਂ ਕਾਰਨ ਅਪੰਗਤਾ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਦੇਸ਼ ਵਿਚ ਸਰਕਾਰੀ ਤੌਰ 'ਤੇ ਪ੍ਰਤੀ ਵਿਅਕਤੀ ਸਿਹਤ ਖ਼ਰਚ 1657 ਰੁਪਏ ਸਾਲਾਨਾ ਹੈ। ਸਮਾਜ ਦੇ ਰੋਗੀ ਅੰਗ ਦੇ ਇਲਾਜ ਦੀ ਲੋੜ ਨੂੰ ਮੁੱਖ ਰੱਖਦਿਆਂ ਭਾਰਤ ਦੇ ਸੰਵਿਧਾਨ ਦੀ ਧਾਰਾ 41 ਅਤੇ 42 ਵਿਚ ਅੰਗਹੀਣਾਂ ਦੀ ਭਲਾਈ 'ਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ। ਸਰਕਾਰ ਨੇ ਇਨ੍ਹਾਂ ਲੋਕਾਂ ਦੀ ਜ਼ਿੰਦਗੀ ਨੂੰ ਖ਼ੁਸ਼ਗਵਾਰ ਬਣਾਉਣ ਲਈ ਕਈ ਸਹੂਲਤਾਂ ਦਾ ਐਲਾਨ ਕੀਤਾ ਹੋਇਆ ਹੈ ਅਤੇ ਕਈ ਐਕਟ ਵੀ ਬਣਾਏ ਹੋਏ ਹਨ ਪਰ ਇਸ ਦੇ ਬਾਵਜੂਦ ਅਪਾਹਜਾਂ ਦਾ ਜੀਵਨ ਤਲਖ਼ ਹਕੀਕਤਾਂ ਦੇ ਪੁੜਾਂ ਵਿਚ ਪਿਸ ਰਿਹਾ ਹੈ। ਭਾਰਤ ਸਰਕਾਰ ਦੀ ਕੰਪਨੀ ਅਲਿਮਕੋ ਜੋ ਅਪਾਹਜਾਂ ਲਈ ਨਕਲੀ ਅੰਗ ਤੇ ਹੋਰ ਲੋੜੀਂਦਾ ਸਾਮਾਨ ਤਿਆਰ ਕਰ ਕੇ ਮੁਹੱਈਆ ਕਰਦੀ ਹੈ ਅਤੇ ਸਾਰਾ ਸਾਮਾਨ 1980 ਦੇ ਦਹਾਕੇ ਵਾਲਾ ਹੀ ਹੈ। ਸਰਕਾਰ ਨੂੰ ਨਕਲੀ ਅੰਗਾਂ ਅਤੇ ਹੋਰ ਸਾਜ਼ੋ-ਸਾਮਾਨ ਵਿਚ ਵਿਗਿਆਨਕ ਖੋਜ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ ਤਾਂ ਕਿ ਉੱਚ ਮਿਆਰੀ ਤੇ ਆਧੁਨਿਕ ਤਕਨੀਕ ਨਾਲ ਤਿਆਰ ਕੀਤਾ ਗਿਆ ਸਾਮਾਨ ਇਨ੍ਹਾਂ ਲੋਕਾਂ ਨੂੰ ਮਿਲ ਸਕੇ। ਭਾਰਤ ਸਰਕਾਰ ਵੱਲੋਂ ਹਰ ਸਾਲ ਇਕ ਅਜਿਹੇ ਖੋਜੀ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ। ਵਧੇਰੇ ਲੋੜ ਇਸ ਗੱਲ ਦੀ ਹੈ ਕਿ ਲੋਕਾਂ ਨੂੰ ਅੰਗਹੀਣ ਹੋਣ ਤੋਂ ਰੋਕਿਆ ਜਾਵੇ ਅਤੇ ਜਿਹੜੇ ਲੋਕ ਅੰਗਹੀਣ ਹੋ ਚੁੱਕੇ ਹਨ ਉਨ੍ਹਾਂ ਦਾ ਪੁਨਰਵਾਸ ਕੀਤਾ ਜਾਵੇ।

ਅੰਗਹੀਣ ਹੋ ਜਾਣ 'ਤੇ ਡਾਕਟਰੀ ਸਹੂਲਤਾਂ ਅਤੇ ਹੋਰ ਸੇਵਾਵਾਂ 'ਤੇ ਜਿਹੜਾ ਖ਼ਰਚ ਕੀਤਾ ਜਾਂਦਾ ਹੈ, ਜੇ ਉਸ ਦਾ ਦਸਵਾਂ ਹਿੱਸਾ ਵੀ ਅਪੰਗਤਾ ਦੇ ਕਾਰਨਾਂ 'ਤੇ ਖ਼ਰਚ ਕੀਤਾ ਜਾਵੇ ਤਾਂ ਚੰਗੇ ਨਤੀਜੇ ਨਿਕਲ ਸਕਦੇ ਹਨ ਅਰਥਾਤ ਪੁਨਰਵਾਸ ਨਾਲੋਂ ਰੋਕਥਾਮ ਸਸਤੀ ਹੈ। ਜੇ ਸਮੇਂ ਸਿਰ ਉਪਰਾਲਾ ਕੀਤਾ ਜਾਵੇ ਤਾਂ 60 ਤੋਂ 70 ਪ੍ਰਤੀਸ਼ਤ ਅਪੰਗਤਾ ਨੂੰ ਦੂਰ ਕੀਤਾ ਜਾ ਸਕਦਾ ਹੈ। ਭਾਰਤ ਦੇ ਕੁੱਲ ਅੰਗਹੀਣਾਂ ਦਾ 75 ਪ੍ਰਤੀਸ਼ਤ ਪੇਂਡੂ ਖੇਤਰ 'ਚ ਰਹਿੰਦਾ ਹੈ ਜਿੱਥੇ ਉਨ੍ਹਾਂ ਦੇ ਇਲਾਜ, ਪੜ੍ਹਾਈ ਤੇ ਵਿਕਾਸ ਲਈ ਕੋਈ ਖ਼ਾਸ ਸਹੂਲਤਾਂ ਨਹੀਂ ਹਨ। ਪੇਂਡੂ ਖੇਤਰਾਂ ਦੀ ਬਹੁਤੀ ਵਸੋਂ ਅੱਜ ਵੀ ਅਨਪੜ੍ਹ ਅਤੇ ਵਹਿਮ ਵਿਚ ਫਸੀ ਹੋਈ ਹੈ। ਅੰਗਹੀਣਤਾ ਨੂੰ ਪਰਮਾਤਮਾ ਦੀ ਮਰਜ਼ੀ ਦੇ ਸੰਕਲਪ ਦੁਆਰਾ ਅਣਗੌਲਿਆ ਕਰ ਦੇਣ ਦੇ ਰੁਝਾਨ ਨੂੰ ਖ਼ਤਮ ਕਰਨਾ ਵੀ ਜ਼ਰੂਰੀ ਹੈ। ਸਮਾਜ ਅੰਗਹੀਣਾਂ ਨੂੰ ਘਟੀਆ ਨਾਗਰਿਕ ਸਮਝਦਾ ਹੈ। ਅੰਗਹੀਣ ਵੀ ਮਨੁੱਖੀ ਸਮਾਜ ਦਾ ਹੀ ਇਕ ਅੰਗ ਹਨ। ਇਨ੍ਹਾਂ ਦੇ ਵਿਕਾਸ ਤੋਂ ਬਿਨਾਂ ਕੋਈ ਵੀ ਦੇਸ਼ ਵਿਕਾਸ ਨਹੀਂ ਕਰ ਸਕਦਾ। ਵਿਗਿਆਨਕ ਯੁੱਗ 'ਚ ਵੀ ਬਹੁਤ ਸਾਰੇ ਦੇਸ਼ ਇਨ੍ਹਾਂ ਦੀ ਭਲਾਈ ਪ੍ਰਤੀ ਪਿਛਾਂਹ ਖਿੱਚੂ ਸੋਚ ਰੱਖਦੇ ਹਨ। ਅੰਧ ਵਿਸ਼ਵਾਸੀ ਤਾਂ ਇਹ ਸਮਝਦੇ ਹਨ ਕਿ ਅੰਗਹੀਣ ਪਿਛਲੇ ਜਨਮ ਵਿਚ ਕੀਤੇ ਗਏ ਮਾੜੇ ਕਰਮਾਂ ਦੀ ਸਜ਼ਾ ਭੁਗਤ ਰਹੇ ਹਨ। ਮੀਡੀਆ ਰਾਹੀਂ ਸਮਾਜ 'ਚੋਂ ਅੰਗਹੀਣਾਂ ਪ੍ਰਤੀ ਵਹਿਮਪ੍ਰਸਤੀ ਭਰੇ ਵਿਸ਼ਵਾਸ ਦੂਰ ਕੀਤੇ ਜਾਣੇ ਚਾਹੀਦੇ ਹਨ। ਸਰਕਾਰ ਨੇ ਇਨ੍ਹਾਂ ਲੋਕਾਂ ਲਈ ਬਹੁਤ ਸਾਰੀਆਂ ਸਹੂਲਤਾਂ ਦਾ ਐਲਾਨ ਕੀਤਾ ਹੋਇਆ ਹੈ ਪਰ ਸਾਧਾਰਨ ਅੰਗਹੀਣਾਂ ਨੂੰ ਇਨ੍ਹਾਂ ਸਹੂਲਤਾਂ ਦਾ ਕੋਈ ਲਾਭ ਨਹੀਂ ਹੋਇਆ। ਅਪਾਹਜਾਂ ਦਾ ਮੁਲਾਂਕਣ ਉਨ੍ਹਾਂ ਦੀ ਬੁੱਧੀ, ਗਿਆਨ ਅਤੇ ਸਾਹਸ ਦੇ ਆਧਾਰ 'ਤੇ ਕੀਤਾ ਜਾਣਾ ਚਾਹੀਦਾ ਹੈ, ਨਾ ਕਿ ਉਨ੍ਹਾਂ ਦੀ ਸਰੀਰਕ ਸਮਰੱਥਾ 'ਤੇ।

ਜਿਹੜਾ ਦੇਸ਼ ਚੰਨ 'ਤੇ ਉੱਤਰਨ ਲਈ ਯਤਨਸ਼ੀਲ ਹੋਵੇ, ਜਿਸ ਦੀਆਂ ਸਰਕਾਰਾਂ ਆਉਂਦੇ ਸਾਲਾਂ 'ਚ ਦੁਨੀਆ ਦੀ 5 ਖਰਬ ਡਾਲਰ ਦੀ ਵੱਡੀ ਆਰਥਿਕ ਸ਼ਕਤੀ ਬਣਨ ਦੇ ਦਾਅਵੇ ਕਰ ਰਹੀਆਂ ਹੋਣ ਤੇ ਜੇ ਉਹ ਆਜ਼ਾਦੀ ਦੇ 73 ਸਾਲ ਬੀਤ ਜਾਣ ਤੋਂ ਬਾਅਦ ਚੁਣੌਤੀ ਗ੍ਰਸਤ ਵਰਗ ਨੂੰ ਲੋੜੀਂਦੀਆਂ ਮੁੱਢਲੀਆਂ ਸਹੂਲਤਾਂ ਵੀ ਪ੍ਰਦਾਨ ਨਾ ਕਰਵਾ ਸਕੇ ਤਾਂ ਇਸ ਤੋਂ ਵੱਡੀ ਅਫ਼ਸੋਸ ਤੇ ਦੁੱਖ ਵਾਲੀ ਗੱਲ ਹੋਰ ਕੀ ਹੋ ਸਕਦੀ ਹੈ।

ਸੰਨ 1992 ਤੋਂ ਸ਼ੁਰੂ ਹੋਏ ਵਿਸ਼ਵੀਕਰਨ ਤੇ ਨਿੱਜੀਕਰਨ ਨੇ ਸਿੱਖਿਆ, ਸਿਹਤ ਤੇ ਰੁਜ਼ਗਾਰ ਦੇ ਮਾਮਲੇ 'ਚ ਸਭ ਤੋਂ ਵੱਧ ਨੁਕਸਾਨ ਅਪਾਹਜਾਂ ਦਾ ਕੀਤਾ ਹੈ। ਰੋਜ਼ਾਨਾ ਜ਼ਿੰਦਗੀ 'ਚ ਆਮ ਆਦਮੀ ਗ਼ਰੀਬੀ, ਅਨਪੜ੍ਹਤਾ ਤੇ ਲਾਚਾਰੀ 'ਚ ਜੀਅ ਰਿਹਾ ਹੈ ਤਾਂ ਅਪਾਹਜਾਂ ਦਾ ਤਾਂ ਤੁਸੀਂ ਖ਼ੁਦ ਹੀ ਅੰਦਾਜ਼ਾ ਲਾ ਸਕਦੇ ਹੋ। ਧਾਰਮਿਕ, ਸਿਆਸੀ, ਸਰਕਾਰੀ ਅਧਿਕਾਰੀਆਂ ਅਤੇ ਸਵੈ-ਸੇਵੀ ਸੰਸਥਾਂਵਾਂ ਦੇ ਪਤਵੰਤਿਆਂ ਨੂੰ ਆਪਣੇ ਭਾਸ਼ਣਾਂ 'ਚ ਅੰਗਹੀਣਾਂ ਬਾਰੇ ਰੱਬ ਦੀ ਕਰੋਪੀ ਦੇ ਸ਼ਿਕਾਰ, ਰੱਬ ਦੇ ਸਤਾਏ ਹੋਏ, ਅਭਾਗੇ, ਲਾਚਾਰ, ਬੇਵੱਸ ਕਰਮਾਂ ਦੀ ਸਜ਼ਾ ਅਤੇ ਵਿਚਾਰੇ ਆਦਿ ਸ਼ਬਦ ਨਹੀਂ ਵਰਤਣੇ ਚਾਹੀਦੇ ਕਿਉਂਕਿ ਇਹ ਸ਼ਬਦ ਇਨ੍ਹਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰਦੇ ਹਨ ਤੇ ਆਤਮ ਵਿਸ਼ਵਾਸ ਅਤੇ ਸਵੈਮਾਣ ਨਾਲ ਜੀਣ ਦੇ ਟੀਚੇ ਨੂੰ ਵੀ ਖ਼ਤਮ ਕਰ ਦਿੰਦੇ ਹਨ। - **ਵਿਜੈ ਗਰਗ**

# ਸਾਕਾ ਨੀਲਾ ਤਾਰਾ ਦੇ ਸਬਕ



ਡਾ.ਚਰਨਜੀਤ ਸਿੰਘ ਗੁਮਟਾਲਾ
0019375739812

ਭਾਰਤ ਦੇ ਇਤਿਹਾਸ ਵਿਚ 'ਸਾਕਾ ਨੀਲਾ ਤਾਰਾ' ਦੇ ਦੁਖ਼ਾਂਤ ਨੂੰ ਹਮੇਸ਼ਾਂ ਕਾਲੇ ਅਖ਼ਰਾਂ ਵਿਚ ਯਾਦ ਕੀਤਾ ਜਾਂਦਾ ਰਹੇਗਾ। ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਦੂਰੋਂ ਦੂਰੋਂ ਆਏ ਲੋਕਾਂ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਦੀ ਇਹ ਯਾਤਰਾ ਉਨ੍ਹਾਂ ਦੀ ਜ਼ਿੰਦਗੀ ਦੀ ਅੰਤਿਮ ਯਾਤਰਾ ਹੋ ਨਿੱਬੜੇਗੀ।ਉਸ ਸਮੇਂ ਦੀ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਦਾ ਕਤਲ ਤੇ ਉਸ ਦੇ ਕਤਲ ਤੋਂ ਬਾਦ ਦੇਸ਼ ਭਰ ਵਿਚ ਬੇ-ਦੋਸ਼ੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਇਸ ਸਾਕੇ ਦਾ ਸਿੱਟਾ ਸੀ। 37 ਸਾਲ ਬੀਤ ਜਾਣ ਦੇ ਬਾਵਜੂਦ ਅਜੇ ਤੀਕ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲਿਆ। ਕਥਿਤ ਤੌਰ 'ਤੇ ਕਤਲੇਆਮ ਕਰਵਾਉਣ ਵਾਲੇ ਕਾਂਗਰਸੀ ਆਗੂਆਂ ਢੁੱਕਵੀਆਂ ਸਜਾਵਾਂ ਨਹੀਂ ਮਿਲ ਰਹੀਆਂ।ਇਹ ਪ੍ਰਸ਼ਨ ਵਾਰ ਵਾਰ ਉਠਾਇਆ ਜਾਂਦਾ ਰਿਹਾ ਹੈ ਤੇ ਜਾਂਦਾ ਰਹੇਗਾ ਕਿ ਇਹ ਦੁਖ਼ਾਂਤ ਕਿਉਂ ਵਾਪਰਿਆ? ਪੰਜਾਬ ਦੇ ਹਾਲਾਤ ਖ਼ਰਾਬ ਕਿਉਂ ਹੋਏ? ਉਹ ਕਿਹੜੀਆਂ ਸ਼ਕਤੀਆਂ ਸਨ ਜਿਹੜੀਆਂ ਇਸ ਲਈ ਦੋਸ਼ੀ ਸਨ? ਕੀ ਇਸ ਪਿੱਛੇ ਵਿਦੇਸ਼ੀ ਹੱਥ ਸੀ? ਅਕਾਲੀ ਕਾਂਗਰਸੀਆਂ ਨੂੰ ਪੰਜਾਬ ਦੇ ਹਾਲਾਤ ਖਰਾਬ ਕਰਨ ਲਈ ਦੋਸ਼ੀ ਠਹਿਰਾਉਂਦੇ ਹਨ, ਜਦ ਕਿ ਕਾਂਗਰਸੀ ਅਕਾਲੀਆਂ ਨੂੰ ਦੋਸ਼ੀ ਠਹਿਰਾਉਂਦੇ ਹਨ।

ਬੀ ਬੀ ਸੀ ਦੇ ਪ੍ਰਸਿੱਧ ਪੱਤਰਕਾਰ ਮਾਰਕ ਟੱਲੀ ਅਤੇ ਸਤੀਸ਼ ਜੈਕਬ ਨੇ ਆਪਣੀ ਪੁਸਤਕ 'ਅੰਮ੍ਰਿਤਸਰ : ਸ੍ਰੀ ਮਤੀ ਗਾਂਧੀ ਦੀ ਅੰਤਲੀ ਲੜਾਈ' ਵਿਚ ਇਨ੍ਹਾਂ ਸੁਆਲਾਂ ਦੇ ਜੁਆਬ ਬੜੇ ਸੁਚੱਜੇ ਢੰਗ ਨਾਲ ਦਿੱਤੇ ਹਨ।ਉਨ੍ਹਾਂ ਨੇ ਇਹ ਪੁਸਤਕ ਨਵੰਬਰ 1985 ਵਿੱਚ ਲਿਖੀ ਸੀ ਜਦ ਕਿ ਸ੍ਰੀ ਮਤੀ ਇੰਦਰਾ ਗਾਂਧੀ ਦੇ ਕਤਲ ਹੋਇਆਂ ਸਾਲ ਹੋ ਚੁੱਕਾ ਸੀ ਤੇ ਉਸ ਦੇ ਪੁੱਤਰ ਸ੍ਰੀ ਰਾਜੀਵ ਗਾਂਧੀ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਬਣਿਆਂ ਨੂੰ ਸਾਲ ਤੋਂ ਜ਼ਿਆਦਾ ਸਮਾਂ ਹੋ ਚੁੱਕਾ ਸੀ।ਉਸ ਸਮੇਂ ਤੀਕ 20 ਅਗਸਤ 1985 ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਪਿੱਛੋਂ ਹੋਈਆਂ ਚੋਣਾਂ ਵਿੱਚ ਸ. ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿੱਚ ਅਕਾਲੀ ਸਰਕਾਰ ਬਣ ਚੁੱਕੀ ਸੀ। ਉਹ ਲਿਖਦੇ ਹਨ, "ਸ੍ਰੀ ਮਤੀ ਇੰਦਰਾ ਗਾਂਧੀ ਨੇ ਵਿਦੇਸ਼ੀ ਸ਼ਕਤੀਆਂ ਨੂੰ ਪੰਜਾਬ ਸੰਕਟ ਲਈ ਦੋਸ਼ੀ ਠਹਿਰਾਇਆ ਜਿਹੜੀਆਂ ਭਾਰਤ ਨੂੰ ਸ਼ਕਤੀਸ਼ਾਲੀ ਅਤੇ ਇੱਕਮੁੱਠ ਨਹੀਂ ਸਨ ਦੇਖਣਾ ਚਾਹੁੰਦੀਆਂ। ਨਿਰਸੰਦੇਹ ਉਨ੍ਹਾਂ ਨੇ ਆਪਣਾ ਰੋਲ ਅਦਾ ਕੀਤਾ। ਆਤੰਕਵਾਦ ਨਾਲ ਬੱਝੇ ਸਿੱਖ ਅੱਤਵਾਦੀਆਂ ਨੂੰ ਉਕਸਾ ਕੇ ਅਤੇ ਉਨ੍ਹਾਂ ਦੀ ਮਦਦ ਕਰਕੇ ਉਹ ਸ਼ਕਤੀਆਂ ਇਹ ਰੋਲ ਅਦਾ ਕਰਨਾ ਜਾਰੀ ਰੱਖਣਗੀਆਂ। ਪ੍ਰੰਤੂ ਇਕੱਲੀਆਂ ਬਾਹਰੀ ਸ਼ਕਤੀਆਂ ਭਾਰਤ ਵਰਗੇ ਸ਼ਕਤੀਸ਼ਾਲੀ ਅਤੇ ਸਥਿਰ ਦੇਸ਼ ਲਈ ਖ਼ਤਰਾ ਨਾ ਬਣ ਸਕਦੀਆਂ ਸਨ ਅਤੇ ਨਾ ਹੀ ਬਣ ਸਕਣਗੀਆਂ। ਭਾਰਤੀਆਂ ਨੂੰ ਹੁਣ ਆਪਣੇ ਦੇਸ਼ ਅਤੇ ਉਨ੍ਹਾਂ ਕਮਜ਼ੋਰੀਆਂ ਵੱਲ ਵੇਖਣਾ ਚਾਹੀਦਾ ਹੈ ਜਿਨ੍ਹਾਂ ਨੇ ਪੰਜਾਬ ਨੂੰ ਸਿਆਸੀ ਤਬਾਹੀ ਦੀਆਂ ਬਰੂਹਾਂ 'ਤੇ ਲਿਆਂਦਾ"।

ਉਨ੍ਹਾਂ ਨੇ ਵਿਦੇਸ਼ੀ ਹੱਥਾਂ ਦੀ ਥਾਂ 'ਤੇ ਅੰਦਰੂਨੀ ਸ਼ਕਤੀਆਂ ਨੂੰ ਇਸ ਦੁਖਾਂਤ ਲਈ ਜ਼ਿੰਮੇਵਾਰ ਠਹਿਰਾਇਆ ਹੈ।ਉਨ੍ਹਾਂ ਭਾਰਤੀ ਪ੍ਰਸ਼ਾਸਨ ਪ੍ਰਣਾਲੀ ਬਾਰੇ ਮਹੱਤਵਪੂਰਨ ਟਿੱਪਣੀਆਂ ਕੀਤੀਆਂ ਹਨ। ਉਨ੍ਹਾਂ ਦੇ ਸ਼ਬਦਾਂ ਵਿੱਚ, "ਦੁਨੀਆਂ ਦੇ ਇਸ ਸਭ ਤੋਂ ਵੱਡੇ ਪ੍ਰਜਾਤੰਤਰ ਦਾ ਸੰਚਾਲਨ ਅਤੇ ਪ੍ਰਬੰਧ ਅਜੇ ਵੀ ਬ੍ਰਿਟਿਸ਼ ਰਾਜ ਦੁਆਰਾ ਸਥਾਪਤ ਸੰਸਥਾਵਾਂ ਰਾਹੀਂ ਹੁੰਦਾ ਹੈ। ਇੰਡੀਅਨ ਐਡਮਨਿਸਟਰੇਟਿਵ ਸਰਵਿਸ ਜਿਹੜੀ ਪ੍ਰਸ਼ਾਸਨ 'ਤੇ ਗਾਲਿਬ ਹੈ ਬ੍ਰਿਟਿਸ਼ ਰਾਜ ਦੀ ਆਈ ਸੀ ਐਸ ਦੀ ਨਕਲ ਹੈ ਅਤੇ ਇੰਡੀਅਨ ਪੁਲਿਸ ਸਰਵਿਸ ਆਈ ਪੀ ਦੀ। ਮੈਕਾਲੇ ਦਾ ਪੀਨਲ ਕੋਡ ਅਜੇ ਵੀ ਲਾਗੂ ਹੈ। ਭਾੜੇ ਦੇ ਗਵਾਹ ਜਿਹੜੇ ਰਾਜ ਦੇ ਹੱਕ ਵਿੱਚ ਭੁਗਤਿਆ ਕਰਦੇ ਸਨ ਅੱਜ ਮਜਿਸਟਰੇਟਾਂ ਸਾਹਮਣੇ ਆਜ਼ਾਦ ਭਾਰਤ ਦੀ ਪੁਲਿਸ ਦੇ ਹੱਕ ਵਿੱਚ ਭੁਗਤਦੇ ਹਨ। ਅੰਗਰੇਜ਼ਾਂ ਦੀ ਦਿੱਤੀ ਕਾਨੂੰਨ ਪ੍ਰਣਾਲੀ ਸਰਕਾਰ ਦੇ ਇਰਾਦਿਆਂ ਨੂੰ ਨਿਸਫਲ ਕਰਨ ਲਈ ਅਮੀਰ ਜਾਗੀਰਦਾਰ ਅਤੇ ਪ੍ਰਭਾਵਸ਼ਾਲੀ ਤੱਤਾਂ ਰਾਹੀਂ ਵਰਤੀ ਜਾਂਦੀ ਹੈ। ਗਰੀਬ ਅਦਾਲਤ ਅਤੇ ਪੁਲਿਸ ਨੂੰ ਅਤਿਆਚਾਰੀ ਸਮਝਦੇ ਹਨ"।

ਉਨ੍ਹਾਂ ਅਨੁਸਾਰ, "ਪੰਜਾਬ ਸੰਕਟ ਨੇ ਦੱਸ ਦਿੱਤਾ ਹੈ ਕਿ ਆਧੁਨਿਕ ਭਾਰਤ ਦੀਆਂ ਸਮੱਸਿਆਵਾਂ ਨੂੰ ਨਜਿੱਠਣ ਲਈ ਬ੍ਰਿਟਿਸ਼ ਰਾਜ ਸਮੇਂ ਦੀਆਂ ਸੰਸਥਾਵਾਂ ਨਾ-ਮੁਆਫ਼ਕ ਹਨ। ਪੁਲਿਸ ਲਾਚਾਰ ਸੀ ਕਿਉਂਕਿ ਵਰ੍ਹਿਆਂ ਦੀ ਨਾਕਾਫ਼ੀ ਤਨਖ਼ਾਹ ਅਤੇ ਇਸ ਦੇ ਸਿੱਟੇ ਵਜੋਂ ਫੈਲੀ ਰਿਸ਼ਵਤ ਨੇ ਇਸ ਦੇ ਅਮਲੇ ਨੂੰ ਅੰਦਰੋਂ ਨਸ਼ਟ ਕਰ ਦਿੱਤਾ ਸੀ-ਦੋਵੇਂ ਹੀ ਅੰਗਰੇਜ਼ੀ ਰਾਜ ਦੀ ਪੁਲਿਸ ਦੀਆਂ ਵਿਸ਼ੇਸ਼ਤਾਵਾਂ ਸਨ। ਜਿਨ੍ਹਾਂ ਕੁਝ ਆਤੰਕਵਾਦੀਆਂ ਨੂੰ ਉਨ੍ਹਾਂ ਨੇ ਫੜ੍ਹਿਆ ਵੀ ਪੁਲਿਸ ਅਫ਼ਸਰ ਜਾਣਦੇ ਸਨ ਕਿ ਉਨ੍ਹਾਂ ਨੂੰ ਜੱਜਾਂ ਸਾਹਮਣੇ ਪੇਸ਼ ਕਰਨ ਦਾ ਕੋਈ ਫ਼ਾਇਦਾ ਨਹੀਂ ਸੀ ਕਿਉਂਕਿ ਉਨ੍ਹਾਂ ਦੀਆਂ ਦਮ ਤੋੜਦੀਆਂ ਅਦਾਲਤਾਂ ਤੋਂ ਸਜ਼ਾਵਾਂ ਪ੍ਰਾਪਤ ਕਰਨ ਵਿੱਚ ਕਈ ਵਰ੍ਹੇ ਬੀਤ ਜਾਣਗੇ। ਇਸ ਲਈ ਪੁਲਿਸ ਨੇ 'ਪੁਲਿਸ ਮੁਕਾਬਲੇ ਦੀ' ਆੜ ਵਿੱਚ ਕਤਲਾਂ ਦਾ ਸਹਾਰਾ ਲਿਆ। ਇਨ੍ਹਾਂ ਪੁਲਿਸ ਮੁਕਾਬਲਿਆਂ ਨੇ ਸੰਤ ਭਿੰਡਰਾਂਵਾਲੇ ਦੇ ਬਦਲੇ ਦੇ ਸੱਦੇ ਨੂੰ ਯੋਗ ਠਹਿਰਾਇਆ"। ਉਨ੍ਹਾਂ ਨੇ ਇਸ ਸਬੰਧੀ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਨੂੰ ਵੀ ਦੋਸ਼ੀ ਠਹਿਰਾਇਆ ਹੈ। ਉਹ ਲਿਖਦੇ ਹਨ, "ਸ੍ਰੀ ਮਤੀ ਇੰਦਰਾ ਗਾਂਧੀ ਨੇ ਭਾਰਤ ਦੀਆਂ ਸੰਸਥਾਵਾਂ ਨੂੰ ਸੁਧਾਰਨ ਦੀ ਕਦੇ ਕੋਸ਼ਿਸ਼ ਨਹੀਂ ਕੀਤੀ ਅਤੇ ਉਸ ਨੇ ਇਸ ਦੀ ਕੀਮਤ ਆਪਣੀ ਜਾਨ ਦੇ ਕੇ ਤਾਰੀ"।

ਅੱਜ ਤੋਂ ਕੋਈ 37 ਸਾਲ ਪਹਿਲਾਂ ਲਿਖੀ ਪੁਸਤਕ ਵਿੱਚ ਉਨ੍ਹਾਂ ਨੇ ਆਪਣੀ ਭੂਮਿਕਾ ਦਾ ਅੰਤ ਇਨ੍ਹਾਂ ਸਤਰਾਂ ਨਾਲ ਕੀਤਾ, " ਰਾਜੀਵ ਗਾਂਧੀ ਭਾਰਤ ਨੂੰ 21 ਵੀਂ ਸਦੀਂ ਵਿੱਚ ਲੈ ਜਾਣਾ ਚਾਹੁੰਦਾ ਹੈ। ਉਸ ਨੂੰ ਪਹਿਲਾਂ ਭਾਰਤ ਦੀਆਂ ਸੰਸਥਾਵਾਂ ਨੂੰ 20ਵੀਂ ਸਦੀਂ ਦਾ ਹਾਣੀ ਬਣਾਉਣਾ ਪਵੇਗਾ"।

ਉਨ੍ਹਾਂ ਨੇ ਭਾਰਤੀ ਸਿਆਸੀ ਪਾਰਟੀਆਂ ਉਪਰ ਵੀ ਮਹੱਤਵਪੂਰਨ ਟਿੱਪਣੀਆਂ ਕੀਤੀਆਂ ਹਨ। ਉਸ ਸਮੇਂ ਦੀ ਕਾਂਗਰਸ ਪਾਰਟੀ ਨੂੰ ਮੌਕਾ-ਪ੍ਰਸਤਾਂ ਦਾ ਟੋਲਾ ਕਰਾਰ ਦਿੰਦੇ ਉਹ ਲਿਖਦੇ ਹਨ, "ਸੰਤ ਭਿੰਡਰਾਂਵਾਲੇ ਰਾਹੀਂ ਫੈਲਾਈ ਜਾ ਰਹੀ ਨਫ਼ਰਤ ਦਾ ਟਾਕਰਾ ਕਰਨ ਲਈ, ਜਿਸ ਕਾਂਗਰਸ ਪਾਰਟੀ ਨੂੰ ਪੰਜਾਬ ਦੇ ਪਿੰਡਾਂ ਵਿੱਚ ਸ੍ਰੀ ਮਤੀ ਇੰਦਰਾ ਗਾਂਧੀ ਦਾ ਦੂਤ ਹੋਣਾ ਚਾਹੀਦਾ ਸੀ, ਮੌਕਾ ਪ੍ਰਸਤਾਂ ਦਾ ਟੋਲਾ ਸੀ, ਜਿਨ੍ਹਾਂ ਦੀਆਂ ਅੱਖਾਂ ਆਪਣੇ ਹਲਕਿਆਂ ਦੀ ਬਜਾਏ ਸਦਾ ਹੀ ਸ਼ਕਤੀ ਦੇ ਸੋਮੇ, ਦਿੱਲੀ 'ਤੇ ਹੁੰਦੀਆਂ ਸਨ। ਮੌਕਾ ਪ੍ਰਸਤ ਸਿਵਿਲ ਸੇਵਾ 'ਤੇ ਵੀ ਗਾਲਿਬ ਸਨ ਜੋ ਆਪਣੇ ਸਿਆਸੀ ਮਾਲਕਾਂ ਨੂੰ ਖ਼ੁਸ਼ ਕਰਨ ਲਈ ਕੋਈ ਵੀ ਨਿਯਮ ਤੋੜਨ ਲਈ ਤਿਆਰ ਸਨ। ਪਾਰਲੀਮੈਂਟ ਸ਼ਕਤੀ-ਵਿਹੀਨ ਸੀ ਕਿਉਂਕਿ ਸ੍ਰੀ ਮਤੀ ਗਾਂਧੀ ਦੇ ਪਾਰਲੀਮੈਂਟ ਦੇ ਮੈਂਬਰਾਂ ਵਿੱਚੋਂ ਕੋਈ ਹੌਂਸਲੇ ਵਾਲਾ ਹੀ ਉਸ ਦੀ ਪੰਜਾਬ ਨੀਤੀ ਵਿਰੁੱਧ ਬੋਲਣ ਦੀ ਜੁਰਅਤ ਕਰਦਾ ਸੀ।"

ਉਨ੍ਹਾਂ ਨੇ ਭਾਰਤੀ ਸਿਆਸਤਦਾਨਾਂ ਦੇ ਅਸਲੀ ਚਿਹਰੇ ਨੂੰ ਬੇਨਕਾਬ ਕੀਤਾ ਹੈ। ਉਹ ਲਿਖਦੇ ਹਨ, "ਸ੍ਰੀ ਮਤੀ ਇੰਦਰਾ ਗਾਂਧੀ ਬਹੁਤ ਸਾਰੇ ਪੂਰਬੀ ਬਾਦਸ਼ਾਹਾਂ ਵਾਂਗ ਜਾਲ ਵਿੱਚ ਉਲਝ ਗਈ ਸੀ,ਉਸ ਨੇ ਆਪਣੇ ਆਪ ਨੂੰ ਚਾਪਲੂਸਾਂ, ਜੀਅ ਹਜ਼ੂਰੀਆਂ ਨਾਲ ਘੇਰ ਲਿਆ ਸੀ ਜਿਹੜੇ ਉਸ ਨੂੰ ਉਹੋ ਦੱਸਦੇ ਸਨ, ਜੋ ਉਹ ਸੁਣਨਾ ਚਾਹੁੰਦੀ ਸੀ, ਉਹ ਨਹੀਂ ਜੋ ਉਸ ਨੂੰ ਸੁਣਨਾ ਚਾਹੀਦਾ ਸੀ। ਭਾਵੇਂ ਉਹ ਪ੍ਰਜਾਤੰਤਰੀ ਪ੍ਰਣਾਲੀ ਨਾਲ ਚੁਣੀ ਪ੍ਰਧਾਨ ਮੰਤਰੀ ਸੀ, ਪਰ ਉਹ ਪੁਰਾਣੇ ਜ਼ਮਾਨੇ ਦੇ ਰਾਜਿਆਂ ਵਾਂਗ ਹੀ ਰਾਜਸੀ ਦਰਬਾਰ ਲਾਉਂਦੀ ਸੀ, ਜਿਹੜਾ ਕਿ ਅਫ਼ਵਾਹਾਂ ਤੇ ਸਾਜ਼ਿਸ਼ਾਂ ਦੇ ਪਨਪਣ ਤੇ ਪੁੰਗਰਣ ਲਈ ਬੜਾ ਉਪਜਾਊ ਹੁੰਦਾ ਹੈ।"



ਸਿਆਸਤਦਾਨਾਂ ਵੱਲੋਂ ਵੋਟਾਂ ਦੀ ਰਾਜਨੀਤਕ ਖੇਡ ਨੂੰ, ਬੇਅਸਰ ਕਰਨ ਲਈ ਸ੍ਰੀ ਮਤੀ ਇੰਦਰਾ ਗਾਂਧੀ ਨੇ ਪਹਿਲਾਂ ਕਾਰਵਾਈ ਕਿਉਂ ਨਾ ਕੀਤੀ ? ਸਿਰਲੇਖ ਹੇਠ ਨੰਗਿਆਂ ਕੀਤਾ ਹੈ। ਉਹ ਖੇਡ ਜੋ ਅਜੇ ਵੀ ਖੇਡੀ ਜਾ ਰਹੀ ਹੈ। ਉਨ੍ਹਾਂ ਅਨੁਸਾਰ ਸ੍ਰੀ ਮਤੀ ਇੰਦਰਾ ਗਾਂਧੀ ਨੇ ਆਪਣੇ ਰਾਜ ਦੇ ਅੰਤਲੇ ਕਾਲ ਵਿੱਚ ਆਪਣੇ ਰਵਾਇਤੀ ਮਦਦਗਾਰਾਂ-ਮੁਸਲਮਾਨਾਂ ਤੇ ਅਨੁਸੂਚਿਤ ਜਾਤੀ ਨੂੰ ਛੱਡ ਦਿੱਤਾ ਅਤੇ ਬਹੁਮਤ ਹਿੰਦੂ ਭਾਈਚਾਰੇ ਨੂੰ ਇੱਕ ਨਿੱਗਰ ਵੋਟ ਸਮੂਹ ਵਿੱਚ ਢਾਲਣ ਦੀ ਕੋਸ਼ਿਸ਼ ਕੀਤੀ। ਉਸ ਨੇ ਭਿੰਡਰਾਂਵਾਲੇ ਦੇ ਖ਼ਿਲਾਫ਼ ਕਾਰਵਾਈ ਵਿੱਚ ਦੇਰ ਇਸ ਲਈ ਕੀਤੀ, ਕਿਉਂਕਿ ਉਹ ਘੱਟ ਗਿਣਤੀ ਭਾਈਚਾਰੇ ਦੇ ਹਿੰਦੂ ਧਰਮ ਨੂੰ ਪ੍ਰਤੱਖ ਵੰਗਾਰਣ 'ਤੇ ਖ਼ੁਸ਼ ਸੀ। ਇਸ ਨੇ ਉਸ ਦੀ ਹਿੰਦੂ ਭਾਈਚਾਰੇ ਨੂੰ ਇਕੱਠਾ ਕਰਕੇ ਜੋੜਨ ਵਿੱਚ ਮਦਦ ਕੀਤੀ। ਲੇਖਕਾਂ ਅਨੁਸਾਰ 1984 ਵਿੱਚ ਸ੍ਰੀ ਮਤੀ ਇੰਦਰਾ ਗਾਂਧੀ ਦੀ ਪ੍ਰਤਿਸ਼ਠਾ ਨੀਵੀਂ ਹੋ ਗਈ ਸੀ। ਉਪ ਚੋਣਾਂ ਸ੍ਰੀ ਮਤੀ ਇੰਦਰਾ ਗਾਂਧੀ ਦੀ ਕਾਂਗਰਸ ਲਈ ਭੈੜੀਆਂ ਸਿੱਧ ਹੋ ਰਹੀਆਂ ਸਨ। ਆਪਣੇ ਸਾਹਮਣੇ ਮੂੰਹ ਅੱਡੀ ਖੜ੍ਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਸ੍ਰੀ ਮਤੀ ਇੰਦਰਾ ਗਾਂਧੀ ਅਨਿਸਚਿਤ ਜਾਪਦੀ ਸੀ। ਪਾਰਲੀਮੈਂਟ ਦੇ ਕੇਂਦਰੀ ਹਾਲ ਵਿੱਚ ਜਿੱਥੇ ਕਿ ਮੈਂਬਰ ਅਕਸਰ ਅਫ਼ਵਾਹਾਂ ਦੇ ਅਦਾਨ ਪ੍ਰਦਾਨ ਲਈ ਇਕੱਠੇ ਹੁੰਦੇ ਸਨ। ਇਸ ਸੰਭਾਵਨਾ ਦੀ ਕਾਫੀ ਚਰਚਾ ਸੀ ਕਿ ਕਾਂਗਰਸ ਚੋਣ ਹਾਰ ਜਾਵੇਗੀ। ਪ੍ਰੈਸ ਵੀ ਸ੍ਰੀ ਮਤੀ ਇੰਦਰਾ ਗਾਂਧੀ ਦੇ ਚੋਣ ਭਵਿੱਖ ਤੋਂ ਜ਼ਿਆਦਾ ਆਸ਼ਾਵਦੀ ਨਹੀਂ ਸੀ। ਇਸ ਲਈ ਲੇਖਕਾਂ ਦਾ ਵਿਸ਼ਵਾਸ ਹੈ ਇੱਕ ਵਾਰ ਫਿਰ ਤਬਾਹੀ ਦਾ ਸਾਹਮਣਾ ਕਰਦੇ ਹੋਏ, ਸ੍ਰੀ ਮਤੀ ਇੰਦਰਾ ਗਾਂਧੀ ਭਿੰਡਰਾਂਵਾਲੇ ਦੇ ਖ਼ਿਲਾਫ਼ ਕਰੜੀ ਕਾਰਵਾਈ ਕਰਨ ਲਈ ਮਜਬੂਰ ਹੋ ਗਈ। ਦਿੱਲੀ ਵਿਚਲੇ ਸਿੱਖ ਕਤਲੇਆਮ ਤੋਂ ਬਾਅਦ ਇਸ ਦੀ ਜਾਂਚ ਪੰਜ ਮਹੀਨੇ ਬਾਅਦ ਕਰਾਉਣਾ ਵੀ ਸ੍ਰੀ ਰਾਜੀਵ ਗਾਂਧੀ ਦੀ ਵੋਟ ਰਾਜਨੀਤੀ ਸੀ।ਸ੍ਰੀ ਰਾਜੀਵ ਗਾਂਧੀ ਨੇ ਜਾਂਚ ਨੂੰ ਆਮ ਚੋਣਾਂ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਣ ਤੀਕ ਮੁਲਤਵੀ ਰੱਖਿਆ, ਜਿਨ੍ਹਾਂ ਨੂੰ ਆਪਣੇ ਪ੍ਰਧਾਨ ਮੰਤਰੀ ਪਦ ਨੂੰ ਪ੍ਰਾਪਤ ਕਰਨ ਲਈ ਫ਼ੈਸਲਾਕੁੰਨ ਰੂਪ ਵਿੱਚ ਜਿੱਤਣਾ ਇੱਕ ਜ਼ਰੂਰਤ ਸੀ। ਉਹ ਇਸ ਗੱਲੋਂ ਡਰਦਾ ਸੀ ਕਿ ਕੋਈ ਵੀ ਜਾਂਚ ਹਿੰਦੂ ਵੋਟਰਾਂ ਵਿੱਚ ਅਪ੍ਰਿਯ ਹੋਵੇਗੀ ਭਾਵ ਹਿੰਦੂਆਂ ਨੂੰ ਨਰਾਜ਼ ਕਰੇਗੀ।

ਗ੍ਰਹਿ ਮੰਤਰਾਲੇ ਦੇ ਅਧਿਕਾਰੀ ਚਾਹੁੰਦੇ ਸਨ ਕਿ ਜੋ ਵੀ ਪੰਜਾਬ ਵਿੱਚ ਗ਼ਲਤ ਹੋਇਆ ਹੈ, ਇਸ ਦਾ ਜ਼ਿਆਦਾ ਦੋਸ਼ ਪਾਕਿਸਤਾਨ ਸਿਰ ਮੜ੍ਹਿਆ ਜਾਵੇ। ਉਨ੍ਹਾਂ ਨੂੰ ਯਕੀਨ ਸੀ ਕਿ ਇਹ ਬਹੁਤ ਸਾਰੇ ਸਿੱਖਾਂ ਨੂੰ ਜਚਾ ਦੇਵੇਗਾ ਕਿ ਸਰਕਾਰ ਨੇ ਉਨ੍ਹਾਂ ਨੂੰ ਇੱਕ ਸਾਜ਼ਿਸ਼ ਤੋਂ ਬਚਾਇਆ ਹੈ, ਜਿਹੜੀ ਉਨ੍ਹਾਂ ਨੂੰ ਮੁੜ ਉਸ ਮੁਸਲਿਮ ਗ਼ਲਬੇ ਅਧੀਨ ਕਰ ਦੇਂਦੀ, ਜਿਸ ਨੂੰ ਉਨ੍ਹਾਂ ਨੇ ਵੰਡ ਸਮੇਂ ਰੱਦ ਕੀਤਾ ਸੀ। ਪ੍ਰੰਤੂ ਵਿਦੇਸ਼ੀ ਮਾਮਲਿਆਂ ਦੇ ਮੰਤਰਾਲੇ ਨੇ ਚਿਤਾਵਨੀ ਦਿੱਤੀ ਕਿ ਪਾਕਿਸਤਾਨ ਦਾ ਹਵਾਲਾ ਭਾਰਤ ਦੇ ਅਮਰੀਕਾ ਨਾਲ ਸਬੰਧਾਂ ਨਾਲ ਬਖ਼ੇੜਾ ਕਰੇਗਾ। ਇਸ ਤਰ੍ਹਾਂ ਲੰਬੀ ਸੋਚ ਵਿਚਾਰ ਪਿੱਛੋਂ ਵਾਈਟ ਪੇਪਰ , ਪਾਕਿਸਤਾਨ ਦਾ ਹਵਾਲਾ ਦਿੱਤੇ ਬਿਨਾਂ ਛਾਪਿਆ ਗਿਆ। ਲੇਖਕਾਂ ਨੇ ਸ੍ਰੀ ਮਤੀ ਇੰਦਰਾ ਗਾਂਧੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਦੇ ਮਨਸੂਬਿਆਂ ਬਾਰੇ ਵੀ ਦੱਸਿਆ ਹੈ ਅਤੇ ਸ੍ਰੀ ਦਰਬਾਰ ਸਾਹਿਬ ਦਾ ਕਬਜ਼ਾ ਮੁੜ ਸ਼੍ਰੋਮਣੀ ਕਮੇਟੀ ਨੂੰ ਸੌਂਪਣ ਲਈ ਸਿੰਘ ਸਾਹਿਬਾਨ ਨਾਲ ਸ. ਬੂਟਾ ਸਿੰਘ ਅਤੇ ਫ਼ੌਜੀ ਅਧਿਕਾਰੀਆਂ ਵੱਲੋਂ ਕੀਤੇ ਸਮਝੌਤਿਆਂ ਨੂੰ ਤਾਰਪੀਡੋ ਕਰਨ ਦਾ ਸਾਰਾ ਦੋਸ਼ ਸ੍ਰੀ ਮਤੀ ਇੰਦਰਾ ਗਾਂਧੀ ਉਪਰ ਲਾਇਆ ਹੈ।

ਉਨ੍ਹਾਂ ਨੇ ਪੰਜਾਬ ਦੇ ਦੁਖਾਂਤ ਅਤੇ ਸ੍ਰੀ ਮਤੀ ਗਾਂਧੀ ਦੇ ਕਤਲ ਲਈ ਸੰਤ ਭਿੰਡਰਾਂਵਾਲੇ ਅਤੇ ਸ. ਬੇਅੰਤ ਸਿੰਘ ਨੂੰ ਦੋਸ਼ ਮੁਕਤ ਕਰਦੇ ਹੋਏ ਸ੍ਰੀ ਮਤੀ ਇੰਦਰਾ ਗਾਂਧੀ ਦੁਆਰਾ ਸਿਰਜੇ ਸਿਆਸੀ ਵਾਤਾਵਰਨ ਨੂੰ ਮੁੱਖ ਦੋਸ਼ੀ ਠਹਿਰਾਇਆ ਹੈ। ਉਨ੍ਹਾਂ ਇਸ ਅਧਿਆਇ ਨੂੰ ਇਨ੍ਹਾਂ ਸ਼ਬਦਾਂ ਨਾਲ ਸ਼ੁਰੂ ਕੀਤਾ ਹੈ " ਸ੍ਰੀ ਮਤੀ ਗਾਂਧੀ ਦਾ ਕਤਲ ਕਿਸ ਨੇ ਕੀਤਾ ? 'ਮੈਂ"! ਸਬ ਇੰਸਪੈਕਟਰ ਬੇਅੰਤ ਸਿੰਘ ਨੇ ਕਿਹਾ ਜਦੋਂ ਉਸ ਨੇ ਸ੍ਰੀ ਮਤੀ ਗਾਂਧੀ ਦੇ ਬਾਗ਼ ਵਿੱਚ ਕਮਾਂਡੋਆਂ ਨੂੰ ਆਤਮ ਸਮਰਪਣ ਕੀਤਾ। ਪ੍ਰੰਤੂ ਉਹ ਆਪ ਸ਼ਿਕਾਰ ਸੀ, ਬਲੀ ਦਾ ਬਕਰਾ ਸੀ, ਜਿਸ ਨੂੰ ਅਪਰੇਸ਼ਨ ਬਲੂ ਸਟਾਰ ਤੋਂ ਬਾਅਦ ਸਾਰੇ ਸਿੱਖ ਭਾਈਚਾਰੇ ਵਿੱਚ ਫੈਲਿਆ ਗੁਸਾ ਵਹਾ ਲੈ ਗਿਆ ਸੀ-ਉਹ ਗੁੱਸਾ ਜਿਸ ਨੂੰ ਸਿਰਜਣ ਲਈ ਉਸ ਨੇ ਕੁਝ ਨਹੀਂ ਸੀ ਕੀਤਾ। ਇਹ ਉਨ੍ਹਾਂ ਦੀ ਸਿਰਜਣਾ ਸੀ ਜਿਨ੍ਹਾਂ ਨੇ ਸਿੱਖ ਭਾਈਚਾਰੇ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਚੁੱਕੀ ਸੀ। ਉਨ੍ਹਾਂ ਦੀ ਜਿਨ੍ਹਾਂ ਨੇ ਭਾਰਤ ਉੱਤੇ ਰਾਜ ਕਰਨ ਦੀ ਜ਼ਿੰਮੇਵਾਰੀ ਸਾਂਭੀ ਹੋਈ ਸੀ। ਉਸ ਸਮੇਂ ਤੇ ਕਾਲ ਦੀ ਜਿਸ ਨੇ ਜਿਸ ਵਿੱਚ ਉਹ ਜੀਅ ਰਹੇ ਸਨ। ਸੰਤ ਭਿੰਡਰਾਂਵਾਲੇ ਅਤੇ ਉਸ ਦੀ ਸਿੱਖ ਮੂਲ ਸਿਧਾਂਤਵਾਦਿਤਾ ਜਿਸ ਦੀ ਪਰਵਿਰਸ਼ ਹਿੰਦੂਆਂ ਦੀ ਨਫ਼ਰਤ ਨਾਲ ਕੀਤੀ ਗਈ ਸੀ ਨੂੰ ਆਸਾਨੀ ਨਾਲ ਦੋਸ਼ ਦੇ ਦੇਣਾ ਬਹੁਤ ਸੌਖਾ ਹੈ। ਪ੍ਰੰਤੂ ਮੂਲ ਸਿਧਾਂਤਵਾਦਿਤਾ ਦੀ ਹੋਂਦ ਖਲਾਅ (ਖਾਲੀ ਥਾਂ) ਵਿੱਚ ਨਹੀਂ ਹੁੰਦੀ। ਕੋਈ ਸ਼ਾਹ ਨਹੀਂ ਤਾਂ ਕੋਈ ਖੁਮੈਨੀ ਨਹੀਂ ਉਪਜਦਾ। ਕੋਈ ਇੰਦਰਾ ਨਹੀਂ ਤਾਂ ਕੋਈ ਭਿੰਡਰਾਂਵਾਲਾ ਨਹੀਂ ਬਣਦਾ। ਇਹ ਟਿੱਪਣੀ ਬਹੁਤ ਸਖ਼ਤ ਪ੍ਰਤੀਤ ਹੋ ਸਕਦੀ ਹੈ। ਇਹ ਇਸ ਕਰਕੇ ਕਿ ਸ੍ਰੀ ਮਤੀ ਗਾਂਧੀ ਕਿਸੇ ਵੀ ਤਰ੍ਹਾਂ ਅੱਤਿਆਚਾਰੀ ਸ਼ਾਸਕ ਜਾਂ ਖ਼ੁਦ ਮੁਖ਼ਤਾਰ ਬਾਦਸ਼ਾਹ ਨਹੀਂ ਸੀ। ਪਰ ਉਹ ਅਜਿਹੇ ਸਿਆਸੀ ਵਾਤਾਵਰਣ ਲਈ ਜ਼ਿੰਮੇਵਾਰ ਸੀ ਜਿਸ ਨੇ ਭਿੰਡਰਾਂਵਾਲੇ ਦੀ ਮੂਲ਼ ਸਿਧਾਂਤਵਾਦਿਤਾ ਨੂੰ ਉਚਿਤਤਾ ਪ੍ਰਦਾਨ ਕੀਤੀ"। ਉਨ੍ਹਾਂ ਨੇ ਸੰਤ ਭਿੰਡਰਾਂਵਾਲੇ ਨੂੰ ਉਚਾ ਚੁੱਕਣ ਅਤੇ ਉਸ ਵਿਰੁੱਧ ਸਮੇਂ ਸਿਰ ਕਾਰਵਾਈ ਨਾ ਕਰਨ ਲਈ ਕਾਂਗਰਸ ਪਾਰਟੀ ਨੂੰ ਦੋਸ਼ੀ ਠਹਿਰਾਇਆ ਹੈ। ਕੈਪਟਨ ਅਮਰਿੰਦਰ ਸਿੰਘ ਦੇ ਰੋਲ ਬਾਰੇ ਵੀ ਲਿਖਿਆ ਹੈ ਕਿ ਸ੍ਰੀ ਮਤੀ ਇੰਦਰਾ ਗਾਂਧੀ ਦੇ ਗਿਰਦ ਅਫ਼ਸਰਸ਼ਾਹੀ ਨੇ ਉਸ ਦੇ ਯਤਨਾਂ ਨੂੰ ਸਫ਼ਲ ਨਾ ਹੋਣ ਦਿੱਤਾ। ਉਹ ਲਿਖਦੇ ਹਨ, "...ਇਹ ਮਹੱਤਵਪੂਰਨ ਹੈ ਕਿ ਅਮਰਿੰਦਰ ਸਿੰਘ ਅਕਾਲੀ ਦਲ ਨਾਲ ਗੱਲਬਾਤ ਵਿੱਚ ਆਪਣੇ ਵਿਚੋਲੇ ਦੇ ਰੋਲ ਤੋਂ ਪਿਛਾਹ ਹੱਟ ਗਿਆ ਸੀ ਕਿਉਂਕਿ ਸ੍ਰੀ ਮਤੀ ਗਾਂਧੀ ਦੇ ਗਿਰਦ ਅਫ਼ਸਰਸ਼ਾਹ ਹਰ ਮਸਲੇ ਨੂੰ ਉਲਝਾ ਦਿੰਦੇ ਸਨ"।

ਇੰਗਲੈਂਡ ਵਲੋਂ ਜਿਹੜੇ ਗੁਪਤ ਪੱਤਰ ਫ਼ਰਵਰੀ 2014 ਵਿਚ ਜਾਰੀ ਕੀਤੇ ਗਏ,ਉਨ੍ਹਾਂ ਵਿਚ ਕਿਹਾ ਗਿਆ ਹੈ ਕਿ ਭਾਰਤ ਸਰਕਾਰ ਨੇ ਸਾਕਾ ਨੀਲਾ ਤਾਰਾ ਤੋਂ ਪਹਿਲਾਂ ਬਰਤਾਨੀਆ ਸਰਕਾਰ ਦੀ ਸਲਾਹ ਲਈ ਸੀ।ਉਸ ਨੇ ਭਾਰਤ ਸਰਕਾਰ ਨੂੰ ਕਿਹਾ ਸੀ ਕਿ ਉਹ ਹੈਲੀਕਾਪਟਰ ਦੀ ਸਹਾਇਤਾ ਨਾਲ ਮਿਲਟਰੀ ਦੇ ਕੋਮਾਂਡੋ ਭੇਜ ਕਿ ਸੰਤਾਂ ਨੂੰ ਚੁੱਕ ਲਵੇ ।ਸ੍ਰੀ ਮਤੀ ਇੰਦਰਾ ਗਾਂਧੀ ਵਲੋਂ ਅਜਿਹਾ ਨਾ ਕਰਨ ਤੋਂ ਪਤਾ ਚਲਦਾ ਹੈ ਕਿ ਉਸ ਦੇ ਮਨਸੂਬੇ ਹੋਰ ਸਨ।

ਲੇਖਕਾਂ ਨੇ ਸ੍ਰੀ ਰਾਜੀਵ ਗਾਂਧੀ ਵੱਲੋਂ ਸੰਤ ਲੌਂਗੋਵਾਲ ਨਾਲ ਕੀਤੇ ਸਮਝੌਤੇ ਦੀ ਭਰਪੂਰ ਪ੍ਰਸੰਸਾ ਕੀਤੀ ਹੈ। ਉਨ੍ਹਾਂ ਨੇ ਕਾਂਗਰਸ ਨੂੰ ਸੱਚੇ ਅਰਥਾਂ ਵਿੱਚ ਧਰਮ ਨਿਰਪੇਖ ਰਾਸ਼ਟਰੀ ਪਾਰਟੀ ਬਣਾਉਣ ਅਤੇ ਰਾਜਨੀਤਕ ਅਫ਼ਸਰਸ਼ਾਹਾਂ ਅਤੇ ਸ਼ਕਤੀ ਦੇ ਟੁੱਕੜ ਬੋਚ ਅਤੇ ਜੋਕ ਵਰਗ ਦੀ ਉਸ ਜਕੜ ਨੂੰ ਤੋੜਨ ਦੀ ਨਸੀਹਤ ਦਿੱਤੀ ਹੈ ਜਿਹੜਾ ਭਾਰਤੀ ਅਰਥਤੰਤਰ ਦਾ ਖ਼ੂਨ ਚੂਸ ਰਿਹਾ ਹੈ। ਉਨ੍ਹਾਂ ਨਵੀਆਂ ਸੰਸਥਾਵਾਂ ਸਥਾਪਤ ਕਰਕੇ ਟੁੱਟੇ ਫੁੱਟੇ ਢਾਂਚੇ ਨੂੰ ਓਵਰਹਾਲ ਕਰਨ ਲਈ ਕਿਹਾ ਸੀ ਤਾਂ ਕਿ ਵਾਤਾਵਰਣ, ਵਿੱਦਿਆ, ਮਕਾਨ ਅਤੇ ਸਿਹਤ ਸੇਵਾਵਾਂ ਉਨ੍ਹਾਂ ਭਾਰਤੀਆਂ ਨੂੰ ਵੀ ਪ੍ਰਾਪਤ ਹੋ ਸਕਣ ਜਿਹੜੇ ਅਜੇ ਵੀ ਘਿਨਾਉਣੀਆਂ ਗੰਦੀਆਂ ਬਸਤੀਆਂ ਅਤੇ ਦੂਰ ਦਰਾਜ ਦੇ ਪਿਛੜੇ ਪਿੰਡਾਂ ਵਿੱਚ ਜੀਣ ਲਈ ਸਰਾਪੇ ਹਨ।ਪਰ ਅਫ਼ਸੋਸ ਦੀ ਗੱਲ ਹੈ ਕਿ ਸ੍ਰੀ ਰਾਜੀਵ ਗਾਂਧੀ ਵੀ ਉਹ ਕੁਝ ਨਾ ਕਰ ਸਕਿਆ ਜੋ ਕੁਝ ਕਰਨ ਲਈ ਇਹ ਲੇਖ਼ਕ ਕਹਿ ਰਹੇ ਸਨ ਕਿਉਂਕਿ ਉਸ ਦਾ ਵੀ ਤਾਮਿਲਨਾਡੂ ਵਿਚ ਲਿਟੇ ਦੀ ਇਕ ਕਾਰਕੁਨ ਵਲੋਂ ਆਤਮਘਾਤੀ ਹਮਲੇ ਵਿਚ ਕਤਲ ਕਰ ਦਿੱਤਾ ਗਿਆ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਕਿਸੇ ਵੀ ਸਰਕਾਰ ਨੇ ਖ਼ੂਨ ਪੀਣੀ ਅਫ਼ਸਰਸ਼ਾਹੀ ਨੂੰ ਨੱਥ ਪਾਉਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਨਾ ਹੀ ਨਵੀਆਂ ਸੰਸਥਾਵਾਂ ਜਿਵੇਂ ਕਿ ਉਪਰ ਸੁਝਾਅ ਦਿੱਤਾ ਗਿਆ ਹੈ ਕਾਇਮ ਕਰਨ ਲਈ ਉਪਰਾਲੇ ਕੀਤੇ ਹਨ। ਪੰਜਾਬ ਮਸਲੇ ਨੂੰ ਸਮੇਂ ਸਿਰ ਹੱਲ ਨਾ ਕਰਨਾ, ਪੰਜਾਬ ਦੇ ਖ਼ੂਨ ਖ਼ਰਾਬੇ ਦਾ ਅਸਲ ਕਾਰਨ ਬਣਿਆ। ਪੰਜਾਬ ਮਸਲਾ ਅਜੇ ਵੀ ਜਿਉਂ ਤਾਂ ਤਿਉਂ ਹੈ। ਲੌਂਗੋਵਾਲ-ਰਾਜੀਵ ਸਮਝੌਤਾ ਉਸ ਭਾਵਨਾ ਨਾਲ ਲਾਗੂ ਨਹੀਂ ਕੀਤਾ ਗਿਆ ਜਿਸ ਭਾਵਨਾ ਨਾਲ ਸਮਝੌਤਾ ਕੀਤਾ ਗਿਆ ਸੀ। ਚੰਡੀਗੜ੍ਹ, ਪਾਣੀਆਂ ਦਾ ਮਸਲਾ, ਪੰਜਾਬੀ ਬੋਲਦੇ ਇਲਾਕੇ ਅਤੇ ਹੋਰ ਸਮੱਸਿਆਵਾਂ ਜਿਉਂ ਦੀਆਂ ਤਿਉਂ ਖੜ੍ਹੀਆਂ ਹਨ। ਦਿੱਲੀ ਅਤੇ ਹੋਰਨਾਂ ਥਾਵਾਂ 'ਤੇ ਹੋਏ ਸਿੱਖ ਕਤਲੇਆਮ ਸਬੰਧੀ 'ਵਿਡੋ ਕੌਲਨੀ' ਵਰਗੀਆਂ ਡੌਕੂਮੈਂਟਰੀਜ਼ ਬਣ ਰਹੀਆਂ ਹਨ ਜਿਨ੍ਹਾਂ ਰਾਹੀਂ ਉਸ ਬਹਾਦਰ ਕੌਮ ਜਿਸ ਨੇ ਦੇਸ਼ ਨੂੰ ਆਜ਼ਾਦ ਕਰਾਉਣ ਅਤੇ ਬਾਅਦ ਵਿਚ ਹਿੰਦ-ਪਾਕਿ ਲੜਾਈਆਂ ਵਿਚ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਅੰਦਰ ਬੇਗ਼ਾਨਗੀ ਦੀ ਭਾਵਨਾ ਵੱਧ ਰਹੀ ਹੈ ਤੇ ਇਹ ਮੁੜ ਪੰਜਾਬ ਵਿੱਚ ਅੱਗ ਦੇ ਭਾਂਬੜ ਬਾਲ ਸਕਦੀ ਹੈ।ਇਹੋ ਹਾਲ ਬਾਕੀ ਦੇਸ਼ ਦੀਆਂ ਸਮੱਸਿਆਵਾਂ ਦਾ ਹੈ। ਸਾਡੇ ਰਾਜਨੀਤਕ ਲੋਕ ਡੰਗ ਟਪਾਊ ਨੀਤੀਆਂ 'ਤੇ ਚਲ ਰਹੇ ਹਨ।ਉਹ ਕਿਸੇ ਦੀ ਗਲ ਸੁਣਨ ਨੂੰ ਤਿਆਰ ਹੀ ਨਹੀਂ ਹਨ।ਹਰੇਕ ਦੀ ਅਵਾਜ਼ ਨੂੰ ਡੰਡੇ ਨਾਲ ਦਬਾਉਣਾ ਉਨ੍ਹਾਂ ਦੀ ਰਾਜਨੀਤੀ ਹੈ।

ਇਸ ਲਈ ਜੇ ਭਾਰਤ ਨੂੰ ਇਕ ਰੱਖਣਾ ਹੈ ਤਾਂ ਭਾਰਤੀ ਸਿਆਸਤਦਾਨਾਂ ਨੂੰ ਠੰਢੇ ਦਿੱਲ ਨਾਲ 'ਸਾਕਾ ਨੀਲਾ ਤਾਰਾ' ਤੋਂ ਸਬਕ ਸਿੱਖ਼ਣਾ ਚਾਹੀਦਾ ਹੈ ਤੇ ਆਪਣੀ ਕਾਰਜ ਸ਼ੈਲੀ ਵਿਚ ਤਬਦੀਲੀ ਲਿਆਉਣੀ ਚਾਹੀਦੀ ਹੈ। ਸਮੁੱਚੀ ਪ੍ਰਸ਼ਾਸਨਿਕ ਪ੍ਰਣਾਲੀ ਨੂੰ ਬਦਲਣਾ ਚਾਹੀਦਾ ਹੈ।ਅੰਗ਼ਰੇਜੀ ਰਾਜ ਦੀ ਸ਼ਾਸ਼ਨ ਪ੍ਰਣਾਲੀ ਨੂੰ ਜੜ੍ਹੋਂ ਉਖ਼ਾੜਨਾ ਚਾਹੀਦਾ ਹੈ ਤੇ ਨਵੇਂ ਹਾਲਾਤ ਅਨੁਸਾਰ ਨਵਾਂ ਪ੍ਰਸ਼ਾਸਨਿਕ ਢਾਂਚਾ ਕਾਇਮ ਕਰਨਾ ਚਾਹੀਦਾ ਹੈ ਜੋ ਇਕੀਵੀਂ ਸਦੀ ਦੀਆਂ ਜ਼ਰੂਰਤਾਂ ਪੂਰੀਆਂ ਕਰ ਸਕੇ।ਇਸ ਸਮੇਂ ਸ੍ਰੀ ਰਾਜੀਵ ਗਾਂਧੀ ਦੇ ਜਾਂਨਸ਼ੀਨ ਕਈ ਸੂਬਿਆਂ ਵਿਚ ਗੱਦੀ 'ਤੇ ਬਿਰਾਜਮਾਨ ਹਨ। ਸ੍ਰੀ ਮਤੀ ਸੋਨੀਆ ਗਾਂਧੀ ਅਤੇ ਡਾ.ਮਨਮੋਹਨ ਸਿੰਘ ਬਾਰੇ ਕਿਹਾ ਜਾਂਦਾ ਹੈ ਕਿ ਉਹ ਬੜੇ ਅਗਾਂਹ ਵਧੂ ਹਨ।ਉਨ੍ਹਾਂ ਨੇ 10 ਸਾਲ ਲਗਾਤਾਰ ਭਾਰਤ 'ਤੇ ਰਾਜ ਕੀਤਾ ਉਨ੍ਹਾਂ ਨੂੰ ਸ੍ਰੀ ਰਾਜੀਵ ਗਾਂਧੀ ਦੇ ਅੱਧਵਾਟੇ ਕੰਮਾਂ ਨੂੰ ਪੂਰਾ ਕਰਨ ਲਈ ਕੁਝ ਨਹੀਂ ਕੀਤਾ।ਉਨ੍ਹਾਂ ਤੋਂ ਪਹਿਲੀਆਂ ਕਾਂਗਰਸੀ ਸਰਕਾਰਾਂ ਨੇ ਵੀ ਕੁਝ ਨਹੀਂ ਕੀਤਾ।ਹੁਣ ਮੋਦੀ ਸਰਕਾਰ ਨੂੰ ਬਣਿਆ 7 ਸਾਲ ਤੋਂ ਉਪਰ ਹੋ ਗਏ ਹਨ।ਇਸ ਸਰਕਾਰ ਨੇ ਵੀ ਪਿਛਾਂਹ ਖਿਛੂ ਨੀਤੀਆਂ ਲਾਗੂ ਕੀਤੀਆਂ ਹਨ। ਜੋ ਵਾਅਦੇ 2014 ਦੀਆਂ ਚੋਣਾਂ ਵਿਚ ਕੀਤੇ ਸਨ ਉਨ੍ਹਾਂ ਨੂੰ ਠੰਡੇ ਬਸਤੇ ਵਿਚ ਪਾ ਕੇ ਤਿੰਨ ਲੋਕ ਵਿਰੋਧੀ ਖੇਤੀ ਬਾੜੀ ਕਾਨੂੰਨ ਪਾਸ ਕੀਤੇ ਹਨ ਜਿਨ੍ਹਾਂ ਦਾ ਵਿਰੋਧ ਨਾ ਕੇਵਲ ਭਾਰਤ ਦੇ ਕਿਸਾਨ ,ਵਪਾਰੀ ਤੇ ਮਜ਼ਦੂਰ ਕਰ ਰਹੇ ਹਨ ਸਗੋਂ ਅਮਰੀਕਾ ,ਕਨੇਡਾ ,ਇੰਗਲੈਂਡ ,ਅਸਟਰੇਲੀਆ ਦਾ ਮੀਡਿਆ ਤੇ ਸਿਆਸਤਦਾਨ ਵੀ ਕਰ ਰਹੇ ਸਨ । ਸੈਂਕੜੇ ਕਿਸਾਨ ਸ਼ਹੀਦੀਆਂ ਪਾ ਚੁੱਕੇ ਹਨ ਪਰ ਮੋਦੀ ਸਰਕਾਰ ਦੇ ਕੰਨ 'ਤੇ ਜੂੰਅ ਨਹੀਂ ਸਰਕੀ।ਉਸ ਨੇ ਤਾਨਾਸ਼ਾਹਾਂ ਵਾਲਾ ਰਵਈਆ ਅਪਣਾਇਆ ਹੋਇਆ ਹੈ ।ਸੂਬਾਈ ਚੋਣਾਂ ,ਪੰਚਾਇਤ ਚੋਣਾਂ ਜੋ ਹਾਲ ਵਿਚ ਹੋਈਆਂ ਹਨ ਵਿਚ ਸ਼ਰਮਨਾਕ ਹਾਰ ਹੋਣ ਦੇ ਬਾਵਜੂਦ ਉਸ ਨੇ ਕੋਈ ਸਬਕ ਨਹੀਂ ਸਿੱਖਿਆ । ਇਹ ਪਹਿਲਾ ਪ੍ਰਧਾਨ ਮੰਤਰੀ ਹੈ ਜਿਸ ਨੇ ਅਜੇ ਤੀਕ ਕੋਈ ਪ੍ਰੈਸ ਕਾਨਫ਼ਰੰਸ ਨਹੀਂ ਕੀਤੀ। ਜਿਹੜਾ ਪ੍ਰਧਾਨ ਮੰਤਰੀ ਮੀਡਿਆ ਦਾ ਸਾਹਮਣਾ ਨਹੀਂ ਕਰ ਸਕਦਾ ਉਹ ਦੇਸ਼ ਕਿਵੇਂ ਚਲਾ ਸਕਦਾ ਹੈ?

ਕੈਨੇਡਾ ਤੇ ਹੋਰ ਮੁਲਕਾਂ ਵਿਚ ਮੁਫ਼ਤ ਇਲਾਜ ਹੈ,ਲਾਕ ਡਾਊਨ ਵਿਚ ਲੋਕਾਂ ਨੂੰ ਹਰ ਮਹੀਨੇ ਸਰਕਾਰਾਂ ਨੇ ਪੈਸੇ ਦਿੱਤੇ ਤਾਂ ਜੋ ਉਹ ਆਪਣਾ ਗੁਜਾਰਾ ਕਰ ਸਕਣ ਪਰ ਮੋਦੀ ਸਰਕਾਰ ਨੇ ਇਕ ਪੈਸਾ ਨਹੀਂ ਦਿੱਤਾ । ਹਰ ਸਾਲ ਦੋ ਕ੍ਰੋੜ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ । ਨੌਕਰੀਆਂ ਕੀ ਦੇਣੀਆਂ ਸਨ ਸਗੋਂ ਇਕ ਕ੍ਰੋੜ ਲੋਕਾਂ ਦੀਆਂ ਨੌਕਰੀਆਂ ਖੋਹ ਲਈਆਂ।74 ਸਾਲਾਂ ਵਿਚ ਜਿਹੜੇ ਅਦਾਰੇ ਪਹਿਲੀਆਂ ਸਰਕਾਰਾਂ ਨੇ ਬਣਾਏ ਸਨ,ਉਨ੍ਹਾਂ ਵਿੱਚੋਂ ਬਹੁਤੇ ਇਸ ਨੇ ਵੇਚ ਦਿੱਤੇ ਹਨ ਤੇ ਬਾਕੀ ਵੇਚਣੇ ਲਾਏ ਹੋਏ ਹਨ। ਕਰੋਨਾਂ ਨਾਲ ਲੋਕ ਮਰ ਰਹੇ ਹਨ । ਸਰਕਾਰ ਪੈਸਾ ਚੰਗੇ ਹਸਪਤਾਲ ਤੇ ਆਕਸੀਜਨ ਪਲਾਂਟ ਵਗੈਰਾ ਉਪਰ ਲਾਉਣ ਦੀ ਥਾਂ 'ਤੇ ਅਰਬਾਂ ਖ਼ਰਬਾਂ ਰੁਪਏ ਨਵੀਂ ਪਾਰਲੀਮੈਂਟ ਇਮਾਰਤ ਬਨਾਉਣ ਅਤੇ ਪ੍ਰਧਾਨ ਮੰਤਰੀ ਦੇ ਲਈ ਵਿਸ਼ੇਸ਼ ਜਹਾਜ਼ ਖ੍ਰੀਦਣ 'ਤੇ ਲਾਏ ਜਾ ਰਹੇ ਹਨ। ਵੈਕਸੀਨ ਮੁਫ਼ਤ ਦੇਣ ਦੀ ਥਾਂ ਮੁੱਲ ਵੇਚੀ ਜਾ ਰਹੀ ਹੈ।ਆਕਸੀਜਨ ਮੁੱਲ ਵੇਚੀ ਜਾ ਰਹੀ ਹੈ। ਗ੍ਰੀਬ ਪੈਸੇ ਨਾ ਹੋਣ ਕਰਕੇ ਕਰੋਨਾ ਦਾ ਇਲਾਜ ਕਰਵਾਉਣ ਤੋਂ ਅਸਮਰਥ ਹਨ ਤੇ ਅਜਾਈਂ ਮੌਤ ਮਰ ਰਹੇ ਹਨ।

ਭਾਜਪਾ ਦੇ ਸੂਝਵਾਨ ਲੀਡਰਾਂ ਨੂੰ ਮੋਦੀ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ਼ ਪਾਰਟੀ ਅੰਦਰ ਆਵਾਜ਼ ਉਠਾਉਣੀ ਚਾਹੀਦੀ ਹੈ ਤੇ ਸ੍ਰੀ ਰਾਜਨਾਥ ਜਾਂ ਕਿਸੇ ਤਜਰਬਾਕਾਰ ਆਗੂ ਨੂੰ ਪ੍ਰਧਾਨ ਮੰਤਰੀ ਦੇ ਆਹੁਦੇ 'ਤੇ ਬਿਠਾਉਣਾ ਚਾਹੀਦਾ ।ਨਹੀਂ ਤਾਂ ਆਉਂਦੀਆਂ ਪੰਜ ਸੂਬਾਈ ਚੋਣਾਂ ਭਾਜਪਾ ਲਈ ਜਿਤਣੀਆਂ ਮੁਸ਼ਕਲ ਹਨ । ਜੇ ਸੂਬਿਆਂ ਵਿਚ ਭਾਜਪਾ ਸਰਕਾਰਾਂ ਨਹੀਂ ਹੋਣਗੀਆਂ ਤਾਂ 2024 ਵਿੱਚ ਭਾਜਪਾ ਕੇਂਦਰ ਵਿਚ ਸਰਕਾਰ ਕਿਵੇਂ ਬਣਾਏਗੀ ? ਇਹ ਭਾਜਪਾ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ।

# ਸੰਪੂਰਨ ਕ੍ਰਾਂਤੀ ਦਾ ਨਾਹਰਾ ਤੇ ਨਵੀਂ ਵਿਚਾਰਧਾਰਾ

ਗੁਰਬਚਨ ਸਿੰਘ
91-98156-98451

ਕਿਸਾਨ ਮੋਰਚੇ ਨੇ 5 ਜੂਨ ਨੂੰ 'ਸੰਪੂਰਨ ਕਰਾਂਤੀ ਦਿਵਸ' ਮਨਾਉਣ ਦਾ ਸਦਾ ਦਿਤਾ ਹੈ। ਜੋਗੇਂਦਰ ਯਾਦਵ ਕਿਸਾਨ ਮੋਰਚੇ ਦੀ ਆਗੂ ਟੀਮ ਦਾ ਇਕ ਮੈਂਬਰ ਹੈ। ਇਸ ਸਦੇ ਦੀ ਪੈਰਵਾਈ ਕਰਦੀ ਜੋਗੇਂਦਰ ਯਾਦਵ ਦੀ ਇਕ ਲਿਖਤ 'ਦ ਪਰਿੰਟ' ਤੇ 'ਦ ਟ੍ਰਿਬਿਊਨ' (ਅੰਗਰੇਜੀ) ਵਿਚ ਛਪੀ ਹੈ। ਜਿਸ ਦਾ ਸਿਰਲੇਖ ਹੈ, "ਮੋਦੀ ਦਾ ਭਾਰਤ ਆਸ ਗੁਆ ਚੁਕਾ ਹੈ। ਇਸ ਨੂੰ ਇਕੀਵੀਂ ਸਦੀ ਦੇ ਜੈ ਪ੍ਰਕਾਸ਼ ਨਰਾਇਣ ਦੀ ਲੋੜ ਹੈ।''

ਇਸ ਲਿਖਤ ਵਿਚ ਉਸ ਨੇ ਮੋਦੀ ਰਾਜ ਦੇ ਇਹਨਾਂ 7 ਸਾਲਾਂ ਦੀ ਤੁਲਨਾ ਇੰਦਰਾਂ ਗਾਂਧੀ ਦੇ 5 ਜੂਨ 1974 ਤੋਂ ਪਹਿਲੇ 8 ਸਾਲਾਂ ਨਾਲ ਕੀਤੀ ਹੈ। ਯਾਦਵ ਅਨੁਸਾਰ ਉਦੋਂ ਵੀ ਅਰਥਚਾਰਾ ਲੜਖੜਾ ਗਿਆ ਸੀ। ਆਰਥਿਕ ਵਾਧੇ ਦੀ ਦਰ ਘਟਣ ਕਰ ਕੇ ਮੰਹਿਗਾਈ ਅਤੇ ਬੇਰੁਜਗਾਰੀ ਬਹੁਤ ਵਧ ਗਈ ਸੀ। ਲੋਕਾਂ ਦੇ ਮਨਾਂ ਵਿਚ ਸਰਕਾਰ ਪ੍ਰਤੀ ਬਦਜਨੀ ਅਤੇ ਨਿਰਾਸ਼ਾ ਗੁਸੇ ਦੀ ਹਦ ਤਕ ਫੈਲ ਗਈ ਸੀ। ਰਾਜਨੀਤਕ ਧਿਰਾਂ ਜਨਤਕ ਰੋਸ ਨੂੰ ਬੜੀ ਨਫਰਤ ਨਾਲ ਵੇਖਦੀਆ ਸਨ। ਉਸ ਮਾਹੌਲ ਵਿਚ 5 ਜੂਨ 1974 ਨੂੰ ਬਿਹਾਰ ਅੰਦੋਲਨ ਦੀ ਅਗਵਾਈ ਕਰਦਿਆਂ ਪਟਨਾ ਦੀ ਇਕ ਬੜੀ ਵਿਸ਼ਾਲ ਰੈਲੀ ਵਿਚ ਜੈ ਪ੍ਰਕਾਸ਼ ਨਰਾਇਣ ਨੇ 'ਸੰਪੂਰਨ ਕਰਾਂਤੀ' ਦਾ ਨਾਹਰਾ ਲਾਇਆ ਸੀ। ਇਸ ਲਹਿਰ ਤੋਂ ਘਬਰਾ ਕੇ ਹੀ ਇੰਦਰਾਂ ਗਾਂਧੀ ਨੇ ਐਮਰਜੈਂਸੀ ਲਾਈ ਅਤੇ ਅਖੀਰ ਵਿਚ 1977 ਦੀਆਂ ਚੋਣਾਂ ਵਿਚ ਉਸ ਦਾ ਤਖਤਾ ਪਲਟ ਗਿਆ ਸੀ।

ਬਕੌਲ ਯਾਦਵ ਹੁਣ ਵੀ ਹਾਲਤ ਓਹੋ ਜਿਹੀ ਹੈ। ਅਰਥਚਾਰਾ ਸੁੰਗੜ ਰਿਹਾ ਹੈ। ਪਿਛਲੇ ਸਾਲ 30 ਫੀ ਸਦੀ ਦੀ ਬਜਾਇ ਇਸ ਸਾਲ ਸਿਰਫ 5 ਫੀਸਦੀ ਘਰਾਂ ਦੀ ਆਮਦਨ ਵਿਚ ਵਾਧਾ ਹੋਣ ਦੀ ਸੰਭਾਵਨਾ ਹੈ। ਸਰਮਾਏਦਾਰਾਂ ਦੀ ਸੰਸਥਾ ਫਿਕੀ ਦੀ ਰਿਪੋਰਟ ਅਨੁਸਾਰ ਲੋਕਾਂ ਦਾ ਵਸਤੂਆਂ ਨੂੰ ਖਰੀਦਣ ਦਾ ਰੌਂਅ ਸਭ ਤੋਂ ਹੇਠਲੇ ਪਧਰ ਉਤੇ ਹੈ। ਯਸ਼ਵੰਤ ਦੇਸ਼ਮੁਖ ਦੀ ਸੰਸਥਾ ਸੀ ਵੋਟਰ ਦੇ ਕਰਵਾਏ ਇਕ ਸਰਵੇ ਅਨੁਸਾਰ ਦੇਸ ਦੇ 80 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਮੋਦੀ ਰਾਜ ਵਿਚ ਸਾਰਾ ਕੁਝ ਗਲਤ ਪਾਸੇ ਜਾ ਰਿਹਾ ਹੈ ਅਤੇ ਉਹਨਾਂ ਨੂੰ ਆਸ ਦੀ ਕੋਈ ਕਿਰਨ ਨਜਰ ਨਹੀਂ ਆਉਂਦੀ। ਇਹ ਵਿਰੋਧੀ ਧਿਰਾਂ ਅਤੇ ਜਮਹੂਰੀ ਪ੍ਰਬੰਧ ਲਈ ਵੀ ਚੁਣੌਤੀ ਹੈ। ਜੋਗੇਂਦਰ ਯਾਦਵ ਦੇ ਕਥਨ ਅਨੁਸਾਰ ਇਸ ਹਾਲਤ ਵਿਚ ਕਿਸਾਨ ਮੋਰਚੇ ਵਲੋਂ 5 ਜੂਨ ਨੂੰ 'ਸੰਪੂਰਨ ਕਰਾਂਤੀ ਦਿਵਸ' ਵਜੋਂ ਮਨਾਉਣ ਦੇ ਦਿਤੇ ਗਏ ਸਦੇ ਦੀ ਇਤਿਹਾਸਕ ਮਹਤਤਾ ਹੈ।

ਯਾਦਵ ਅਨੁਸਾਰ ਮੰਦੀ ਤੋਂ ਮੰਦੀ ਹਾਲਤ ਵਿਚ ਵੀ ਦੇਸ ਵਾਸੀਆਂ ਨੇ ਕਦੀ ਆਸ ਦਾ ਪਲਾ ਨਹੀਂ ਛਡਿਆ ਪਰ ਹੁਣ ਇਹੀ ਆਸ ਨਦਾਰਦ ਹੈ। ਨਿਰਾਸ਼ਾ ਅਤੇ ਬਦਜਨੀ ਦੇ ਇਸ ਆਲਮ ਵਿਚੋਂ ਨਿਕਲਣ ਲਈ ਦੇਸ ਦੇ ਲੋਕਾਂ ਦੇ ਮਨਾਂ ਵਿਚ ਆਸ ਜਗਾਉਣ ਦੀ ਲੋੜ ਹੈ ਅਤੇ ਆਸ ਜਗਾਉਣ ਲਈ ਵਿਚਾਰਧਾਰਾ ਚਾਹੀਦੀ ਹੈ। ਵਿਚਾਰਧਾਰਾ ਜਿਹੜੀ ਰਾਹ ਵੀ ਵਿਖਾਵੇ ਅਤੇ ਰਾਹ ਉਤੇ ਚਲਣ ਦਾ ਢੰਗ ਵੀ ਦਸੇ। ਹੁਣ ਤਕ ਅਸੀਂ ਕਿਸੇ ਨਵੀਂ ਵਿਚਾਰਾਂਧਾਰਾ ਦੀ ਬਜਾਇ ਰਲਗਡ ਵਿਚਾਰਧਾਰਾਵਾਂ ਵੱਲ ਉਲਰਦੇ ਰਹੇ ਹਾਂ। ਜਿਵੇਂ ਗਾਂਧੀਵਾਦੀ ਸਮਾਜਵਾਦ, ਅੰਬੇਡਕਰੀ ਔਰਤਵਾਦ ਜਾਂ ਖਬੇ ਪਖੀ ਉਦਾਰਵਾਦ। ਇਹ ਸਾਰੀਆਂ ਵਿਚਾਰਧਾਰਾਵਾਂ ਲੋਕਾਂ ਦੇ ਮਨਾਂ ਵਿਚ ਕੋਈ ਆਸ ਨਹੀਂ ਜਗਾਉਂਦੀਆ। ਜੋਗੇਂਦਰ ਯਾਦਵ ਦੇ ਕਥਨ ਅਨੁਸਾਰ ਪਿਛਲੀਆ ਦੋ ਸਦੀਆ ਵਿਚ ਪੈਦਾ ਹੋਈਆ ਸਾਰੀਆ ਵਿਚਾਰਧਾਰਾਵਾਂ ਅਸਫਲ ਹੋਈਆ ਹਨ। ਹੁਣ ਅਜਿਹੀ ਵਿਚਾਰਧਾਰਾ ਚਾਹੀਦੀ ਹੈ ਜਿਹੜੀ ਵਰਤਮਾਨ ਹਾਲਤਾਂ ਨੂੰ ਸਮਝਣ ਵਿਚ ਸਹਾਈ ਹੋਵੇ ਅਤੇ ਦਸੇ ਕਿ ਇਸ ਵਿਚ ਕੀ ਗਲਤ ਹੈ ਅਤੇ ਇਸ ਗਲਤ ਨੂੰ ਬਦਲਣ ਲਈ ਤਬਦੀਲੀ ਦਾ ਕਿਹੜਾ ਰਾਹ ਹੈ। ਜਿਹੜੀ ਵਿਚਾਰਧਾਰਾ ਇਕ ਖਿਆਲੀ ਆਦਰਸ਼ ਸਮਾਜ, ਇਕ ਕਲਪਿਤ ਭਵਿਖ ਦੀ ਨਿਸ਼ਾਨਦੇਹੀ ਕਰੇ, ਜਿਸ ਵਾਸਤੇ ਯਤਨ ਕੀਤੇ ਜਾ ਸਕਣ। ਇਹ ਤਬਦੀਲੀ ਦੇ ਹਰਕਾਰਿਆਂ ਦੀ ਨਿਸ਼ਾਨਦੇਹੀ ਵੀ ਕਰੇ ਅਤੇ ਯੁਧਨੀਤੀ ਉਲੀਕਣ ਸਮੇਤ ਵਰਤਮਾਨ ਤੋਂ ਉਸ ਭਵਿਖ ਵਲ ਵਧਣ ਲਈ ਪ੍ਰੇਰਨਾ ਵੀ ਕਰੇ। ਭਾਰਤ ਨੂੰ ਇਕ ਅਜਿਹੀ ਅਗਾਂਹਵਧੂ ਵਿਚਾਰਧਾਰਾ ਦੀ ਲੋੜ ਹੈ, ਜਿਹੜੀ ਮੰਨਣਯੋਗ ਵੀ ਹੋਵੇ ਅਤੇ ਆਸ ਵੀ ਜਗਾਵੇ। ਜਿਹੜੀ ਵਿਚਾਰਧਾਰਾ ਦਿਨੋਂ-ਦਿਨ ਪਲੀਤ ਹੋ ਰਹੇ ਵਾਤਾਵਰਣ, ਜਾਤਪਾਤ ਅਤੇ ਲਿੰਗ ਮਸਲੇ ਦਾ ਹਲ ਦਸੇ। ਜੈ ਪ੍ਰਕਾਸ਼ ਨਰਾਇਣ ਨੇ ਭਾਵੇਂ ਕਿਧਰੇ ਸਪਸ਼ਟ ਨਹੀਂ ਕੀਤਾ ਪਰ ਸੰਪੂਰਨ ਕ੍ਰਾਂਤੀ ਤੋਂ ਉਸ ਦਾ ਭਾਵ ਪ੍ਰਬੰਧ (ਸਿਸਟਮ) ਅਤੇ ਮਨੁੱਖ ਦੋਵਾਂ ਦੀ ਇਨਕਲਾਬੀ ਤਬਦੀਲੀ ਤੋਂ ਸੀ। ਜਿਸ ਦਾ ਮਤਲਬ ਹੈ ਕਿ ਰਾਜਸੀ, ਆਰਥਿਕ, ਸਮਾਜੀ, ਸਭਿਆਚਾਰਕ ਦੇ ਨਾਲ ਨਾਲ ਆਤਮਿਕ ਖੇਤਰ ਵਿਚ ਵੀ ਇਨਕਲਾਬੀ ਤਬਦੀਲੀ ਦੀ ਲੋੜ ਹੈ। ਰਾਜਸੀ ਆਗੂਆਂ, ਬੁਧੀਜੀਵੀਆਂ, ਵਿਦਵਾਨਾਂ, ਕਲਾਕਾਰਾਂ, ਸਮਾਜੀ ਕਾਰਕੁਨਾਂ ਲਈ ਅਜਿਹੀ ਵਿਚਾਰਧਾਰਾ ਦੀ ਭਾਲ ਸਾਡੇ ਸਮਿਆਂ ਦੀ ਸਭ ਤੋਂ ਵਡੀ ਚੁਣੌਤੀ ਹੈ।

ਜੋਗੇਂਦਰ ਯਾਦਵ ਜਿਸ ਸਰਬਪਖੀ ਇਨਕਲਾਬੀ ਤਬਦੀਲੀ ਦੀ ਗੱਲ ਕਰਦਾ ਹੈ, ਉਸ ਦੀ ਇਹ ਲੋੜ ਸਿਰਫ ਅਤੇ ਸਿਰਫ ਗੁਰਮਤਿ ਹੀ ਪੂਰੀ ਕਰ ਸਕਦੀ ਹੈ। ਗੁਰਮਤਿ ਹੀ ਇਕ ਅਜਿਹੀ ਮੁਕੰਮਲ ਵਿਚਾਰਧਾਰਾ ਹੈ, ਜਿਹੜੀ ਇਕੋ ਵੇਲੇ ਮਨੁਖ ਦੀ ਰਾਜਸੀ, ਆਰਥਿਕ, ਸਮਾਜੀ, ਸਭਿਆਚਾਰਕ ਅਤੇ ਆਤਮਿਕ ਤਬਦੀਲੀ ਨੂੰ ਯਕੀਨੀ ਬਣਾ ਸਕਦੀ ਹੈ। ਜਿਸ ਤਬਦੀਲੀ ਨੂੰ ਚਾਹੁੰਦਾ ਹੋਇਆ ਵੀ ਮਾਰਕਸਵਾਦ ਸਪਸ਼ਟ ਨਹੀਂ ਕਰ ਸਕਿਆ। ਗੁਰਮਤਿ ਨੇ ਮਨੁਖ ਦੀ ਸਰਬਪਖੀ ਤਬਦੀਲੀ ਨੂੰ ਸਪਸ਼ਟ ਕੀਤਾ ਹੈ। ਗੁਰਮਤਿ ਕਿਸੇ ਨੂੰ ਮੁਕਤ ਕਰਵਾਉਣ ਤੋਂ ਪਹਿਲਾਂ ਬੰਦੇ ਨੂੰ ਖੁਦ ਮੁਕਤ ਹੋਣ ਦੀ ਚੇਤਨਾ ਦੇਂਦੀ ਹੈ- ਆਪਿ ਮੁਕਤੁ ਮੁਕਤੁ ਕਰੈ ਸੰਸਾਰੁ।। ਗੁਰਮਤਿ ਮੁਕਤ ਹੋਣ ਦਾ ਰਾਹ ਵੀ ਦਸਦੀ ਹੈ _ ਜੀਵਨੁ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ।। ਏਹੁ ਤ੍ਰਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ।। ਭਾਵ ਮਨੁਖ ਆਪਣੀ ਹਉਮੈ, ਮੈਂ-ਮੇਰੀ ਦੀ ਭਾਵਨਾ ਖਤਮ ਕਰ ਕੇ ਸਰਬਤ ਦਾ ਅੰਗ ਬਣੇ ਅਤੇ ਤ੍ਰਿਸਨਾ ਭਾਵ ਆਪਣੀਆ ਸੀਮਤ ਕੁਦਰਤੀ ਲੋੜਾਂ ਤੋਂ ਵਧਵੀਆਂ ਇਛਾਵਾਂ ਤੋਂ ਛੁਟਕਾਰਾ ਪਾ ਕੇ ਸਤਿ ਸੰਤੋਖ ਤੇ ਦਇਆ ਦਾ ਧਰਮ ਕਮਾਵੇ। ਇਹੀ ਮਨੁਖੀ ਜਿੰਦਗੀ ਦਾ ਤਤਸਾਰ ਹੈ। ਸਤੁ ਸੰਤੋਖ ਦਇਆ ਕਮਾਵੈ ਏਹ ਕਰਣੀ ਸਾਰ।। ਭਾਈ ਗੁਰਦਾਸ ਜੀ ਨੇ ਜਾਣਕਾਰੀ ਦਿਤੀ ਹੈ ਕਿ ਗੁਰੂ ਨਾਨਕ ਸਾਹਿਬ ਨੇ ਮਨੁਖਤਾ ਨੂੰ ਸਤਿ ਨਾਮੁ ਦਾ ਆਤਮਿਕ ਗਿਆਨ ਦੇ ਕੇ ਹਰੇਕ ਤਰ੍ਹਾਂ ਦੇ ਪੂਰਬਲੇ ਭਰਮਜਾਲ ਤੋਂ ਮੁਕਤ ਕਰ ਦਿਤਾ ਹੈ। ਸਮੁਚੀ ਮਾਨਵਤਾ ਨੂੰ ਮੁਕਤ ਪਦਾਰਥ (ਿ ਜਅ ਠਰਵਜਰਅ) ਵਿਚ ਖੁਲ੍ਹੀਆਂ ਉਡਾਰੀਆਂ ਲਾਉਣ ਦੇ ਗਾਡੀ ਰਾਹ ਉਤੇ ਤੋਰ ਦਿਤਾ ਹੈ। ਭਾਵ ਗੁਰਮਤਿ ਨੇ ਮਨੁਖ ਜਾਤੀ ਨੂੰ ਪੂਰਬਲੇ ਹਰੇਕ ਕਿਸਮ ਦੇ ਕਰਮਕਾਂਡ ਤੋਂ ਮੁਕਤ ਕਰ ਦਿਤਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਮੁਢ ਵਿਚ ਇਹ ਜਾਣਕਾਰੀ ਦਿਤੀ ਗਈ ਹੈ ਕਿ ਸਾਡੇ ਆਲੇਦੁਆਲੇ ਚਾਰ-ਚੁਫੇਰੇ ਫੈਲਿਆ ਇਹ ਅਸੀਮ (ਬ੍ਰਹਮ) ਬ੍ਰਹਿਮੰਡੀ ਵਿਸਥਾਰ ਇਕ (ਏਕੋ) ਹੈ ਅਤੇ ਕੁਦਰਤ ਇਸ ਅਸੀਮ ਬ੍ਰਹਿਮੰਡੀ ਵਿਸਥਾਰ ਦਾ ਪ੍ਰਗਟ ਰੂਪ ਹੈ। ਇਹ ਏਕੋ ਸਤਿ ਹੈ, ਨਾਮ ਸਰੂਪ ਹੈ ਤੇ ਸਿਰਜਣਹਾਰ ਹੈ। ਪੁਰਖੁ ਦੇ ਰੂਪ ਵਿਚ ਇਹ ਸਗਲ ਮਨੁਖੀ ਚੇਤਨਾ ਦਾ ਸੋਮਾ ਹੈ। ਇਹ ਨਿਰਭਉ ਹੈ। ਨਿਰਵੈਰ ਹੈ। ਕਾਲ ਰਹਿਤ ਹੈ। ਸਾਕਾਰ ਹੈ। ਅਜੂਨੀ ਹੈ। ਇਸ ਦੀ ਹੋਂਦ ਸਵੈਮ ਤੋਂ ਹੈ ਅਤੇ ਇਹ ਆਤਮਿਕ ਗਿਆਨ ਗੁਰੂ ਦੀ ਹੋਈ ਮੇਹਰ ਹੈ। ਗੁਰਮਤਿ ਅਨੁਸਾਰ ਮੈਂ-ਮੇਰੀ ਦੀ ਸਾਰੀ ਲਾਲਸਾ ਮਨੁਖੀ ਮਨ ਨੂੰ ਪਈ ਇਕ ਜਕੜ ਹੈ। ਨਰਕ ਸੁਰਗ ਅਤੇ ਅਵਤਾਰਾਂ ਦੀ ਸਾਰੀ ਕਲਪਨਾ ਨਿਰੋਲ ਝੂਠ ਹੈ। ਪੁਨਰ ਜਨਮ ਦੀ ਕੋਈ ਹੋਂਦ ਨਹੀਂ ਅਤੇ ਇਸ ਸਿਰਜਣਹਾਰ ਏਕੋ ਦੇ ਹੁਕਮ ਵਿਚ ਹੀ ਸੰਸਾਰ ਵਿਚ ਆਉਣ-ਜਾਣ ਭਾਵ ਜੰਮਣ-ਮਰਣ ਬਣਿਆ ਹੋਇਆ ਹੈ। ਗੁਰਮਤਿ ਇਹ ਅੰਤਿਮ ਗਿਆਨ ਦੇਂਦੀ ਹੈ ਕਿ _

ਹਰਿ ਜੀਉ ਕੀ ਹੈ ਸਭ ਸਿਰਕਾਰਾ।।
ਏਹੁ ਜਮੁ ਕਿਆ ਕਰੇ ਵਿਚਾਰਾ।।
ਹੁਕਮੀ ਬੰਦਾ ਹੁਕਮੁ ਕਮਾਵੈ ਹੁਕਮੇ ਕਢਦਾ ਸਾਹਾ ਹੇ।।
(ਪੰਨਾ 1054)

ਯਥਾ ਇਹ ਸਾਰੀ ਸਰਕਾਰ ਹਰਿ ਜੀਉ ਦੀ ਹੈ। ਯਥਾ ਆਪਣੇ ਚਾਰ ਚੁਫੇਰੇ ਫੈਲਿਆ ਇਹ ਸੰਸਾਰ ਜੋ ਦਿਸ ਰਿਹਾ ਹੈ, ਇਹ ਹਰਿ ਜੀਉ ਦਾ ਪ੍ਰਗਟ ਰੂਪ ਹੈ ਅਤੇ ਇਸ ਵਿਚੋਂ ਹੀ ਹਰਿ ਜੀਉ ਨਜ਼ਰ ਆਉਂਦੇ ਹਨ। ਸੰਸਾਰ ਵਿਚ ਹਰਿ ਜੀਉ ਦੀ ਸਰਕਾਰ ਦਾ ਹੀ ਹੁਕਮੁ ਚਲਦਾ ਹੈ। ਭਾਵ ਇਹ ਅੰਤਹੀਣ ਬ੍ਰਹਿਮੰਡੀ ਪਸਾਰਾ ਹੁਕਮੁ (ਕੁਦਰਤੀ ਨੇਮਾਂ) ਅਨੁਸਾਰ ਚਲ ਰਿਹਾ ਹੈ। ਜਿਸ ਜਮ ਦਾ ਨਾਂ ਲੈ ਕੇ ਬ੍ਰਾਹਮਣਵਾਦ ਹੁਣ ਤਕ ਮਨੁਖ ਜਾਤੀ ਨੂੰ ਡਰਾਉਂਦਾ ਆਇਆ ਹੈ, ਉਸ ਬਾਰੇ ਗੁਰਮਤਿ ਦੀ ਧਾਰਨਾ ਹੈ ਕਿ ਇਸ ਵਿਚਾਰੇ ਜਮ ਦੀ ਕੀ ਔਕਾਤ ਹੈ ਕਿ ਇਹ ਹਰਿ ਜੀਉ ਦੀ ਸਰਕਾਰ ਦੇ ਹੁਕਮ ਵਿਚ ਕੋਈ ਦਖਲ ਦੇ ਸਕੇ। ਭਾਵ ਇਸ ਜਮ ਦੀ ਕੋਈ ਹੋਂਦ ਨਹੀਂ। ਕੁਦਰਤੀ ਨੇਮਾਂ (ਹੁਕਮੁ) ਅਨੁਸਾਰ ਜੰਮਿਆ ਬੰਦਾ ਸਾਰੀ ਉਮਰ ਇਹਨਾਂ ਨੇਮਾਂ ਵਿਚ ਰਹਿ ਕੇ ਹੀ ਆਪਣਾ ਜੀਵਨ ਬਤੀਤ ਕਰਦਾ ਹੈ। ਇਥੋਂ ਤਕ ਉਹ ਆਪਣਾ ਹਰ ਸਾਹ ਵੀ ਇਹਨਾਂ ਨੇਮਾਂ ਅਨੁਸਾਰ ਹੀ ਲੈਂਦਾ ਹੈ। ਭਾਵ ਇਹ ਅਸੀਮ ਬ੍ਰਹਿਮੰਡੀ ਪਸਾਰਾ ਕਿਸੇ ਹੁਕਮੁ (ਨੇਮ) ਵਿਚ ਬਝਾ ਹੋਇਆ ਚਲ ਰਿਹਾ ਹੈ। ਇਸ ਹੁਕਮੁ ਤੋਂ ਕੋਈ ਬਾਹਰ ਨਹੀਂ। ਮਨੁਖ ਵੀ ਨਹੀਂ। ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।। ਮਨੁਖ ਦੀ ਸਾਰੀ ਮੁਹਾਰਿਤ ਸਿਰਫ ਇਸ ਹਕੀਕਤ ਵਿਚ ਮੌਜੂਦ ਹੈ ਕਿ ਉਸ ਕੋਲ ਬਾਕੀ ਸਾਰੇ ਜੀਵਾਂ ਨਾਲੋਂ ਇਕ ਵਾਧੂ ਗੁਣ ਹੈ ਕਿ ਉਹ ਕੁਦਰਤ ਦੇ ਨੇਮਾਂ (ਹੁਕਮੁ) ਨੂੰ ਜਾਣਨ (ਬੁਝਣ) ਅਤੇ ਉਹਨਾਂ ਨੂੰ ਸਹੀ ਢੰਗ ਨਾਲ ਆਪਣੇ ਵਿਹਾਰ ਵਿਚ ਢਾਲਣ ਦੇ ਯੋਗ ਹੈ। ਕੁਦਰਤੀ ਨੇਮਾਂ (ਹੁਕਮੁ) ਨੂੰ ਆਪਣੇ ਅਨੁਭਵੀ ਮਨ ਰਾਹੀਂ ਬੁਝਣ ਅਤੇ ਆਪਣੀ ਚੇਤੰਨ ਸੋਚ (ਆਤਮ) ਦਾ ਧੁਰਾ ਬਣਾਉਣ ਦਾ ਢੰਗ ਹੀ ਹੁਣ ਤਕ ਦੇ ਵਿਕਸਿਤ ਹੋਏ ਆਤਮਿਕ ਗਿਆਨ ਨੇ ਦਸਿਆ ਹੈ। ਇਹੀ ਆਤਮਿਕ ਗਿਆਨ ਵਿਗਿਆਨਿਕ ਸੋਚ ਅਤੇ ਤਰਕਸੰਗਤ ਵਿਹਾਰ ਭਾਵ ਸਦਾਚਾਰ ਦਾ ਜਨਕ ਹੈ।



ਇਸ ਸਚ ਨੂੰ ਜਾਣਨ ਤੋਂ ਬਾਅਦ ਹੀ ਮਨੁਖ ਨੂੰ ਆਪਣੀ ਅਸਲੀ (ਨਾਸਵੰਤ ਕੁਦਰਤੀ) ਹੋਂਦ ਦਾ ਆਤਮਿਕ ਗਿਆਨ ਹੁੰਦਾ ਹੈ ਅਤੇ ਇਸ ਗਿਆਨ ਤੋਂ ਬਾਅਦ ਹੀ ਉਸ ਨੂੰ ਪਤਾ ਲਗਦਾ ਹੈ ਕਿ ਮੇਰੀ ਹਉਮੈ ਨਾਲ ਬਣੀ ਪਛਾਣ ਝੂਠੀ ਹੈ। ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।। ਹੁਕਮੁ ਨੂੰ ਬੁਝਣ ਤੋਂ ਬਾਅਦ ਹੀ ਮਨੁਖੀ ਮਨ ਨੂੰ ਅਹਿਸਾਸ ਹੁੰਦਾ ਹੈ ਕਿ ਮੇਰੀ ਹੋਂਦ ਸੀਮਤ ਹੈ ਅਤੇ ਮੈਂ ਆਪਣੀ ਇਸ ਸੀਮਤ ਹੋਂਦ ਦੌਰਾਨ ਕੁਦਰਤੀ ਨੇਮਾਂ (ਹੁਕਮੁ) ਦੇ ਗਿਆਨ ਨਾਲ ਆਪਣੇ ਸਰੀਰ ਅੰਦਰਲੇ ਮਨ ਨੂੰ ਜਾਗਿਰਤ ਕਰਕੇ ਅਤੇ ਆਪਣੀਆਂ ਸੀਮਤ ਮਨੁਖੀ ਲੋੜਾਂ ਦੀ ਸੁਚੇਤ ਪਛਾਣ ਕਰਕੇ ਹੀ ਸਹਿਜ ਜਿੰਦਗੀ ਜੀਅ ਸਕਦਾ ਹਾਂ। ਮੈਂ ਕੁਦਰਤ ਅਤੇ ਬਾਕੀ ਮਨੁਖੀ ਸਮਾਜ ਨਾਲ ਸਾਂਝ ਦੀ ਭਾਵਨਾ ਵਿਚ ਸਮੁਚੀ ਜ਼ਿੰਦਗੀ ਬਸਰ ਕਰਦਿਆਂ ਹੋਇਆਂ ਹੀ ਸੁਖੀ ਭਾਵ ਸਹਿਜ ਅਨੁਭਵ ਕਰ ਸਕਦਾ ਹਾਂ। ਇਹੀ ਮਨ ਦੀ ਮੁਕਤੀ ਹੈ। ਚੇਤੰਨ ਸੋਚ ਭਾਵ ਚੇਤੰਨ ਆਤਮ ਦਾ ਮੂਲ-ਹੋਂਦ ਵਿਚ ਆਉਣਾ। ਗਿਆਨੀ ਹੋਇ ਜੋ ਚੇਤੰਨ ਹੋਇ।। ਇਸ ਆਤਮਿਕ ਅਵਸਥਾ ਤੋਂ ਬਾਅਦ ਹੀ ਮਨੁਖ ਨੂੰ ਆਪਣੀ ਕਾਇਆ, ਮਨ ਅਤੇ ਬੁਧਿ ਦੇ ਅੰਦਰੂਨੀ ਰਿਸ਼ਤੇ ਦੀ ਸਮਝ ਆਉਂਦੀ ਹੈ। ਫਿਰ ਮਨੁਖ ਨੂੰ ਸਮਝ ਆਉਂਦਾ ਹੈ : ਜੋ ਬ੍ਰਹਮੰਡੇ ਸੋਈ ਪਿੰਡੈ ਜੋ ਖੋਜੈ ਸੋ ਪਾਵੈ।। ਭਾਵ ਮਨੁਖ ਦੀ ਹੋਂਦ ਬ੍ਰਹਿਮੰਡੀ ਹੈ। ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ। ਸਰਬਸਾਂਝੀਵਾਲਤਾ ਦੀ ਸਮਾਜੀ ਚੇਤਨਾ ਅਤੇ ਸਰਬਤ ਦੇ ਭਲੇ ਦਾ ਸਦਾਚਾਰ ਇਸ ਪਛਾਣ ਤੋਂ ਬਾਅਦ ਪੈਦਾ ਹੁੰਦਾ ਹੈ। ਇਸ ਤੋਂ ਬਾਅਦ ਹੀ ਪਰਉਪਕਾਰੀ ਬਣਨ ਦਾ ਚਾਅ ਤੇ ਮਨੁਖ ਜਾਤੀ ਦੀ ਨਿਸ਼ਕਾਮ ਸੇਵਾ ਕਰਨ ਦਾ ਜਜ਼ਬਾ ਪੈਦਾ ਹੁੰਦਾ ਹੈ। ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ।। ਬ੍ਰਹਮ ਗਿਆਨੀ ਪਰਉਪਕਾਰ ਉਮਾਹਾ।। ਗੁਰਮਤਿ ਨੇ ਹਲੇਮੀ ਰਾਜ ਅਤੇ ਬੇਗਮਪੁਰਾ ਸਮਾਜ ਦੇ ਰੂਪ ਵਿਚ ਇਕ ਆਦਰਸ਼ ਰਾਜ ਤੇ ਸਮਾਜ ਦਾ ਸੁਪਨਾ ਮਨੁਖ ਜਾਤੀ ਨੂੰ ਦਿਤਾ ਹੈ।

ਜਦੋਂ ਕੁਦਰਤ ਦੇ ਨੇਮਾਂ ਵਿਚ ਰਹਿ ਕੇ ਸਮੁੱਚੀ ਮਨੁਖ ਜਾਤੀ ਜੀਵਨ ਬਸਰ ਕਰੇਗੀ ਤਾਂ ਵਾਤਾਵਰਣ ਦੀ ਪਲੀਤੀ ਦਾ ਮਸਲਾ ਸਦਾ ਲਈ ਖਤਮ ਹੋ ਜਾਏਗਾ। ਜਦੋਂ ਔਰਤ ਮਰਦ ਇਕ ਦੂਜੇ ਦੇ ਪੂਰਕ ਭਾਵ ਏਕ ਜੋਤਿ ਦੁਇ ਮੂਰਤੀ ਬਣ ਕੇ ਜਿਉਣਗੇ ਤਾਂ ਲਿੰਗ ਮਸਲਾ ਹਮੇਸ਼ਾਂ ਲਈ ਹਲ ਹੋ ਜਾਏਗਾ। ਜਾਤਪਾਤ ਦੀ ਤਾਂ ਗੁਰਮਤਿ ਨੇ ਜੜ੍ਹ ਹੀ ਪੁਟ ਦਿਤੀ ਹੈ। ਜਾਤਪਾਤ ਦੀ ਜਨਕ ਮਨੂ ਸਿਮ੍ਰਿਤੀ ਤੇ ਇਸਦਾ ਕਲਪਿਤ ਦੇਵਤਾ ਬ੍ਰਹਮਾ ਹੈ। ਜਿਸਦੇ ਸਿਰ ਵਿਚੋਂ ਬ੍ਰਾਹਮਣ, ਮੋਢਿਆਂ ਵਿਚੋਂ ਖਤਰੀ, ਪਟਾਂ ਵਿਚੋਂ ਵੈਸ਼ ਤੇ ਪੈਰਾਂ ਵਿਚੋਂ ਸ਼ੂਦਰ ਪੈਦਾ ਹੁੰਦੇ ਹਨ। ਗੁਰਮਤਿ ਨੇ ਬ੍ਰਹਮਾ ਬਿਸਨ ਮਹੇਸ ਦੀ ਹੋਂਦ ਤੋਂ ਮੂਲੋਂ ਹੀ ਇਨਕਾਰੀ ਹੋ ਕੇ ਜਾਤਪਾਤੀ ਪ੍ਰਬੰਧ ਦਾ ਮੁਢ ਹੀ ਪੁਟ ਦਿਤਾ ਹੈ। ਕਿਸਾਨ ਮੋਰਚੇ ਦੇ ਰੂਪ ਵਿਚ ਇਸ ਵੇਲੇ ਦੇਸ ਦੇ ਲੋਕਾਂ ਦੀ ਅਗਵਾਈ ਸਿਖ ਜਜਬਾ ਕਰ ਰਿਹਾ ਹੈ। ਸਬਰ ਸੰਤੋਖ ਦ੍ਰਿੜਤਾ ਤੇ ਵੰਡ ਛਕਣ ਦੀ ਭਾਵਨਾ ਕਰ ਰਹੀ ਹੈ। ਵਕਤ ਆ ਗਿਆ ਹੈ ਕਿ ਹੁਣ ਸਿਮੁਚੇ ਦੇਸ ਦੀ ਅਗਵਾਈ ਸਿਖੀ ਸਿਧਾਂਤ ਦੇ ਰੂਪ ਵਿਚ ਗੁਰਮਤਿ ਕਰੇ। ਪੰਜਾਬ ਦੇਸ ਦੁਨੀਆਂ ਦੀਆਂ ਸਾਰੀਆਂ ਮੌਜੂਦਾ ਸਮਸਿਆਵਾਂ ਦਾ ਇਹੀ ਵਿਚਾਰਧਾਰਾ ਇਕੋ ਇਕ ਹਲ ਹੈ। ਮਾਰਕਸਵਾਦ ਦੀ ਮੌਲਿਕ ਫਿਲਾਸਫੀ ਇਸ ਦੀ ਪ੍ਰਸਟੀ ਕਰਦੀ ਹੈ।

ਜ਼ਿੰਦਗੀ ਨੂੰ ਜਿਉਣ ਲਈ ਉਤਸ਼ਾਹ ਚਾਹੀਦਾ ਹੈ। ਉਤਸ਼ਾਹ ਦਾ ਸੋਮਾ ਮਨੁਖ ਦਾ ਜ਼ਿੰਦਗੀ ਪ੍ਰਤੀ ਬਣਿਆ ਦ੍ਰਿਸ਼ਟੀਕੋਣ ਹੈ। ਦ੍ਰਿਸ਼ਟੀਕੋਣ ਮਨੁਖ ਦੀ ਸੋਚ ਵਿਚੋਂ ਬਣਦਾ ਹੈ। ਸੋਚ ਮਨੁਖੀ ਗਿਆਨ ਨਾਲ ਬਣਦੀ ਹੈ। ਗਿਆਨ ਕੋਈ ਅਰਸ਼ੋਂ ਉਤਰਿਆ ਇਲਹਾਮ ਨਹੀਂ ਹੁੰਦਾ ਸਗੋਂ ਹਜ਼ਾਰਾਂ ਸਾਲਾਂ ਦੀ ਅਰਬਾਂ-ਖਰਬਾਂ-ਨਰਬਾਂ ਮਨੁਖਾਂ ਦੀ ਹੰਢਾਈ ਜ਼ਿੰਦਗੀ ਦੇ ਆਪਣੇ ਅਨੁਭਵੀ ਤਜ਼ਰਬਿਆਂ ਦਾ ਨਿਕਲਿਆ ਤਤ-ਨਿਚੋੜ ਹੁੰਦਾ ਹੈ। ਇਸ ਲਈ ਚੜ੍ਹਦੀਕਲਾ ਭਾਵ ਮਨੁਖੀ ਉਤਸ਼ਾਹ ਦੇ ਜਜ਼ਬੇ ਦਾ ਸੋਮਾ ਮਨੁਖ ਦਾ ਆਤਮਿਕ ਗਿਆਨ ਹੈ। ਇਹੀ ਆਤਮਿਕ ਗਿਆਨ ਸਮਾਜੀ ਚੇਤਨਾ ਅਤੇ ਮਨੁਖੀ ਸਦਾਚਾਰ ਦਾ ਜਨਕ ਹੈ। ਇਸ ਆਤਮਿਕ ਗਿਆਨ ਨੇ ਹੀ ਇਹ ਜਾਣਕਾਰੀ ਦਿਤੀ ਹੈ : ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ।। ਭਾਵ ਮਨੁਖੀ ਜ਼ਿੰਦਗੀ ਜਿਉਣ ਦੇ ਦੋ ਰਾਹ ਹਨ। ਪਹਿਲਾ ਰਾਹ 'ਲਿਵ' ਦਾ ਹੈ ਭਾਵ ਆਤਮਿਕ ਗਿਆਨ ਦਾ ਅਤੇ ਦੂਜਾ ਰਾਹ 'ਧਾਤੁ' ਦਾ ਹੈ ਭਾਵ ਮਾਇਆ ਭਾਵ ਕਲਪਨਾ ਦਾ। ਪਹਿਲੇ ਰਾਹ ਅਨੁਸਾਰ ਆਤਮਿਕ ਗਿਆਨ ਦੀ ਰੌਸ਼ਨੀ ਵਿਚ ਆਪਣੀਆਂ ਸੀਮਤ ਮਨੁਖੀ ਲੋੜਾਂ ਦੀ ਸੁਚੇਤ ਪਛਾਣ ਕਰਕੇ ਉਹਨਾਂ ਦੀ ਪੂਰਤੀ ਲਈ ਸਾ-ਮੂਹਿਕ ਯਤਨ ਕਰਨੇ ਅਤੇ ਆਪਣੇ ਇੰਦ੍ਰਿਆਵੀ ਜਜ਼ਬਿਆਂ ਨੂੰ ਵਿਕਸਿਤ ਕਰਕੇ ਤੇ ਸਵੈਜ਼ਾਬਤੇ ਵਿਚ ਰਖ ਕੇ ਉਹਨਾਂ ਦਾ ਭਰਪੂਰ ਅਨੰਦ ਲੈਣਾ ਤੇ ਮਨੁਖੀ ਰਿਸ਼ਤਿਆਂ ਦੀ ਅਮੀਰੀ ਨੂੰ ਵਿਕਸਿਤ ਕਰਨਾ ਹੈ।

ਦੂਜਾ ਰਾਹ ਮਾਇਆ ਭਾਵ ਕਲਪਨਾ ਦਾ ਹੈ। ਮਨ ਦੀਆਂ ਵਾਗਾਂ ਨੂੰ ਖੁਲ੍ਹਾ ਛਡ ਕੇ ਅੰਤਹੀਣ ਇੰਦ੍ਰਿਆਵੀ ਇਛਾਵਾਂ (ਤ੍ਰਿਸਨਾ) ਦੀ ਪੂਰਤੀ ਲਈ ਦਿਨ-ਰਾਤ ਭਟਕਦੇ ਰਹਿਣਾ। ਪਹਿਲਾ ਰਾਹ ਸਾਮੂਹਿਕ ਹੈ, ਸਮਾਜੀ ਹੈ। ਦੂਜਾ ਰਾਹ ਨਿਜ ਤਕ ਸੀਮਤ ਹੈ। ਪਹਿਲਾ ਰਾਹ ਸੀਮਤ ਇੰਦ੍ਰਿਆਵੀ ਲੋੜਾਂ ਦੀ ਪੂਰਤੀ ਕਰਦਿਆਂ ਹੋਇਆਂ ਸਮਾਜੀ ਰਿਸ਼ਤਿਆਂ ਦੀ ਖ਼ੂਬਸੂਰਤੀ ਨੂੰ ਮਾਣਨਾ ਅਤੇ ਸਰਬਤ ਨਾਲ ਰਲ ਕੇ ਅਨੰਦ ਭਰਪੂਰ ਜ਼ਿੰਦਗੀ ਜਿਉਣਾ ਹੈ। ਦੂਜਾ ਰਾਹ ਅਚੇਤ ਮਨ ਦੀ ਭਟਕਣਾ ਹੈ ਅਤੇ ਇਸ ਭਟਕਣਾ ਦਾ ਕੋਈ ਅੰਤ ਨਹੀਂ।



107-08 ਸਾਲ ਪਹਿਲਾਂ ਕੈਲੇਫੋਰਨੀਆ ਦੇ ਸ਼ਹਿਰ ਸਟੌਕਟਨ ਦੇ ਗੁਰੂ ਘਰ 'ਚ ਲਗਾਏ ਗਏ ਦਰਖ਼ਤ ਦੀ ਫੋਟੋ ਹੈ ਜਿਸ ਨੂੰ ਗ਼ਦਰੀ ਬਾਬਿਆਂ ਨੇ ਆਪ ਲਗਾਇਆ ਸੀ। ਸਾਨੂੰ ਉਹ ਸਖ਼ਸ਼ੀਅਤਾਂ ਨੂੰ ਯਾਦਾਂ ਦਾ ਹਿੱਸਾ ਬਣਾਕੇ ਰੱਖਣਾ ਚਾਹੀਦਾ ਹੈ। *-ਐਮ ਐਸ ਪੂਨੀ*

# ਤੇਲ ਕੀਮਤਾਂ ਤੇ ਭਾਰਤੀ ਅਰਥਚਾਰਾ: ਸਾਰੀ ਲੁੱਟ ਲਈ ਮੁਲਾਹਜ਼ੇਦਾਰਾਂ

(ਸਫਾ 16 ਦੀ ਬਾਕੀ)

ਆਰਥਿਕ ਹਾਲਤਾਂ ਦਾ ਮਨੁੱਖੀ ਅਜੀਵਕਾ, ਉਤੇ ਵੱਡਾ ਅਸਰ ਪਏਗਾ, ਕਿਉਂਕਿ ਮਜ਼ਬੂਤ ਅਰਥਵਿਵਸਥਾ ਦੇ ਸੰਕੇਤ ਨਾਕਾਰਤਮਕ ਹਨ। ਮਹਾਂਮਾਰੀ ਦੇ ਕਾਰਨ ਲੋਕਾਂ ਦੀ ਕਮਾਈ ਘੱਟ ਗਈ ਹੈ। ਅਜ਼ੀਮ ਪ੍ਰੇਮ ਜੀ ਯੂਨੀਵਰਸਿਟੀ ਦੇ ਇੱਕ ਅ-ਧਐਨ ਅਨੁਸਾਰ ਦੇਸ਼ ਦੀ 23 ਕਰੋੜ ਆਬਾਦੀ ਗਰੀਬੀ ਰੇਖਾ ਦੇ ਹੇਠ ਚਲੀ ਗਈ ਹੈ। ਜਿਸਦੀ ਕਮਾਈ 375 ਰੁਪਏ ਦੀ ਘੱਟੋ ਘੱਟ ਰੋਜ਼ਾਨਾ ਤੋਂ ਵੀ ਘੱਟ ਗਈ ਹੈ। ਇਸ ਨਾਲ ਪੈਟਰੋਲ ਅਤੇ ਡੀਜ਼ਲ ਦੀਆਂ ਉੱਚੀਆਂ ਕੀਮਤਾਂ ਲੋਕਾਂ ਦੀ ਜੇਬ ਦੇ ਨਾਲ ਨਾਲ ਦਿਲ ਨੂੰ ਵੀ ਜਲਾ ਰਹੀਆਂ ਹਨ। ਮਹਿੰਗੇ ਹੋਏ ਤੇਲ ਨਾਲ ਇਹ ਹਾਲਤ ਬਣ ਰਹੇ ਹਨ ਕਿ ਇਹ ਦੇਸ਼ ਦੀ ਅਰਥ ਵਿਵਸਥਾ ਨੂੰ ਕਿਸੇ ਵੀ ਹਾਲ ਵਿੱਚ ਉਚਾਈਆਂ ਤੇ ਲੈ ਜਾਣ ਵਾਲੇ ਨਹੀਂ ਹਨ। ਕੁਝ ਸਾਲ ਪਹਿਲਾਂ ਦੁਨੀਆ ਦੀ ਸਭ ਤੋਂ ਤੇਜ਼ ਗਤੀ ਵਾਲੀ ਆਰਥਿਕ ਵਾਧੇ ਵਾਲੀ ਸਾਡੀ ਅਰ-ਥਵਿਵਸਥਾ ਹੁਣ ਆਰਥਿਕ ਵਾਧੇ ਦੀ 142ਵੀਂ ਰੈਕਿੰਗ ਉਤੇ ਪੁੱਜ ਗਈ ਹੈ। ਦੇਸ਼ ਕੰਗਾਲ ਹੋ ਰਿਹਾ ਹੈ। ਦੇਸ਼ ਫਟੇਹਾਲ ਹੋ ਰਿਹਾ ਹੈ। ਜਨਤਾ ਬੇਰੁਜ਼ਗਾਰੀ ਝੱਲ ਰਹੀ ਹੈ, ਜਨਤਾ ਮਹਿ-ਂਗਾਈ ਦੀ ਮਾਰ ਝੱਲ ਰਹੀ ਹੈ।

ਅਮਰੀਕੀ ਊਰਜਾ ਸੂਚਨਾ ਪ੍ਰਸਾਸ਼ਨ ਅਨੁਸਾਰ ਤੇਲ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਹੋਣ ਦੇ ਸੰਕੇਤ ਹਨ। ਸਾਲ 2021 'ਚ ਤੇਲ ਦੀਅ ਕੀਮਤ 60.67 ਡਲਾਰ ਪ੍ਰਤੀ ਬੈਰਲ ਰਹਿ ਸਕਦੀ ਹੈ। ਇਸ ਲਿਹਾਜ ਨਾਲ ਭਾਰਤ ਵਿੱਚ 2021 ਲਈ ਕੱਚੇ ਤੇਲ ਵਾਸਤੇ 21 ਡਾਲਰ ਪ੍ਰਤੀ ਬੈਰਲ ਹੋਰ ਖ਼ਰਚਾ ਪਵੇਗਾ।

ਇਸ ਨਾਲ ਭਾਰਤ ਨੂੰ ਵੀਹ ਅਰਬ ਡਾਲਰ ਦਾ ਵਾਧੂ ਖ਼ਰਚਾ ਪਵੇਗਾ। ਜਿਸ ਨਾਲ ਜੀ.ਡੀ.ਪੀ. ਇੱਕ ਫੀਸਦੀ ਘੱਟ ਜਾਏਗੀ। ਪਹਿਲਾਂ ਤੋਂ ਹੀ ਭੈੜੀ ਭਾਰਤ ਦੀ ਆਰਥਿਕ ਸਿਹਤ ਹੋਰ ਵੀ ਕਮਜ਼ੋਰ ਹੋ ਜਾਏਗੀ। ਇਸ ਨਾਲ ਅਸਮਾਨਤਾ ਦੀ ਖਾਈ ਹੋਰ ਡੂੰਘੀ ਹੋ ਜਾਏਗੀ।

ਇਸ ਜੀ.ਡੀ.ਪੀ. ਦੀ ਇੱਕ ਫ਼ੀਸਦੀ ਘੱਟ ਹੋਣ ਦਾ ਅਰਥ ਪ੍ਰਤੀ ਵਿਅਕਤੀ 105 ਰੁਪਏ ਪ੍ਰਤੀ ਮਹੀਨਾ ਦੀ ਆਮਦਨ ਵਿੱਚ ਕਮੀ ਹੁੰਦਾ ਹੈ। ਇਸਦਾ ਸਿੱਧਾ ਅਸਰ ਉਹਨਾ ਕਰੋੜਾਂ ਲੋਕਾਂ ਉਤੇ ਪਏਗਾ ਜਿਹੜੇ ਕਿ ਪਹਿਲਾਂ ਹੀ 375 ਰੁਪਏ ਦੀ ਘੱਟੋ-ਘੱਟ ਦਿਹਾੜੀ ਉਤੇ ਬੈਠੇ ਹਨ। ਇਸ ਨਾਲ ਮਾਸਿਕ ਦਿਹਾੜੀ ਹੋਰ ਹੇਠ ਚਲੇ ਜਾਏਗੀ ਜਿਸਦਾ ਭਾਰਤੀ ਅਰਥ ਵਿਵਸਥਾ ਉਤੇ ਅਸਰ ਪਏਗਾ। ਅਸਲ 'ਚ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਭਾਰਤੀ ਅਰਥ ਵਿਵਸਥਾ ਲਈ ਕਿਸੇ ਭੁਚਾਲ ਤੋਂ ਘੱਟ ਨਹੀਂ ਹੈ। ਇਸ ਨਾਲ ਰੁਪਏ ਦੇ ਮੁੱਲ ਵਿੱਚ ਕਮੀ ਵੀ ਦੇਖਣ ਨੂੰ ਮਿਲੇਗੀ।

# ਆਓ ਆਪਾਂ ਭੀਮ ਸ਼ਰਧਾ ਨੂੰ, ਭੀਮ ਸ਼ਕਤੀ ਵਿੱਚ ਬਦਲੀਏ



ਸੰਤੋਖ ਜੱਸੀ (ਸਰਪੰਚ
98766-58364

"ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ" ਇੱਕ ਬਹੁਪੱਖੀ ਸ਼ਖਸੀਅਤ ਸਨ। ਉਨ੍ਹਾਂ ਨੇ ਆਪਣੇ ਜੀਵਨ ਵਿੱਚ ਕੋਈ ਖੇਤਰ ਅਜਿਹਾ ਨਹੀਂ ਰਹਿਣ ਦਿੱਤਾ ਜਿਸ ਬਾਰੇ ਗਿਆਨ ਹਾਸਿਲ ਨਾ ਕੀਤਾ ਹੋਵੇ ਜਾਂ ਉਸ ਖੇਤਰ ਵਿੱਚ ਕੰਮ ਨਾ ਕੀਤਾ ਹੋਵੇ। ਸਮਾਜਿਕ ਤੋਂ ਲੈ ਕੇ ਰਾਜਨੀਤਿਕ, ਧਾਰਮਿਕ ਤੋਂ ਲੈ ਕੇ ਆਰਥਿਕ, ਇੱਕ ਆਮ ਇਨਸਾਨ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਨ ਵਾਲੇ ਲਗਭਗ ਇਹ ਖੇਤਰ ਹਨ। ਬਾਕੀ ਸਾਰਾ ਕੁਝ ਇਨ੍ਹਾਂ ਦੀ ਮਦਦ ਲਈ ਹੀ ਹੁੰਦਾ ਹੈ। ਜਿਵੇਂ ਆਰਥਿਕ ਖੇਤਰ ਵਿੱਚ, ਉਪਜੀਵਕਾ ਦੇ ਸਾਧਨ ਆ ਜਾਂਦੇ ਹਨ। ਪੈਸਾ ਕਮਾਉਣ ਦਾ ਚਾਹੇ ਕੋਈ ਵੀ ਤਰੀਕਾ ਹੋਵੇ ਪਰ ਉਸ ਦਾ ਸਿੱਧਾ ਸਬੰਧ ਆਰਥਿਕ ਖੇਤਰ ਨਾਲ਼ ਹੈ। ਧਾਰਮਿਕ ਖੇਤਰ ਵਿੱਚ ਪਾਠ ਪੂਜਾ, ਕਰਮ - ਕਾਂਡ ਅਤੇ ਧਾਰਮਿਕ ਸਥਾਨ, ਰੀਤੀ-ਰਿਵਾਜ ਆਉਂਦੇ ਹਨ। ਇੱਥੋਂ_ ਤੱਕ ਕਿ ਸਮਾਜਿਕ ਅਤੇ ਸੱਭਿਆਚਾਰਕ ਖੇਤਰ 'ਤੇ ਵੀ ਧਾਰਮਿਕ ਖੇਤਰ ਦਾ ਪ੍ਰਭਾਵ ਹੁੰਦਾ ਹੈ।

ਰਾਜਨੀਤਿਕ ਖੇਤਰ ਅੰਤਮ ਪੜਾਅ ਹੈ। ਕਿਉਂਕਿ ਕਿਸੇ ਇਨਸਾਨ, ਸਮੂਹ, ਵਰਗ, ਜਾਤੀ, ਸਮਾਜ ਅਤੇ ਦੇਸ਼ ਦੀ ਖੁਸ਼ਹਾਲੀ, ਬਦਹਾਲੀ, ਤਰੱਕੀ, ਗਿਰਾਵਟ ਆਦਿ ਹਰ ਪੱਖ ਤੇ ਰਾਜਨੀਤੀ ਅਸਰ ਕਰਦੀ ਹੈ। ਕਿਸੇ ਇਨਸਾਨ, ਸਮੂਹ, ਵਰਗ ਜਾਂ ਦੇਸ਼ ਲਈ ਇਹ ਸਾਰੇ ਪੱਖ ਜ਼ਰੂਰੀ ਹਨ। ਕਿਸੇ ਇੱਕ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਜਦੋਂ ਅਸੀਂ ਇਤਿਹਾਸ 'ਤੇ ਝਾਤ ਮਾਰਦੇ ਹਾਂ ਤਾਂ ਸਾਨੂੰ ਪੂਰੇ ਦੇਸ਼ ਵਿੱਚ ਕੋਈ ਵੀ ਵਿਦਵਾਨ ਨਜ਼ਰ ਨਹੀਂ ਆਉਂਦਾ, ਜਿਸਨੇ ਇਹਨਾਂ ਸਾਰੇ ਪਹਿਲੂਆਂ 'ਤੇ ਇੱਕੋ ਸਮੇਂ ਕੰਮ ਕੀਤਾ ਹੋਵੇ। ਕੋਈ ਧਾਰਮਿਕ ਆਗੂ ਹੋ ਸਕਦਾ ਹੈ, ਕੋਈ ਰਾਜਨੀਤੀ ਦਾ ਮਾਹਿਰ ਖਿਡਾਰੀ ਹੋ ਸਕਦਾ ਹੈ, ਕਿਸੇ ਨੇ ਆਰਥਿਕ ਖੇਤਰ ਵਿੱਚ ਕੰਮ ਕੀਤਾ ਹੋ ਸਕਦਾ ਹੈ, ਕੋਈ ਸਮਾਜਿਕ ਆਗੂ ਹੋ ਸਕਦਾ ਹੈ, ਜਿਸਨੇ ਸਮਾਜ ਸੁਧਾਰ 'ਚ ਵਡਮੁੱਲਾ ਯੋਗਦਾਨ ਪਾਇਆ ਹੋਵੇ।

ਪਰ ਇੱਕੋ ਸਮੇਂ ਇਹਨਾਂ ਸਾਰੇ ਪਹਿਲੂਆਂ 'ਤੇ ਕੰਮ ਕਰਨ ਵਾਲ਼ਾ ਕੋਈ ਮਹਾਂਨ ਯੋਧਾ ਨਜ਼ਰ ਨਹੀਂ ਆਉਂਦਾ। ਸੱਚਮੁੱਚ ਹੀ ਇਹ ਸਾਡੇ ਦੇਸ਼ ਲਈ ਕੋਈ ਮਾਣ ਵਾਲੀ ਗੱਲ ਨਹੀਂ ਹੈ। ਪਰ ਜਦੋਂ ਅਸੀਂ ਆਪਣੀਆਂ ਅੱਖਾਂ ਤੋ ਜਾਤ-ਪਾਤ, ਧਾਰਮਿਕ ਕੱਟੜਤਾ, ਸਮਾਜਿਕ ਰੁਤਬੇ ਅਤੇ ਪਿਤਾ ਪੁਰਖੀ ਜ਼ਮੀਨ ਜਾਇਦਾਦ ਰੂਪੀ ਚਸ਼ਮਾ ਉਤਾਰ ਕੇ ਗਹਿਰ ਚਿੰਤਨ ਕਰਦੇ ਹਾਂ ਤਾਂ ਸੂਰਜ ਦੀ ਰੌਸ਼ਨੀ ਵਾ_ਗ ਇੱਕ ਨਾਮ ਚਮਕਦਾ ਹੈ" ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ" ਅਤੇ ਭਾਰਤ ਵਿੱਚੋਂ ਕਾਬਲੀਅਤ ਦੇ ਕਾਲ ਵਾਲੀ ਕਾਲੀ ਰਾਤ ਖਤਮ ਹੋ ਜਾਂਦੀ ਹੈ। ਗਿਆਨ ਦਾ ਸੂਰਜ ਚੜ੍ਹਦਾ ਹੈ 'ਤੇ ਡਾਕਟਰ ਅੰਬੇਡਕਰ ਨੇ ਆਪਣੀ ਤੀਖਣ ਬੁੱਧੀ, ਚਮਤਕਾਰੀ ਗਿਆਨ ਅਤੇ ਹੋਰ ਗਿਆਨ ਪ੍ਰਾਪਤ ਕਰਨ ਦੀ ਭੁੱਖ ਨਾਲ਼ ਸਾਰੀ ਦੁਨੀਆਂ ਨੂੰ ਆਪਣਾ ਮੁਰੀਦ ਬਣਾ ਲਿਆ। ਡਾ. ਅੰਬੇਡਕਰ, ਜਿਸਨੇ ਆਪਣੇ ਜੀਵਨ ਦਾ ਪਹਿਲਾ ਮੰਗ ਪੱਤਰ 27 ਜਨਵਰੀ 1919 ਨੂੰ ਸਾਊਥਬੌਰੋ ਕਮਿਸ਼ਨ ਸਾਹਮਣੇ ਅਛੂਤਾਂ ਨੂੰ ਵੋਟ ਦਾ ਅਧਿਕਾਰ ਅਤੇ ਨੁਮਾਇੰਦਗੀ ਦੇਣ ਲਈ ਦਿੱਤਾ। ਉਦੋਂ ਹੀ ਇਸ ਯੋਧੇ ਨੇ ਸੰਘਰਸ਼ ਦੇ ਮੈਦਾਨ ਵਿੱਚ ਆਪਣਾ ਪੈਰ ਰੱਖ ਲਿਆ ਅਤੇ ਜ਼ਿੰਦਗੀ ਦੇ ਆਖਰੀ ਸਾਹ ਤੱਕ ਪੂਰੀ ਹਿੰਮਤ ਨਾਲ ਮੈਦਾਨ ਵਿੱਚ ਡਟੇ ਰਹੇ।ਸੰਘਰਸ਼ ਦੇ ਨਾਲ-ਨਾਲ ਵਿੱਦਿਆ ਪ੍ਰਾਪਤੀ ਦਾ ਕੰਮ ਵੀ ਚੱਲਦਾ ਰਿਹਾ।

ਡਾ. ਅੰਬੇਡਕਰ ਇੱਕੋ ਸਮੇਂ 'ਤੇ ਸਮਾਜ ਸੁਧਾਰ ਲਈ ਕੰਮ ਕਰਨ ਵਾਲੇ ਸਮਾਜਿਕ ਆਗੂ ਵੀ ਸਨ, ਰਾਜਨੀਤਿਕ ਅਧਿਕਾਰ ਪ੍ਰਾਪਤ ਕਰਕੇ ਬਹੁਜਨਾਂ ਨੂੰ ਰਾਜ ਸੱਤਾਂ 'ਤੇ ਕਾਬਜ਼ ਕਰਨ ਦੀ ਜੰਗ ਲੜਨ ਵਾਲੇ ਰਾਜਨੀਤਿਕ ਯੋਧੇ ਵੀ ਸਨ। ਧਾਰਮਿਕ ਕਰਮ-ਕਾਂਡ ਵਿੱਚ ਫਸੇ ਆਪਣੇ ਸਮਾਜ ਨੂੰ ਪਾਖੰਡਾਂ ਵਿੱਚੋਂ ਕੱਢ ਕੇ ਸੱਚ ਦਾ ਮਾਰਗ ਚੁਣਨ ਲਈ ਪ੍ਰੇਰਿਤ ਕਰਨ ਵਾਲ਼ੀ ਧਾਰਮਿਕ ਸ਼ਖਸੀਅਤ ਵੀ ਸਨ। ਧੰਨ ਦੌਲਤ ਦੀ ਮਹੱਤਤਾ ਸਮਝਦੇ ਹੋਏ ਸਦੀਆਂ ਤੋਂ ਲਿਤਾੜੀ ਗਈ ਅਛੂਤ ਕੌਮ ਨੂੰ ਆਰਥਿਕ ਆਜ਼ਾਦੀ ਦਾ ਪਾਠ ਪੜਾਉਣ ਵਾਲੇ ਮਹਾਂਨ ਅਧਿਆਪਕ ਵੀ ਸਨ। ਇਹਨਾਂ ਸਾਰੇ ਖੇਤਰਾਂ ਵਿੱਚ ਬਾਬਾ ਸਾਹਿਬ ਜੀ ਇਸ ਕਰਕੇ ਇੱਕੋ ਸਮੇਂ ਕੰਮ ਕਰ ਸਕੇ ਕਿਉਂਕਿ ਉਹ ਸਮੇਂ ਦੀ ਮਹੱਤਤਾ ਨੂੰ ਸਮਝਦੇ ਸਨ ਅਤੇ ਉਹਨਾਂ ਨੇ ਹਰ ਵਿਸ਼ੇ 'ਤੇ ਉੱਚੀ ਅਤੇ ਮਿਆਰੀ ਸਿੱਖਿਆ ਪ੍ਰਾਪਤ ਕੀਤੀ ਹੋਈ ਸੀ। ਫਿਰ ਚਾਹੇ ਉਹ ਅਰਥ ਸ਼ਾਸਤਰ ਹੋਵੇ, ਰਾਜਨੀਤੀ ਸ਼ਾਸਤਰ ਹੋਵੇ, ਸਮਾਜ ਸ਼ਾਸਤਰ / ਕਾਨੂੰਨ ਦੀ ਪੜਾਈ ਹੋਵੇ, ਲਿਟਰੇਚਰ ਜਾਂ ਇਤਿਹਾਸ ਦੀ ਪੜਾਈ ਹੋਵੇ ਜਾਂ ਦੁਨੀਆਂ ਦੇ ਸੱਭਿਆਚਾਰ ਦੀ ਪੜਾਈ। ਗੱਲ ਕੀ, ਬਾਬਾ ਸਾਹਿਬ ਡਾ. ਅੰਬੇਡਕਰ ਉਹ ਡਾਕਟਰ ਸਨ ਜਿਹਨਾਂ ਕੋਲ਼ ਹਰ ਮਰਜ਼ ਦੀ ਦਵਾਈ ਸੀ।



ਆਪਣੇ ਜ਼ਿੰਦਗੀ ਵਿੱਚ ਬਾਬਾ ਸਾਹਿਬ ਬਹੁਤ ਸਖ਼ਤ ਸੁਭਾਅ ਦੇ ਹੁੰਦੇ ਹੋਏ ਵੀ ਬਹੁਤ ਭਾਵਨਾਤਮਕ ਇਨਸਾਨ ਸਨ। ਜ਼ਿੰਦਗੀ ਵਿੱਚ ਬਹੁਤ ਸਾਰੀਆਂ ਘਟਨਾਵਾਂ 'ਤੇ ਉਹ ਬੱਚਿਆਂ ਵਾਂਗ ਭੁੱਬਾਂ ਮਾਰ ਕੇ ਰੋਏ। ਜਨਮ ਤੋਂ ਲੈ ਕੇ ਜ਼ਿੰਦਗੀ ਦੇ ਆਖਰੀ ਸਮੇਂ ਤੱਕ ਜਾਤੀ ਵਿਤਕਰੇ ਕਾਰਨ ਅਪਮਾਨਿਤ ਹੁੰਦੇ ਰਹੇ। ਫਿਰ ਵੀ ਉਹਨਾਂ ਨੇ ਹੌਸਲਾ ਨਹੀਂ ਛੱਡਿਆ ਅਤੇ ਜੀਵਨ ਵਿੱਚ ਜਿਹੜਾ ਵੀ ਕੰਮ ਕੀਤਾ ਜਾ ਜਿਸ ਵੀ ਕੰਮ ਨੂੰ ਹੱਥ ਉੱਥੇ ਆਪਣੀ ਕਾਬਲੀਅਤ ਅਤੇ ਗਿਆਨ ਦਾ ਲੋਹਾਂ ਮਨਵਾਇਆ।

ਇਸ ਸਾਰੇ ਸੰਘਰਸ਼ ਅਤੇ ਦ੍ਰਿੜ੍ਹ ਇਰਾਦੇ ਨਾਲ਼ ਕੰਮ ਕਰਨ ਦੇ ਨਤੀਜੇ ਵਜੋਂ ਦਲਿਤਾਂ ਅਛੂਤਾਂ ਦੀ ਜ਼ਿੰਦਗੀ ਵਿੱਚ ਬਹਾਰ ਆ ਗਈ। ਹਜ਼ਾਰਾਂ ਸਾਲਾਂ ਦਾ ਗ੍ਰਹਿਣ ਅੰਬੇਡਕਰ ਰੂਪੀ ਸੂਰਜ ਨੇ ਖਤਮ ਕਰ ਦਿੱਤਾ, ਨਵਾਂ ਸਵੇਰਾ ਚੜ੍ਹਿਆ ਅਤੇ ਗੁਲਾਮੀ ਦੀਆਂ ਜੰਜੀਰਾਂ ਵਿੱਚ ਜਕੜੀ ਕਾਲੀ ਬੋਲ਼ੀ ਰਾਤ ਦਾ ਖਾਤਮਾ ਹੋ ਗਿਆ।

ਜ਼ਿੰਦਗੀ ਦੇ ਇਸ ਨਵੇਂ ਅਤੇ ਖੁਸ਼ੀਆਂ ਭਰੇ ਸਵੇਰੇ ਨੂੰ ਦਲਿਤਾਂ / ਅਛੂਤਾਂ ਨੇ ਖਿੜੇ ਮੱਥੇ ਸਵੀਕਾਰ ਕੀਤਾ ਅਤੇ ਬਾਬਾ ਸਾਹਿਬ ਨੂੰ ਰੱਬ ਦਾ ਦਰਜਾ ਦੇ ਕੇ ਪੂਜਾ ਸ਼ੁਰੂ ਕਰ ਦਿੱਤਾ। ਬਾਬਾ ਸਾਹਿਬ ਪ੍ਰਤੀ ਉਹਨਾਂ ਦੇ ਪੈਰੋਕਾਰਾਂ ਵਿੱਚ ਐਨੀ ਸ਼ਰਧਾ ਹੈ ਕਿ ਉਹਨਾਂ ਦੇ ਬੁੱਤ ਕੋਲ ਵੀ ਕੋਈ ਇਨਸਾਨ ਪੈਰਾਂ ਵਿੱਚ ਜੁੱਤੀ ਪਾ ਕੇ ਨਹੀਂ ਜਾਂਦਾ । ਹਰ ਸਾਲ ਉਹਨਾਂ ਦਾ ਜਨਮ ਦਿਨ 14 ਅਪ੍ਰੈਲ ਤੋਂ ਸ਼ੁਰੂ ਹੋ ਕੇ ਕਈ ਮਹੀਨਿਆਂ ਤੱਕ ਮਨਾਇਆ ਜਾਂਦਾ ਹੈ। ਫਿਰ 6 ਦਸੰਬਰ ਤੋਂ ਉਹਨਾਂ ਦਾ ਪਰਿਨਿਰਵਾਣ ਦਿਵਸ ਮਨਾਉਣ ਵਿੱਚ ਕਈ ਹਫਤੇ ਲੰਘ ਜਾਂਦੇ ਹਨ। ਇਸ ਤੋ ਇਲਾਵਾ ਬਾਬਾ ਸਾਹਿਬ ਦੇ ਜੀਵਨ ਸੰਘਰਸ਼ ਦੀਆਂ ਮਹਾਨ ਘਟਨਾਵਾਂ ਨੂੰ ਮੁੱਖ ਰੱਖ ਕੇ ਸਮਾਗਮ ਕਰਵਾਏ ਜਾਂਦੇ ਹਨ। ਗੱਲ ਕੀ ਬਾਬਾ ਸਾਹਿਬ ਨਾਲ ਸਬੰਧਿਤ ਦਿਹਾੜੇ ਮਨਾਉਣ 'ਤੇ ਪੂਰੀ ਦੁਨੀਆ ਵਿੱਚ ਬਹੁਜਨ ਸਮਾਜ ਸੈਂਕੜੇ ਕਰੋੜ ਰੁਪਏ ਖਰਚ ਕਰ ਦਿੰਦੇ ਹਨ।

ਇਹ ਬਾਬਾ ਸਾਹਿਬ ਪ੍ਰਤੀ ਅਥਾਹ ਸ਼ਰਧਾ ਅਤੇ ਪਿਆਰ ਹੀ ਹੈ ਕਿ ਉਹਨਾਂ ਦੇ ਪੈਰੋਕਾਰ ਕਿਸੇ ਨੂੰ ਮਿਲਣ ਵੇਲੇ ਜੈ ਭੀਮ ਜੈ ਭਾਰਤ ਕਹਿ ਕੇ ਹੀ ਸੰਬੋਧਨ ਕਰਦੇ ਹਨ। ਕਿਸੇ ਦੂਜੇ ਸਾਥੀ ਨਾਲ਼ ਜਾਣ ਪਹਿਚਾਣ ਕਰਾਉਣ 'ਤੇ ਵੀ ਕਿਹਾ ਜਾਂਦਾ ਹੈ ਕਿ ਇਹ ਮਿਸ਼ਨਰੀ ਸਾਥੀ ਹੈ। ਸਮਾਜ ਦਾ ਹਿਤੈਸ਼ੀ ਜਾਂ ਗੱਦਾਰ ਹੋਣ ਦਾ ਤਮਗਾ ਵੀ ਡਾ. ਅੰਬੇਡਕਰ ਨੂੰ ਮੰਨਣ ਜਾਂ ਨਾ ਮੰਨਣ ਕਰਕੇ ਹੀ ਮਿਲਦਾ ਹੈ। ਦੁਨੀਆਂ ਵਿੱਚ ਸਭ ਤੋਂ ਵੱਧ ਬੁੱਤ ਡਾ. ਅੰਬੇਡਕਰ ਜੀ ਦੇ ਹੀ ਲੱਗੇ ਹੋਏ ਹਨ। ਲੋਕਾਂ ਵਿੱਚ ਬਾਬਾ ਸਾਹਿਬ ਪ੍ਰਤੀ ਐਨੀ ਸ਼ਰਧਾ ਹੈ ਕਿ ਉਹਨਾਂ ਦੀ ਤਸਵੀਰ ਪਾੜਨ ਦੇ ਮਸਲੇ 'ਤੇ ਹੀ ਦੰਗੇ ਹੋ ਸਕਦੇ ਹਨ, ਪਰ ਅਜਿਹਾ ਕਰਕੇ ਕੀ ਅਸੀਂ ਬਾਬਾ ਸਾਹਿਬ ਜੀ ਦਾ ਸਤਿਕਾਰ ਕਰ ਰਹੇ ਹਾਂ ਜਾ ਸਿਰਫ ਜੈ ਜੈਕਾਰ ਕਰਨ ਵਿੱਚ ਹੀ ਲੱਗੇ ਹੋਏ ਹਾਂ। ਜਦਕਿ ਬਾਬਾ ਸਾਹਿਬ ਖੁਦ ਕਹਿੰਦੇ ਸਨ ਕਿ "ਮੇਰੀ ਜੈ ਜੈਕਾਰ ਕਰਨ ਦੀ ਬਜਾਏ, ਮੇਰੇ ਅਧੂਰੇ ਕੰਮੇ ਨੂੰ ਪੂਰਾ ਕਰਨ ਲਈ ਜਾਨ ਦੀ ਬਾਜ਼ੀ ਲਗਾ ਦਿਉ"।

ਅੱਜ ਸਾਡੇ ਮਨਾਂ ਵਿੱਚ ਬਾਬਾ ਸਾਹਿਬ ਪ੍ਰਤੀ ਅਥਾਹ ਸ਼ਰਧਾ ਹੈ, ਪਰ ਸਾਡੇ ਸਮਾਜ ਦਾ ਬੇੜਾ ਉਦੋਂ ਪਾਰ ਹੋਣਾ ਜਦੋਂ ਅਸੀਂ ਇਸ ਸ਼ਰਧਾ ਨੂੰ ਸ਼ਕਤੀ ਵਿੱਚ ਬਦਲ ਲਿਆ। ਭਾਵ ਕਿ ਅਸੀਂ ਭੀਮ ਸ਼ਰਧਾ ਨੂੰ ਭੀਮ ਸ਼ਕਤੀ ਵਿੱਚ ਬਦਲਨਾ ਹੈ। ਕਿਉਂਕਿ ਬਾਬਾ ਸਾਹਿਬ ਦੇ ਅਧੂਰੇ ਸੁਪਨੇ ਤਾਂ ਹੀ ਪੂਰੇ ਹੋ ਸਕਦੇ ਹਨ ਜੇ ਅਸੀਂ_ ਪੂਰੀ ਸ਼ਕਤੀ ਨਾਲ, ਸੀਮਿਤ ਸਾਧਨਾਂ ਦੇ ਬਾਵਜੂਦ ਵੀ ਮੰਜ਼ਿਲ ਪ੍ਰਾਪਤ ਕਰ ਲੈਂਦੇ ਹਾਂ। ਸਾਡਾ ਆਖਰੀ ਟੀਚਾ ਰਾਜ ਸੱਤਾਂ ਦੀ ਪ੍ਰਾਪਤੀ ਹੋਣਾ ਚਾਹੀਦਾ ਹੈ। ਜਿਸ ਲਈ ਸਾਨੂੰ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਘਰ-ਘਰ ਪਹੁੰਚਾਉਣ ਦੇ ਤਰੀਕੇ ਬਦਲਨੇ ਪੈਣਗੇ। ਉਹਨਾਂ ਦਾ ਜਨਮ ਦਿਨ ਵੱਡੇ ਵੱਡੇ ਸਮਾਗਮਾ ਦੇ ਰੂਪ ਵਿੱਚ ਮਨਾਉਣ ਦੀ ਬਜਾਏ, ਲੋਕਾਂ ਤੱਕ ਘਰ ਘਰ ਜਾ ਕੇ ਜਾਂ ਪਿੰਡਾਂ ਵਿੱਚ ਨੁੱਕੜ ਮੀਟਿੰਗਾਂ ਕਰਕੇ ਲੋਕਾਂ ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਜੀਵਨ ਸੰਘਰਸ਼ ਦੇ ਨਾਲ ਨਾਲ ਵਿਚਾਰਧਾਰਾ ਨੂੰ ਬਚਾਉਣ ਦੇ ਤਰੀਕਿਆਂ 'ਤੇ ਚਰਚਾ ਕਰਨੀ ਜ਼ਰੂਰੀ ਹੈ। ਇਸ ਕਾਫਲੇ ਨੂੰ ਜਿਸ ਵਿੱਚ ਖੜੋਤ ਆ ਗਈ ਹੈ, ਨੂੰ ਅੱਗੇ ਤੋਰਨ ਲਈ ਸਕੀਮਾਂ ਦੀ ਲੋੜ ਹੈ। ਸਮਾਜ ਦੇ ਬੁੱਧੀਜੀਵੀ ਵਰਗ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ 'ਹੁਣ ਅਸੀਂ ਕੀ ਕਰਨਾ ਹੈ' ਵਿਸ਼ੇ ਤੋਂ ਲੋਕਾਂ ਨੂੰ ਜਾਣੂ ਕਰਵਾਉਣ।

ਮੋਹਣ ਦਾਸ ਕਰਮ ਚੰਦ ਗਾ_ਧੀ ਜਿਸਨੂੰ ਉਸਦੇ ਪੈਰੋਕਾਰ ਮਹਾਤਮਾ ਗਾਂਧੀ ਕਹਿੰਦੇ ਹਨ, ਕਦੇ ਵੀ ਉਸਦਾ ਜਨਮ ਦਿਨ ਬਹੁਜਨ ਸਮਾਜ ਵਾਂਗ ਕਰੋੜਾਂ ਰੁਪਏ ਖਰਚ ਕਰਕੇ ਨਹੀਂ ਮਨਾਉਂਦੇ। ਨਾ ਹੀ ਲੋਕ ਗਾਂਧੀ ਦੀਆਂ ਕਿਤਾਬਾਂ ਪੜ੍ਹਦੇ ਹਨ। ਪਰ ਫਿਰ ਵੀ ਅੱਜ ਗਾਂਧੀ ਦੀ ਵਿਚਾਰਧਾਰਾ ਵਾਲੇ ਲੋਕ ਦੇਸ਼ 'ਤੇ ਰਾਜ ਕਰ ਰਹੇ ਹਨ। ਇਸਦਾ ਕਾਰਨ ਸ਼ਾਇਦ ਇਹ ਹੀ ਹੈ ਕਿ ਉਹ ਲੋਕ ਵਿਚਾਰਧਾਰਾ 'ਤੇ ਕੰਮ ਕਰ ਰਹੇ ਹਨ 'ਤੇ ਅਸੀਂ ਸਿਰਫ਼ ਜੈ ਜੈਕਾਰ ਕਰਦੇ ਹਾਂ।

ਬਾਬਾ ਸਾਹਿਬ ਪ੍ਰਤੀ ਜਿੰਨੀ ਸਾਡੇ ਮਨਾਂ ਵਿੱਚ ਸ਼ਰਧਾ ਹੈ ਜੇਕਰ ਉਸੇ ਸ਼ਕਤੀ ਨਾਲ਼ ਅਸੀਂ ਬਾਬਾ ਸਾਹਿਬ ਦੇ ਵਿਚਾਰਾਂ ਨੂੰ ਘਰ ਘਰ ਤੱਕ ਪੁਚਾ ਕੇ, ਉਹਨਾਂ ਦੇ ਕਹੇ ਅਨੁਸਾਰ 'ਇੱਕ ਪਾਰਟੀ, ਇੱਕ ਨੇਤਾ, ਇੱਕ ਨੀਤੀ' ਉੱਪਰ ਚੱਲ ਪਈਏ ਤਾਂ ਉਹ ਦਿਨ ਦੂਰ ਨਹੀਂ ਜਦੋਂ ਅਸੀਂ ਭਾਰਤ ਦੇ ਹੁਕਮਰਾਨ ਬਣ ਜਾਵਾਂਗੇ। ਦੇਸਾਂ ਪਰਦੇਸਾਂ ਵਿੱਚ ਵੱਸਦੇ ਭੀਮ ਪੁੱਤਰਾਂ ਨੂੰ ਉਹਨਾਂ ਦੇ ਮੂਲ-ਮੰਤਰ 'ਤੇ ਕੰਮ ਕਰਨਾ ਚਾਹੀਦਾ ਹੈ। ਕਿਸੇ ਇੱਕ ਸਾਲ ਬਾਬਾ ਸਾਹਿਬ ਜੀ ਦੇ ਜਨਮ ਦਿਨ ਵੱਡੇ ਵੱਡੇ ਸਮਾਗਮ ਨਾ ਕਰਕੇ, ਉਹ ਸਾਰਾ ਪੈਸਾ ਇਕੱਠਾ ਕਰ ਲਿਆ ਜਾਵੇ ਤਾਂ ਅਸੀਂ ਉਸ ਪੈਸੇ ਨਾਲ਼ ਬਹੁਤ ਵੱਡਾ ਕਾਲਜ ਬਣਾ ਸਕਦੇ ਹਾਂ, ਜਿੱਥੇ ਬਿਨਾ ਫੀਸ ਜਾਂ ਬਹੁਤ ਘੱਟ ਫੀਸ ਨਾਲ ਬੱਚਿਆਂ ਨੂੰ ਮਿਆਰੀ ਸਿੱਖਿਆ ਦਿੱਤੀ ਜਾ ਸਕਦੀ ਹੈ। ਕੋਈ ਹਸਪਤਾਲ ਖੋਲ੍ਹਿਆ ਜਾ ਸਕਦਾ ਹੈ, ਜਿਸ ਵਿੱਚ ਗਰੀਬ ਲੋਕ ਸਸਤਾ ਅਤੇ ਵਧੀਆ ਇਲਾਜ ਕਰਵਾ ਸਕਦੇ ਹਨ। ਇਸ ਤਰ੍ਹਾਂ ਇੱਕ ਇੱਕ ਕਰਕੇ ਕਦਮ ਦਰ ਕਦਮ ਦੇਸ਼ ਦੀ ਰਾਜ ਸੱਤਾਂ ਵੱਲ ਵਧਿਆ ਜਾ ਸਕਦਾ ਹੈ। ਆਪਣੀ ਸ਼ਕਤੀ ਨੂੰ ਸੰਗਠਨਾਤਮਕ ਤਰੀਕੇ ਨਾਲ਼ ਲਗਾਤਾਰ ਵਰਤਣ ਦੀ ਲੋੜ ਹੈ।

ਜਿਸ ਨਾਲ਼ ਜਵਾਨ ਹੋ ਰਹੇ ਬੱਚਿਆਂ ਵਿੱਚ ਵੀ ਬਾਬਾ ਸਾਹਿਬ ਦੇ ਮਿਸ਼ਨ ਦੀ ਚਿਣਗ ਲਾਈ ਜਾ ਸਕੇ। ਉਹਨਾਂ ਨੂੰ ਸਰਕਾਰਾਂ ਦੀ ਸ਼ਕਤੀ ਦਾ ਅਹਿਸਾਸ ਕਰਾਇਆ ਜਾ ਸਕੇ ਕਿ ਜਿਨ੍ਹਾਂ ਦੀ ਸਰਕਾਰ ਹੁੰਦੀ ਹੈ ਉਹਨਾਂ ਨੂੰ ਕੋਈ ਮੈਰਿਟ ਨਹੀਂ ਪੁੱਛਦਾ। ਰਾਜ ਸ਼ਕਤੀ ਹੀ ਅਸਲ ਵਿੱਚ ਉਹ ਸ਼ਕਤੀ ਹੈ ਜਿਸ ਨਾਲ਼ ਕਿਸੇ ਕੌਮ, ਵਰਗ, ਜਾਤੀ, ਸਮੂਹ ਦੀ ਜ਼ਿੰਦਗੀ ਵਿੱਚ ਖੁਸ਼ਹਾਲੀ ਆ ਸਕਦੀ ਹੈ।

ਇਸ ਲਈ ਬਹੁਜਨ ਸਮਾਜ ਨੂੰ ਇੱਕ ਹੀ ਅਪੀਲ ਹੈ ਕਿ ਬਾਬਾ ਸਾਹਿਬ ਪ੍ਰਤੀ ਅਥਾਹ ਸ਼ਰਧਾ ਨੂੰ ਅਸੀਮਿਤ ਸ਼ਕਤੀ ਵਿੱਚ ਬਦਲਨਾ ਹੈ। ਇਸੇ ਸ਼ਕਤੀ ਨਾਲ਼ ਸਮਾਜਿਕ ਅਤੇ ਰਾਜਨੀਤਿਕ ਪਰਿਵਰਤਨ ਕਰਨਾ ਹੈ, ਕਿਉਂਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਭਲਾ ਭੀਮ ਸ਼ਰਧਾ ਨਾਲ਼ ਨਹੀਂ ਭੀਮ ਸ਼ਕਤੀ ਨਾਲ਼ ਹੋਣਾ ਹੈ ਅਤੇ ਮੇਰੇ ਵਿਚਾਰ ਮੁਤਾਬਕ ਭੀਮ ਸ਼ਕਤੀ ਹੀ ਅਸਲੀ ਭੀਮ ਸ਼ਰਧਾ ਹੈ।

# ਮੇਰੇ ਪਿੰਡ ਦੀ ਮਰਦਾਨੀ ਕੁੜੀ- ਏਕਤਾ ਬੜਪੱਗਾ

ਦੋਸਤੋ! ਅੱਜ ਮੈਂ ਤੁਹਾਡਾ ਤੁਆਰੁਫ਼ ਆਪਣੇ ਪਿੰਡ ਦੀ ਜਿਸ ਕੁੜੀ ਨਾਲ ਕਰਵਾ ਰਿਹਾਂ, ਮੇਰੀਆਂ ਨਜ਼ਰਾਂ ਵਿੱਚ ਉਹ ਸਿਰਫ਼ ਮੇਰੇ ਪਿੰਡ ਭੱਜਲ਼ ਹੀ ਨਹੀਂ, ਸਗੋਂ ਇਲਾਕੇ ਦੇ ਕਈ ਪਿੰਡਾਂ ਵਿੱਚ ਵੀ ਆਪਣੇ ਜਿਹੀ ਇੱਕੋ-ਇੱਕ ਕੁੜੀ ਏ। ਉਹਦਾ ਨਾਂ ਹੈ- ਏਕਤਾ ਬੜਪੱਗਾ! ਆਪਣੇ ਨਜ਼ਦੀਕੀਆਂ ਲਈ ਸਿਰਫ਼ 'ਏਕੂ'! ਇਸ ਕੁੜੀ ਅੰਦਰਲੀ ਵਿਸ਼ੇਸ਼ ਸ਼ਖ਼ਸੀਅਤ ਨੇ ਬਚਪਨ ਤੋਂ ਹੀ ਮੇਰਾ ਧਿਆਨ ਖਿੱਚਿਆ ਏ। ਮਾਪਿਆਂ ਨੇ ਵੀ ਨਿੱਕੀ ਹੁੰਦੀ ਤੋਂ ਹੀ ਏਹਨੂੰ ਕੁੜੀਆਂ ਵਾਂਗੂੰ ਨਹੀਂ, ਸਗੋਂ ਪੁੱਤਾਂ ਵਾਲੀਆਂ ਰੀਝਾਂ ਲਾ ਕੇ ਪਾਲ਼ਿਆ, ਪੜ੍ਹਾਇਆ ਤੇ ਪ੍ਰਵਾਨ ਚੜ੍ਹਾਇਆ। ਛੋਟੇ ਹੁੰਦਿਆਂ ਤੋਂ ਹੀ ਉਸਨੇ ਪੁਸ਼ਾਕਾਂ ਵੀ ਮੁੰਡਿਆਂ ਵਾਲੀਆਂ ਹੀ ਪਹਿਨੀਆਂ। ਜਿਸ ਉਮਰੇ ਆਮ ਕੁੜੀਆਂ ਬਾਪੂ ਦੇ ਸਕੂਟਰ ਪਿੱਛੇ ਵੀ ਡਰਦੀਆਂ ਡਰਦੀਆਂ ਤੇ ਸੰਗਦੀਆਂ ਸੰਗਦੀਆਂ ਬਹਿੰਦੀਆਂ ਨੇ ਏਕਤਾ ਉਸ ਉਮਰੇ ਘਰਦੀ ਕਾਰ ਦਾ ਸਟੀਅਰਿੰਗ ਫੜਕੇ ਆਪਣੇ ਬੇਬੇ ਬਾਪੂ ਨੂੰ ਵਿੱਚ ਬਿਠਾ ਕੇ ਗੱਡੀ ਦੀਆਂ ਕੱਤੀਆਂ ਘੁਮਾਉਣ ਲੱਗ ਪਈ ਸੀ। ਪੜ੍ਹਾਈ ਵਿੱਚ ਵੀ ਹਮੇਸ਼ਾ ਮੋਹਰਲੀਆਂ ਪੁਜੀਸ਼ਨਾਂ ਵਿੱਚ। ਸਵੇਰੇ ਤੜਕੇ ਉੱਠਕੇ ਗੜ੍ਹਸ਼ੰਕਰ ਸੀਨੀਅਰ ਸੈਕੰਡਰੀ ਸਕੂਲ ਦੀ ਗਰਾਊਂਡ ਵਿੱਚ ਜਾ ਕੇ ਦੋ-ਦੋ ਘੰਟੇ ਕਸਰਤ ਕਰਨੀ। ਤੇ ਫਿਰ ਮੇਰੀਆਂ ਅੱਖਾਂ ਨੇ ਬੜੀ ਜਲਦੀ ਉਸਨੂੰ ਵਿਲੱਖਣ ਆਤਮ-ਵਿਸ਼ਵਾਸ, ਹੌਸਲੇ, ਦ੍ਰਿੜ੍ਹਤਾ, ਸਲੀਕਾ, ਸਿੱਖਿਆ, ਸੱਭਿਅਤਾ ਅਤੇ ਸੂਝਬੂਝ ਨਾਲ ਨੱਕੋ-ਨੱਕ ਭਰੀ, ਛੇ ਫੁੱਟ ਦੀ ਮਜ਼ਬੂਤ ਤੇ ਆਕਰਸ਼ਕ ਡੀਲ-ਡੌਲ ਵਾਲੀ ਇੱਕ ਅਜਿਹੀ ਮਰਦਾਨੀ ਕੁੜੀ ਦੇ ਰੂਪ ਵਿੱਚ ਜਲਵਾਗਰ ਹੁੰਦੇ ਦੇਖਿਆ ਜੋ ਸਾਡੇ ਸਮਾਜ ਵਿੱਚ "ਕੁੜੀਆਂ ਦੇ ਸਾਹਮਣੇ ਆਣ ਵਾਲੀ ਕਿਸੇ ਵੀ ਚੁਣੌਤੀ" ਦੀਆਂ ਅੱਖਾਂ 'ਚ ਅੱਖਾਂ ਪਾ ਕੇ ਗੱਲ ਕਰ ਸਕਦੀ ਸੀ।



ਜਸਪਾਲ" ਸ਼ੌਂਕੀ"
91-98152-33024

ਪੜ੍ਹਾਈ ਪੱਖੋਂ ਉਹਨੇ ਐਮ.ਏ. ਹਿਸਟਰੀ, ਐੱਮ.ਬੀ.ਏ, ਅਤੇ ਕੰਪਿਊਟਰ ਐਪਲੀਕੇਸ਼ਨ ਵਿੱਚ ਪੋਸਟ ਗ੍ਰੈਜੂਏਟ ਡਿਪਲੋਮਾ ਕੀਤਾ। 2018 ਵਿੱਚ ਉਹ ਨਿਊਜ਼ੀਲੈਂਡ ਚਲੇ ਗਈ। ਉੱਥੇ ਰਹਿੰਦਿਆਂ ਉਹਨੂੰ ਸਰੀਰਕ ਮਾਨਸਿਕ ਤੌਰ 'ਤੇ ਐਹੋ ਜਿਹੀਆਂ ਸਖ਼ਤ ਅਤੇ ਕਰੂਰ ਸਥਿਤੀਆਂ ਵਿੱਚੋਂ ਵੀ ਗੁਜ਼ਰਨਾ ਪਿਆ ਜਿਨ੍ਹਾਂ ਸਾਹਵੇਂ ਇੱਕ ਕੁੜੀ ਤਾਂ ਕੀ, ਕਹਿੰਦੇ ਕਹਾਉਂਦੇ ਖੱਬੀ ਖਾਨ ਮੁੰਡਿਆਂ ਦੇ ਵੀ ਹੱਥ ਖੜ੍ਹੇ ਹੋ ਜਾਣ। ਪਰ ਉਦੋਂ ਉਸਨੇ ਮੇਰੇ ਨਾਲ ਜਦੋਂ ਵੀ ਫੋਨ 'ਤੇ ਗੱਲ ਕੀਤੀ ਤਾਂ ਮੈਨੂੰ ਉਹਦੇ ਬੋਲਾਂ ਵਿੱਚੋਂ ਹਮੇਸ਼ਾ ਇੱਕ ਅਟੁੱਟ ਆਤਮ-ਵਿਸ਼ਵਾਸ, ਡੂੰਘੀ ਆਸ਼ਾ ਅਤੇ ਮੰਜ਼ਲ ਪ੍ਰਾਪਤੀ ਲਈ ਇੱਕ ਇੱਕ ਅਡੋਲ ਲਗਨ ਦੀ ਝਲਕ ਮਿਲੀ। ਉੱਥੇ ਰਹਿੰਦਿਆਂ ਉਸਨੇ 'ਪੋਸਟ ਗ੍ਰੈਜੂਏਟ ਡਿਪਲੋਮਾ ਇਨ ਬਿਜ਼ਨਸ' ਪਾਸ ਕੀਤਾ। ਤੇ ਲਓ, ਅਖ਼ੀਰ ਉਸ ਵਲੋਂ ਚੁਪੀਤੇ ਅਤੇ ਸਹਿਜ ਭਾਵ ਨਾਲ ਕੀਤੀ ਕਰੜੀ ਘਾਲਣਾ ਅਜਿਹਾ ਰੰਗ ਲਿਆਈ ਕਿ ਉਹਦੀ ਸਫ਼ਲਤਾ ਦੇ ਢੋਲ ਵੱਜ ਗਏ! ਉਸਨੇ ਜੇਲ੍ਹ ਕੁਰੈਕਸ਼ਨ ਆੱਫੀਸਰ ਦੇ ਅਹਦੇ ਲਈ ਟੈੱਸਟ ਦਿੱਤਾ। ਦੋ ਤਿੰਨ ਹਜ਼ਾਰ ਉਮੀਦਵਾਰਾਂ ਵਿੱਚੋਂ ਉਹ ਇਕੱਲੀ ਹੀ ਚੁਣੀ ਗਈ ਤੇ ਆੱਕਲੈਂਡ ਜੇਲ੍ਹ ਵਿੱਚ ਬਤੌਰ ਕੁਰੈਕਸ਼ਨ ਆੱਫੀਸਰ ਤੈਨਾਤ ਹੋ ਗਈ! ਇੱਥੇ ਖ਼ਾਸ ਜ਼ਕਿਰਯੋਗ ਗੱਲ ਏਹ ਹੈ ਕਿ ਏਕਤਾ ਕੋਲ ਅਜੇ 'ਸਥਾਈ ਵਾਸ'ਨਹੀਂ ਹੈ ਜਿਸ ਕਰਕੇ ਨਿਯਮਾਂ ਅਨੁਸਾਰ ਉਹ ਉਕਤ ਟੈੱਸਟ ਦੇ ਨਹੀਂ ਸਕਦੀ ਸੀ, ਪਰ ਵਿਭਾਗੀ ਅਧਿਕਾਰੀਆਂ ਨੇ ਉਹਦੀਆਂ ਯੋਗਤਾਵਾਂ, ਕਾਬਲੀਅਤ ਅਤੇ ਸਮੁੱਚਾ ਰਿਕਾੱਰਡ ਦੇਖਕੇ ਉਸਨੂੰ ਟੈੱਸਟ ਦੇਣ ਦੀ ਆਗਿਆ ਦੇ ਦਿੱਤੀ ਤੇ ਏਕਤਾ ਨੇ ਉਨ੍ਹਾਂ ਦੇ ਫ਼ੈਸਲੇ ਨੂੰ ਆਪਣੀ ਲਿਆਕਤ ਨਾਲ ਸਹੀ ਸਿੱਧ ਕਰ ਦਿੱਤਾ। ਨਿਊਜ਼ੀਲੈਂਡ ਦੇ ਸਥਾਨਕ ਸੇਵਾ-ਸ਼ਰਤਾਂ ਨਿਯਮਾਂ ਦੇ ਇਤਿਹਾਸ ਵਿੱਚ ਏਹ ਪਹਿਲੀ ਵਾਰ ਹੋਇਆ ਕਿ ਕਿਸੇ ਗ਼ੈਰ ਸਥਾਈ ਆਵਾਸ ਪ੍ਰਾਪਤ, ਨੂੰ ਅਜਿਹਾ ਮੌਕਾ ਦਿੱਤਾ ਗਿਆ ਹੋਵੇ।

ਹਾਂ, ਮੈਂ ਬਹੁਤ ਵੱਡੀ ਬੇ-ਇਨਸਾਫ਼ੀ ਕਰਾਂਗਾ ਜੇ ਏਕਤਾ ਦੀ ਇਸ ਵਡੇਰੀ ਕਾਮਯਾਬੀ ਵਿੱਚੋਂ ਉਹਦੇ ਪਿਤਾ ਸ਼੍ਰੀ ਕਸ਼ਮੀਰ ਸਿੰਘ ਕਾਨੂੰਗੋ, ਅਤੇ ਮਾਤਾ ਸ਼੍ਰੀਮਤੀ ਕਮਲੇਸ਼ ਕੌਰ ਦੇ ਆਪਣੀ ਧੀ ਲਈ ਕੀਤੇ ਮਿਸਾਲੀ ਸਹਿਯੋਗ, ਮਿਹਨਤ, ਮਮਤਾ, ਦੁਆਵਾਂ ਅਤੇ ਮਾਰਗ-ਦਰਸ਼ਨ ਨੂੰ ਮਨਫ਼ੀ ਕਰ ਦਿਆਂ। ਉਹਦੇ ਮਾਪਿਆਂ, ਖ਼ਾਸ ਕਰਕੇ ਉਸਦੇ ਪਿਤਾ ਕਸ਼ਮੀਰ ਸਿੰਘ ਨੇ ਇੱਕ ਬਹੁਤ ਹੀ ਸੂਝਵਾਨ ਬਾਪ ਵਾਂਗੂੰ ਆਪਣੀ ਲਾਡਲੀ ਦੀ ਪ੍ਰਤਿਭਾ ਨੂੰ ਨਾ ਕੇਵਲ ਪਛਾਣਿਆ, ਸਗੋਂ ਉਸਨੂੰ ਉਭਾਰਨ/ਚਮਕਾਣ ਵਿੱਚ ਆਪਣਾ ਜੀ ਜਾਨ ਲਾ ਦਿੱਤਾ ; ਉਸਨੇ ਆਪਣੀ 'ਏਕੂ' ਦੇ ਜੀਵਨ-ਪੰਧ ਦੀ ਨੀਂਹ ਪੱਕੀ ਕਰਨ ਲਈ ਇੱਕ ਬਾਪ ਹੀ ਨਹੀਂ, ਸਗੋਂ ਇੱਕ ਦੋਸਤ, ਇੱਕ ਗਾਈਡ ਦੀ ਭੂਮਿਕਾ ਵੀ ਨਿਭਾਈ। ਅੱਜ ਦੇ ਸਮੇਂ 'ਚ ਜਦੋਂ ਕਿ ਲੋਕਾਂ ਦਾ ਕੁੜੀਆਂ ਨੂੰ ਪੜ੍ਹਾਉਣ ਪਿੱਛੇ ਇੱਕੋ ਇੱਕ ਉਦੇਸ਼ ਰਹਿ ਗਿਆ ਏ ਕਿ ਚਲੋ ਪੜ੍ਹਾਈ-ਲਿਖਾਈ ਕਰਕੇ ਕੋਈ "ਬਾਹਰਲਾ ਰਿਸ਼ਤਾ" ਮਿਲ ਜਾਊ ਜਾਂ ਫਿਰ ਕੁੜੀ ਨੂੰ ਆਇਲਟਸ ਕਰਵਾਕੇ ਵਿਦੇਸ਼ ਜਾਣ ਦਾ "ਸਾਰਾ ਖ਼ਰਚਾ" ਕਰਨ ਵਾਲੀ ਕੋਈ 'ਅਸਾਮੀ' ਟੱਕਰ ਜਾਊਗੀ ਤਾਂ ਇਸ ਮਾਂ-ਪਿਉ ਨੇ ਆਪਣੀ ਧੀ ਨੂੰ ਪੜ੍ਹਾਉਣ ਲਿਖਾਉਣ ਵਿੱਚ ਇੱਦਾਂ ਦੀ ਮਨਸ਼ਾ ਕਦੇ ਵੀ ਨ੍ਹੀਂ ਸੀ ਰੱਖੀ। ਹਾਂ, ਵਿਦੇਸ਼ ਜਾਣਾ ਏਕਤਾ ਦਾ ਨਿੱਜੀ ਫ਼ੈਸਲਾ ਸੀ ਜਿਸ ਵਿੱਚ ਉਹਦੇ ਮਾਪਿਆਂ ਨੇ ਉਸਦਾ ਪੂਰਾ ਸਾਥ ਦਿੱਤਾ। ਉਂਝ ਇੱਧਰ ਰਹਿੰਦਿਆਂ ਏਕਤਾ ਨੇ ਕੁੱਝ ਸਮੇਂ ਲਈ ਇੱਕ ਬਹੁਤ ਵੱਡੀ ਪ੍ਰਾਈਵੇਟ ਕੰਪਨੀ ਵਿੱਚ 'ਏਰੀਆ ਮੈਨੇਜਰ ਦੇ ਵੱਕਾਰੀ ਅਹੁਦੇ 'ਤੇ ਵੀ ਕੰਮ ਕੀਤਾ।

ਏਕਤਾ 'ਮਾੱਡਰਨ' ਏ, ਬੇਹੂਦਾ ਨਹੀਂ ਅਗਾਂਹਵਧੂ ਵਿਚਾਰਾਂ ਵਾਲੀ ਏ, ਮਰਿਆਦਾਹੀਣ ਨਹੀਂ ਉਹ ਦਲੇਰ ਏ, ਘੁਮੰਡੀ ਨਹੀਂ ; ਪੜ੍ਹੀ-ਲਿਖੀ ਏ, ਹੋਛੀ ਨਹੀਂ ਮਜ਼ਬੂਤ ਏ, ਬੇ-ਦਰਦ ਨਹੀਂ ; ਨਪੇ-ਤੁਲੇ ਸੁਭਾਅ ਦੀ ਏ, ਰੁੱਖੀ ਨਹੀਂ! ਅੱਜ



ਇਸ ਧੀ ਨੇ ਉਹ ਮੁਕਾਮ ਹਾਸਲ ਕੀਤਾ ਏ ਕਿ ਜਿਸਨੇ ਕੁੱਲ ਦੁਨੀਆਂ ਵਿੱਚ ਮਸ਼ਹੂਰ ਢਾਡੀ ਅਮਰ ਸਿੰਘ "ਸ਼ੌਂਕੀ" ਦੇ ਪਿੰਡ ਭੱਜਲ਼ ਦਾ ਨਾਮ ਹੋਰ ਵੀ ਚਮਕਾ ਦਿੱਤਾ ਏ । ਆਪਣੇ ਪਿੰਡ ਦੀਆਂ ਸਾਰੀਆਂ ਕੁੜੀਆਂ ਲਈ ਮੇਰਾ ਦਿਲ ਹਮੇਸ਼ਾ ਪਿਆਰ ਅਤੇ ਦੁਆਵਾਂ ਵੰਡਦਾ ਏ, ਪਰ ਮੈਨੂੰ ਏਹ ਕਹਿਣ 'ਚ ਕੋਈ ਝਿਜਕ ਨਹੀਂ ਕਿ ਜੋ ਮਾਅਰਕਾ ਏਕਤਾ ਨੇ ਮਾਰਿਆ ਏ ਉਹ ਅਜੇ ਤਕ ਮੇਰੇ ਪਿੰਡ ਦੀ ਕਿਸੇ ਹੋਰ ਕੁੜੀ ਦੇ ਹਿੱਸੇ ਨਹੀਂ ਆਇਆ। ਮੇਰੇ ਪਿੰਡ ਦਾ ਮਾਣ ਤੇ ਸ਼ਾਨ ਇਸ ਜਿਊਣਜੋਗੀ ਮਰਦਾਨੀ ਕੁੜੀ ਲਈ ਮੇਰੇ ਵਲੋਂ ਢੇਰ ਸਾਰੀਆਂ ਮੁਬਾਰਕਾਂ ਸਹਿਤ ਏਹ ਪ੍ਰੇਰਕ ਸੰਦੇਸ਼-

"ਤੂੰ ਬਾਹਾਂ ਫ਼ੈਲਾਅ
ਜਹਾਨ ਤੇਰਾ ਏ,
ਏਹ ਧਰਤੀ ਹੀ ਨਹੀਂ
ਅਸਮਾਨ ਤੇਰਾ ਏ!

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**


Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਕਲਮੀ ਰਮਜ਼ਾਂ-3 (ਸਾਂਝੀਆਂ ਲਿਖਤਾਂ)




## ਵਿਸ਼ੇਸ਼ ਲੇਖ

# ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਮਹਾਨਤਾ



ਜੇ. ਬੀ. ਸਿੰਘ

ਸਾਹਿਤ ਦੇ ਦਾਇਰੇ ਵਿਚ ਕੇਵਲ ਉਹੀ ਲਿਖਤ ਆਉਂਦੀ ਹੈ, ਜਿਹੜੀ 'ਸਤਿਅਮ, ਸ਼ਿਵਮ, ਸੁੰਦਰਮ' ਦੀ ਧਾਰਨੀ ਹੋਵੇ। ਸਤਿਅਮ, ਭਾਵ ਸੱਚ ਦਾ ਪ੍ਰਕਾਸ਼ ਕਰੇ; ਸ਼ਿਵਮ, ਭਾਵ ਜੀਵਣ ਲਈ ਕਲਿਆਣਕਾਰੀ ਬਣੇ ਤੇ ਸੁੰਦਰਮ, ਭਾਵ ਇਹ ਸੁਹਜ-ਸੁੰਦਰਤਾ ਦਾ ਅਹਿਸਾਸ ਪੈਦਾ ਕਰੇ। ਪਦ ਅਤੇ ਗਦ, ਸਾਹਿਤ ਦੇ ਦੋ ਹਿੱਸੇ ਹਨ। ਪਦ ਸਾਹਿਤ ਵਿਚ ਵਿਆਕਰਣ ਨਹੀਂ ਦੇਖੀ ਜਾਂਦੀ, ਕੇਵਲ ਲੈਅ ਹੀ ਵੇਖੀ ਜਾਂਦੀ ਹੈ ਜਿਵੇਂ ਕਵਿਤਾ, ਗ਼ਜ਼ਲ, ਰੁਬਾਈ ਆਦਿ। ਗਦ ਸਾਹਿਤ ਆਪਣੀ ਭਾਸ਼ਾ ਦੇ ਵਿਆਕਰਣ ਨੂੰ ਆਪਣੇ ਵਿਚ ਸਾਂਭ ਕੇ ਰੱਖਦਾ ਹੈ ਜਿਵੇਂ ਨਾਵਲ, ਕਹਾਣੀ ਆਦਿ।

ਇਸ ਸੰਦਰਭ ਵਿਚ ਹੇਠਾਂ 'ਆਦਿ ਗ੍ਰੰਥ' (ਗੁਰੂ ਗ੍ਰੰਥ ਸਾਹਿਬ ਜੀ) ਦੀ ਬਾਣੀ ਕਾਵਿ-ਰੂਪ ਵਿਚ ਦੁਨੀਆਂ ਦਾ ਸਭ ਤੋਂ ਵੱਡਾ ਪਦ ਸਾਹਿਤ ਹੈ ਪਰ ਇਹ ਬਾਣੀ ਕਵਿਤਾ ਰੂਪ ਵਿਚ ਹੁੰਦੀ ਹੋਈ ਵੀ ਕਵਿਤਾ ਨਹੀਂ ਅਖਵਾਂਉਦੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਸ਼ਾਇਰ ਕਿਹਾ ਹੈ: (ਨਾਨਕ ਸਾਇਰ ਇਵ ਕਹਿਆ ਗੁਰੂ ਗ੍ਰੰਥ ਪੰਨਾ 434), (ਨਾਨਕੁ ਸਾਇਰੁ ਏਵ ਕਹਤੁ ਹੈ, ਸਚੇ ਪਰਵਦਗਾਰਾ ਗੁਰੂ ਗ੍ਰੰਥ ਪੰਨਾ 660), ਪਰ ਉਹਨਾਂ ਦੀ ਬਾਣੀ ਨੂੰ ਸ਼ਾਇਰੀ ਨਹੀਂ, ਗੁਰਬਾਣੀ ਕਿਹਾ ਜਾਂਦਾ ਹੈ। ਗੁਰੂ ਸਾਹਿਬਾਨ ਆਪਣੇ ਆਪ ਨੂੰ ਇਸ ਦਾ ਕਰਤਾ ਨਹੀਂ ਮੰਨਦੇ। ਇਹ 'ਧੁਰ ਕੀ ਬਾਣੀ-ਪੰਨਾ 628' ਹੈ।
'ਹਉ ਆਪਹੁ ਬੋਲਿ ਨ ਜਾਣਦਾ, ਮੈ ਕਹਿਆ ਸਭੁ ਹੁਕਮਾਉ ਜੀਉ' (ਗੁਰੂ ਗ੍ਰੰਥ ਪੰਨਾ 763)
'ਹਰਿ ਕਰਤਾ ਆਪ ਮੁਹਹੁ ਕਢਾਏ' (ਗੁਰੂ ਗ੍ਰੰਥ ਪੰਨਾ 308)
'ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ'
(ਗੁਰੂ ਗ੍ਰੰਥ ਪੰਨਾ 566)

'ਧੁਰ ਕੀ ਬਾਣੀ ਆਈ। ਤਿਨਿ ਸਗਲੀ ਚਿੰਤ ਮਿਟਾਈ' (ਗੁਰੂ ਗ੍ਰੰਥ ਪੰਨਾ 628) ਤੇ ਸ਼ਾਇਰੀ ਵਿਚ ਬਹੁਤ ਅੰਤਰ ਹੈ। ਸ਼ਾਇਰੀ ਪਰਮਾਤਮਾ ਦਾ ਥਾਹ ਨਹੀਂ ਪਾ ਸਕਦੀ। ਫੁਰਮਾਨ ਹੈ, 'ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ' (ਗੁਰੂ ਗ੍ਰੰਥ ਪੰਨਾ 53)।

ਸੋ ਗੁਰਬਾਣੀ ਦੇ ਕੇਵਲ ਸ਼ਾਇਰੀ ਪੱਖ ਨੂੰ ਹੀ ਕਵਿਤਾ ਦੇ ਮਾਪ ਦੰਡ ਨਾਲ ਤੋਲਣ ਦਾ ਯਤਨ ਕੀਤਾ ਜਾ ਸਕਦਾ ਹੈ। 'ਆਦਿ ਗ੍ਰੰਥ' ਦਾ ਸੰਪਾਦਨਾ ਕਾਲ 1601 ਈਸਵੀ ਤੋਂ 1604 ਈਸਵੀ ਦਾ ਹੈ। ਇਸ ਦੀ ਸੱਭ ਤੋਂ ਵੱਡੀ ਮਹਾਨਤਾ ਇਹ ਹੈ ਕਿ ਇਸ ਨੂੰ ਗੁਰੂ ਅਰਜਨ ਦੇਵ ਜੀ ਨੇ ਆਪਣੀ ਦੇਖ ਰੇਖ ਵਿਚ ਭਾਈ ਗੁਰਦਾਸ ਜੀ ਤੋਂ (ਸੰਤ ਦਾਸ, ਹਰੀਆ ਜੀ, ਸੁਖਾ ਜੀ ਤੇ ਮਨਸਾ ਰਾਮ ਦੀ ਸਹਾਇਤਾ ਨਾਲ) ਲਿਖਾ ਕੇ ਆਪਣੇ ਹਸਤ ਕਮਲਾਂ ਨਾਲ ਖੁਦ ਸੰਪਾਦਨ ਕੀਤਾ ਤੇ ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਰਜ ਕੀਤੀ। ਇਸ ਵਿਚ ਲਿਖੀ ਬਾਣੀ ਨੂੰ ਗੁਰੂ ਦਾ ਦਰਜਾ ਦਿੱਤਾ ਗਿਆ ਹੈ।

ਸੰਪਾਦਨ ਕਾਲ ਤੋਂ ਅੱਜ ਤੱਕ ਇਹ ਸ਼ੁਧ ਰੂਪ ਵਿਚ ਸਾਡੇ ਕੋਲ ਹੈ ਤੇ ਇਸ ਵਿਚ ਮਿਲਾਵਟ ਕਰਨ ਦੀ ਕੋਈ ਸੰਭਾਵਨਾ ਨਹੀਂ ਹੋ ਸਕਦੀ। ਉਦਾਹਰਣ ਵਜੋਂ, ਗੁਰੂ ਗ੍ਰੰਥ ਸਾਹਿਬ ਦੇ ਪੰਨਾ 360 ਤੋਂ 370 ਤਕ, ਪਹਿਲੇ, ਤੀਜੇ ਤੇ ਚੌਥੇ ਪਾਤਸ਼ਾਹ ਦੀ ਬਾਣੀ ਹੈ। ਹਰ ਗੁਰੂ ਸਾਹਿਬਾਨ ਨੇ, ਹਰ ਆਖਰੀ ਸ਼ਬਦ ਦੇ ਅੰਤ ਵਿਚ ਕੁਝ ਨੰਬਰ ਲਿਖੇ ਹਨ, ਜੋ ਸ਼ਬਦਾਂ ਦੀ ਗਿਣਤੀ ਦੱਸਦੇ ਹਨ ਜਿਵੇਂ,
ਆਸਾ ਮਹਲਾ ੧- ਮਰਿ ਮਰਿ ਜੀਵੈ ਤ ਕਿਛੁ ਪਾਏ ਨਾਨਕ ਨਾਮੁ ਵਖਾਣੇ ॥ ੩॥ ੫॥ ੩੯॥ (ਪੰਨਾ 360)

ਆਸਾ ਘਰੁ ੮ ਕਾਫੀ ਮਹਲਾ ੩- ਨਾਨਕ ਨਾਮੁ ਸਲਾਹਿ ਤੂੰ ਗੁਰਮੁਖਿ ਗਤਿ ਹੋਈ॥ ੪॥ ੩੯॥ ੧੩॥ ੫੨॥ (ਪੰਨਾ 365) ਆਸਾਵਰੀ ਮਹਲਾ ੪- ਹਰਿ ਦਰਸਨੁ ਨਿਮਖ ਦਿਖਾਈ॥ ੨॥ ੩੯॥ ੧੩॥ ੧੫॥ ੬੭॥ (ਪੰਨਾ 370)
ਪੰਨਾ 370 ਤੇ ਅੰਕ ॥ ੨॥ ੩੯॥ ੧੩॥ ੧੫॥ ੬੭॥ ਵਿਚ ਪਹਿਲਾ ਅੰਕ ॥ ੨॥ ਤੋਂ ਭਾਵ, ਇਹ ਸ਼ਬਦ ਦੋ ਪਦੇ ਦਾ ਹੈ। ਦੂਸਰਾ ਅੰਕ ॥ ੩੯॥ ਤੋਂ ਭਾਵ, ਇਸ ਸ਼ਬਦ ਤਕ 39 ਸ਼ਬਦ ਗੁਰੂ ਨਾਨਕ ਦੇਵ ਜੀ ਦੇ ਹਨ। ਤੀਸਰਾ ਅੰਕ ॥ ੧੩॥ ਤੋਂ ਭਾਵ ਇਸ ਸ਼ਬਦ ਤਕ 13 ਸ਼ਬਦ ਗੁਰੂ ਅਮਰਦਾਸ ਜੀ ਦੇ ਹਨ। ਹੁਣ ਪੰਨਾ 365 ਦੀ ਤੁਕ ਪਿੱਛੇ ਦਿੱਤੇ ਨੰਬਰਾਂ ਨੂੰ ਦੇਖੀਏ। ਗੁਰੂ ਅਮਰਦਾਸ ਜੀ ਦੇ ਲਿਖੇ ਅੰਕ ॥ ੪॥ ੩੯॥ ੧੩॥ ੫੨॥ ਤੋਂ ਭਾਵ, ਇਥੋਂ ਤੱਕ ਕੁਲ 52 ਸ਼ਬਦ ਹੋ ਗਏ ਸਨ। ਪੰਨਾ 370 ਤੇ ਆਖਰੀ ਦੋ ਅੰਕ ॥ ੧੫॥ ੬੭॥ ਤੋਂ ਭਾਵ, ਇਸ ਸ਼ਬਦ ਤਕ 15 ਸ਼ਬਦ ਗੁਰੂ ਰਾਮਦਾਸ ਜੀ ਦੇ ਅਤੇ ਕੁੱਲ ਆਸਾ ਰਾਗ ਵਿਚ 67 ਸ਼ਬਦ ਸੰਪੂਰਨ ਹੋਏ ਹਨ। ਇਸ ਤਰ੍ਹਾਂ ਤੁਕਾਂ ਦੇ ਅੰਤ ਵਿਚ ਲਿਖੇ ਹੋਏ ਨੰਬਰ, ਗੁਰਬਾਣੀ ਦੇ ਆਕਾਰ ਵਿਚ ਵਾਧਾ ਘਾਟਾ ਰੋਕਣ ਲਈ ਸਹਾਈ ਹੁੰਦੇ ਹਨ।

ਗੁਰੂ ਗ੍ਰੰਥ ਸਾਹਿਬ ਕੇਵਲ ਸਿੱਖਾਂ ਲਈ ਹੀ ਨਹੀ, ਸੰਸਾਰ ਦੇ ਹਰ ਜੀਵ ਲਈ ਕਲਿਆਣਕਾਰੀ ਹੈ। ਅੱਜ ਹਰ ਸਿੱਖ ਤੇ ਕਈ ਹਿੰਦੂ ਮੁਸਲਮਾਨ ਵੀਰ ਵੀ, ਕਿਸੇ ਕਾਰਜ ਕਰਨ ਤੋਂ ਪਹਿਲੇ, ਇਸ ਗ੍ਰੰਥ (ਗੁਰੂ ਗ੍ਰੰਥ ਸਾਹਿਬ ਜੀ) ਦਾ ਸੰਪੂਰਨ ਪਾਠ ਕਰਦੇ ਜਾਂ ਕਰਾਉਂਦੇ ਹਨ। ਕਈ ਸ਼ਰਧਾਲੂ ਇਸ ਗ੍ਰੰਥ ਵਿਚੋਂ ਚੋਣਵੇਂ ਸ਼ਬਦ ਜਾਂ ਬਾਣੀਆਂ ਦਾ ਰੋਗ ਨਿਵਾਰਣ ਜਾਂ ਨਿੱਜੀ ਲੋੜਾਂ ਦੀ ਪੂਰਤੀ ਲਈ ਜਾਪ ਵੀ ਕਰਦੇ ਹਨ।
ਇਸ ਗ੍ਰੰਥ ਦਾ ਅਨੁਵਾਦ ਹਿੰਦੀ, ਸਿੰਧੀ, ਉਰਦੂ, ਉੜੀਆ, ਕੰਨੜ, ਤੇਲਗੂ,

ਮਲਿਆਲਮ, ਜਰਮਨ, ਰੂਸੀ, ਚੀਨੀ, ਜਾਪਾਨੀ ਤੇ ਅੰਗਰੇਜ਼ੀ ਵਿਚ ਹੋਇਆ ਮਿਲਦਾ ਹੈ ਅਤੇ ਹੋਰ ਭਾਸ਼ਾਵਾਂ ਵਿਚ ਹੋ ਰਿਹਾ ਹੈ। ਆਕਾਰ ਪੱਖੋਂ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਪੰਨੇ ਹਨ ਅਤੇ ਇਹ ਰਿਗਵੇਦ ਨਾਲੋਂ ਤਿੰਨ ਗੁਣਾ ਹੈ। ਇਸ ਗ੍ਰੰਥ ਵਿਚ 36 ਬਾਣੀਕਾਰਾਂ ਦੀ ਬਾਣੀ ਦਰਜ ਹੈ। ਇਸ ਵਿਚ ਪਹਿਲੇ ਪੰਜ ਗੁਰੂਆਂ ਤੇ ਨੌਵੇਂ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ 15 ਭਗਤ ਕਵੀਆਂ ਦੀ ਬਾਣੀ ਵੀ ਦਰਜ ਹੈ। ਬਾਣੀ ਦਰਜ ਕਰਨ ਲੱਗਿਆਂ ਉਮਰ, ਜਾਤ, ਧਰਮ ਕਰਕੇ ਕੋਈ ਭੇਦ ਭਾਵ ਨਹੀਂ ਰੱਖਿਆ ਗਿਆ।

ਇਹਨਾਂ ਭਗਤਾਂ ਦੇ ਨਾਮ ਇਸ ਤਰ੍ਹਾਂ ਹਨ, ਭਗਤ ਕਬੀਰ ਜੀ (ਜੁਲਾਹਾ), ਭਗਤ ਫਰੀਦ ਤੇ ਭਗਤ ਭੀਖਨ ਜੀ (ਮੁਸਲਮਾਨ), ਭਗਤ ਨਾਮਦੇਵ ਜੀ (ਛੀਂਬਾ), ਭਗਤ ਰਵਿਦਾਸ ਜੀ (ਚਮਾਰ), ਭਗਤ ਧੰਨਾ (ਜੱਟ), ਭਗਤ ਸੈਨ (ਨਾਈ), ਭਗਤ ਸਧਨਾ (ਕਸਾਈ), ਤੇ ਬਾਕੀ ਸੱਤ ਭਗਤ-ਤਿਰਲੋਚਨ, ਬੇਣੀ, ਜੈ ਦੇਵ, ਪੀਪਾ, ਰਾਮਾਨੰਦ, ਪਰਮਾਨੰਦ ਤੇ ਸੂਰਦਾਸ ਬ੍ਰਾਹਮਣ ਸਨ।

ਇਸ ਵਿਚ ਗਿਆਰ੍ਹਾਂ ਭੱਟਾਂ ਦੀ ਬਾਣੀ (ਸਵੱਯੇ) ਵੀ ਸ਼ਾਮਿਲ ਹੈ, ਜਿਹਨਾਂ ਦੇ ਨਾਮ-ਹਰਬੰਸ, ਬੱਲ੍ਹ, ਮਥਰਾ, ਗਯੰਦ, ਨੱਲ੍ਹ, ਭੱਲ੍ਹ, ਸੱਲ੍ਹ, ਕੀਰਤ, ਜਾਲਪ, ਕਲਸਹਾਰ ਤੇ ਭਾਈ ਭਿੱਖਾ (ਕੇਵਲ ਦੋ ਸ਼ਬਦ) ਹਨ। ਇਸ ਤੋਂ ਇਲਾਵਾ ਭਾਈ ਸੁੰਦਰ (ਖੱਤਰੀ), ਭਾਈ ਮਰਦਾਨਾ (ਮਰਾਸੀ), ਭਾਈ ਸੱਤਾ (ਡੂਮ), ਭਾਈ ਬਲਵੰਡ, ਗੁਰੂ ਘਰ ਦੇ ਸਤਿਕਾਰਿਤ ਪੂਰਨ ਗੁਰਸਿੱਖਾਂ ਦੀ ਬਾਣੀ ਹੈ।

ਗੁਰੂ ਗ੍ਰੰਥ ਸਾਹਿਬ ਦੇ ਪਹਿਲੇ 14 ਪੰਨਿਆਂ 'ਤੇ ਨਿਤਨੇਮ (ਮੂਲ ਮੰਤਰ, ਜਪੁ, ਸੋ ਦਰੁ, ਸੋ ਪੁਰਖੁ ਤੇ ਸੋਹਿਲਾ) ਦੀਆਂ ਬਾਣੀਆਂ ਹਨ। ਇਸ ਤੋਂ ਬਾਅਦ ਕਲਮੀ ਰਮਜ਼ਾਂ-3 ੨੩ ਬਾਣੀ ਰਾਗਾਂ ਵਿਚ ਆਰੰਭ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸ਼ੁੱਧ ਰਾਗ ਜਿਵੇਂ ਸਿਰੀ, ਮਾਝ, ਗਉੜੀ ਆਦਿ, ਛਾਇਆ-ਲਗ ਰਾਗ ਜਿਵੇਂ ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਣਿ, ਸੰਕੀਰਨ ਰਾਗ (ਗਉੜੀ ਪੂਰਬੀ ਦੀਪਕੀ) ਤੇ ਪਰਮੇਲ ਪਰਵੇਸ਼ਿਕ ਰਾਗ (ਜੈਜਾਵੰਤੀ) ਸ਼ਾਮਲ ਹਨ। (ਨੋਟ: ਰਾਗਾਂ ਲਈ ਦੇਖੋ ਮੇਰੀ ਕਿਤਾਬ 'ਰਾਗ, ਰੀਤਾਂ ਤੇ ਬਾਣੀਆਂ')।
ਗੁਰੂ ਗ੍ਰੰਥ ਸਾਹਿਬ ਵਿਚ ਮੁੱਖ ਤੌਰ ਤੇ 31 ਰਾਗੁ ਹਨ, ਜਿਹਨਾਂ ਦੇ ਨਾਮ ਹਨ-ਸਿਰੀ, ਮਾਝ, ਗਉੜੀ, ਆਸਾ (ਆਸਾਵਰੀ), ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲੁ, ਗੋਂਡ, ਰਾਮਕਲੀ, ਨਟ ਨਰਾਇਨ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ ਤੇ ਜੈਜਾਵੰਤੀ ਹਨ। ਇਸ ਗ੍ਰੰਥ ਵਿਚ ਗਉੜੀ ਰਾਗੁ ਦੀਆਂ ਗਿਆਰ੍ਹਾਂ ਕਿਸਮਾਂ ਦਿੱਤੀਆਂ ਹਨ- 1. ਗਉੜੀ ਗੁਆਰੇਰੀ 2. ਗਉੜੀ ਦਖਣੀ 3. ਗਉੜੀ ਚੇਤੀ 4. ਗਉੜੀ ਬੈਰਾਗਣਿ 5. ਗਉੜੀ ਦੀਪਕੀ 6. ਗਉੜੀ ਪੂਰਬੀ ਦੀਪਕੀ 7. ਗਉੜੀ ਪੂਰਬੀ 8. ਗਉੜੀ ਮਾਝ 9. ਗਉੜੀ ਮਾਲਵਾ 10. ਗਉੜੀ ਮਾਲਾ 11. ਗਉੜੀ ਸੋਰਠਿ 6 (ਛੇ) ਦਖਣੀ (ਮਿਸ਼ਰਤ) ਰਾਗਾਂ ਨੂੰ ਚੁਣਿਆ ਗਿਆ ਹੈ : 1. ਗਉੜੀ ਦਖਣੀ 2. ਵਡਹੰਸ ਦਖਣੀ 3. ਬਿਲਾਵਲੁ ਦਖਣੀ 4. ਰਾਮਕਲੀ ਦਖਣੀ 5. ਮਾਰੂ ਦਖਣੀ ਤੇ 6. ਰਾਗੁ ਪ੍ਰਭਾਤੀ ਦਖਣੀ। ਰਾਗੁ ਆਸਾ ਤੋਂ ਆਸਾ ਕਾਫੀ, ਆਸਾਵਰੀ ਸੁਗੰਧ, ਆਸਾ ਆਸਾਵਰੀ; ਰਾਗ ਤਿਲੰਗ ਤੋਂ ਤਿਲੰਗ ਕਾਫੀ; ਰਾਗੁ ਸੂਹੀ ਤੋਂ ਸੂਹੀ ਕਾਫੀ ਤੇ ਸੂਹੀ ਲਲਿਤ; ਰਾਗ ਬਿਲਾਵਲੁ ਤੋਂ ਬਿਲਾਵਲੁ ਗੋਂਡ; ਰਾਗ ਮਾਰੂ ਤੋਂ ਮਾਰੂ ਕਾਫੀ, ਰਾਗੁ ਬਸੰਤ ਤੋਂ ਬਸੰਤ ਹਿੰਡੋਲ; ਰਾਗੁ ਕਲਿਆਨ ਤੋਂ ਕਲਿਆਨ ਭੋਪਾਲੀ; ਰਾਗੁ ਪ੍ਰਭਾਤੀ ਤੋਂ ਪ੍ਰਭਾਤੀ ਬਿਭਾਸ ਤੇ ਬਿਭਾਸ ਪ੍ਰਭਾਤੀ-ਬਣੇ ਮਿਸ਼ਰਤ ਰਾਗ ਹਨ।

ਗੁਰਬਾਣੀ ਵਿਚ ਕੇਵਲ ਉਹਨਾਂ ਰਾਗਾਂ ਨੂੰ ਚੁਣਿਆ ਗਿਆ ਹੈ ਜੋ ਸ਼ਾਂਤ ਰਸ ਪੈਦਾ ਕਰਨ। ਗੁਰਬਾਣੀ ਵਿਚ ਰਾਗੁ ਨੂੰ ਪ੍ਰਧਾਨ ਨਹੀਂ ਮੰਨਿਆ ਗਿਆ, ਬਲਕਿ ਸ਼ਬਦ ਨੂੰ ਪ੍ਰਧਾਨ ਮੰਨਿਆ ਹੈ। ਰਾਗ ਨਾਦ ਸਬਦਿ ਸੋਹਣੇ-ਪੰਨਾ 849; ਧੰਨੁ ਸੁ ਰਾਗ ਸੁਰੰਗੜੇ-ਪੰਨਾ 958; ਲਿਖ ਕੇ ਰਾਗਾਂ ਨੂੰ ਵਿਸ਼ੇਸ਼ ਦਰਜਾ ਦਿੱਤਾ ਗਿਆ ਹੈ। ਪਰ 'ਰਾਗ ਰਾਗਨੀ ਡਿੰਬ ਹੋਇ ਬੈਠਾ- ਪੰਨਾ 654', 'ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ- ਪੰਨਾ 849' ਲਿਖ ਕੇ ਕੇਵਲ ਰਾਗਾਂ ਵਿਚ ਗ੍ਰਸਤ ਹੋ ਜਾਣ ਦਾ ਕੋਈ ਲਾਭ ਨਹੀਂ ਦਸਿਆ। ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 1353-1430 ਤੱਕ ਰਾਗ ਰਹਿਤ ਬਾਣੀਆਂ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੀ ਖ਼ਾਸ ਵਿਸ਼ੇਸ਼ਤਾ ਹੈ ਕਿ ਇਸ ਵਿਚ ਲਿਖੀ ਗੁਰੂ ਲੇਖਕਾਂ ਦੀ ਬਾਣੀ, 'ਨਾਨਕ' ਨਾਮ ਹੇਠਾਂ ਰਚੀ ਗਈ ਹੈ-ਤੇ ਇਕ ਖ਼ਾਸ ਤਰਤੀਬ ਵਿਚ ਅੰਕਿਤ ਕੀਤੀ ਗਈ ਹੈ। 'ਰਹਾਉ' ਦੀ ਤੁਕ ਵਿਚ ਸ਼ਬਦ ਦਾ ਸਾਰ ਹੈ। ਸ਼ਬਦ ਦੇ ਸ਼ੁਰੂ ਵਿਚ ਗੁਰੂ-ਜੋਤਿ ਦੀ ਤਰਤੀਬ ਅਨੁਸਾਰ ਮਹਲਾ ਪਹਿਲਾ, ਮਹਲਾ ਦੂਜਾ ਆਦਿ ਲਿਖਿਆ ਗਿਆ ਹੈ। ਗੁਰੂ ਅੰਗਦ ਜੀ ਨੇ ਸ਼ਬਦ ਨਹੀ, ਕੇਵਲ ਸਲੋਕ ਹੀ ਲਿਖੇ ਹਨ ਜੋ ਵਾਰਾਂ ਤੇ ਪਉੜੀਆਂ ਨਾਲ ਜੋੜੇ ਗਏ ਹਨ। ਇਸੇ ਤਰ੍ਹਾਂ ਵਾਰਾਂ ਨੂੰ ਵੀ ਗੁਰੂ ਕ੍ਰਮ ਅਨੁਸਾਰ ਤਰਤੀਬ ਦਿੱਤੀ ਗਈ ਹੈ। ਰਾਗਾਂ ਵਿਚ ਬਾਣੀ ਦੀ ਤਰਤੀਬ ਅਨੁਸਾਰ ਪਹਿਲੇ ਸ਼ਬਦ, ਫਿਰ ਅਸਟਪਦੀਆਂ, ਛੰਤ, ਵਾਰ ਤੇ ਭਗਤਾਂ ਦੀ ਬਾਣੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ 17 ਘਰਾਂ ਦਾ ਜ਼ਿਕਰ ਵੀ ਆਉਂਦਾ ਹੈ। ਵਿਦਵਾਨਾਂ ਅਨੁਸਾਰ 'ਘਰੁ' ਸ਼ਬਦ ਤਾਲ ਨੂੰ ਸੰਬੋਧਨ ਕਰਦਾ ਹੈ ਪਰ ਇਸ ਦੀ ਖੋਜ ਅਜੇ ਬਾਕੀ ਹੈ। ਇਸੇ ਤਰ੍ਹਾਂ ਜਤਿ ਅਤੇ ਪੜਤਾਲ (ਇਕ ਸ਼ਬਦ ਵਿਚ ਅਲੱਗ ਅਲੱਗ ਤਾਲ ਲਗਾਣੇ) ਵੀ ਗੁਰੂ ਸਾਹਿਬ ਦੀ ਦਿੱਤੀ ਗਾਇਨ ਦੀ ਸ਼ੈਲੀ ਹੈ। ਗੁਰੂ ਗ੍ਰੰਥ ਸਾਹਿਬ ਵਿਚ 55 ਪੜਤਾਲਾਂ ਹਨ।

ਰਾਗ, ਤਾਲ, ਲੈਅ ਵਿਚ ਹੋਣ ਕਰਕੇ, ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਨੇ ਭਾਰਤੀ ਰਾਗ ਵਿੱਦਿਆ ਦੇ ਭੰਡਾਰੇ ਵਿਚ ਬਹੁਤ ਵੱਡਾ ਤੇ ਨਵੀਂ ਕਿਸਮ ਦਾ ਯੋਗਦਾਨ ਪਾਇਆ ਹੈ। ਕਈ ਰਾਗ ਗੁਰੂਆਂ ਦੀ ਨਿਰੋਲ ਆਪਣੀ ਕਾਢ ਹਨ।

ਵਿਸ਼ਾ : ਗੁਰੂ ਗ੍ਰੰਥ ਸਾਹਿਬ ਜੀ ਅਧਿਆਤਮਕ ਕਾਵਿ ਦਾ ਸੰਮੇਲਨ ਹੈ। ਇਸ ਦਾ ਪ੍ਰਧਾਨ ਵਿਸ਼ਾ ਸੱਚ ਹੈ। ਮੰਜਲ ਸੱਚ ਆਚਾਰ ਹੈ। ਜੀਵਾਤਮਾ ਦਾ ਪਰਮਾਤਮਾ ਨਾਲ ਮਿਲਾਪ ਕਰਨ ਦਾ ਸਾਧਨ ਹੈ। ਮੁਖ ਵਿਸ਼ੇ ਦੀ ਪੂਰੀ ਤਰ੍ਹਾਂ ਪਕੜ ਅਤੇ ਵਿਸਥਾਰ ਲਈ ਕੁਝ ਸਹਾਇਕ ਵਿਸ਼ਿਆਂ ਦੀ ਵਿਆਖਿਆ ਕੀਤੀ ਗਈ ਹੈ ਜਿਹਨਾਂ ਵਿਚੋਂ ਮੁੱਖ ਵਿਸ਼ੇ ਹੇਠ ਲਿਖੇ ਹਨ; ਪ੍ਰਮਾਤਮਾ, ਨਿਰਗੁਣ-ਸਰਗੁਣ, ਕੁਦਰਤ, ਜੀਵਾਤਮਾ ਜਗਤ ਰਚਨਾ, ਜੀਵਨ ਮਨੋਰਥ, ਜੀਵਨ ਜਾਚ ਪੂਰਬਲੇ ਤੇ ਮੌਜੂਦਾ ਕਰਮ ਗੁਰਮਤਿ-ਮਨਮਤਿ-ਦੁਰਮਤਿ, ਗੁਰਮੁਖ-ਮਨਮੁਖ-ਬੇਮੁਖ ਜੀਵਨ ਦੇ ਚਾਰ ਪਹਿਰ, ਸੰਯੋਗ ਵਿਯੋਗ, ਲੋਕ ਪ੍ਰਲੋਕ, ਆਵਾਗਵਨ ਪਰਵਿਰਤੀ (ਗ੍ਰਹਿਸਤ) ਤੇ ਨਵਿਰਤੀ (ਬ੍ਰਹਮਚਰਯ) ਮਾਰਗ ਇਸਤ੍ਰੀ ਤੇ ਸਾਕ ਸਬੰਧੀ, ਸੰਸਾਰ ਦੀ ਅਨਸਥਿਰਤਾ, ਮੌਤ ਸਹਿਜ ਅਵਸਥਾ, ਵਿਸਮਾਦ, ਪਰਮਪਦ, ਦਸਮ ਦੁਆਰ, ਮੋਖ ਦੁਆਰ ਸ਼ਬਦ, ਸ਼ਬਦ ਗੁਰੂ, ਸਤਿਗੁਰੂ, ਮੂਲ ਮੰਤਰ, ਗੁਰ ਮੰਤਰ ਸੁਰਤ, ਧਿਆਨ, ਭਉ, ਭਾਉ, ਬਿਰਹਾ, ਬੈਰਾਗ, ਪੂਜਾ, ਬੋਲ ਚਾਲ ਮਨ, ਮਾਇਆ, ਰਜਗੁਣ-ਤਮਗੁਣ-ਸਤਗੁਣ, ਗਿਆਨ-ਇੰਦ੍ਰੈ ਸਾਧ ਸੰਗਤ, ਸੇਵਾ, ਸਿਮਰਨ, ਕੀਰਤਨ ਨਾਮ, ਭਾਣਾ, ਹੁਕਮ, ਅਰਦਾਸ, ਬਖਸ਼ਿਸ਼ ਸਤੁ, ਸੰਤੋਖ, ਦਇਆ, ਧਰਮ, ਧੀਰਜ ਸੇਵਕ, ਸੰਤ, ਭਗਤ, ਬ੍ਰਹਮ ਗਿਆਨੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅੰਧਲਾ ਗੁਰੂ, ਕੱਚਾ ਗੁਰੂ, ਭੇਖੀ ਸੰਤ ਕਰਮ ਕਾਂਡ, ਭੇਖ ਤੇ ਅੰਧ-ਵਿਸ਼ਵਾਸ ਗੁਰਾ-ਨਿਗੁਰਾ, ਦਾਨੀ-ਅਕ੍ਰਿਤਘਣ, ਬੰਦਕ-ਨਿੰਦਕ, ਸਾਤਕ-ਸਾਧਕ ਸਚਿਆਰ- ਕੂੜਿਆਰ, ਤੇ ਕਈ ਹੋਰ॥

ਭਾਵੇਂ ਇਸ ਗ੍ਰੰਥ ਦਾ ਮੁੱਢਲਾ ਵਿਸ਼ਾ ਨਿਰੋਲ ਅਧਿਆਤਮਕ ਹੈ, ਫਿਰ ਵੀ ਉਸ ਸਮੇਂ ਦੀ ਆਰਥਿਕ, ਸਮਾਜਿਕ, ਰਾਜਨੀਤਕ ਤੇ ਧਾਰਮਿਕ ਦਸ਼ਾ ਲਈ ਇਹ ਇਕ ਸਾਫ਼ ਦਰਪਨ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੇ ਅਨੁਸਾਰ ਉਸ ਵਕਤ ਦੇਸ਼ ਦੀ ਆਰਥਿਕ ਹਾਲਤ ਬਹੁਤ ਕਮਜ਼ੋਰ ਸੀ। ਮੁਸਲਮਾਨਾਂ ਦੇ ਹਮਲਿਆਂ ਨੇ ਦੇਸ਼ ਦੀ ਹਾਲਤ ਨੂੰ ਖੋਖਲਾ ਕਰ ਦਿੱਤਾ ਸੀ। ਮੁਲਾਂ, ਬ੍ਰਾਹਮਣ ਤੇ ਪੰਡਤ ਧਰਮ ਦੇ ਨਾਮ ਤੇ ਪਰਜਾ ਨੂੰ ਖ਼ੂਬ ਲੁੱਟ ਰਹੇ ਸਨ। ਗੁਰੂ ਤੇ ਪੀਰ ਭਿੱਖਿਆ ਮੰਗਦੇ ਸਨ। ਵੈਸ਼ਨਵ ਨੱਚ ਕੁੱਦ ਕੇ (ਰੋਟੀਆ ਕਾਰਣਿ ਪੂਰਹਿ ਤਾਲ-ਪੰਨਾ 465) ਰੋਜ਼ੀ ਰੋਟੀ ਦਾ ਪ੍ਰਬੰਧ ਕਰਦੇ ਸਨ। ਕਿੱਤਿਆਂ ਅਨੁਸਾਰ, ਵਾਹਕ ਖੇਤੀਬਾੜੀ ਕਰਦੇ ਸਨ ਤੇ ਦਾਲਾਂ, ਚਾਵਲ, ਜਵਾਰ, ਕਪਾਹ, ਗੰਨਾ, ਫਲ ਆਦਿ ਬੀਜਦੇ ਸਨ। ਇਸ ਤੋਂ ਬਿਨਾਂ ਜੁਲਾਹੇ, ਸੁਨਿਆਰ, ਘੁਮਿਆਰ, ਮੋਚੀ, ਛੀਂਬੇ, ਲੁਹਾਰ, ਆਦਿ ਆਪਣੇ ਹੁਨਰ ਅਨੁਸਾਰ ਕੰਮ ਕਰਦੇ ਸਨ। ਇਸ ਗ੍ਰੰਥ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਉਸ ਵਕਤ ਦੀ ਸਮਾਜਿਕ ਹਾਲਤ ਵੀ ਬਹੁਤ ਤਰਸਯੋਗ ਸੀ। ਸਮਾਜ, ਹਿੰਦੂ ਤੇ ਮੁਸਲਮ ਦੋ ਭਾਗਾਂ ਵਿਚ ਵੰਡਿਆ ਹੋਇਆ ਸੀ। ਹਿੰਦੂ ਅੱਗੇ ਚਾਰ ਜਾਤੀਆਂ ਵਿਚ ਵੰਡੇ ਹੋਏ ਸਨ ਤੇ ਮੁਸਲਮਾਨ ਉਹਨਾਂ ਤੇ ਜ਼ੁਲਮ ਕਰਦੇ ਸਨ। ਆਮ ਜਨਤਾ ਮੁਰਦਿਆਂ ਵਾਲਾ ਜੀਵਨ ਜੀਅ ਰਹੀ ਸੀ। ਆਪਣੇ ਜੀਵਨ ਨੂੰ ਕੁਝ ਸੌਖਾ ਕਰਨ ਲਈ, ਹਿੰਦੂ ਧਾਰਮਿਕ ਆਗੂਆਂ ਨੇ ਪਰਜਾ ਸਮੇਤ ਮੁਸਲਮਾਨਾਂ ਅੱਗੇ ਗੋਡੇ ਟੇਕ ਦਿੱਤੇ ਸਨ।

'ਨੀਲ ਵਸਤ੍ਰ ਲੇ ਕਪੜੇ ਪਹਿਰੇ' (ਗੁਰੂ ਗ੍ਰੰਥ ਪੰਨਾ 470) ਜਾਂ 'ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ' (ਗੁਰੂ ਗ੍ਰੰਥ ਪੰਨਾ 472), ਅਨੁਸਾਰ ਧਾਰਮਿਕ ਹਿੰਦੂ ਆਗੂਆਂ ਨੇ ਮੁਸਲਮਾਨਾਂ ਵਾਲਾ ਲਿਬਾਸ ਪਹਿਨਣਾ ਸ਼ੁਰੂ ਕਰ ਦਿੱਤਾ ਸੀ। ਉਹਨਾਂ ਨੇ ਮੁਸਲਮਾਨਾਂ ਦੀ ਬੋਲੀ 'ਬੋਲੀ ਅਵਰ ਤੁਮਾਰੀ' (ਪੰਨਾ 1191), 'ਮਲੇਛ ਭਾਖਿਆ ਗਹੀ' (ਪੰਨਾ 663) ਤੇ ਭੋਜਨ 'ਅਭਾਖਿਆ ਕਾ ਕੁਠਾ ਬਕਰਾ ਖਾਣਾ' (ਪੰਨਾ 472) ਨੂੰ ਅਪਣਾ ਲਿਆ ਸੀ। ਨੀਲ, ਪਾਨ, ਪੋਸਤ, ਸ਼ਰਾਬ ਦਾ ਸੇਵਨ ਹੁੰਦਾ ਸੀ। ਸਮਾਜ ਦੇ ਰੀਤੀ ਰਿਵਾਜ ਹਰ ਵਰਗ ਲਈ ਅਲੱਗ ਅਲੱਗ ਸਨ। ਇਸਤ੍ਰੀਆਂ ਨੂੰ ਜਾਇਦਾਦ ਸਮਝਿਆ ਜਾਂਦਾ ਸੀ ਤੇ ਪਤੀ ਦੀ ਮੌਤ ਤੇ ਉਹਨਾਂ ਨੂੰ ਨਾਲ ਹੀ ਸਾੜ ਦਿੱਤਾ ਜਾਂਦਾ ਸੀ।

ਅਮੀਰ ਵਰਗ ਦੇ ਵਪਾਰੀ, ਊਠ (ਕਰਹਲੇ) ਜਾਂ ਬੇੜੀ ਆਦਿਕ ਰਾਹੀਂ ਸਫ਼ਰ ਕਰ ਕੇ, ਦੂਸਰੇ ਸ਼ਹਿਰਾਂ ਵਿਚ ਜਾਂਦੇ ਸਨ। ਉਹਨਾਂ ਦਾ ਪਹਿਰਾਵਾ ਤੇ ਰਹਿਨ ਸਹਿਨ ਠਾਠ ਵਾਲਾ ਸੀ। 'ਤੁਰੇ ਪਲਾਣੇ ਪਉਣ ਵੇਗ, ਹਰ ਰੰਗੀ ਹਰਮ ਸਵਾਰਿਆ॥' (472) ਅਤੇ 'ਕੋਠੇ ਮੰਡਪ ਮਾੜੀਆਂ, ਲਾਇ ਬੈਠੇ ਕਰਿ ਪਾਸਾਰਿਆ' (472), ਉਹਨਾਂ ਦੇ ਠਾਠ ਬਾਠ ਤੇ ਅਮੀਰੀ ਦੇ ਚਿੰਨ੍ਹ ਸਨ।

ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਉਸ ਵਕਤ ਦਾ ਸਮਾਜ ਧਾਰਮਿਕ ਦਿਖਾਵੇ ਤੇ ਰੀਤੀ ਰਿਵਾਜਾਂ ਵਿਚ ਫਸਿਆ ਹੋਇਆ ਸੀ। ਮੁਸਲਮਾਨ 5 ਸਮੇਂ ਨਿਮਾਜ਼ਾਂ ਤਾਂ ਪੜ੍ਹਦੇ ਸਨ ਪਰ ਅਮਲ ਨਹੀਂ ਸਨ ਕਰਦੇ। ਹਿੰਦੂ (ਮੂਰਖ ਪੰਡਿਤ ਹਿਕਮਤਿ ਹੁਜਤਿ-ਗੁਰੂ ਗ੍ਰੰਥ ਪੰਨਾ 469), ਪਾਠ ਪੂਜਾ, ਹਵਨ ਤੇ ਹੋਰ ਕਰਮ-ਕਾਂਡਾਂ ਵਿਚ ਯਕੀਨ ਰੱਖਦੇ ਸਨ। ਬ੍ਰਾਹਮਣ 'ਧੋਤੀ ਊਜਲ ਤਿਲਕੁ ਗਲਿ ਮਾਲਾ' (ਪੰਨਾ 832), ਪਾ ਕੇ ਪਰਜਾ ਵਿਚ ਕਰਮ ਕਾਂਡ ਤੇ ਅੰਧ ਵਿਸ਼ਵਾਸ਼ ਫੈਲਾ ਰਹੇ ਸਨ।

ਖੱਤਰੀ ਜੋ ਆਪਣੇ ਆਪ ਨੂੰ ਧਰਮ ਦਾ ਰਖਵਾਲਾ ਸਮਝਦੇ ਸਨ, ਆਪਣੀ ਧਰਮ ਮਰਿਆਦਾ ਛੱਡ ਚੁੱਕੇ ਸਨ। ('ਖਤ੍ਰੀਆ ਤ ਧਰਮੁ ਛੋਡਿਆ' ਗੁਰੂ ਗ੍ਰੰਥ ਪੰਨਾ 663)।

ਕਾਜ਼ੀ ਰਿਸ਼ਵਤ ਲੈਂਦਾ ਸੀ, ਝੂਠ ਬੋਲਦਾ ਸੀ, ਬ੍ਰਾਹਮਣ ਛੋਟੀਆਂ ਜਾਤੀਆਂ 'ਤੇ ਜ਼ੁਲਮ ਵੀ ਕਰਦਾ ਸੀ ਤੇ ਆਪਣੇ ਧਾਰਮਿਕ ਕਰਮ, (ਤੀਰਥ ਇਸ਼ਨਾਨ) ਵੀ ਕਰਦਾ ਸੀ। ਜੋਗੀ ਅਕਲੋਂ ਅੰਨ੍ਹਾ ਸੀ, ਜੀਵਨ ਜਾਚ ਤੋਂ ਸੱਖਣਾ ਸੀ। ਇਹ ਤਿੰਨੇ ਧਰਮ ਦੇ ਨੇਤਾ ਸਨ ਪਰ ਅਧਿਆਤਮਿਕ ਪੱਖੋਂ ਖਾਲੀ ਸਨ।
'ਕਾਦੀ ਕੂੜੁ ਬੋਲਿ ਮਲੁ ਖਾਇ। ਬ੍ਰਹਮਣੁ ਨਾਵੈ ਜੀਆ ਘਾਇ।
ਜੋਗੀ ਜੁਗਤਿ ਨ ਜਾਣੈ ਅੰਧੁ। ਤੀਨੇ ਓਜਾੜੇ ਕਾ ਬੰਧੁ'
(ਗੁਰੂ ਗ੍ਰੰਥ ਪੰਨਾ 662)

ਛੋਟੇ ਛੋਟੇ ਅਨੇਕਾਂ ਮੱਤ ਪੈਦਾ ਹੋ ਗਏ ਸਨ ਜਿਵੇਂ ਯੋਗ ਮਤ, ਵੈਸ਼ ਮਤ, ਨਾਥ ਮਤ, ਸਿੱਧ ਮਤ, ਜੈਨ ਮਤ ਆਦਿ। ਪਰ ਉਹ ਵੀ ਕੇਵਲ ਬਾਹਰਲੇ ਭੇਖ ਨੂੰ ਹੀ ਪਾਲ ਰਹੇ ਸਨ। ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈ ਜਗਹ ਉਹਨਾਂ ਦੇ ਭੇਖ ਦੇ ਹਵਾਲੇ ਮਿਲਦੇ ਹਨ-
'ਮਖਟੂ ਹੋਇ ਕੈ ਕੰਨ ਪੜਾਏ' (ਗੁਰੂ ਗ੍ਰੰਥ ਪੰਨਾ 1245)
'ਮੂੰਡ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ'
(ਗੁਰੂ ਗ੍ਰੰਥ ਪੰਨਾ 1013)
'ਬਾਹਰਿ ਭਸਮ ਲੇਪਨ ਕਰੇ' (1243) ਅਥਵਾ 'ਖਿੰਥਾ ਝੋਲੀ ਬਹੁ ਭੇਖ ਕਰੇ'
(ਗੁਰੂ ਗ੍ਰੰਥ ਪੰਨਾ 1243)

ਹਾਲਤ ਐਸੀ ਸੀ ਕਿ 'ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ' (ਗੁਰੂ ਗ੍ਰੰਥ ਪੰਨਾ 468)

ਗੁਰੂ ਗ੍ਰੰਥ ਸਾਹਿਬ ਨੇ ਆਪਣੇ ਅੰਦਰ 12ਵੀਂ ਸਦੀ ਤੋਂ ਲੈ ਕੇ 18ਵੀਂ ਸਦੀ ਤਕ ਦੇ ਇਤਿਹਾਸ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਬਾਬਰ ਵੱਲੋਂ ਕੀਤੇ ਇਤਹਾਸਕ ਹਮਲੇ ਦਾ ਦ੍ਰਿਸ਼ ਰਾਗ ਆਸਾ ਵਿਚ ਬਹੁਤ ਖ਼ੂਬ ਤਰ੍ਹਾਂ ਚਿਤਰਿਆ ਹੋਇਆ ਹੈ।
'ਬਾਬਰਵਾਣੀ ਫਿਰਿ ਗਈ ਕੁਇਰੁ (ਰਾਜਕੁਮਾਰ) ਨ ਰੋਟੀ ਖਾਇ' (ਗੁਰੂ ਗ੍ਰੰਥ ਪੰਨਾ 417)

ਪੰਜਾਬੀ ਵਿਚ ਪਹਿਲੀ ਵਾਰੀ ਇਸ ਦੇਸ਼ ਦਾ ਨਾਮ 'ਹਿੰਦੁਸਤਾਨ' (ਹਿੰਦੁਸਤਾਨ ਡਰਾਇਆ) ਵਰਤਿਆ ਗਿਆ ਹੈ। ਇਸ ਸ਼ਬਦ ਵਿਚ ਉਸ ਵਕਤ ਦੀਆਂ ਰਾਣੀਆਂ ਦੇ ਠਾਠ ਬਾਠ ਦਾ ਪੂਰਾ ਜ਼ਿਕਰ ਹੈ। ਸ਼ਾਦੀ ਵੇਲੇ ਪਾਲਕੀ ਵਿਚ ਬੈਠ ਕੇ ਆਣਾ, ਬਾਹਾਂ ਨੂੰ ਹਾਥੀ ਦੇ ਦੰਦਾਂ ਨਾਲ ਬਣੇ ਚੂੜਿਆਂ ਨਾਲ ਸਜਾਉਣਾ, ਸਹੁਰੇ ਘਰ ਪੈਰ ਰਖਦਿਆਂ ਸ਼ਗਨਾਂ ਦੀ ਭਰਮਾਰ-ਇਹ ਸ਼ਾਹੀ ਤੇ ਰਈਸੀ ਜੀਵਨ ਦਾ ਨਕਸ਼ਾ ਹੈ। ਇਸੇ ਤਰ੍ਹਾਂ ਸੈਦਪੁਰ ਦੀਆਂ ਔਰਤਾਂ ਦਾ ਅਤਿ ਦਰਜੇ ਦਾ ਹੋਇਆ ਬੁਰਾ ਹਾਲ, ਜੰਗ ਦੀ ਕੀਤੀ ਤਬਾਹੀ ਦਾ ਨਕਸ਼ਾ ਖਿਚਿਆ ਹੈ।
'ਮੁਗਲ ਪਠਾਣਾ ਭਈ ਲੜਾਈ, ਰਣ ਮਹਿ ਤੇਗ ਵਗਾਈ।
ਓਨ੍ਹੀ ਤੁਪਕ ਤਾਣਿ ਚਲਾਈ, ਓਨ੍ਹੀ ਹਸਤਿ ਚਿੜਾਈ'
(ਗੁਰੂ ਗ੍ਰੰਥ ਪੰਨਾ 418)

ਇਸ ਗ੍ਰੰਥ ਵਿਚ ਗੁਰੂ ਘਰ ਦੇ ਇਤਿਹਾਸ ਬਾਰੇ ਵੀ ਕੁਝ ਇਸ਼ਾਰੇ ਹਨ ਜਿਵੇਂ ਗੁਰੂ ਨਾਨਕ ਦੇਵ ਜੀ ਦਾ ਆਪਣੇ ਪੁੱਤਰਾਂ, ਭਾਈ ਲਹਿਣਾ ਤੇ ਹੋਰ ਸਿੱਖਾਂ ਨੂੰ ਗੱਦੀ ਦੇਣ ਤੋਂ ਪਹਿਲੇ

**(ਬਾਕੀ ਅਗਲੇ ਸਫੇ 'ਤੇ)**

# ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਮਹਾਨਤਾ

(ਸਫਾ 25 ਦੀ ਬਾਕੀ)

ਪਰਖਣਾ ਅਤੇ ਗੁਰੂ ਅੰਗਦ ਦੇਵ ਜੀ ਵੱਲੋਂ ਖਡੂਰ ਸਾਹਿਬ ਵਸਾਉਣਾ। (ਪੂਰਾ ਸ਼ਬਦ ਗੁਰੂ ਗ੍ਰੰਥ ਪੰਨਾ 967)

- ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ।
- ਗੁਰ ਅੰਗਦ ਦੀ ਦੋਹੀ ਫਿਰੀ, ਸਚੁ ਕਰਤੈ ਬੰਧਿ ਬਹਾਲੀ।

(ਦੋਹੀ ਫਿਰੀ×ਵਡਿਆਈ ਦੀ ਧੁੰਮ ਪੈ ਗਈ)

- ਬਲਵੰਡੁ ਖੀਵੀ ਨੇਕ ਜਨ ਜਿਸ ਬਹੁਤੀ ਛਾਉ ਪ੍ਰਤਾਲੀ।

(ਖੀਵੀ ਗੁਰੂ ਅੰਗਦ ਦੇਵ ਜੀ ਦੀ ਪਤਨੀ)

- ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ।
- ਲਹਣੇ ਧਰਿਓਨੁ ਛਤ੍ਰ ਸਿਰਿ ਅਸਮਾਨਿ ਕਿਆੜਾ ਛਿਕਿਓਨੁ।

(ਲਹਣਾ×ਗੁਰੂ ਅੰਗਦ ਦੇਵ ਦਾ ਪਹਿਲਾ ਨਾਮ)

- ਸਿਖਾਂ ਪੁਤ੍ਰਾਂ ਘੋਖਿ ਕੈ, ਸਭ ਉਮਤਿ ਵੇਖਹੁ ਜਿ ਕਿਓਨੁ।
- ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ।

(ਫੇਰੁਆਣਿ ਫੇਰੂਮਲ ਜੀ ਦੇ ਬੇਟੇ, ਗੁਰੂ ਅੰਗਦ ਦੇਵ ਜੀ ਨੇ)

ਗੁਰੂ ਗ੍ਰੰਥ ਸਾਹਿਬ ਵਿਚ ਉਸ ਵਕਤ ਦੇ ਮਿਥਿਹਾਸ ਜਿਵੇਂ ਧਰਤੀ ਹੇਠਾਂ ਬਲਦ, ਕ੍ਰਿਸ਼ਨ ਦਾ ਗੋਵਰਧਨ ਪਹਾੜ ਨੂੰ ਉਂਗਲ 'ਤੇ ਚੁੱਕਣਾ, ਅਹਿਲਿਆ ਲਈ ਇੰਦਰ ਦਾ ਮਨ ਮੈਲਾ ਹੋ ਜਾਣਾ, (ਗੋਤਮੁ ਤਪਾ ਅਹਿਲਿਆ ਇਸਤ੍ਰੀ, ਤਿਸੁ ਦੇਖਿ ਇੰਦ੍ਰ ਲੁਭਾਇਆ)' ਪੰਨਾ 1344, ਅਤੇ ਹੋਰ ਸ਼ਬਦ ਜਿੰਵੇਂ ਧਰਮਰਾਜ, ਬ੍ਰਹਮਾ, ਵਿਸ਼ਨੂੰ, ਮਹੇਸ਼, ਸ਼ੇਸ਼ਨਾਗ, ਪਾਰਜਾਤ, ਰਾਹੂ, ਕੇਤੂ, ਕਪਲ ਆਦਿ ਦਾ ਜ਼ਿਕਰ ਹੈ।

ਕਾਵਿ-ਭਾਸ਼ਾ: ਗੁਰੂ ਗ੍ਰੰਥ ਸਾਹਿਬ ਜੀ ਬਹੁ-ਭਾਸ਼ਾਈ ਗ੍ਰੰਥ ਹੈ। ਇਸ ਦਾ ਵਿਸਥਾਰ ਬਾਰ੍ਹਵੀਂ ਸਦੀ (ਬਾਬਾ ਫਰੀਦ) ਤੋਂ ਲੈ ਕੇ ਸਤਾਰ੍ਹਵੀਂ ਸਦੀ (ਗੁਰੂ ਤੇਗ਼ ਬਹਾਦਰ ਜੀ) ਤੱਕ ਹੈ। ਇਸ ਦਾ ਖੇਤਰ ਪੂਰਾ ਭਾਰਤ ਹੈ ਸੋ ਇਸ ਦੀ ਭਾਸ਼ਾ ਵਿੱਚ ਵੰਨ ਸੁਵੰਨਤਾ ਹੋਣੀ ਸੁਭਾਵਕ ਹੈ। ਇਸ ਵਿਚ ਸੰਸਕ੍ਰਿਤ, ਫ਼ਾਰਸੀ, ਅਵਧੀ, ਗੁਜਰਾਤੀ, ਮਰਾਠੀ, ਬੰਗਲਾ, ਪ੍ਰਾਕ੍ਰਿਤ, ਅਪ ਭ੍ਰੰਸ਼, ਸੰਤ ਭਾਖਾ, ਲਹਿੰਦੀ ਆਦਿ ਭਾਸ਼ਾਵਾਂ ਸ਼ਾਮਲ ਹਨ। ਹਿੰਦਵੀ, ਅਰਬੀ, ਫ਼ਾਰਸੀ, ਬ੍ਰਿਜ, ਰਾਜਸਥਾਨੀ, ਬੰਗਾਲੀ ਦੇ ਬਹੁਤ ਸਾਰੇ ਸ਼ਬਦ ਤਤਸਮ ਤੇ ਤਦਭਵ, ਦੋਨਾਂ ਰੂਪਾਂ ਵਿਚ ਮਿਲਦੇ ਹਨ।

ਤਤਸਮ ਸ਼ਬਦ ਉਹ ਹੁੰਦੇ ਹਨ, ਜੋ ਕਿਸੇ ਹੋਰ ਭਾਸ਼ਾ ਵਿਚੋਂ ਲਏ ਜਾਂਦੇ ਹਨ ਪਰ ਉਹ ਹਮੇਸ਼ਾਂ ਲਈ ਆਪਣਾ ਸਰੂਪ ਕਾਇਮ ਰਖਦੇ ਹਨ। ਗੁਰਬਾਣੀ ਵਿਚ-
ਸੰਸਕ੍ਰਿਤ ਭਾਸ਼ਾ ਤੋਂ ਲਏ ਤਤਸਮ ਸ਼ਬਦ-ਕਿਰਪਾ, ਕਰੁਣਾ, ਪ੍ਰਸਾਦ, ਅਮ੍ਰਿਤ, ਨਿਰੰਜਨ, ਮਾਰਗ, ਮਨ, ਪਾਂਣ ਆਦਿ ਹਨ। ਇਸੇ ਤਰ੍ਹਾਂ ਫ਼ਾਰਸੀ ਭਾਸ਼ਾ ਤੋਂ ਲਏ ਤਤਸਮ ਸ਼ਬਦਾਂ ਦੀ ਉਦਾਹਰਣ ਅਲਹ, ਅਰਜ, ਖੈਰ, ਗੋਸ, ਕੁਨ, ਕਰੀਮ, ਪਨਹ, ਦਰਵੇਸ ਹਨ। ਇਹਨਾਂ ਦਾ ਸਰੂਪ ਤੇ ਉਚਾਰਨ ਉਹੀ ਹੈ, ਜੋ ਮੁੱਢਲੀ ਭਾਸ਼ਾ ਵਿਚ ਸੀ।

ਤਦਭਵ ਸ਼ਬਦ ਦੂਜੀ ਭਾਸ਼ਾ ਵਿਚ ਜਾ ਕੇ ਆਪਣਾ ਸਰੂਪ ਬਦਲ ਲੈਂਦੇ ਹਨ ਜਿਵੇਂ ਭੈਣ, ਭਰਾ, ਸਿਖ, ਕੋਇਲ, ਲਾਹਾ, ਸੰਤੋਖ, ਕਾਂਖੀ, ਕਾਰਜ-ਸ਼ਬਦਾਂ ਦਾ ਸੰਸਕ੍ਰਿਤ ਵਿਚੋਂ ਆ ਕੇ, ਅਤੇ ਵਖਤ, ਪਰਵਦਗਾਰ, ਦੋਜਕ ਆਦਿ ਸ਼ਬਦਾਂ ਦਾ ਫ਼ਾਰਸੀ ਵਿਚੋਂ ਆ ਕੇ ਬਦਲਿਆ ਰੂਪ ਹੈ। ਗੁਰਬਾਣੀ ਵਿਚ ਆਪਣੇ ਰਾਹ, ਦਰ, ਘਰ, ਮੰਗਣਾ ਪੰਜਾਬੀ ਦੇ ਮੂਲ ਰੂਪ (ਮੂਲਕ, ਮੌਲਕ) ਸ਼ਬਦ ਹਨ।

ਆਮ ਬੋਲੀ ਵਿਚ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਨੂੰ ਗੁਰਮੁਖੀ ਭਾਸ਼ਾ ਆਖ ਦਿੰਦੇ ਹਾਂ ਭਾਵ ਗੁਰੂਆਂ ਦੇ ਮੁਖ ਤੋਂ ਉਚਾਰੀ ਗਈ। ਪਰ ਇਸ ਵਿਚ ਹੋਰ ਭਗਤਾਂ, ਭੱਟਾਂ ਆਦਿ ਦੀ ਬਾਣੀ ਵੀ ਹੈ। ਇਸ ਲਈ ਇਸ ਨੂੰ ਸੰਤ ਭਾਸ਼ਾ, ਸਾਧੂ ਜਾਂ ਸਾਧ ਭਾਸ਼ਾ ਦੇ ਨਾਮ ਵੀ ਦਿੱਤੇ ਗਏ ਹਨ। ਬਾਣੀ ਉਚਾਰਨ ਲੱਗਿਆਂ ਲੋਕਭਾਸ਼ਾ ਨੂੰ ਮੁੱਖ ਰੱਖਿਆ ਹੈ ਤਾਂ ਕਿ ਆਮ ਪੱਧਰ ਦੇ ਲੋਕਾਂ ਨੂੰ ਸਮਝ ਲੱਗ ਸਕੇ। ਇਸੇ ਕਰਕੇ, ਗੁਰਬਾਣੀ ਦੀਆਂ ਤੁਕਾਂ ਆਮ ਮਨੁੱਖ ਦੀ ਜ਼ੁਬਾਨ 'ਤੇ ਇਸ ਤਰ੍ਹਾਂ ਚੜ੍ਹ ਗਈਆਂ ਹਨ ਕਿ ਉਹ ਅਖਾਣ ਤੇ ਮੁਹਾਵਰਿਆਂ ਦੇ ਰੂਪ ਵਿਚ ਵੀ ਵਰਤੀਆਂ ਜਾਂਦੀਆਂ ਹਨ। ਕਾਵਿ-ਭਾਸ਼ਾ ਹੋਣ ਕਰਕੇ ਸੰਜਮ, ਸਰਲਤਾ, ਸੰਖੇਪਤਾ, ਸਪੱਸ਼ਟਤਾ ਤੇ ਲੈਅ ਦਾ ਧਿਆਨ ਰੱਖਿਆ ਗਿਆ ਹੈ। 1 ਤੋਂ ਕਲਪਨਾ ਉਡਾਰੀ ਤੇ ਡੂੰਘੇ ਅਨੁਭਵ ਨੂੰ ਸੋਹਣੇ ਸ਼ਬਦਾਂ ਵਿਚ ਜੜ ਕੇ ਪੇਸ਼ ਕੀਤਾ ਗਿਆ ਹੈ ਪਰ ਵਿਆਕਰਣ ਦੇ ਨਿਯਮਾਂ ਦੀ ਉਲੰਘਣਾ ਫਿਰ ਵੀ ਨਹੀਂ ਕੀਤੀ ਗਈ। ਮਿਠਾਸ, ਕਾਵਿ ਰਸ, ਛੰਦਾਂ ਤੇ ਅਲੰਕਾਰਾਂ ਨਾਲ ਗੁੰਦੀ ਇਹ ਕਾਵਿ-ਕਲਾ ਦਾ ਅਜੇ ਕੋਈ ਸਾਨੀ ਗ੍ਰੰਥ ਨਹੀਂ ਛਪਿਆ।

ਕਾਵਿ-ਰਸ: ਕਾਵਿ-ਰਸ ਦਾ ਸੰਖੇਪ ਅਰਥ ਹੈ, ਕਵਿਤਾ ਨੂੰ ਪੜ੍ਹਨ ਜਾਂ ਸੁਣਨ ਬਾਅਦ ਆਇਆ ਸਵਾਦ। ਹਰ ਕਲਾ ਦਾ ਮੁਖ ਲੱਛਣ, ਰਸ ਦੀ ਉਤਪਤੀ ਕਰਨਾ ਹੁੰਦਾ ਹੈ। ਜਿਸ ਤਰ੍ਹਾਂ ਖਾਣ ਤੋਂ ਬਾਅਦ ਆਏ ਸਵਾਦ ਨੂੰ ਅਸੀਂ ਖੱਟਾ, ਮਿੱਠਾ, ਕੌੜਾ, ਤਿੱਖਾ, ਆਦਿ ਸ਼ਬਦਾਂ ਨਾਲ ਪ੍ਰਗਟ ਕਰ ਸਕਦੇ ਹਾਂ, ਇਸੇ ਤਰ੍ਹਾਂ ਕਵਿਤਾ ਪੜ੍ਹਨ ਜਾਂ ਸੁਣਨ ਤੋਂ ਬਾਅਦ, ਆਏ ਆਤਮਿਕ ਸਵਾਦ ਨੂੰ ਅਸੀਂ ਕਾਵਿ-ਰਸ ਕਹਿੰਦੇ ਹਾਂ। ਰਸਿਕਪ੍ਰਿਯਾ ਅਨੁਸਾਰ ਕਵਿਤਾ ਦੇ ਨੌਂ ਰਸ ਮੰਨੇ ਗਏ ਹਨ।

'ਪ੍ਰਿਥਮ ਸ਼੍ਰਿੰਗਾਰ ਸੁ ਹਾਸਯ ਰਸ ਕਰੁਣਾ ਰੌਦ੍ਰ ਸੁਵੀਰ
ਭਯ ਬੀਭਤਸ ਬਖਾਨੀਯੇ, ਅਦਭੁੱਤ ਸ਼ਾਂਤ ਸੁ ਧੀਰ।'

ਭਾਵ ਸ਼ਿੰਗਾਰ ਰਸ, ਹਾਸ ਰਸ, ਕਰੁਣਾ ਰਸ (ਸ਼ੋਕ), ਰੌਦ੍ਰ ਰਸ (ਕ੍ਰੋਧ), ਬੀਰ ਰਸ (ਉਤਸ਼ਾਹ), ਭਿਆਨਕ ਰਸ (ਭੈਅ), ਵੀਭਤਸ ਰਸ (ਗਲਾਨਿ), ਅਦਭੁਤ ਰਸ (ਹੈਰਾਨੀ) ਅਤੇ ਸ਼ਾਂਤ ਰਸ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਪ੍ਰੇਮ ਰਸ ਤੇ ਸ਼ਾਂਤ ਰਸ ਦੀ ਪ੍ਰਧਾਨਗੀ ਹੈ, ਪਰ ਕਿਸੇ ਵੀ ਹੋਰ ਰਸ ਨੂੰ ਖ਼ਿਆਲੋਂ ਓਹਲੇ ਨਹੀਂ ਕੀਤਾ ਗਿਆ। ਕੁਝ ਉਦਾਹਰਨਾਂ ਹੇਠਾਂ ਹਨ,

ਸ਼ਿੰਗਾਰ ਰਸ: ਤੇਰੇ ਬੰਕੇ ਲੋਇਣ, ਦੰਤ ਰੀਸਾਲਾ (ਪੰਨਾ 567)
ਹਾਸ ਰਸ: ਭੇਡਾ ਵਾਗੀ ਸਿਰੁ ਖੋਹਾਇਨਿ (ਪੰਨਾ 149)
ਕਰੁਣਾ ਰਸ: ਸਜਣ ਮੇਰੇ ਰੰਗੁਲੇ, ਜਾਇ ਸੁਤੇ ਜੀਰਾਣਿ (ਪੰਨਾ 23)
ਰੋਦਰ ਰਸ: ਕੂੜੁ ਰਾਜਾ, ਕੂੜੁ ਪਰਜਾ, ਕੂੜੁ ਸਭੁ ਸੰਸਾਰ (ਪੰਨਾ 468)
ਬੀਰ ਰਸ: ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਉ (ਪੰਨਾ 1105)

ਭਿਆਨਕ ਰਸ: ਖੂਨ ਕੇ ਸੋਹਿਲੇ ਗਾਵੀਅਹਿ ਨਾਨਕ, ਰਤੁ ਕਾ ਕੁੰਗੂ ਪਾਇ ਵੇ ਲਾਲੋ (ਪੰਨਾ 723)

ਬੀਭਤਸ ਰਸ: ਹਰਿ ਕੇ ਨਾਮ ਬਿਨਾ, ਸੁੰਦਰਿ ਹੈ ਨਕਟੀ (ਪੰਨਾ 528)

ਅਦਭੁਤ ਰਸ: ਕੀੜਾ ਥਾਪਿ ਦੇਇ ਪਾਤਿਸਾਹੀ, ਲਸਕਰ ਕਰੇ ਸੁਆਹ (ਪੰਨਾ 144)

ਪ੍ਰੇਮ ਰਸ: ਪਿਰ ਰਤਿਅੜੇ ਮੈਡੇ ਲੋਇਣ, ਮੇਰੇ ਪਿਆਰੇ, ਚਾਤ੍ਰਿਕ ਬੂੰਦ ਜਿਵੈ (ਪੰਨਾ 452)

ਸ਼ਾਂਤ ਰਸ: ਮੁੰਧ ਸਹਜਿ ਸਲੋਨੜੀਏ, ਇਕ ਪ੍ਰੇਮ ਬਿਨੰਤੀ ਰਾਮ (ਪੰਨਾ 436)

ਗੁਰਬਾਣੀ ਵਿਚ ਕਾਵਿ-ਕਲਾ ਦੇ ਸਭ ਰਸ ਮੌਜੂਦ ਹਨ, ਪਰ ਨਾਮ ਰਸ 'ਤੇ ਜ਼ੋਰ ਦਿਤਾ ਗਿਆ ਹੈ।
ਰਸ ਰੂਪ ਰੰਗ ਅਨੰਤ ਬੀਠਲ ਸਾਸਿ ਸਾਸਿ ਧਿਆਇਣਾ॥
(ਗੁਰੂ ਗ੍ਰੰਥ ਪੰਨਾ 925)

ਭਾਵ-ਹੇ ਭਾਈ! ਬੇਅੰਤ ਅਤੇ ਨਿਰਲੇਪ ਪ੍ਰਭੂ ਦਾ ਨਾਮ ਹਰੇਕ ਸਾਹ ਦੇ ਨਾਲ ਜਪਦੇ ਰਹਿਣਾ ਹੀ ਗੁਰਸਿੱਖਾਂ ਵਾਸਤੇ ਦੁਨੀਆ ਦੇ ਰੂਪ ਰਸ ਅਤੇ ਰੰਗਤਮਾਸ਼ ਹਨ।

ਰਹੱਸਵਾਦ: ਗੁਰੂ ਗ੍ਰੰਥ ਸਾਹਿਬ ਜੀ ਦੀ ਕਾਵਿ-ਕਲਾ ਰਹੱਸਵਾਦੀ ਹੈ।

ਰਹੱਸਵਾਦੀ ਕਵਿਤਾ ਉਹ ਹੁੰਦੀ ਹੈ ਜੋ ਆਤਮਕ ਭੇਦਾਂ ਨੂੰ ਠੋਸ ਚਿੰਨ੍ਹਾਂ ਰਾਹੀਂ ਸਮਝਾ ਸਕੇ ਜਿਵੇਂ ਕੰਧੀ ਉਤੇ ਰੁਖੜਾ (ਪੰਨਾ 1382)-ਪਰ ਇਸ ਗ੍ਰੰਥ ਵਿਚ ਗੁਰਮਤ ਰਹੱਸਵਾਦ ਹੈ। ਸੂਫ਼ੀ ਮਤ ਦੇ ਰਹੱਸ ਵਾਂਗ ਇਸ ਵਿਚ ਤਾਅਨੇ ਮਿਹਣੇ ਨਿਹੋਰੇ ਨਹੀਂ ਹਨ।

ਅਲੰਕਾਰ-ਵਿਧਾਨ: ਅਲੰਕਾਰ ਸ਼ਬਦ ਦੀ ਉਤਪਤੀ ਸੰਸਕ੍ਰਿਤ ਸ਼ਬਦ 'ਅਲੰ' ਤੋਂ ਹੋਈ, ਜਿਸ ਤੋਂ ਭਾਵ ਗਹਿਣਾ ਹੈ। ਅਲੰਕਾਰ ਕਵਿਤਾ ਦੇ ਗਹਿਣੇ ਹਨ ਜੋ ਕਿਸੇ ਰਚਨਾ ਦਾ ਸਾਜ-ਸ਼ਿੰਗਾਰ ਬਣਦੇ ਹਨ। ਇਹ ਤਿੰਨ ਕਿਸਮ ਦੇ ਹੁੰਦੇ ਹਨ-
1. ਸ਼ਬਦ ਅਲੰਕਾਰ 2. ਅਰਥ ਅਲੰਕਾਰ 3. ਸ਼ਬਦਾਰਥ ਅਲੰਕਾਰ

ਸ਼ਬਦ ਅਲੰਕਾਰ: ਜੇ ਕਿਸੇ ਰਚਨਾ ਦੀ ਸੁੰਦਰਤਾ, ਸ਼ਬਦਾਂ ਨਾਲ ਸ਼ਿੰਗਾਰੀਸ_ਆਰੀ ਹੋਵੇ ਤਾਂ ਵਰਤੇ ਜਾਣ ਵਾਲੇ ਅਲੰਕਾਰਾਂ ਨੂੰ ਸ਼ਬਦ-ਅਲੰਕਾਰ ਕਹਿੰਦੇ ਹਨ। ਅਨੁਪ੍ਰਾਸ, ਯਮਕ, ਵੀਪਸਾ, ਸਲੇਸ਼, ਚਿੱਤਰ, ਪੁਨਰੁਕਤੀ ਆਦਿ ਅਲੰਕਾਰ ਇਸ ਦੀਆਂ ਉਦਾਹਰਣਾਂ ਹਨ। ਗੁਰੂ ਗ੍ਰੰਥ ਸਾਹਿਬ ਵਿੱਚੋਂ ਸ਼ਬਦ ਅਲੰਕਾਰ ਦੀਆਂ ਕੁਝ ਕੁ ਉਦਾਹਰਣਾਂ ਹੇਠ ਲਿਖੀਆਂ ਹਨ,

ਅਨੁਪ੍ਰਾਸ ਅਲੰਕਾਰ: ਜਦ ਵਰਣਾਂ ਦੀ ਵਾਰ-ਵਾਰ ਇਕ ਹੀ ਕ੍ਰਮ ਵਿਚ ਵਰਤੋਂ ਹੋਵੇ ਤਾਂ ਉਸ ਨੂੰ ਅਨੁਪ੍ਰਾਸ ਅਲੰਕਾਰ ਕਹਿੰਦੇ ਹਨ। ਇਹ ਪੰਜ ਕਿਸਮ ਦੇ ਹੁੰਦੇ ਹਨ : ਛੇਕ, ਵ੍ਰਤੀ, ਛ੍ਰਤੀ, ਲਾਟ ਤੇ ਅੰਤ ਅਨੁਪ੍ਰਾਸ ਅਲੰਕਾਰ 1. ਛੇਕ ਅਨੁਪ੍ਰਾਸ ਅਲੰਕਾਰ: ਇਕੋ ਅੱਖਰ ਕਈ ਵਾਰ ਆਏ,
ਸੋਈ ਸੋਈ ਸਦਾ ਸਚੁ ਸਾਹਿਬੁ, ਸਾਚਾ ਸਾਚੀ ਨਾਈ- ਪੰਨਾ 6 ਤੇ 347
('ਸ' ਦਾ ਦੁਹਰਾ ਛੇਕ ਅਨੁਪ੍ਰਾਸ ਅਲੰਕਾਰ ਹੈ)
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ -ਪੰਨਾ 2
('ਕ' ਦਾ ਦੁਹਰਾ ਛੇਕ ਅਨੁਪ੍ਰਾਸ ਅਲੰਕਾਰ ਹੈ)
2. ਵ੍ਰਤੀ ਅਨੁਪ੍ਰਾਸ ਅਲੰਕਾਰ: ਜਦ ਲੈਅ ਪੈਦਾ ਕਰਦਾ ਅੱਖਰ ਜਾਂ ਅੱਖਰਾਂ ਦਾ ਦੁਹਰਾਅ ਸ਼ਬਦ ਦੇ ਅਖੀਰ ਵਿਚ ਆਵੇ।
'ਦਰਸਨ ਸਰਸਨ ਪਰਸਨ ਹਰਸਨ' -ਪੰਨਾ 404
(ਅੰਤ ਵਿਚ 'ਸਨ' ਦਾ ਦੁਹਰਾ ਵ੍ਰਿਤ ਅਨੁਪ੍ਰਾਸ ਅਲੰਕਾਰ ਹੈ)
3. ਛ੍ਰਤੀ ਅਨੁਪ੍ਰਾਸ ਅਲੰਕਾਰ: ਜਿਸ ਫਿਕਰੇ ਦੇ ਸ਼ਬਦਾਂ ਦਾ ਉਚਾਰਨ (ਸ਼ਰੁਤੀ) ਮੂੰਹ ਦੇ ਇਕੋ ਹਿੱਸੇ ਤੋਂ ਹੋਵੇ।
ਕਾਮੁ ਕ੍ਰੋਧੁ ਕਾਇਆ ਕਉ ਗਾਲੈ -ਪੰਨਾ 932
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ -ਪੰਨਾ 8
4. ਲਾਟ ਅਨੁਪ੍ਰਾਸ ਅਲੰਕਾਰ: ਜਿਸ ਤੁਕ ਵਿਚ ਵਿਸਰਾਮ ਗਲਤ ਜਗ੍ਹਾ ਲਗਾਣ ਨਾਲ ਤੁਕ ਦੇ ਅਰਥ ਬਦਲ ਜਾਣ,
ਅਨਦੁ ਕਰਹੁ ਮਿਲਿ ਸੁੰਦਰ, ਨਾਰੀ -ਪੰਨਾ 806
ਅਨਦੁ ਕਰਹੁ, ਮਿਲਿ ਸੁੰਦਰ ਨਾਰੀ

5. ਅੰਤ ਅਨੁਪ੍ਰਾਸ ਅਲੰਕਾਰ: ਵਾਕ ਦੇ ਅੰਤ ਵਿਚ ਅਲੱਗ ਅਲੱਗ ਸ਼ਬਦਾਂ ਦੇ ਅਖੀਰਲੇ ਅੱਖਰ ਦੀ ਸੁਰ ਦਾ ਮਿਲਣਾ। ਸੁਖਮਨੀ ਸਾਹਿਬ ਜੀ ਦੀ ਪਹਿਲੀ ਪਉੜੀ ਵਿਚ, ਪ੍ਰਭ ਕੈ ਸਿਮਰਨਿ ਗਰਭਿ ਨ ਬਸੈ। ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ। ਪ੍ਰਭ ਕੈ ਸਿਮਰਨਿ ਕਾਲੁ ਪਰਹਰੈ। ਪ੍ਰਭੁ ਕੈ ਸਿਮਰਨਿ ਦੁਸਮਨੁ ਟਰੈ। (ਪੰਨਾ 262)

ਯਮਕ ਅਲੰਕਾਰ: ਇਸ ਵਿਚ ਇਕੋ ਸ਼ਬਦ ਨੂੰ ਇਕ ਤੋਂ ਵੱਧ ਵਾਰ ਵਰਤਿਆ ਜਾਂਦਾ ਹੈ ਪਰ ਹਰ ਥਾਈਂ ਉਸ ਦੇ ਅਰਥ ਵੱਖਰੇ ਹੁੰਦੇ ਹਨ,
ਸੋ ਜੀਵਤ (ਜੀਉਂਦਾ ਹੈ) ਜਿਹ ਜੀਵਤ (ਪ੍ਰਮਾਤਮਾ) ਜਪਿਆ - ਪੰਨਾ 254

ਵੀਪਸਾ ਅਲੰਕਾਰ: ਵੀਪਸਾ ਦਾ ਅਰਥ ਹੈ, ਦੁਹਰਾਉ। ਪ੍ਰੇਮ, ਹੈਰਾਨੀ, ਕ੍ਰੋਧ, ਘ੍ਰਿਣਾ ਆਦਿ ਪ੍ਰਭਾਵਾਂ ਨੂੰ ਪ੍ਰਗਟ ਕਰਨ ਲਈ, ਇਕ ਸ਼ਬਦ ਨੂੰ ਵਾਰ ਵਾਰ ਵਰਤਿਆ ਜਾਵੇ।
ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ -ਪੰਨਾ 279
ਜਾਂ 'ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ' -ਪੰਨਾ 279

ਸਲੇਸ਼ ਅਲੰਕਾਰ: ਸਲੇਸ਼ ਤੋਂ ਭਾਵ ਹੈ ਸੰਯੋਗ। ਇੱਕ ਸ਼ਬਦ ਵਿਚ ਅਨੇਕ ਅਰਥਾਂ ਦਾ ਮੇਲ ਹੋਣਾ ਜਿਵੇਂ, ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ। -ਪੰਨਾ 248

ਅਰਥ ਅਲੰਕਾਰ: ਜਿਹੜੇ ਅਲੰਕਾਰ ਸ਼ਬਦਾਂ ਦੀ ਜਗ੍ਹਾ, ਅਰਥਾਂ 'ਤੇ ਨਿਰਭਰ ਹੁੰਦੇ ਹਨ, ਉਹ ਅਰਥ ਅਲੰਕਾਰ ਕਹਾਉਂਦੇ ਹਨ। ਅਲੰਕਾਰਾਂ ਦੇ ਮੂਲ ਤੱਤਾਂ ਦੇ ਆਧਾਰ 'ਤੇ ਕੀਤਾ ਅਰਥ ਅਲੰਕਾਰਾਂ ਦਾ ਵਰਗੀਕਰਣ ਇਸ ਪ੍ਰਕਾਰ ਹੈ-(ਜ)

ਸਦ੍ਰਿਸ਼ਤਾਮੂਲਕ- ਉਪਮਾ, ਰੂਪਕ, ਦੀਪਕ, ਅਤਿਕਥਨੀ, ਅਰਥ ਸਲੇਸ਼ ਆਦਿ (ਜਜ) ਵਿਰੋਧਮੂਲਕ-ਵਿਰੋਧਾਭਾਸ, ਅਸੰਗਤੀ ਆਦਿ (ਜਜਜ) ਸ੍ਰਿੰਖਾਲਤਮੂਲਕਏ ਕਾਵਲੀ, ਮਾਲਾਦੀਪਕ (ਜਡ) ਨਿਆਇਮੂਲਕ- ਅਨੁਮਾਨ, ਕਾਵਿਲਿੰਗ ਤੇ (ਡ) ਗੂੜ੍ਹਾਰਥ ਪ੍ਰਤੀਤ ਮੂਲਕ (ਗੂੜ੍ਹੇ ਅਰਥ ਵਾਲਾ)- ਸੁਭਾਵ-ਉਕਤੀ, ਵਕ੍ਰੋਕਤੀ ਆਦਿ।

ਗੁਰੂ ਗ੍ਰੰਥ ਸਾਹਿਬ ਵਿਚੋਂ ਅਰਥ ਅਲੰਕਾਰ ਦੀਆਂ ਕੁਝ ਕੁ ਉਦਾਹਰਣਾਂ ਹੇਠ ਲਿਖੀਆਂ ਹਨ।

1. ਉਪਮਾ ਅਲੰਕਾਰ: ਅਲੰਕਾਰ-ਵਿਧਾਨ ਵਿਚ ਉਪਮਾ ਦਾ ਅਰਥ ਹੈ, ਤੁਲਨਾ, ਸਮਾਨਤਾ। ਤੁਲਨਾ ਕਰਦਿਆਂ ਆਮ ਕਰਕੇ ਤੁਕ ਵਿਚ ਜਿਵੇਂ...ਤਿਵੇਂ, ਜੈਸਾ...ਤੈਸਾ, ਜਿਉਂ...ਤਿਉਂ ਦਾ ਪ੍ਰਯੋਗ ਹੁੰਦਾ ਹੈ,
ਇਹੁ ਤਨੁ ਐਸਾ, ਜੈਸੇ ਘਾਸ ਕੀ ਟਾਟੀ।
ਜਲ ਗਇਓ ਘਾਸੁ, ਰਲਿ ਗਇਓ ਮਾਟੀ। -ਪੰਨਾ 794

2. ਰੂਪਕ ਅਲੰਕਾਰ: ਰੂਪਕ ਦੇ ਅੱਖਰੀ ਅਰਥ ਹਨ, ਕਿਸੇ ਜਿਹਾ ਰੂਪ ਧਾਰਣ ਵਾਲਾ। ਜਦ ਉਪਮੇਯ (ਜਿਸ ਦੀ ਤੁਲਨਾ ਕੀਤੀ ਜਾਵੇ) ਅਤੇ ਉਪਮਾਨ (ਜਿਸ ਨਾਲ ਤੁਲਨਾ ਕੀਤੀ ਜਾਵੇ) ਦਾ ਸਾਂਝਾ ਗੁਣ ਉਜਾਗਰ ਕੀਤਾ ਜਾਵੇ।
ਮਨੁ ਹਾਲੀ ਕਿਰਸਾਣੀ ਕਰਣੀ -ਪੰਨਾ 595
ਦਇਆ ਕਪਾਹ ਸੰਤੋਖੁ ਸੂਤੁ -ਪੰਨਾ 471

3. ਦੀਪਕ: ਜਦੋਂ ਇਕ ਕਰਤੇ ਦੀਆਂ ਕਈ ਕ੍ਰਿਆਵਾਂ ਹੋਣ ਜਾਂ ਅਨੇਕ ਕ੍ਰਿਆਵਾਂ ਦਾ ਇਕ ਹੀ ਕਾਰਕ ਹੋਵੇ। ਇਸ ਦੇ ਚਾਰ ਭੇਦ ਹਨ,
ੳ) ਕਾਰਕ ਦੀਪਕ: (ਹਰ ਕਿਰਿਆ ਦਾ ਇਕ ਕਰਤਾ)
ਆਪੇ ਮਾਲੀ ਆਪਿ ਸਭੁ ਸਿੰਚੈ, ਆਪੇ ਹੀ ਮੁਹਿ ਪਾਏ।
ਆਪੇ ਕਰਤਾ ਆਪੇ ਭੁਗਤਾ ਆਪੇ ਦੇਇ ਦਿਵਾਏ। -ਪੰਨਾ 554
ਅ) ਮਾਲਾ ਦੀਪਕ: ਜੇ ਵਾਕ ਵਿਚ ਕੋਈ ਗੱਲ ਕਹਿਣ ਤੋਂ ਬਾਅਦ ਦੁਬਾਰਾ
ਉਸੇ ਸ਼ਬਦ 'ਤੇ ਨਿਰਭਰ ਕਰਦੀ ਦੂਸਰੀ ਗੱਲ ਆਖੀ ਜਾਵੇ,
ਜਲ ਤੇ ਥਲ ਕਰਿ, ਥਲ ਤੇ ਕੂਆ, ਕੂਪ ਤੇ ਮੇਰੁ ਕਰਾਵੈ -ਪੰਨਾ 1252
ੲ) ਆਵ੍ਰਿੱਤਿ ਦੀਪਕ: ਬਾਰ ਬਾਰ ਕਿਸੇ ਸ਼ਬਦ ਜਾਂ ਅਰਥ ਨੂੰ ਪ੍ਰਗਟ ਕਰੇ।

ਇਹ ਦੋ ਤਰ੍ਹਾਂ ਦਾ ਹੈ। ਪਦਾਵ੍ਰਿੱਤਿ ਅਤੇ ਅਰਥ-ਾਵ੍ਰਿੱਤਿ। ਜੇ ਇਕੋ ਪਦ ਵਾਰ ਵਾਰ ਆਵੇ ਤੇ ਅਲੱਗ ਅਲੱਗ ਚੀਜ਼ ਲਈ ਆਵੇ, ਪਦਾਵ੍ਰਿੱਤਿ ਕਹਾਉਂਦਾ ਹੈ ਜਿਵੇਂ
- ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨੁ ਭਾਇਆ। (ਗੂਜਰੀ ਮ: ੫)- ਪੰਨਾ 495
- ਹਰਿ ਮੇਰਾ ਸਿਮ੍ਰਿਤਿ ਹਰਿ ਮੇਰਾ ਸਾਸਤ੍ਰ ਹਰਿ ਮੇਰਾ ਬੰਧਪੁ ਹਰਿ ਮੇਰਾ ਭਾਈ। - ਪੰਨਾ 490

ਜੇ ਵਾਕ ਵਿਚਲੇ ਦੋਨੋਂ ਪਦ ਭਿੰਨ ਹੋਣ ਪਰ ਅਰਥ ਇੱਕੋ ਹੋਵੇ ਤਾਂ ਉਸ ਨੂੰ 'ਅਰਥਾਵ੍ਰਿੱਤਿ' ਦੀਪਕ ਕਹਿੰਦੇ ਹਨ। ਜਿਵੇਂ-
ਨਾ ਕੋ ਮੇਰਾ ਦੁਸਮਨੁ ਰਹਿਆ, ਨਾ ਹਮ ਕਿਸ ਕੇ ਬੈਰਾਈ। -ਪੰਨਾ 671
ਸਭੁ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ। -ਪੰਨਾ 671

ਸ) ਦੇਹਲੀ ਦੀਪਕ: ਜੇ ਇੱਕ ਹੀ ਸ਼ਬਦ ਅਗਲੇ ਤੇ ਪਿਛਲੇ, ਦੋਨਾਂ ਸ਼ਬਦਾਂ ਨੂੰ ਉਜਾਗਰ ਕਰੇ- ਜਿਵੇਂ
ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਗੇ। (ਪੰਨਾ 1321)
ਇਥੇ 'ਕ੍ਰਿਪਾ' ਸ਼ਬਦ, ਕੀਜੈ ਅਤੇ ਨਿਧਾਨ ਦੋਨਾਂ ਨਾਲ ਸੰਬੰਧ ਰੱਖਦਾ ਹੈ, ਕੀਜੈ ਕ੍ਰਿਪਾ, ਕ੍ਰਿਪਾ-ਨਿਧਾਨ।

4. ਅਤਿਕਥਨੀ ਅਲੰਕਾਰ: ਇਸ ਅਲੰਕਾਰ ਵਿਚ ਗੱਲ ਵਧਾ-ਚੜ੍ਹਾਅ ਕੇ ਕੀਤੀ ਜਾਂਦੀ ਹੈ।
ਸੂਰਬੀਰ ਵਰੀਆਮ ਕਿਨੈ ਨ ਹੋੜੀਐ॥
ਫਉਜ ਸਤਾਣੀ ਹਾਠ ਪੰਚਾ ਜੋੜੀਐ॥ -ਪੰਨਾ 522
(ਵਾਰ ਜੈਤਸਰੀ ਮ:5)

5. ਪ੍ਰਸ਼ਨੋਤਰ ਅਲੰਕਾਰ: ਸਵਾਲ ਜਵਾਬ ਨੂੰ ਪ੍ਰਗਟਾਉਣ ਲਈ, ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ। (ਜਪੁ)

6. ਸੰਭਾਵਨਾ ਅਲੰਕਾਰ: ਜਿਸ ਜਗਹ ਕੋਈ ਆਸ ਜਾਂ ਉਮੀਦ ਹੋਵੇ, ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ। -ਪੰਨਾ 1382

7. ਸੁਭਾਵੋਕਤੀ ਅਲੰਕਾਰ: ਕਿਸੇ ਵਸਤੂ ਦੇ ਸੁਭਾਅ ਦਾ ਵਰਨਣ ;
ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ। -ਪੰਨਾ 755
ਬਿਸੀਅਰ ਕਉ ਬਹੁ ਦੂਧੁ ਪੀਆਈਐ,
ਬਿਖੁ ਨਿਕਸੈ ਫੋਲਿ ਫਲੀਠਾ। -ਪੰਨਾ 171

8. ਪ੍ਰੌਢਕਤੀ ਅਲੰਕਾਰ: ਜਦੋਂ ਕਿਸੇ ਵਸਤੂ ਦਾ ਅਸਲੀ ਕਾਰਨ ਦੱਸਣ ਦੀ ਬਜਾਇ, ਕਾਲਪਨਿਕ ਕਾਰਨ ਦੱਸਿਆ ਹੋਵੇ
ਕਾਲੀ ਕੋਇਲ ਤੂ ਕਿਤ ਗੁਨ ਕਾਲੀ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥ ਪੰਨਾ 794

9. ਲਕੋਕਤੀ ਅਲੰਕਾਰ: ਜਦ ਕਿਸੇ ਗੱਲ ਦਾ ਭਾਵ ਸ਼ਪਸ਼ਟ ਕਰਨ ਲਈ ਮੁਹਾਵਰੇ ਜਾਂ ਅਖਾਣ ਦੀ ਵਰਤੋਂ ਕੀਤੀ ਜਾਂਦੀ ਹੈ,
ਮੰਦਾ ਕਿਸੈ ਨ ਆਖਿ ਝਗੜਾ ਪਾਵਣਾ। -ਪੰਨਾ 566

10. ਵਿਰੋਧਾਭਾਸ: ਇਸ ਵਿਚ ਦੇਖਣ ਨੂੰ ਅਸੰਗਤ ਜਾਂ ਵਿਰੋਧਮੂਲਕ ਕਥਨ ਹੁੰਦਾ ਹੈ, ਪਰ ਵਿਚਾਰ ਕਰਨ 'ਤੇ ਉਹ ਵਿਰੋਧ ਨਹੀਂ ਰਹਿੰਦਾ,
ਦੁਖੁ ਦਾਰੂ ਸੁਖੁ ਰੋਗੁ ਭਇਆ। -ਪੰਨਾ 469

ਸ਼ਬਦਾਰਥ ਅਲੰਕਾਰ: ਜਦੋਂ ਕਿਤੇ ਸ਼ਬਦ ਅਲੰਕਾਰ ਤੇ ਅਰਥ ਅਲੰਕਾਰ ਇਕੱਠੇ ਆ ਜਾਣ ਤਾਂ ਸ਼ਬਦਾਰਥ ਅਲੰਕਾਰ ਕਹਿੰਦੇ ਹਨ। ਅਲੰਕਾਰਾਂ ਦੀ ਗਿਣਤੀ ਨਿਸ਼ਚਿਤ ਨਹੀਂ ਹੈ। ਗਿਆਨ ਦੀ ਸੂਖਮਤਾ ਵਧਣ ਦੇ ਨਾਲ ਨਾਲ ਅਲੰਕਾਰਾਂ ਦੀ ਗਿਣਤੀ ਵੀ ਵਧੀ ਜਾ ਰਹੀ ਹੈ। ਅੱਜ ਕੱਲ੍ਹ ਕੋਈ 100 ਕੁ ਅਲੰਕਾਰ ਹੋਂਦ ਵਿਚ ਹਨ ਪਰ ਅਜਿਹਾ ਕੋਈ ਅਲੰਕਾਰ ਨਹੀਂ ਜਿਸ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਿਚ ਨਾ ਕੀਤੀ ਹੋਵੇ। ਇਸ ਤੋਂ ਇਹ ਸਿੱਧ ਹੰਦਾ ਹੈ ਕਿ ਇਸ ਵਿਚਲੀ ਬਾਣੀ ਦੇ ਰਚੇਤਾ ਕਾਵਿ-ਕਲਾ ਦੀ ਡੂੰਘੀ ਸੂਝ ਰੱਖਦੇ ਸਨ।

ਬਿੰਬ-ਵਿਧਾਨ: (ਸ਼ਬਦ-ਚਿੱਤਰ) ਕਾਵਿ-ਕਲਾ ਵਿਚ ਬਿੰਬ ਵਿਧਾਨ ਦਾ ਭਾਵ ਹੈ, ਕਿ ਕਿਸੇ ਰਚਨਾ ਵਿਚ ਰਚਨਹਾਰ, ਆਪਣੀ ਕੀਤੀ ਕਲਪਨਾ ਨੂੰ ਅਜਿਹੇ ਸ਼ਬਦ ਦੇ ਦੇਵੇ ਕਿ ਸਰੋਤਾ ਜਾਂ ਪਾਠਕ ਉਹੀ ਚਿੱਤਰ ਹੂ-ਬ-ਹੂ ਇਉਂ ਦੇਖ ਸਕੇ ਜਿਵੇਂ ਕਿਸੇ ਨਾਟਕ ਵਿਚ ਸੁਚੇਤ ਖੁੱਲ੍ਹੀਆਂ ਅੱਖਾਂ ਨਾਲ ਵੇਖਿਆ ਜਾ ਰਿਹਾ ਹੋਵੇ। ਰੂਪ ਦਾ ਸਬੰਧ ਅੱਖੀਆਂ ਨਾਲ ਹੈ-ਸੋ ਅਜਿਹੇ ਚਿਤ੍ਰ ਨੂੰ ਰੂਪ ਬਿੰਬ ਆਖਿਆ ਜਾਂਦਾ ਹੈ। ਕਾਵਿ ਰਸ ਕੰਨਾਂ, ਨੱਕ, ਜੀਭ ਤੇ ਛੋਹ ਰਾਹੀਂ ਵੀ ਮਾਣਿਆ ਜਾ ਸਕਦਾ ਹੈ-ਉਸੇ ਤਰ੍ਹਾਂ ਬਿੰਬ ਦਾ ਨਾਮ ਪੈ ਜਾਂਦਾ ਹੈ। ਉਦਾਹਰਣ ਵਜੋਂ:
'ਕਲਰ ਕੇਰੀ ਛਪੜੀ, ਕਊਆ ਮਲਿ ਮਲਿ ਨਾਇ' - ਪੰਨਾ 1141 (ਰੂਪ ਬਿੰਬ), ਇਸ ਤੁਕ ਦਾ ਦ੍ਰਿਸ਼, ਅਸੀਂ ਅੱਖੀਆਂ ਮੀਚ ਕੇ ਮਹਿਸੂਸ ਕਰ ਸਕਦੇ ਹਾਂ।
'ਫਰੀਦਾ ਸਕਰ ਖੰਡੁ ਨਿਵਾਤ ਗੁੜੁ, ਮਾਖਿਓ ਮਾਂਝਾ ਦੁਧ' (ਰਸ ਬਿੰਬ), ਤੁਕ ਸਾਡੀ ਜੀਭ 'ਤੇ ਸ਼ੱਕਰ ਦਾ ਮਿੱਠਾ ਸੁਆਦ ਲਿਆ ਦਿੰਦੀ ਹੈ।
'ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ' (ਸਪਰਸ਼ ਬਿੰਬ), ਸਾਨੂੰ ਛੋਹ ਦਾ ਨਜ਼ਾਰਾ ਦਿੰਦੀ ਹੈ।
'ਧੂਪੁ ਮਲਆਨਲੋ, ਪਵਣੁ ਚਵਰੋ ਕਰੇ, ਸਗਲ ਬਨਰਾਇ ਫੂਲੰਤ ਜੋਤੀ -ਪੰਨਾ 13 (ਗੰਧ ਬਿੰਬ) ਇਹ ਤੁਕ, ਸਾਨੂੰ ਮਹਿਕ ਦਾ ਅਨੰਦ ਮਹਿਸੂਸ ਕਰਾਉਂਦੀ ਹੈ।

ਸ਼ਬਦ-ਚਿਤਰਾਂ ਰਾਹੀਂ ਪਾਠਕ ਜਾਂ ਸਰੋਤਾ ਤੇ ਰਚਨਹਾਰ ਇਕੋ ਹੀ ਪੱਧਰ 'ਤੇ ਖੜ੍ਹ ਕੇ, ਕਿਸੇ ਵਸਤੂ ਦਾ ਇਕੋ ਜਿਹਾ ਸਵਾਦ ਮਾਣਦੇ ਇਕ ਦੂਜੇ ਨਾਲ ਇਕਮਿਕ ਹੋ ਜਾਂਦੇ ਹਨ। ਰਚਨਹਾਰ ਦੀ ਰਚਨਾ 'ਤੇ ਪਾਠਕ ਜਾਂ ਸਰੋਤੇ ਦੀ ਪਕੜ ਘੁਟਵੀਂ ਅਤੇ ਕਸਵੀਂ ਹੋ ਜਾਂਦੀ ਹੈ।

ਪ੍ਰਤੀਕ-ਵਿਧਾਨ: ਇਹ ਸਮੂਰਤ ਰਾਹੀਂ ਕਿਸੇ ਅਮੂਰਤ ਨੂੰ ਪ੍ਰਗਟ ਕਰਨ ਦੀ ਕਲਾ ਹੈ। ਅਣਦਿਸਦੇ, ਗ਼ੈਰ ਹਾਜ਼ਰ, ਅਣ-ਮਹਿਸੂਸੇ ਪਦਾਰਥਾਂ ਨੂੰ ਦਰਸਾਉਣ ਲਈ, ਦਿਸਦੇ ਠੋਸ ਪਦਾਰਥਾਂ ਦੀ ਮਦਦ ਲੈਣੀ, ਪ੍ਰਤੀਕ ਦਾ ਕੰਮ ਹੈ। ਪ੍ਰਤੀਕ ਰਾਹੀਂ ਕੋਈ ਵਸਤੂ ਆਪਣੇ ਤੋਂ ਭਿੰਨ ਕਿਸੇ ਦੂਸਰੀ ਵਸਤੂ ਵੱਲ ਇਸ਼ਾਰਾ ਕਰਦੀ ਹੈ। ਪ੍ਰਤੀਕ, ਬਿੰਬ ਦੇ ਵਿੱਚ ਹੁੰਦਾ ਹੈ।
'ਸਾਹੁਰੈ ਢੋਈ ਨਾ ਲਹੈ, ਪੇਈਐ ਨਾਹੀ ਥਾਉ' (1379) ਤੁਕ ਵਿਚ ਸਹੁਰਾ ਪ੍ਰਲੋਕ ਨੂੰ, ਤੇ ਪੇਈਐ ਪੇਕੇ ਘਰ ਨੂੰ ਕਿਹਾ ਗਿਆ ਹੈ।

ਸ਼ੈਲੀ: ਗੁਰੂ ਗ੍ਰੰਥ ਸਾਹਿਬ ਜੀ ਦੀ ਕਾਵਿ-ਸ਼ੈਲੀ ਸੰਗੀਤਕ, ਉਪਦੇਸ਼ਆਤਮਿਕ ਤੇ ਰਹੱਸਮਈ ਹੈ। ਜੋ ਮਿਠਾਸ, ਸ਼ਬਦ-ਚਿਤਰਣ, ਬਿੰਬਾਵਲੀ, ਉਪਭਾਵੁਕਤਾ, ਸੰਗੀਤਕਤਾ ਤੇ ਰਾਗਆਤਮਿਕਤਾ ਨਾਲ ਗੁੰਦੀ ਹੋਈ ਹੈ। ਇਸ ਵਿਚ ਸ਼ਬਦ ਤੱਤ, ਅਰਥ ਤੱਤ, ਭਾਵ ਤੱਤ, ਕਲਪਨਾ ਤੱਤ ਤੇ ਬੁੱਧੀ ਤੱਤ ਦਾ ਸੁਮੇਲ ਹੈ। ਫਿਰ ਵੀ ਸਰਲਤਾ, ਸਾਦਗੀ ਤੇ ਸਪੱਸ਼ਟਤਾ ਦੇ ਗੁਣ ਮੌਜੂਦ ਨੇ। ਸ਼ਬਦ ਚੋਣ, ਸ਼ਬਦਾਂ ਦਾ ਸੰਕੋਚ (ਮਨੁ ਹਾਲੀ, ਕਿਰਸਾਣੀ ਕਰਣੀ, ਸਰਮੁ ਪਾਣੀ, ਤਨੁ ਖੇਤੁ- ਪੰਨਾ 595), ਜਾਂ ਦੁਹਰਾਉ (ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ- ਪੰਨਾ 1137), ਪ੍ਰਸ਼ਨ ਉਤਰ ਵਾਲੀ ਤਰਕੀਬ, ਸਵੈ ਸੰਬੋਧਨੀ ਵਿਧੀ, ਇਤਿਹਾਸਕ, ਮਿਥਿਹਾਸਕ, ਆਰਥਿਕ ਤੇ ਧਾਰਮਿਕ ਜੀਵਨ ਵਿਚੋਂ ਚਿੰਨ੍ਹ ਤੇ ਬਿੰਬ ਚੁਣ ਕੇ, ਦਿਸਦੇ ਜਗਤ ਨੂੰ ਝੂਠਿਆਂ ਸਾਬਤ ਕਰਦੀ ਤੇ ਅਣਦਿਸਦੇ ਲਈ ਬਿਹਬਲਤਾ ਜਾਂ ਮਿਲਾਪ ਦਾ, ਉਸ ਦੀ ਗਲਵਕੜੀ ਦਾ ਤੇ ਸੁਹਾਗ ਸੇਜ ਮਾਣਨ ਦਾ ਅਨੰਦ ਦਰਸਾਉਂਦੀ, ਮਾਨਸ ਤੋਂ ਦੇਵਤੇ ਬਣਾਉਣ ਵਾਲੀ ਸ਼ਕਤੀਸ਼ਾਲੀ ਸ਼ੈਲੀ ਹੈ।

ਕਾਵਿ-ਰੂਪ- ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਕਾਵਿ-ਰੂਪ ਪਰੰਪਰਾਗਤ ਹਨ, ਜੋ ਉਸ ਵਕਤ ਦੇ ਲੋਕ-ਜੀਵਨ, ਪ੍ਰਚਲਤ ਧੁਨੀਆਂ, ਸਮਾਜਿਕ ਰੀਤੀ ਰਿਵਾਜ਼ਾਂ ਅਤੇ ਗਾਏ ਜਾਂਦੇ ਕਾਵਿ-ਰੂਪਾਂ ਦੇ ਆਧਾਰ 'ਤੇ ਚੁਣੇ ਗਏ ਹਨ ਤਾਂ ਕਿ ਪਾਠਕਾਂ ਜਾਂ ਸਰੋਤਿਆਂ ਦੀ ਪਕੜ ਵਿਚ ਆ ਜਾਣ ਤੇ ਉਹਨਾਂ ਦੀ ਰੁਚੀ ਬਣੀ ਰਹੇ। ਉਹ ਇਹਲੋਕਿਕਤਾ ਤੋਂ ਉਪਰ ਉਠ ਪਾਰਲੋਕਿਕਤਾ ਨਾਲ ਵੀ ਸਬੰਧ ਜੋੜਨ। ਸਮਾਜਿਕ ਰਿਸ਼ਤਿਆਂ, ਸਹੁਰਾ ਜਾਂ ਪੇਕਾ ਘਰ, ਕੰਤ, ਖਸਮ, ਕੁਆਰੇ ਹੋਣ, ਵਿਆਹੇ ਹੋਣ ਆਦਿ ਚਿਹਨ

(ਬਾਕੀ ਅਗਲੇ ਸਫੇ 'ਤੇ)

## ਪ੍ਰਿੰ.ਸਤਵੰਤ ਕੌਰ ਕਲੋਟੀ ਦੀ ਦੂਜੀ ਪੁਸਤਕ 'ਦਸ ਦਿਸ਼ਾਵਾਂ ਵਿਚੋਂ ਲੜੀਵਾਰ ਕਿਸ਼ਤ-3

# ਅਣਗੌਲੀਆਂ ਵਿਗਿਆਨਕ ਨਾਇਕਾਵਾਂ



ਪ੍ਰਿੰ. ਸਤਵੰਤ ਕੌਰ ਕਲੋਟੀ

# ਕਾਦੰਬਿਨੀ ਗਾਂਗੁਲੀ (Kadambini Ganguly) (18 ਜੁਲਾਈ, 1861 ਤੋਂ 3 ਅਕਤੂਬਰ, 1923 ਤੱਕ)




**ਜਾਣ-ਪਹਿਚਾਣ:** 18 ਜੁਲਾਈ, 1861 ਨੂੰ ਬਿਹਾਰ ਵਿੱਚ ਜਨਮੀ ਕਾਦੰਬਿਨੀ ਗਾਂਗੁਲੀ (ਜਨਮ ਸਮੇਂ ਕਾਦੰਬਿਨੀ ਬੋਸ) ਭਾਰਤੀ ਮੂਲ ਦੀ ਪਹਿਲੀ ਮਹਿਲਾ ਡਾਕਟਰ ਸੀ ਜਿਸ ਨੂੰ ਭਾਰਤ ਵਿੱਚ ਪੱਛਮੀ ਚਿਕਿਤਸਾ ਨੂੰ ਅਮਲ ਵਿੱਚ ਲਿਆਉਣ ਦਾ ਮੌਕਾ ਹਾਸਿਲ ਹੋਇਆ। ਉਹ (ਚੰਦਰਮੁਖੀ ਬਾਸੂ ਸਮੇਤ) ਬਰਤਾਨਵੀ ਭਾਰਤ ਅਤੇ ਸਮੁੱਚੇ ਬ੍ਰਿਟਿਸ਼ ਸਾਮਰਾਜ ਦੀ ਪਹਿਲੀ ਗ੍ਰੈਜੂਏਟ ਮਹਿਲਾ ਵੀ ਸੀ। ਸੰਨ 1886 ਵਿੱਚ ਉਸ ਨੇ ਕਲਕੱਤਾ ਯੂਨੀਵਰਸਿਟੀ ਤੋਂ ਜੀ.ਐਮ.ਸੀ.ਬੀ. (G.M.C.B.) (Graduate of Medical College of Bengal) ਡਿਗਰੀ ਅਤੇ 1888 ਵਿੱਚ ਫਸਟ ਐਲ. ਐਮ.ਐਸ. (LMS) (First Licentiate in Medicine and Surgery Examination) ਦਾ ਸਰਟੀਫਿਕੇਟ ਹਾਸਿਲ ਕੀਤਾ। ਉਸ ਨੇ ਇੰਗਲੈਂਡ ਤੋਂ ਟ੍ਰਿਪਲ ਡਿਪਲੋਮਾਜ਼: LRCP, LRCS ਅਤੇ LFPS ਹਾਸਿਲ ਕੀਤੇ। ਉਹ ਇੱਕ ਕਾਮਯਾਬ ਅਤੇ ਨਿਪੁੰਨ ਡਾਕਟਰ ਸਾਬਿਤ ਹੋਈ। ਉਸ ਨੇ ਡਾਕਟਰੀ ਦੇ ਨਾਲ-ਨਾਲ ਆਪਣੇ-ਆਪ ਨੂੰ ਸਮਾਜ ਭਲਾਈ ਅਤੇ ਰਾਜਨੀਤਿਕ ਗਤੀਵਿਧੀਆਂ ਨਾਲ ਵੀ ਜੋੜੀ ਰੱਖਿਆ ਅਤੇ ਅਣਥੱਕ ਕਾਰਜ ਕਰਦੀ ਰਹੀ। ਸੰਨ 1889 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਪੰਜਵੇਂ ਅਧਿਵੇਸ਼ਨ ਵਿੱਚ ਛੇ ਔਰਤਾਂ ਸਮੇਤ ਉਸਨੂੰ ਸ਼ਾਮਿਲ ਹੋਣ ਦਾ ਮੌਕਾ ਹਾਸਿਲ ਹੋਇਆ। 1907 ਵਿੱਚ ਉਸ ਨੇ ਟ੍ਰਾਂਸਵਾਲ, ਸਾਊਥ ਅਫ਼ਰੀਕਾ ਦੇ ਏਸ਼ੀਐਟਿਕ ਰਜਿਸਟ੍ਰੇਸ਼ਨ ਐਕਟ (Asiatic Registration Act) ਦਾ ਵਿਰੋਧ ਕੀਤਾ ਅਤੇ ਇਸ ਤੋਂ ਪ੍ਰਭਾਵਿਤ ਹੋਏ ਟ੍ਰਾਂਸਵਾਲ ਦੇ ਭਾਰਤੀਆਂ ਦੀ ਮਦਦ ਲਈ ਧਨ ਇਕੱਠਾ ਕਰਨ ਲਈ 'ਟ੍ਰਾਂਸਵਾਲ ਇੰਡੀਅਨ ਐਸੋਸੀਏਸ਼ਨ' ਬਣਾਈ ਜਿਸ ਦੀ ਉਹ ਪ੍ਰੈਜ਼ੀਡੈਂਟ ਬਣੀ। 1992 ਈ. ਵਿੱਚ ਬੰਗਾਲ, ਬਿਹਾਰ ਅਤੇ ਉੜੀਸਾ ਦੀਆਂ ਮਜ਼ਦੂਰ ਔਰਤਾਂ ਦੀ ਸਥਿਤੀ ਨੂੰ ਜਾਨਣ ਲਈ ਸਰਕਾਰ ਦੁਆਰਾ ਗਠਿਤ ਕਮੇਟੀ ਦੀ ਉਹ ਮੈਂਬਰ ਨਾਮਜ਼ਦ ਹੋਈ ਤੇ ਕਵਿੱਤਰੀ ਕਾਮਨੀ ਰਾਏ ਨਾਲ ਬਿਹਾਰ ਅਤੇ ਉੜੀਸਾ ਦੀਆਂ ਕੋਇਲੇ ਦੀਆਂ ਖਾਣਾਂ ਵਿੱਚ ਕੰਮ ਕਰਦੀਆਂ ਮਜ਼ਦੂਰ ਔਰਤਾਂ ਦੀ ਹਾਲਤ ਦਾ ਜਾਇਜ਼ਾ ਲੈਣ ਵੀ ਗਈ। ਸਮਾਜਿਕ ਭਲਾਈ ਅਤੇ ਰਾਜਨੀਤਿਕ ਗਤੀਵਿਧੀਆਂ ਵਿੱਚ ਰੁੱਝੀ ਰਹਿਣ ਦੇ ਨਾਲ-ਨਾਲ ਉਹ ਆਖ਼ਰੀ ਦਮ ਤੱਕ ਡਾਕਟਰੀ ਪੇਸ਼ੇ ਨੂੰ ਸਮਰਪਿਤ ਰਹੀ। 3 ਅਕਤੂਬਰ, 1923 ਵਾਲੇ ਦਿਨ ਆਪਣਾ ਆਖ਼ਰੀ ਸਾਹ ਲੈਣ ਤੋਂ ਪਹਿਲਾਂ ਵੀ ਉਹ ਮਰੀਜ਼ ਨੂੰ ਦੇਖ ਕੇ ਆਈ ਸੀ।



# ਪੱਛਮੀ ਚਿਕਿਤਸਾ ਨੂੰ ਅਮਲੀ ਜਾਮਾ ਪਹਿਨਾਉਣ ਵਾਲੀ ਪਹਿਲੀ ਭਾਰਤੀ ਮਹਿਲਾ ਡਾਕਟਰ -ਕਾਦੰਬਿਨੀ ਗਾਂਗੁਲੀ

ਕਾਦੰਬਿਨੀ ਦਾ ਜਨਮ 18 ਜੁਲਾਈ, 1861 ਨੂੰ ਬਿਹਾਰ ਵਿੱਚ ਭਾਗਲਪੁਰ ਵਿਖੇ ਇੱਕ ਬ੍ਰਹਮੋ' ਪਰਿਵਾਰ ਵਿੱਚ ਹੋਇਆ। ਇਸ ਪਰਿਵਾਰ ਦਾ ਪਿਛੋਕੜ ਬੰਗਾਲ ਦੇ ਜਿਲ੍ਹੇ ਬਾਰੀਸਾਲ ਦੇ ਪਿੰਡ ਚੰਦਸੀ ਵਿੱਚ ਸੀ, ਜੋ ਇਸ ਸਮੇਂ ਬੰਗਲਾਦੇਸ਼ ਵਿੱਚ ਹੈ। ਉਸ ਦੇ ਪਿਤਾ ਦਾ ਨਾਂ ਬ੍ਰਿਜ ਕਿਸ਼ੋਰ ਬੋਸ ਸੀ ਜੋ ਭਾਗਲਪੁਰ ਦੇ ਇੱਕ ਸਕੂਲ ਦਾ ਮੁੱਖ ਅਧਿਆਪਕ ਸੀ। ਉਹ ਇੱਕ ਬ੍ਰਹਮੋ ਸੁਧਾਰਕ ਸੀ ਜੋ ਮਹਿਲਾ ਸਿੱਖਿਆ ਦਾ ਇੱਕ ਜੋਸ਼ੀਲਾ ਸਮਰਥਕ ਸੀ। ਉਸ ਨੇ ਅਭੈ ਚਰਨ ਮਲਿਕ ਨਾਲ ਮਿਲ ਕੇ ਭਾਗਲਪੁਰ ਵਿੱਚ ਇਸਤਰੀਆਂ ਨੂੰ ਖੁੱਲ੍ਹ ਦਿਵਾਉਣ ਲਈ ਮੁਹਿੰਮ ਆਰੰਭੀ। 1863 ਵਿੱਚ ਉਸ ਨੇ ਭਾਰਤ ਦੀ ਪਹਿਲੀ ਮਹਿਲਾ ਆਰਗੇਨਾਈਜੇਸ਼ਨ ਭਾਗਲਪੁਰ ਮਹਿਲਾ ਸਮਿਤੀ ਦੀ ਸਥਾਪਨਾ ਕੀਤੀ।

ਸ਼ੁਰੂਆਤੀ ਪੜ੍ਹਾਈ ਕਾਦੰਬਿਨੀ ਨੇ ਬ੍ਰਹਮੋ ਐਡਨ ਫੀਮੇਲ ਸਕੂਲ ਢਾਕਾ (Brahmo Eden Female School, Dhaka) ਤੋਂ ਅੰਗਰੇਜ਼ੀ ਵਿੱਚ ਕੀਤੀ। ਇਸ ਤੋਂ ਬਾਅਦ ਉਸ ਨੇ ਹਿੰਦੂ ਮਹਿਲਾ ਵਿਦਿਆਲਿਆ, ਬਾਲੀਗੰਜ, ਕਲਕੱਤਾ ਵਿਖੇ ਦਾਖ਼ਲਾ ਲੈ ਲਿਆ ਜਿਸ ਦਾ ਨਾਂ 1876 ਈ. ਵਿੱਚ ਬਦਲ ਕੇ ਬੰਗ ਮਹਿਲਾ ਵਿਦਿਆਲਿਆ ਰੱਖ ਦਿੱਤਾ ਗਿਆ। 1878 ਈ. ਵਿੱਚ ਇਹ ਸਕੂਲ ਬੇਥੁਨ ਸਕੂਲ ਵਿੱਚ ਮਿਲਾ ਦਿੱਤਾ ਗਿਆ। ਬਾਅਦ ਵਿੱਚ ਇਸ ਸਕੂਲ ਵਿੱਚ ਕਾਲਜ ਦੀਆਂ ਕਲਾਸਾਂ ਵੀ ਸ਼ੁਰੂ ਕਰ ਦਿੱਤੀਆਂ ਗਈਆਂ। ਦਵਾਰਕਾਨਾਥ ਗਾਂਗੁਲੀ ਜੋ ਕਿ ਇੱਕ ਕੱਟੜ ਬ੍ਰਹਮੋ ਸਮਾਜੀ ਸੀ ਅਤੇ ਮਹਿਲਾ ਮੁਕਤੀ ਲਈ ਮੁਹਿੰਮ ਦਾ ਇੱਕ ਸਰਗਰਮ ਸਮਰਥਕ ਸੀ, ਬੇਥੁਨ ਸਕੂਲ ਵਿੱਚ ਕਾਦੰਬਿਨੀ ਦਾ ਉਸਤਾਦ ਸੀ। ਬਾਅਦ ਵਿੱਚ ਉਸ ਦਾ ਵਿਆਹ ਕਾਦੰਬਿਨੀ ਨਾਲ ਹੋਇਆ।



ਕਾਦੰਬਿਨੀ ਗਾਂਗੁਲੀ ਦਾ ਪਤੀ ਅਤੇ ਬ੍ਰਹਮੋ ਸਮਾਜ ਸੁਧਾਰਕ ਦਵਾਰਕਾ ਨਾਥ ਗਾਂਗੁਲੀ

ਸਕੂਲ ਦੀ ਪੜ੍ਹਾਈ ਖ਼ਤਮ ਕਰਕੇ ਜਦ ਕਾਦੰਬਿਨੀ ਯੂਨੀਵਰਸਿਟੀ ਵਿੱਚ ਦਾਖ਼ਲਾ ਲੈਣ ਦੇ ਯੋਗ ਹੋਈ, ਉਦੋਂ ਤੱਕ ਕਲਕੱਤਾ ਯੂਨੀਵਰਸਿਟੀ ਨੇ ਅਜੇ ਮਹਿਲਾਵਾਂ ਨੂੰ ਦਾਖ਼ਲਾ ਦੇਣਾ ਸ਼ੁਰੂ ਨਹੀਂ ਕੀਤਾ ਸੀ। ਵਰਣਨਯੋਗ ਹੈ ਕਿ ਸੰਨ 1877 ਤੋਂ ਪਹਿਲਾਂ ਭਾਰਤ ਅਤੇ ਇੰਗਲੈਂਡ ਦੋਵਾਂ ਦੇਸ਼ਾਂ ਵਿੱਚ ਹੀ ਮਹਿਲਾਵਾਂ ਯੂਨੀਵਰਸਿਟੀ ਦੀ ਪੜ੍ਹਾਈ ਤੋਂ ਵਾਂਝੀਆਂ ਰਹਿੰਦੀਆਂ ਸਨ। ਯੂਨੀਵਰਸਿਟੀ ਆਫ਼ ਲੰਦਨ ਸੰਨ 1878 ਵਿੱਚ ਮਹਿਲਾਵਾਂ ਨੂੰ ਡਿਗਰੀਆਂ ਵਿੱਚ ਦਾਖ਼ਲਾ ਦੇਣ ਵਾਲੀ ਇੰਗਲੈਂਡ ਦੀ ਪਹਿਲੀ ਯੂਨੀਵਰਸਿਟੀ ਬਣੀ ਜਦ ਕਿ ਆਕਸਫੋਰਡ ਯੂਨੀਵਰਸਿਟੀ ਨੇ 1879 ਵਿੱਚ ਮਹਿਲਾਵਾਂ ਨੂੰ ਦਾਖ਼ਲਾ ਦੇਣਾ ਸ਼ੁਰੂ ਕੀਤਾ।

ਦੇਹਰਾਦੂਨ ਤੋਂ ਇੱਕ ਹੋਰ ਬੰਗਾਲਣ ਈਸਾਈ ਲੜਕੀ ਚੰਦਰਮੁਖੀ ਬਾਸੂ ਨੇ ਵੀ ਕਲਕੱਤਾ ਯੂਨੀਵਰਸਿਟੀ ਦੀ ਪ੍ਰਵੇਸ਼ ਪ੍ਰੀਖਿਆ ਵਿੱਚ ਬੈਠਣ ਦੀ ਇਜਾਜ਼ਤ ਲੈਣ ਲਈ ਅਰਜ਼ੀ ਦਿੱਤੀ। ਦਵਾਰਕਾਨਾਥ ਨੇ ਕਲਕੱਤਾ ਯੂਨੀਵਰਸਿਟੀ ਤੋਂ ਔਰਤਾਂ ਲਈ ਇਹ ਇਜਾਜ਼ਤ ਲੈਣ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਦਿੱਤਾ ਅਤੇ ਸਫ਼ਲਤਾ ਵੀ ਹਾਸਿਲ ਕੀਤੀ। 1877 ਈ. ਵਿੱਚ ਕਾਦੰਬਿਨੀ ਬਾਸੂ ਅਤੇ ਇੱਕ ਹੋਰ ਕੁੜੀ ਸਰਲਾ ਦਾਸ (ਦੁਰਗਾ ਮੋਹਨ ਦਾਸ ਦੀ ਸਪੁੱਤਰੀ) ਨੂੰ ਕਲਕੱਤਾ ਯੂਨੀਵਰਸਿਟੀ ਦੀ ਪ੍ਰਵੇਸ਼ ਪ੍ਰੀਖਿਆ ਵਿੱਚ ਬੈਠਣ ਦੀ ਇਜਾਜ਼ਤ ਮਿਲ ਗਈ।

1878 ਈ. ਵਿੱਚ ਕੇਵਲ ਕਾਦੰਬਿਨੀ ਹੀ ਪ੍ਰਵੇਸ਼ ਪ੍ਰੀਖਿਆ ਵਿੱਚ ਬੈਠੀ ਅਤੇ ਉਸ ਨੇ ਇਹ ਪ੍ਰੀਖਿਆ ਦੂਜੇ ਦਰਜੇ ਵਿੱਚ ਪਾਸ ਕੀਤੀ। ਉਹ ਇਕ ਅੰਕ ਉੱਤੇ ਪਹਿਲਾ ਦਰਜਾ ਹਾਸਿਲ ਕਰਨ ਤੋਂ ਰਹਿ ਗਈ। ਸਰਲਾ ਦਾ ਵਿਆਹ ਪ੍ਰਸੰਨ ਕੁਮਾਰ ਰੋਅ, ਜੋ ਕਿ ਪ੍ਰੈਜ਼ੀਡੈਂਸੀ ਕਾਲਜ ਕਲੱਕਤਾ ਦਾ ਪਹਿਲਾ ਭਾਰਤੀ ਪ੍ਰਿੰਸੀਪਲ ਸੀ ਨਾਲ ਹੋ ਗਿਆ ਅਤੇ ਉਹ ਪ੍ਰਵੇਸ਼ ਪ੍ਰੀਖਿਆ ਵਿੱਚ ਨਹੀਂ ਬੈਠੀ। ਜੂਨੀਅਰ ਬੋਰਡ ਆਫ਼ ਐਗਜ਼ਾਮੀਨਰਜ਼ ਨੇ ਐਲਾਨ ਕੀਤਾ ਕਿ ਚੰਦਰਮੁਖੀ ਬਾਸੂ ਨੇ ਯੂਨੀਵਰਸਿਟੀ ਵਿੱਚ ਪ੍ਰਵੇਸ਼ ਲਈ ਲੋੜੀਂਦਾ ਮਿਆਰ 1877 ਦੀ ਪ੍ਰੀਖਿਆ ਵਿੱਚ ਹੀ ਹਾਸਿਲ ਕਰ ਲਿਆ ਸੀ। ਇਸ ਤਰ੍ਹਾਂ ਕਾਦੰਬਿਨੀ 1878 ਈ. ਵਿੱਚ ਕਲਕੱਤਾ ਯੂਨੀਵਰਸਿਟੀ ਦੀ ਪ੍ਰਵੇਸ਼ ਪ੍ਰੀਖਿਆ ਪਾਸ ਕਰਨ ਵਾਲੀ ਪਹਿਲੀ ਮਹਿਲਾ ਬਣ ਗਈ।

ਬੇਥੁਨ ਕਾਲਜ ਵਿਚ ਐੱਫ.ਏ. (First Arts) (F.A.) ਅਤੇ ਗ੍ਰੈਜੂਏਸ਼ਨ ਕੋਰਸ ਆਰੰਭ ਕਰਵਾਉਣ ਵਿੱਚ ਕਿਸੇ ਹੱਦ ਤੱਕ ਕਾਦੰਬਿਨੀ ਦੀਆਂ ਕੋਸ਼ਿਸ਼ਾਂ ਦਾ ਵੀ ਯੋਗਦਾਨ ਰਿਹਾ। ਉਸਨੇ ਬੇਥੁਨ ਸਕੂਲ ਅੰਦਰ ਕਾਲਜ ਦੀ ਕਲਾਸ ਵਿੱਚ ਦਾਖ਼ਲਾ ਲੈ ਲਿਆ ਜਦ ਕਿ ਚੰਦਰਮੁਖੀ ਕਲਕੱਤਾ ਦੇ ਫਰੀ ਚਰਚ ਇੰਸਟੀਚਿਊਸ਼ਨ, ਜੋ ਹੁਣ ਸਕਾਟਿਸ਼ ਚਰਚ ਕਾਲਜ ਹੈ, ਵਿੱਚ ਪੜ੍ਹਨ ਲੱਗੀ। ਇਸ ਤਰ੍ਹਾਂ 1880 ਈ. ਵਿੱਚ ਦੋਵਾਂ ਨੇ ਫਰਸਟ ਆਰਟਸ ਦੀ ਪ੍ਰੀਖਿਆ ਕਲਕੱਤਾ ਯੂਨੀਵਰਸਿਟੀ ਤੋਂ ਪਾਸ ਕਰ ਲਈ।

ਹੁਣ ਕਾਦੰਬਿਨੀ ਕਲਕੱਤਾ ਮੈਡੀਕਲ ਕਾਲਜ ਵਿੱਚ ਦਾਖ਼ਲਾ ਲੈਣਾ ਚਾਹੁੰਦੀ ਸੀ, ਪ੍ਰੰਤੂ ਉਦੋਂ ਤੱਕ ਇਸ ਕਾਲਜ ਦੇ ਦਰਵਾਜ਼ੇ ਅਜੇ ਮਹਿਲਾਵਾਂ ਲਈ ਨਹੀਂ ਖੁੱਲ੍ਹੇ ਸਨ। ਉਸ ਨੇ ਅਤੇ ਚੰਦਰਮੁਖੀ ਦੋਵਾਂ ਨੇ ਬੇਥੁਨ ਕਾਲਜ ਵਿੱਚ ਗ੍ਰੈਜੂਏਸ਼ਨ ਕਰਨ ਲਈ ਦਾਖ਼ਲਾ ਲੈ ਲਿਆ ਅਤੇ 1882 ਈ. ਵਿੱਚ ਬੀ.ਏ. ਪਾਸ ਕਰ ਲਈ। 1883 ਈ. ਵਿੱਚ ਕਾਨਵੋਕੇਸ਼ਨ ਤੇ ਉਨ੍ਹਾਂ ਨੇ ਡਿਗਰੀਆਂ ਹਾਸਿਲ ਕੀਤੀਆਂ। ਇਸ ਤਰ੍ਹਾਂ 1883 ਈ. ਵਿੱਚ ਕਾਦੰਬਿਨੀ ਬੋਸ ਅਤੇ ਚੰਦਰਮੁਖੀ ਬਾਸੂ ਦੋਵੇਂ ਬੇਥੁਨ ਕਾਲਜ ਵਿੱਚ ਪੜ੍ਹ ਕੇ ਕਲਕੱਤਾ ਯੂਨੀਵਰਸਿਟੀ ਤੋਂ ਬੀ.ਏ. ਦੀ ਡਿਗਰੀ ਹਾਸਿਲ ਕਰਕੇ ਭਾਰਤ ਦੀਆਂ ਅਤੇ ਸਮੁੱਚੇ ਬ੍ਰਿਟਿਸ਼ ਸਾਮਰਾਜ ਦੀਆਂ ਪਹਿਲੀਆਂ ਮਹਿਲਾ ਗ੍ਰੈਜੂਏਟ ਬਣ ਗਈਆਂ। ਭਾਵੇਂ ਕਾਦੰਬਿਨੀ ਅਤੇ ਚੰਦਰਮੁਖੀ ਦੋਵਾਂ ਨੇ ਇੱਕੋ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ ਸੀ ਪ੍ਰੰਤੂ ਚੰਦਰਮੁਖੀ ਨਾਲ ਵਰਤਾਅ ਕਾਦੰਬਿਨੀ ਨਾਲੋਂ ਭਿੰਨ ਸੀ। ਉਸ ਦੇ ਈਸਾਈ ਹੋਣ ਕਾਰਣ ਉਸ ਵਾਸਤੇ ਕਈ ਚੀਜ਼ਾਂ ਵਧੇਰੇ ਆਸਾਨ ਕੀਤੀਆਂ ਗਈਆਂ ਸਨ। 1883 ਵਿੱਚ ਹੀ 22 ਸਾਲਾ ਕਾਦੰਬਿਨੀ ਦੀ ਸ਼ਾਦੀ ਉਸ ਦੇ 39 ਸਾਲਾ ਅਧਿਆਪਕ ਦਵਾਰਕਾਨਾਥ ਗਾਂਗੁਲੀ ਨਾਲ ਹੋ ਗਈ ਜਿਸ ਦੀ ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਸੀ ਅਤੇ ਪਹਿਲੀ ਪਤਨੀ ਤੋਂ ਉਸ ਦੇ ਤਿੰਨ ਬੱਚੇ ਸਨ।

ਉਦੋਂ ਤੱਕ ਵੀ ਕਲਕੱਤਾ ਮੈਡੀਕਲ ਕਾਲਜ ਨੇ ਅਜੇ ਔਰਤਾਂ ਨੂੰ ਦਾਖ਼ਲਾ ਦੇਣਾ ਸ਼ੁਰੂ ਨਹੀਂ ਕੀਤਾ ਸੀ। ਦਵਾਰਕਾਨਾਥ ਨੇ ਉਸ ਨੂੰ ਦਾਖ਼ਲਾ ਦਿਵਾਉਣ ਲਈ ਕਾਫ਼ੀ ਜੱਦੋ-ਜਹਿਦ ਕੀਤੀ ਅਤੇ ਅੰਤ ਸਫ਼ਲਤਾ ਹਾਸਿਲ ਕੀਤੀ। ਇਸ ਤਰ੍ਹਾਂ 1884 ਈ. ਵਿੱਚ ਕਾਦੰਬਿਨੀ ਕਲਕੱਤਾ ਮੈਡੀਕਲ ਕਾਲਜ ਵਿੱਚ ਦਾਖ਼ਲਾ ਲੈਣ ਵਾਲੀ ਪਹਿਲੀ ਮਹਿਲਾ ਬਣ ਗਈ। ਆਉਂਦੇ ਸਾਲ ਸਰਕਾਰ ਨੇ ਉਸ ਨੂੰ 20 ਰੁਪਏ ਪ੍ਰਤੀ ਮਹੀਨਾ ਵਜੀਫ਼ਾ ਲਗਾ ਦਿੱਤਾ।

ਮੈਡੀਕਲ ਕਾਲਜ ਵਿੱਚ ਕਾਦੰਬਿਨੀ ਦਾ ਦਾਖ਼ਲਾ ਬ੍ਰਹਮੋ ਸਮਾਜ ਅਤੇ ਹਿੰਦੂ ਲੋਕਾਂ, ਦੋਵਾਂ ਲਈ ਹੀ ਬਰਦਾਸ਼ਤ ਤੋਂ ਬਾਹਰ ਸੀ।ਕਈਆਂ ਨੂੰ ਤਾਂ ਉਸ ਦੀ ਦੁਹਾਜੂ (ਦਵਾਰਕਾਨਾਥ ਗਾਂਗੁਲੀ) ਨਾਲ ਸ਼ਾਦੀ ਵੀ ਮਨਜ਼ੂਰ ਨਹੀਂ ਸੀ।1886 ਈ. ਵਿੱਚ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਡਾ. ਜੇ. ਐਮ. ਕੋਟਸ ਦੁਆਰਾ ਉਸ ਨੂੰ G.M.C.B. (Graduate of Medical College of Bengal) ਦੀ ਡਿਗਰੀ ਪ੍ਰਦਾਨ ਕੀਤੀ ਗਈ ਜਿਸ ਨਾਲ ਉਸ ਨੂੰ ਪ੍ਰਾਈਵੇਟ ਪ੍ਰੈਕਟਿਸ ਕਰਨ ਦਾ ਹੱਕ ਹਾਸਿਲ ਹੋ ਗਿਆ। ਕਲਕੱਤਾ ਮੈਡੀਕਲ ਕਾਲਜ ਦੇ ਪ੍ਰੋਫ਼ੈਸਰ ਵੀ ਉਸ ਦੇ ਮੈਡੀਕਲ ਕਾਲਜ ਵਿੱਚ ਪੜ੍ਹਨ ਤੋਂ ਨਾਖੁਸ਼ ਸਨ। ਇਨ੍ਹਾਂ ਸਭ ਪ੍ਰੇਸ਼ਾਨੀਆਂ ਦੇ ਬਾਵਜੂਦ ਉਸ ਨੇ ਪੜ੍ਹਾਈ ਜਾਰੀ ਰੱਖੀ। ਇੱਕ ਬੰਗਾਲੀ ਪ੍ਰੋਫ਼ੈਸਰ ਜੋ ਇਸਤਰੀਆਂ ਦੀ ਸਿੱਖਿਆ ਦਾ ਪੁੱਜ ਕੇ ਵਿਰੋਧੀ ਸੀ, ਨੇ ਕਾਦੰਬਿਨੀ ਨੂੰ ਇੱਕ ਪੇਪਰ: ਮੈਟੀਰੀਆ ਮੈਡੀਕਾ ਐਂਡ ਕੰਪੈਰੇਟਿਵ ਅਨਾਟੋਮੀ (Materia Medica and Comparative Anatomy) ਵਿੱਚੋਂ ਫੇਲ੍ਹ ਹੀ ਕਰ ਦਿੱਤਾ ਜਿਸ ਦੇ ਫਲਸਰੂਪ ਉਹ 1888 ਈ. ਵਿੱਚ ਫਸਟ ਐਮ.ਬੀ. ਦੀ ਪ੍ਰੀਖਿਆ ਉਪਰੰਤ ਐਮ.ਬੀ. ਦੀ ਡਿਗਰੀ ਹਾਸਿਲ ਕਰਨ ਤੋਂ ਵਾਂਝੀ ਰਹਿ ਗਈ।ਉਸ ਨੂੰ ਕਲਕੱਤਾ ਯੂਨੀਵਰਸਿਟੀ ਦਾ ਫਸਟ ਐਲ.ਐਮ.ਐਸ. (First LMS) (First Licentiate in Medicine and Surgery Examinations) ਦਾ ਸਰਟੀਫਿਕੇਟ ਹਾਸਿਲ ਹੋ ਸਕਿਆ।

ਸੰਨ 1886 ਵਿੱਚ ਪੱਛਮੀ ਚਿਕਿਤਸਾ ਦੀ ਪ੍ਰੈਕਟਿਸ ਕਰਨ ਦੀ ਯੋਗਤਾ ਹਾਸਿਲ ਕਰਨ ਵਾਲੀਆਂ ਪਹਿਲੀਆਂ ਦੋ ਮਹਿਲਾ ਡਾਕਟਰਾਂ ਵਿੱਚੋਂ ਕਾਦੰਬਿਨੀ ਇੱਕ ਸੀ। ਦੂਜੀ ਆਨੰਦੀਬਾਈ ਜੋਸ਼ੀ ਸੀ ਜਿਸ ਨੇ 1886 ਈ. ਵਿੱਚ ਵੂਮੈਨੇਜ਼ ਮੈਡੀਕਲ ਕਾਲਜ ਆਫ਼ ਪੈਨਸਿਲਵੇਨੀਆ, ਯੂ.ਐਸ.ਏ. (W.M.C.P.) (Women's Medical College of Pennsylvania, U.S.A.) ਦੀ ਡਿਗਰੀ ਹਾਸਿਲ ਕੀਤੀ। ਨਵੰਬਰ 1886 ਵਿੱਚ ਉਹ ਭਾਰਤ ਵਾਪਿਸ ਆਈ। ਕੋਹਲਾਪੁਰ ਦੇ ਅਲਬਰਟ ਐਡਵਰਡ ਹੌਸਪੀਟਲ ਵਿੱਚ ਨਿਯੁਕਤੀ ਹੋਣ ਦੇ ਬਾਵਜੂਦ ਉਸ ਨੂੰ ਡਾਕਟਰੀ ਖੇਤਰ ਵਿੱਚ ਸੇਵਾ ਕਰਨ ਦਾ ਅਵਸਰ ਹਾਸਿਲ ਨਾ ਹੋ ਸਕਿਆ ਕਿਉਂਕਿ ਤਦ ਤੱਕ ਤਪਦਿਕ ਦੀ ਬੀਮਾਰੀ ਉਸ ਨੂੰ ਬੁਰੀ ਤਰ੍ਹਾਂ ਆਪਣੀ ਲਪੇਟ ਵਿੱਚ ਲੈ ਚੁੱਕੀ ਸੀ ਅਤੇ ਉਸ ਦੀ ਹਾਲਤ ਨਾਸਾਜ਼ ਸੀ। ਭਾਰਤ ਵਾਪਿਸ ਪਰਤਣ ਤੋਂ 3-4 ਮਹੀਨੇ ਬਾਅਦ ਹੀ (ਫਰਵਰੀ, 1887 ਵਿੱਚ) ਕਰੀਬ 22 ਕੁ ਸਾਲ ਦੀ ਉਮਰ ਵਿੱਚ ਹੀ ਉਹ ਰੱਬ ਨੂੰ ਪਿਆਰੀ ਹੋ ਗਈ ਸੀ।

ਐਨ. ਜਗਨਨਾਥਨ 1886-87 ਵਿੱਚ ਮਦਰਾਸ ਮੈਡੀਕਲ ਕਾਲਜ ਤੋਂ ਮੈਡੀਕਲ ਸਾਇੰਸ ਵਿੱਚ ਸਰਟੀਫਿਕੇਟ ਕੋਰਸ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਸੀ। ਇਸ ਉਪਰੰਤ ਉਹ ਅਗਲੇਰੀ ਪੜ੍ਹਾਈ ਲਈ ਇੰਗਲੈਂਡ ਚਲੀ ਗਈ। ਉਥੋਂ ਸਕਾਟਿਸ਼ ਕਾਲਜਾਂ ਤੋਂ ਟ੍ਰਿਪਲ ਕੁਆਲੀਫਿਕੇਸ਼ਨ ਬੋਰਡ ਡਿਪਲੋਮਾਜ਼ (Tripple Qualification Board Diplomas) ਹਾਸਿਲ ਕਰਕੇ ਉਹ 1892 ਈ. ਵਿੱਚ ਭਾਰਤ ਪਰਤ ਆਈ ਅਤੇ ਬੰਬਈ ਵਿੱਚ ਕਾਮਾ ਹੌਸਪੀਟਲ ਫਾਰ ਵੂਮੈਨ ਐਂਡ ਚਿਲਡਰਨ ਵਿੱਚ ਵਿੱਚ ਨੌਕਰੀ ਕਰਨ ਲੱਗੀ। ਇਸ ਤਰ੍ਹਾਂ ਉਸ ਨੇ ਡਾਕਟਰੀ ਪ੍ਰੈਕਟਿਸ 1892 ਈ. ਵਿੱਚ ਸ਼ੁਰੂ ਕੀਤੀ ਪਰੰਤੂ ਬੀਮਾਰੀ ਨੇ ਦੋ ਸਾਲਾਂ ਵਿੱਚ ਹੀ ਉਸ ਦੇ ਕੈਰੀਅਰ ਦਾ ਅੰਤ ਕਰ ਦਿੱਤਾ। (ਉਸ ਬਾਰੇ ਕੋਈ ਖ਼ਾਸ ਜਾਣਕਾਰੀ ਉਪਲਬਧ ਨਹੀਂ ਹੈ)

ਕਾਦੰਬਿਨੀ ਦੀ ਨਿਯੁਕਤੀ 1888 ਵਿੱਚ ਲੇਡੀ ਡਫਰਿਨ ਵੂਮੈਨੇਜ਼ ਹੌਸਪੀਟਲ ਕਲਕੱਤਾ ਵਿਖੇ 300 ਰੁਪਏ

**(ਬਾਕੀ ਅਗਲੇ ਸਫੇ 'ਤੇ)**

# ਪੱਛਮੀ ਚਿਕਿਤਸਾ ਨੂੰ ਅਮਲੀ ਜਾਮਾ ਪਹਿਨਾਉਣ ਵਾਲੀ ਪਹਿਲੀ ਭਾਰਤੀ ਮਹਿਲਾ ਡਾਕਟਰ -ਕਾਦੰਬਿਨੀ ਗਾਂਗੁਲੀ

(ਸਫਾ 28 ਦੀ ਬਾਕੀ)

ਪ੍ਰਤੀ ਮਹੀਨਾ ਤਨਖ਼ਾਹ ਤੇ ਹੋ ਗਈ। ਇਸ ਤਰ੍ਹਾਂ ਕਾਦੰਬਿਨੀ ਭਾਰਤ ਵਿੱਚ ਪੱਛਮੀ ਚਿਕਿਤਸਾ ਦੀ ਪ੍ਰੈਕਟਿਸ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਡਾਕਟਰ ਬਣ ਗਈ। ਅਬਾਲਾ ਬੋਸ ਨਾਂ ਦੀ ਇੱਕ ਹੋਰ ਭਾਰਤੀ ਮਹਿਲਾ (ਪਤਨੀ ਅਚਾਰੀਆ ਜਗਦੀਸ਼ ਚੰਦਰ ਬੋਸ) ਨੇ 1881 ਈ. ਵਿੱਚ ਡਾਕਟਰੀ ਦੀ ਪ੍ਰਵੇਸ਼ ਪ੍ਰੀਖਿਆ ਪਾਸ ਕਰ ਲਈ ਸੀ ਪ੍ਰੰਤੂ ਔਰਤ ਹੋਣ ਕਾਰਣ ਉਸ ਨੂੰ ਮੈਡੀਕਲ ਕਾਲਜ ਕਲਕੱਤਾ ਵਿੱਚ ਦਾਖ਼ਲਾ ਦੇਣ ਤੋਂ ਮਨ੍ਹਾਂ ਕਰ ਦਿੱਤਾ ਗਿਆ।ਉਹ ਮੈਡੀਕਲ ਦੀ ਪੜ੍ਹਾਈ ਕਰਨ ਲਈ ਮਦਰਾਸ ਚਲੀ ਗਈ ਪ੍ਰੰਤੂ ਸਿਹਤ ਖ਼ਰਾਬ ਹੋਣ ਕਰਕੇ ਉਹ ਪੜ੍ਹਾਈ ਪੂਰੀ ਨਾ ਕਰ ਸਕੀ।

ਦੂਜੇ ਪਾਸੇ ਚੰਦਰਮੁਖੀ ਬਾਸੂ ਨੇ 1884 ਈ. ਵਿੱਚ ਕਲਕੱਤਾ ਯੂਨੀਵਰਸਿਟੀ ਤੋਂ ਐਮ.ਏ. ਦੀ ਡਿਗਰੀ ਹਾਸਿਲ ਕਰ ਲਈ।ਕਲਕੱਤਾ ਯੂਨੀਵਰਸਿਟੀ ਤੋਂ ਐਮ.ਏ. ਦੀ ਡਿਗਰੀ ਹਾਸਿਲ ਕਰਨ ਵਾਲੀ ਅਤੇ ਸਮੁੱਚੇ ਬ੍ਰਿਟਿਸ਼ ਸਾਮਰਾਜ ਵਿੱਚੋਂ ਵੀ ਐਮ.ਏ. ਦੀ ਡਿਗਰੀ ਹਾਸਿਲ ਕਰਨ ਵਾਲੀ ਉਹ ਪਹਿਲੀ ਮਹਿਲਾ ਬਣ ਗਈ। 1886 ਈ. ਵਿੱਚ ਉਸ ਨੇ ਬੇਥੁਨ ਕਾਲਜ ਵਿੱਚ ਲੈਕਚਰਾਰ ਦੀ ਨੌਕਰੀ ਜੁਆਇਨ ਕਰ ਲਈ।

1888 ਵਿੱਚ ਉਹ ਇਸੇ ਕਾਲਜ ਦੀ ਪ੍ਰਿੰਸੀਪਲ ਬਣੀ। ਇਸ ਤਰ੍ਹਾਂ ਉਹ ਸਾਊਥ ਏਸ਼ੀਆ ਦੇ ਕਿਸੇ ਅੰਡਰ-ਗ੍ਰੈਜੂਏਟ ਅਕਾਦਮਿਕ ਇੰਸਟੀਚਿਊਸ਼ਨ ਦੀ ਪਹਿਲੀ ਮਹਿਲਾ ਮੁਖੀ ਬਣ ਗਈ।

ਲੇਡੀ ਡਫਰਿਨ ਵੁਮੈਨੈਜ਼ ਹੌਸਪੀਟਲ ਵਿੱਚ ਕੰਮ ਕਰਦਿਆਂ ਕਾਦੰਬਿਨੀ ਨੂੰ ਜਲਦੀ ਹੀ ਅਹਿਸਾਸ ਹੋ ਗਿਆ ਕਿ ਹਸਪਤਾਲ ਵਿੱਚ ਕੰਮ ਕਰਨ ਵਾਲੀਆਂ ਹੋਰ ਬਰਤਾਨਵੀ ਮਹਿਲਾ ਡਾਕਟਰ ਉਸ ਨੂੰ ਘਟੀਆ ਸਮਝਦੀਆਂ ਸਨ ਕਿਉਂਕਿ ਉਸ ਕੋਲ ਐਮ.ਬੀ. ਦੀ ਡਿਗਰੀ ਨਹੀਂ ਸੀ। ਉਨ੍ਹਾਂ ਨੇ ਕਦੀ ਵੀ ਉਸ ਨੂੰ ਬਣਦਾ ਮਾਣ-ਸਤਿਕਾਰ ਨਾ ਦਿੱਤਾ। ਉਸ ਨੇ ਪ੍ਰਾਈਵੇਟ ਪ੍ਰੈਕਟਿਸ ਕਰਨੀ ਸ਼ੁਰੂ ਕੀਤੀ, ਪ੍ਰੰਤੂ ਜ਼ਿਆਦਾ ਸਫ਼ਲ ਨਾ ਹੋ ਸਕੀ। ਉਹ ਆਪਣੇ ਆਪ ਨੂੰ ਇੱਕ ਨਾਮਵਰ ਡਾਕਟਰ ਦੇ ਤੌਰ ਤੇ ਸਥਾਪਿਤ ਕਰਨ ਵਿੱਚ ਅਸਫ਼ਲ ਰਹੀ। ਕਈ ਵਾਰੀ ਉਸ ਨੂੰ ਅਪਮਾਨਜਨਕ ਹਾਲਾਤ ਦਾ ਵੀ ਸਾਹਮਣਾ ਕਰਨਾ ਪਿਆ। ਇੱਕ ਵਾਰੀ ਇੱਕ ਅਮੀਰ ਪਰਿਵਾਰ ਨੇ ਉਸ ਨੂੰ ਆਪਣੀ ਲੜਕੀ ਦੇ ਜਣੇਪੇ ਤੇ ਬੁਲਾਇਆ। ਬੱਚੇ ਦੀ ਪੈਦਾਇਸ਼ ਤੋਂ ਬਾਅਦ ਜਦ ਜੱਚਾ-ਬੱਚਾ ਠੀਕ-ਠਾਕ ਹੋ ਗਏ ਤਾਂ ਉਸ ਨੂੰ ਅਤੇ ਉਸ ਦੀ ਸਹਾਇਕ ਨੂੰ ਵਰਾਂਡੇ ਵਿੱਚ ਖਾਣਾ ਇਸ ਢੰਗ ਨਾਲ ਪਰੋਸਿਆ ਗਿਆ ਜਿਵੇਂ ਉਹ ਨੌਕਰਾਣੀਆਂ ਹੋਣ। ਉਨ੍ਹਾਂ ਨੂੰ ਉਸ ਜਗ੍ਹਾ ਨੂੰ ਸਾਫ਼ ਕਰਕੇ ਪੋਚਾ ਲਗਾਉਣ ਲਈ ਵੀ ਕਿਹਾ ਗਿਆ। ਉਸ ਸਮੇਂ ਭਾਰਤ ਦੇ ਲੋਕ ਇੱਕ ਮਹਿਲਾ ਡਾਕਟਰ ਨੂੰ ਇੱਕ ਦਾਈ ਤੋਂ ਵੱਧ ਕੁੱਝ ਨਹੀਂ ਸਮਝਦੇ ਸਨ।

ਉਸ ਨੇ ਮੈਡੀਕਲ ਦੀ ਅਗਲੇਰੀ ਪੜ੍ਹਾਈ ਲਈ ਇੰਗਲੈਂਡ ਜਾਣ ਦਾ ਮਨ ਬਣਾਇਆ। ਉਸ ਸਮੇਂ ਇੱਕ ਭਾਰਤੀ ਮੂਲ ਦੀ ਔਰਤ ਲਈ ਇੰਗਲੈਂਡ ਜਾਣਾ ਐਨਾ ਆਸਾਨ ਨਹੀਂ ਸੀ। ਉਸ ਦੇ ਤਾਂ ਅੱਠ ਬੱਚੇ ਵੀ ਸਨ ਜਿਨ੍ਹਾਂ ਦਾ ਉਹ ਪਾਲਣ-ਪੋਸ਼ਣ ਕਰਦੀ ਸੀ। ਤਿੰਨ ਬੱਚੇ ਉਸ ਦੇ ਪਤੀ ਦੀ ਪਹਿਲੀ ਸ਼ਾਦੀ ਤੋਂ ਅਤੇ ਪੰਜ ਬੱਚੇ ਉਸ ਦੇ ਆਪਣੇ ਸਨ। ਉਸ ਦਾ ਕਾਫ਼ੀ ਸਮਾਂ ਐਨੇ ਵੱਡੇ ਪਰਿਵਾਰ ਦੀ ਦੇਖ-ਰੇਖ ਕਰਨ ਵਿੱਚ ਬਤੀਤ ਹੋ ਜਾਂਦਾ ਸੀ। ਇਹ ਸਭ ਕੁਝ ਛੱਡ ਕੇ ਇੰਗਲੈਂਡ ਚਲੇ ਜਾਣਾ ਉਸ ਲਈ ਆਸਾਨ ਨਹੀਂ ਸੀ। ਪ੍ਰੰਤੂ ਉਸ ਦੇ ਦ੍ਰਿੜ੍ਹ ਇਰਾਦੇ ਅਤੇ ਉਸ ਦੇ ਪਤੀ ਦਵਾਰਕਾਨਾਥ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਉਹ 26 ਫਰਵਰੀ, 1893 ਨੂੰ ਇੰਗਲੈਂਡ ਲਈ ਰਵਾਨਾ ਹੋ ਗਈ। (ਕਈ ਲੇਖਕਾਂ ਦੁਆਰਾ ਉਸ ਦੇ 1892 ਵਿੱਚ ਇੰਗਲੈਂਡ ਜਾਣ ਬਾਰੇ ਜ਼ਿਕਰ ਕੀਤਾ ਗਿਆ ਹੈ।)

ਆਪਣੇ ਅੱਠ ਬੱਚਿਆਂ ਨੂੰ ਆਪਣੀ ਵੱਡੀ ਭੈਣ ਦੀ ਦੇਖ-ਰੇਖ ਵਿੱਚ ਛੱਡ ਗਈ। ਜੁਲਾਈ, 1893 ਵਿੱਚ ਉਸ ਨੇ ਇੰਗਲੈਂਡ ਤੋਂ ਟ੍ਰਿਪਲ ਡਿਪਲੋਮਾਜ਼ ਹਾਸਿਲ ਕਰ ਲਏ। ਉਸ ਸਾਲ ਦੇ 14 ਸਫ਼ਲ ਉਮੀਦਵਾਰਾਂ ਵਿੱਚੋਂ ਉਹ ਇਕੱਲੀ ਹੀ ਔਰਤ ਸੀ। ਤਿੰਨ ਡਿਪਲੋਮਾਜ਼ ਜੋ ਉਸ ਨੇ ਹਾਸਿਲ ਕੀਤੇ ਉਹ ਸਨ: LRCP (Licentiate of the Royal College of Physicians) Edinburg, LRCS (Licentiate of the Royal Collge of Surgeons) Glasgow and LFPS (Licentiate of the Faculty of Physicians and Surgeons) Dublin. ਇਸ ਉਪਰੰਤ ਜਦ ਉਹ ਇੰਗਲੈਂਡ ਤੋਂ ਭਾਰਤ ਵਾਪਿਸ ਆਈ ਤਾਂ ਹਾਲਾਤ ਉਹਦੇ ਹੱਕ ਵਿੱਚ ਹੋ ਗਏ। ਲੇਡੀ ਡਫਰਿਨ ਹੌਸਪੀਟਲ ਵਿੱਚ ਉਸ ਨੂੰ ਸੀਨੀਅਰ ਡਾਕਟਰ ਦੀ ਪਦਵੀ ਦੇ ਦਿੱਤੀ ਗਈ। ਪ੍ਰੰਤੂ ਉਸ ਨੇ ਇੱਥੇ ਥੋੜ੍ਹੀ ਦੇਰ ਹੀ ਨੌਕਰੀ ਕੀਤੀ। ਉਸ ਨੇ ਆਪਣੀ ਪ੍ਰਾਈਵੇਟ ਪ੍ਰੈਕਟਿਸ ਸ਼ੁਰੂ ਕਰ ਲਈ ਜੋ ਬਹੁਤ ਵਧੀਆ ਚੱਲੀ। ਉਹ ਇੱਕ ਮੰਨੀ-ਪ੍ਰਮੰਨੀ ਮੈਡੀਕਲ ਪ੍ਰੈਕਟੀਸ਼ਨਰ ਬਣ ਗਈ। ਉਹ ਆਪਣੇ ਕਿੱਤੇ ਨੂੰ ਸਮਰਪਿਤ ਇੱਕ ਨਿਪੁੰਨ ਡਾਕਟਰ ਸਾਬਤ ਹੋ ਗਈ।

1895-96 ਵਿੱਚ ਉਸ ਨੂੰ ਨੇਪਾਲ ਦੀ ਰਾਜਮਾਤਾ ਦੀ ਡਾਕਟਰੀ ਦੇਖ-ਭਾਲ ਦੀ ਜ਼ਿੰਮੇਵਾਰੀ ਦਿੱਤੀ ਗਈ ਜੋ ਲੰਬੇ ਸਮੇਂ ਤੋਂ ਬੀਮਾਰ ਚੱਲ ਰਹੀ ਸੀ। ਕਾਦੰਬਿਨੀ ਦੇ ਕਾਬਿਲ-ਏ-ਤਾਰੀਫ਼ ਇਲਾਜ ਸਦਕਾ ਉਹ ਠੀਕ ਹੋ ਗਈ। ਇਸ ਤੋਂ ਬਾਅਦ ਉਸ ਨੂੰ ਰਾਜਸੀ ਪਰਿਵਾਰਾਂ ਵਿੱਚ ਇਲਾਜ ਲਈ ਬੁਲਾਇਆ ਜਾਣ ਲੱਗਾ। ਉਹ ਇੱਕ ਕਾਮਯਾਬ ਅਤੇ ਨਾਮਵਰ ਡਾਕਟਰ ਬਣ ਗਈ। ਕਿਹਾ ਜਾਂਦਾ ਹੈ ਕਿ ਇੱਕ ਵਾਰੀ ਮਰਦ ਡਾਕਟਰਾਂ ਦੁਆਰਾ ਇੱਕ ਬੱਚੀ ਦੇ ਪੇਟ ਵਿੱਚ ਰਸੌਲੀ ਦੱਸੀ ਗਈ ਸੀ।

ਕਾਦੰਬਿਨੀ ਨੇ ਦਾਅਵੇ ਨਾਲ ਇਸ ਨੂੰ ਗਰਭਧਾਰਣ ਦਾ ਕੇਸ ਦੱਸਿਆ। ਉਹ ਉਸ ਬੱਚੀ ਦਾ ਸਹੀ-ਸਲਾਮਤ ਜਣੇਪਾ ਕਰਵਾਉਣ ਵਿੱਚ ਕਾਮਯਾਬ ਵੀ ਰਹੀ। ਉਹ ਡਾਕਟਰ ਹੋਣ ਦੇ ਨਾਲ-ਨਾਲ ਇੱਕ ਜ਼ਿੰਮੇਵਾਰ ਪਤਨੀ ਅਤੇ ਮਾਂ ਦੀ ਭੂਮਿਕਾ ਵੀ ਬਾਖ਼ੂਬੀ ਨਿਭਾਉਂਦੀ ਸੀ।ਉਸ ਦਾ ਸਿਲਾਈ-ਕਢਾਈ ਅਤੇ ਬੁਣਾਈ ਦਾ ਕੰਮ ਕਾਬਿਲ-ਏ-ਤਾਰੀਫ਼ ਸੀ।ਉਹ ਗਜ਼ਾਂ ਲੰਬੀ ਮਹੀਨ ਸੁੰਦਰ ਲੇਸ ਬੁਣਨ ਵਿੱਚ ਮਾਹਿਰ ਸੀ।

ਉਸ ਨੇ ਡਾਕਟਰੀ ਪੇਸ਼ੇ ਦੇ ਨਾਲ-ਨਾਲ ਆਪਣੇ-ਆਪ ਨੂੰ ਸਮਾਜ ਭਲਾਈ ਅਤੇ ਰਾਜਨੀਤਿਕ ਗਤੀਵਿਧੀਆਂ ਨਾਲ ਵੀ ਜੋੜ ਕੇ ਰੱਖਿਆ ਸੀ। ਉਹ ਮਹਿਲਾ ਮੁਕਤੀ ਅਤੇ ਮਹਿਲਾ ਸਿੱਖਿਆ ਦੀ ਸਮਰਥਕ ਸੀ। ਉਹ ਸਿਹਤ ਪ੍ਰਤੀ ਜਾਗਰੂਕਤਾ ਪ੍ਰੋਗਰਾਮਾਂ ਅਤੇ ਸਮਾਜ ਸੇਵਾ ਦੇ ਕੰਮਾਂ ਵਿੱਚ ਸਰਗਰਮ ਰਹਿੰਦੀ ਸੀ।ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ 1885 ਈ. ਵਿੱਚ ਹੋਈ। ਉਦੋਂ ਤੋਂ ਹੀ ਦਵਾਰਕਾਨਾਥ ਨੇ ਕਾਂਗਰਸ ਦੇ ਸਾਲਾਨਾ ਇਜਲਾਸਾਂ ਵਿੱਚ ਔਰਤਾਂ ਦੀ ਸ਼ਮੂਲੀਅਤ ਕਰਵਾਉਣ ਲਈ ਕੋਸ਼ਿਸ਼ਾਂ ਕਰਨੀਆਂ ਆਰੰਭ ਕਰ ਦਿੱਤੀਆਂ।ਉਸ ਦੀਆਂ ਕੋਸ਼ਿਸ਼ਾਂ ਨੂੰ ਕਾਮਯਾਬੀ ਹਾਸਿਲ ਹੋਈ। 1889 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਬੰਬਈ ਵਿਖੇ ਪੰਜਵੇਂ ਅਧਿਵੇਸ਼ਨ ਵਿੱਚ ਕਾਦੰਬਿਨੀ ਸਮੇਤ ਛੇ ਔਰਤਾਂ ਨੂੰ ਸ਼ਾਮਿਲ ਹੋਣ ਦੀ ਇਜਾਜ਼ਤ ਮਿਲ ਗਈ।

1890 ਈ. ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਕਲਕੱਤਾ ਵਿਖੇ ਅਧਿਵੇਸ਼ਨ ਵਿੱਚ ਕਾਦੰਬਿਨੀ ਨੇ ਅੰਗਰੇਜ਼ੀ ਵਿੱਚ ਭਾਸ਼ਣ ਦਿੱਤਾ।ਉਸ ਦੀ ਵਿਚਾਰਧਾਰਾ ਤੋਂ ਹਰ ਕੋਈ ਪ੍ਰਭਾਵਿਤ ਹੋਇਆ। ਉਸ ਨੂੰ ਇੰਡੀਅਨ ਨੈਸ਼ਨਲ ਕਾਂਗਰਸ ਦੇ ਕਿਸੇ ਸੈਸ਼ਨ ਵਿੱਚ ਭਾਸ਼ਣ ਦੇਣ ਵਾਲੀ ਪਹਿਲੀ ਔਰਤ ਹੋਣ ਦਾ ਮਾਣ ਹਾਸਿਲ ਹੋਇਆ।

ਉਸ ਨੂੰ ਸਮਾਜਿਕ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ। ਉਸ ਸਮੇਂ ਬੰਗਾਲੀ ਸਮਾਜ ਵਿੱਚ ਕੰਮ-ਕਾਜੀ ਔਰਤਾਂ, ਖ਼ਾਸ ਕਰਕੇ ਮਹਿਲਾ ਡਾਕਟਰਾਂ ਨੂੰ ਸ਼ੱਕੀ ਨਜ਼ਰ ਨਾਲ ਦੇਖਿਆ ਜਾਂਦਾ ਸੀ। 1891 ਵਿੱਚ 'ਬੰਗਾਬਾਸੀ' ਨਾਂ ਦੇ ਇੱਕ ਰਸਾਲੇ ਵਿੱਚ ਉਸ ਦੇ ਚਰਿੱਤਰ ਉੱਤੇ ਚਿੱਕੜ ਉਛਾਲਿਆ ਗਿਆ। ਉਸ ਵਿੱਚ ਉਸ ਨੂੰ ਹਲਕੇ ਚਾਲ-ਚਲਣ ਵਾਲੀ ਔਰਤ ਦੱਸਿਆ ਗਿਆ। ਅਸਿੱਧੇ ਰੂਪ ਵਿੱਚ ਤਾਂ ਉਸ ਨੂੰ ਇੱਕ ਵੇਸਵਾ ਹੀ ਕਿਹਾ ਗਿਆ। ਦਵਾਰਕਾਨਾਥ, ਡਾ. ਨੀਲਰਤਨ ਸਰਕਾਰ ਅਤੇ ਸ਼ਿਵਨਾਥ ਸ਼ਾਸਤਰੀ ਨੇ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲਿਆ। ਉਨ੍ਹਾਂ ਅਦਾਲਤ ਦਾ ਦਰਵਾਜ਼ਾ ਜਾ ਖੜਕਾਇਆ। ਉਹਨਾਂ ਦਾ ਅਦਾਲਤ ਵਿੱਚ ਜਾਣ ਦਾ ਮਕਸਦ ਕੇਵਲ ਕਾਦੰਬਿਨੀ ਦਾ ਪੱਖ ਪੂਰਨਾ ਹੀ ਨਹੀਂ ਸੀ ਸਗੋਂ ਉਸ ਸਮੇਂ ਦੇ ਸਮਾਜ ਵਿੱਚ ਪ੍ਰਚੱਲਿਤ ਖੌਫ਼ਨਾਕ ਰਿਵਾਇਤਾਂ ਅਤੇ ਘਿਨਾਉਣੇ ਪੱਖਪਾਤ ਤੋਂ ਔਰਤਾਂ ਨੂੰ ਮੁਕਤੀ ਦਿਵਾਉਣ ਦਾ ਸਮਰਥਨ ਕਰਨਾ ਸੀ। ਅਦਾਲਤ ਨੇ ਰਸਾਲੇ ਦੇ ਐਡੀਟਰ ਮਹੇਸ਼ ਚੰਦਰ ਪਾਲ ਨੂੰ 100 ਰੁਪਏ ਜੁਰਮਾਨਾ ਅਤੇ ਛੇ ਮਹੀਨੇ ਦੀ ਕੈਦ ਸੁਣਾਈ।

ਉਸ ਸਮੇਂ ਅਸਾਮ ਵਿੱਚ ਚਾਹ ਦੇ ਬਾਗ਼ਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਦਾ ਉਨ੍ਹਾਂ ਦੇ ਮਾਲਕਾਂ ਦੁਆਰਾ ਭਾਰੀ ਸ਼ੋਸ਼ਣ ਕੀਤਾ ਜਾ ਰਿਹਾ ਸੀ, ਦਵਾਰਕਾਨਾਥ ਗਾਂਗੁਲੀ ਨੇ ਇਸ ਦਾ ਡਟ ਕੇ ਵਿਰੋਧ ਕੀਤਾ ਅਤੇ ਕਾਦੰਬਿਨੀ ਨੇ ਉਸ ਨੂੰ ਪੂਰੀ ਤਰ੍ਹਾਂ ਸਮਰਥਨ ਦਿੱਤਾ। 1898 ਈ. ਵਿੱਚ ਉਸ ਦੇ ਪਤੀ ਜੋ ਉਸ ਦਾ ਦੋਸਤ, ਸਹਾਰਾ ਅਤੇ ਮਾਰਗਦਰਸ਼ਕ ਵੀ ਸੀ, ਦੀ ਮੌਤ ਨੇ ਉਸ ਦੀ ਸਿਹਤ ਉੱਤੇ ਬਹੁਤ ਬੁਰਾ ਅਸਰ ਪਾਇਆ। ਇਸ ਦੇ ਬਾਵਜੂਦ ਉਹ ਔਰਤਾਂ ਦੀ ਭਲਾਈ ਲਈ ਅਣਥੱਕ ਕਾਰਜ ਕਰਦੀ ਰਹੀ।

1906 ਈ. ਵਿੱਚ ਉਸ ਨੇ ਬੰਗਾਲ ਦੀ ਵੰਡ ਦੇ ਸਿੱਟਿਆਂ ਦੇ ਸਬੰਧ ਵਿੱਚ ਕਲਕੱਤਾ ਵਿੱਚ ਇੱਕ ਮਹਿਲਾ ਕਾਨਫਰੰਸ ਦਾ ਆਯੋਜਨ ਕੀਤਾ। 1907 ਵਿੱਚ ਟ੍ਰਾਂਸਵਾਲ, ਸਾਊਥ ਅਫ਼ਰੀਕਾ ਵਿੱਚ ਏਸ਼ੀਐਟਿਕ ਰਜਿਸਟ੍ਰੇਸ਼ਨ ਐਕਟ (Asiatic Registration Act) ਦੇ ਵਿਰੋਧ ਵਿੱਚ ਮਹਾਤਮਾ ਗਾਂਧੀ ਦੁਆਰਾ ਸੱਤਿਆਗ੍ਰਹਿ ਅੰਦੋਲਨ ਚਲਾਇਆ ਗਿਆ।

ਇਸ ਐਕਟ ਦਾ ਨਿਸ਼ਾਨਾ ਏਸ਼ੀਅਨ ਲੋਕ, ਖ਼ਾਸ ਕਰਕੇ ਉਹ ਭਾਰਤੀ ਅਤੇ ਚੀਨੀ ਕਾਮੇ ਸਨ ਜੋ ਉਸ ਵਕਤ ਟ੍ਰਾਂਸਵਾਲ ਵਿੱਚ ਰਹਿ ਰਹੇ ਸਨ। ਇਸ ਐਕਟ ਦਾ ਉਦੇਸ਼ ਉਨ੍ਹਾਂ ਦਾ ਅਪਮਾਨ ਅਤੇ ਉਨ੍ਹਾਂ ਨਾਲ ਪੱਖਪਾਤ ਕਰਨਾ ਸੀ। ਇਸ ਐਕਟ ਨੂੰ ਬਲੈਕ ਐਕਟ ਦਾ ਨਾਂ ਵੀ ਦਿੱਤਾ ਗਿਆ। ਕਾਦੰਬਿਨੀ ਗਾਂਗੁਲੀ ਨੇ 1908 ਈ. ਵਿੱਚ ਉਨ੍ਹਾਂ ਭਾਰਤੀ ਕਾਮਿਆਂ ਨਾਲ ਹਮਦਰਦੀ ਪ੍ਰਗਟਾਉਣ ਲਈ ਕਲਕੱਤਾ ਵਿਖੇ ਇੱਕ ਬੈਠਕ ਦਾ ਆਯੋਜਨ ਕੀਤਾ ਅਤੇ ਉਸ ਦੀ ਪ੍ਰਧਾਨਗੀ ਵੀ ਕੀਤੀ। ਉਸ ਨੇ ਉਨ੍ਹਾਂ ਦੀ ਮਦਦ ਲਈ ਧਨ ਇਕੱਠਾ ਕਰਨ ਲਈ 'ਟ੍ਰਾਂਸਵਾਲ ਇੰਡੀਅਨ ਐਸੋਸੀਏਸ਼ਨ' ਵੀ ਬਣਾਈ ਜਿਸ ਦੀ ਉਹ ਪ੍ਰੈਜ਼ੀਡੈਂਟ ਬਣੀ। ਇਹ ਐਸੋਸੀਏਸ਼ਨ ਮਹਾਤਮਾ ਗਾਂਧੀ ਨੂੰ ਸਾਊਥ ਅਫ਼ਰੀਕਾ ਵਿੱਚ ਜੇਲ੍ਹ ਹੋ ਜਾਣ ਤੋਂ ਬਾਅਦ ਬਣੀ। ਕਾਦੰਬਿਨੀ ਨੇ ਟ੍ਰਾਂਸਵਾਲ ਦੇ ਭਾਰਤੀਆਂ ਦੀ ਮਦਦ ਲਈ ਅਣਥੱਕ ਕਾਰਜ ਕੀਤਾ। 1914 ਈ. ਵਿੱਚ ਉਸ ਨੇ ਮਹਾਤਮਾ ਗਾਂਧੀ ਦੀ ਕਲਕੱਤਾ ਫੇਰੀ ਸਮੇਂ, ਉਨ੍ਹਾਂ ਦੇ ਸਨਮਾਨ ਵਿੱਚ ਆਯੋਜਿਤ ਸਾਧਾਰਣ ਬ੍ਰਹਮੋ ਸਮਾਜ ਦੀ ਬੈਠਕ ਦੀ ਪ੍ਰਧਾਨਗੀ ਕੀਤੀ।

1922 ਈ. ਵਿੱਚ ਭਾਰਤ ਸਰਕਾਰ ਨੇ ਬੰਗਾਲ, ਬਿਹਾਰ ਅਤੇ ਉੜੀਸਾ ਵਿੱਚ ਮਜ਼ਦੂਰ ਔਰਤਾਂ ਦੀ ਹਾਲਤ ਦਾ ਜਾਇਜ਼ਾ ਲੈਣ ਲਈ ਇੱਕ ਕਮੇਟੀ ਦਾ ਗਠਨ ਕੀਤਾ। ਕਾਦੰਬਿਨੀ ਨੂੰ ਉਸ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਇਸ ਸਬੰਧ ਵਿੱਚ 1922 ਈ. ਵਿੱਚ ਆਪਣੀ ਮੌਤ ਤੋਂ ਮਹਿਜ਼ ਇੱਕ ਸਾਲ ਪਹਿਲਾਂ ਉਹ ਕਵਿੱਤਰੀ ਕਾਮਿਨੀ ਰਾਏ ਨਾਲ ਬਿਹਾਰ ਅਤੇ ਉੜੀਸਾ ਦੀਆਂ ਕੋਇਲੇ ਦੀਆਂ ਖਾਣਾਂ ਵਿੱਚ ਗਈ।

> ਬ੍ਰਹਮੋ ਸਮਾਜ ਦੀ ਸਥਾਪਨਾ ਰਾਜਾ ਰਾਮਮੋਹਨ ਰਾਏ ਨੇ 1828 ਈ. ਵਿੱਚ ਕਲਕੱਤਾ ਵਿਖੇ ਕੀਤੀ, ਜਿਸ ਦਾ ਉਦੇਸ਼ ਭਿੰਨ-ਭਿੰਨ ਧਾਰਮਿਕ ਆਸਥਾਵਾਂ ਵਿੱਚ ਵੰਡੀ ਹੋਈ ਜਨਤਾ ਨੂੰ ਇੱਕਜੁੱਟ ਕਰਨਾ ਅਤੇ ਧਰਮ ਦੇ ਨਾਂ ਤੇ ਪ੍ਰਚਲਿਤ ਮਾੜੀਆਂ ਰਿਵਾਇਤਾਂ ਦਾ ਖ਼ਾਤਮਾ ਕਰਨਾ ਸੀ। ਜ਼ਿਕਰ ਕਰਨਾ ਜਾਇਜ਼ ਹੈ ਕਿ ਰਾਜਾ ਰਾਮਮੋਹਨ ਰਾਏ ਨੇ ਹਿੰਦੂ ਧਰਮ ਵਿੱਚ ਪ੍ਰਚਲਿਤ ਸਤੀ ਪ੍ਰਥਾ ਦਾ ਖ਼ਾਤਮਾ ਕਰਨ ਦੀ ਸਹੁੰ ਉਸ ਦਿਨ ਚੁੱਕੀ ਸੀ ਜਿਸ ਦਿਨ ਉਸ ਨੇ ਆਪਣੇ ਵੱਡੇ ਭਰਾ ਜਗਮੋਹਨ ਦੀ ਮੌਤ ਉਪਰੰਤ ਚੀਖ਼ਦੀ-ਚਿਲਾਉਂਦੀ ਵਿਧਵਾ ਭਰਜਾਈ ਨੂੰ ਲੋਕਾਂ ਦੁਆਰਾ ਜ਼ਬਰਦਸਤੀ ਚਿਖ਼ਾ ਦੀ ਅਗਨੀ ਵਿੱਚ ਸੁੱਟ ਕੇ ਸਾੜ ਦੇਣ ਦਾ ਦਿਲ ਨੂੰ ਦਹਿਲਾ ਦੇਣ ਵਾਲਾ ਦ੍ਰਿਸ਼ ਅੱਖੀਂ ਦੇਖਿਆ ਸੀ। ਇਸ ਖੌਫ਼ਨਾਕ ਰਿਵਾਇਤ ਵਿਰੁੱਧ ਸੰਘਰਸ਼ ਦੇ ਨਾਲ-ਨਾਲ ਉਸ ਨੇ ਇਸਤਰੀਆਂ ਦੀ ਸਿੱਖਿਆ, ਆਜ਼ਾਦੀ ਅਤੇ ਹੱਕਾਂ ਲਈ ਵੀ ਲੜਾਈ ਲੜੀ।

ਆਖ਼ਰੀ ਦਮ ਤੱਕ ਉਹ ਡਾਕਟਰੀ ਪੇਸ਼ੇ ਨੂੰ ਸਮਰਪਿਤ ਰਹੀ। 3 ਅਕਤੂਬਰ, 1923 ਨੂੰ ਉਸ ਨੇ ਆਖ਼ਰੀ ਸਾਹ ਲਿਆ। ਉਸ ਦਿਨ ਵੀ ਉਹ ਇੱਕ ਮਰੀਜ਼ ਨੂੰ ਦੇਖ ਕੇ ਆਈ ਸੀ। ਉਸ ਸਮੇਂ ਉਸ ਦੀ ਉਮਰ 63 ਸਾਲ ਸੀ। ਉਸ ਦੀ ਇੱਕ ਬੇਟੀ ਡਾ. ਜਯੋਤੀਰਮੋਈ (Dr. Jyotirmoyee) ਇੱਕ ਉੱਘੀ ਆਜ਼ਾਦੀ-ਘੁਲਾਟਣ ਸੀ ਅਤੇ ਬੇਟਾ ਪ੍ਰਭਾਤ ਚੰਦਰ ਇੱਕ ਜਰਨਲਿਸਟ ਸੀ। ਅੱਠ ਬੱਚਿਆਂ ਦਾ ਪਾਲਣ-ਪੋਸ਼ਣ ਕਰਦੇ ਹੋਏ, ਘਰੇਲੂ ਫਰਜ਼ ਨਿਭਾਉਂਦੇ ਹੋਏ ਸਮਾਜਿਕ ਅਤੇ ਰਾਜਨੀਤਿਕ ਗਤੀਵਿਧੀਆਂ ਵਿੱਚ ਸ਼ਾਮਿਲ ਰਹਿੰਦੇ ਹੋਏ ਵੀ ਉਸ ਨੇ ਡਾਕਟਰੀ ਪੇਸ਼ੇ ਨੂੰ ਬੜੀ ਇਮਾਨਦਾਰੀ ਨਾਲ ਨਿਭਾਇਆ।ਉਸ ਦੀਆਂ ਗਤੀਵਿਧੀਆਂ ਉਸ ਦੇ ਕਿੱਤੇ ਨੂੰ ਕਮਜ਼ੋਰ ਨਾ ਕਰ ਸਕੀਆਂ।ਇੱਕ ਨਾਜ਼ੁਕ ਅਤੇ ਸੰਵੇਦਨਸ਼ੀਲ ਦਿਲ ਦੀ ਮਾਲਿਕ ਕਾਦੰਬਿਨੀ ਜੋ ਗਰੀਬਾਂ ਅਤੇ ਬੀਮਾਰਾਂ ਦੀ ਦੇਖ-ਰੇਖ ਕਰਦੀ ਸੀ, ਉਨ੍ਹਾਂ ਨਾਲ ਹੁੰਦੀ ਬੇਇਨਸਾਫ਼ੀ ਵਿਰੁੱਧ ਲੜਦੀ ਵੀ ਸੀ। ਇਸ ਦੇ ਨਾਲ-ਨਾਲ ਹੀ ਉਹ ਇੱਕ ਬੁਲੰਦ ਹੌਸਲੇ ਅਤੇ ਮਜ਼ਬੂਤ ਇਰਾਦੇ ਦੀ ਮਿਸਾਲ ਸੀ।

ਉਸ ਦੀ ਸੋਚ ਅਤੇ ਕੰਮ ਹਰੇਕ ਨੂੰ ਆਪਣੀ ਜ਼ਿੰਦਗੀ ਸਮਾਜ ਦੇ ਲੇਖੇ ਲਾਉਣ ਲਈ ਪ੍ਰੇਰਦੇ ਸਨ। ਉਸ ਨੇ ਸਮਾਜ ਵਿੱਚ ਔਰਤਾਂ ਦਾ ਰੁਤਬਾ ਉੱਪਰ ਉਠਾਉਣ ਲਈ ਪੂਰੀ ਜ਼ਿੰਦਗੀ ਸੰਘਰਸ਼ ਕੀਤਾ। ਭਾਰਤ ਵਿੱਚ ਇਸਤਰੀਆਂ ਦੀ ਸਿੱਖਿਆ ਦੇ ਇਤਿਹਾਸ ਵਿੱਚ ਕਾਦੰਬਿਨੀ ਗਾਂਗੁਲੀ ਦਾ ਨਾਂ ਹਮੇਸ਼ਾ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਰਹੇਗਾ। ਬੇਥੁਨ ਕਾਲਜ ਨੂੰ ਹਮੇਸ਼ਾ ਉਸ ਉੱਤੇ ਗਰਵ ਰਹੇਗਾ।

ਇੱਕ ਮੰਨਿਆ-ਪ੍ਰਮੰਨਿਆ ਅਮਰੀਕਨ ਇਤਿਹਾਸਕਾਰ ਡੇਵਿਡ ਕੌਫ ਲਿਖਦਾ ਹੈ, "ਸਚਾਈ ਦੀ ਕਾਫ਼ੀ ਹੱਦ ਤੱਕ ਗਾਂਗੁਲੀ ਦੀ ਪਤਨੀ ਕਾਦੰਬਿਨੀ ਆਪਣੇ ਸਮੇਂ ਦੀ ਸਭ ਤੋਂ ਸੰਪੰਨ ਅਤੇ ਆਜ਼ਾਦ ਬ੍ਰਹਮੋ ਔਰਤ ਸੀ। ਪਰਸਪਰ ਪਿਆਰ, ਸੰਵੇਦਨਸ਼ੀਲਤਾ ਅਤੇ ਲਿਆਕਤ ਉੱਤੇ ਉੱਸਰਿਆ ਉਨ੍ਹਾਂ ਦਾ ਰਿਸ਼ਤਾ ਹਰ ਪੱਖ ਤੋਂ ਸਭ ਤੋਂ ਵਿਲੱਖਣ ਸੀ।....... ਹਾਲਾਤ 'ਚੋਂ ਉੱਪਰ ਉੱਠਣ ਅਤੇ ਇੱਕ ਇਨਸਾਨ ਦੇ ਤੌਰ ਤੇ ਆਪਣੀ ਕਾਬਲੀਅਤ ਨੂੰ ਪਹਿਚਾਨਣ ਦੀ ਸਮਰੱਥਾ ਨੇ ਉਸ ਨੂੰ, ਬੰਗਾਲੀ ਮਹਿਲਾ ਮੁਕਤੀ ਨੂੰ ਸਿਧਾਂਤਕ ਤੌਰ ਤੇ ਸਮਰਪਿਤ ਸਾਧਾਰਣ ਬ੍ਰਹਮੋ ਸਮਾਜੀਆਂ ਲਈ ਇੱਕ ਬਹੁ-ਮੁੱਲਾ ਆਕਰਸ਼ਣ ਬਣਾ ਦਿੱਤਾ ਸੀ।"

30 ਜੁਲਾਈ, 1886 ਨੂੰ ਤਾਮਿਲਨਾਡੂ ਦੀ ਰਿਆਸਤ ਪੁਡੂਕੋਡਾ ਵਿੱਚ ਜਨਮੀ ਮੁਥੂਲਕਸ਼ਮੀ ਦੇ ਪਿਤਾ ਸ਼੍ਰੀ ਐਸ. ਨਾਰਾਇਣਸਵਾਮੀ ਮਹਾਰਾਜਾ ਕਾਲਜ ਦੇ ਪ੍ਰਿੰਸੀਪਲ ਸਨ। ਉਨ੍ਹਾਂ ਨੇ ਵੀ ਸਮਾਜਿਕ ਰਿਵਾਇਤਾਂ ਨੂੰ ਤੋੜਦਿਆਂ ਮੁਥੂਲਕਸ਼ਮੀ ਨੂੰ ਸਕੂਲ ਪੜ੍ਹਨ ਲਈ ਭੇਜਿਆ ਪ੍ਰੰਤੂ ਜਵਾਨ ਹੋਣ ਤੇ ਉਸ ਨੂੰ ਸਕੂਲ ਛੱਡਣਾ ਪਿਆ। ਉਸ ਨੇ ਸਕੂਲ ਦੀ ਪੜ੍ਹਾਈ ਘਰ ਵਿੱਚ ਹੀ ਜਾਰੀ ਰੱਖੀ। ਮੈਟ੍ਰਿਕ ਪਾਸ ਕਰਨ ਉਪਰੰਤ ਉਸ ਨੇ ਮਹਾਰਾਜਾ ਕਾਲਜ ਵਿੱਚ ਦਾਖ਼ਲਾ ਲੈਣ ਲਈ ਅਰਜ਼ੀ ਦਿੱਤੀ ਜੋ ਖਾਰਜ ਕਰ ਦਿੱਤੀ ਗਈ ਕਿਉਂਕਿ ਉੱਥੇ ਲੜਕੀਆਂ ਨੂੰ ਦਾਖ਼ਲਾ ਨਹੀਂ ਦਿੱਤਾ ਜਾਂਦਾ ਸੀ ਭਾਵੇਂ ਬਾਅਦ ਵਿੱਚ ਉਸ ਨੂੰ ਦਾਖ਼ਲਾ ਦੇ ਦਿੱਤਾ ਗਿਆ। ਉੱਥੋਂ ਗ੍ਰੈਜੂਏਸ਼ਨ ਕਰਨ ਉਪਰੰਤ ਉਸ ਨੇ ਮਦਰਾਸ ਮੈਡੀਕਲ ਕਾਲਜ ਵਿੱਚ ਦਾਖ਼ਲਾ ਲੈ ਲਿਆ ਅਤੇ 1912 ਵਿੱਚ ਪਹਿਲੀ ਸ਼੍ਰੇਣੀ ਵਿੱਚ ਡਾਕਟਰੀ ਦੀ ਡਿਗਰੀ ਹਾਸਿਲ ਕੀਤੀ। ਉਹ ਦੇਸ਼ ਦੀ ਪਹਿਲੀ 'ਮੈਡੀਕਲ ਗ੍ਰੈਜੂਏਟ' ਮਹਿਲਾ ਬਣੀ। ਉਹ ਮਦਰਾਸ ਵਿੱਚ ਗੌਰਮਿੰਟ ਹੌਸਪੀਟਲ ਫਾਰ ਵੁਮੈਨ ਐਂਡ ਚਿਲਡਰਨ ਵਿੱਚ ਹਾਊਸ ਸਰਜਨ ਬਣ ਗਈ। ਉਹ ਉਚੇਰੀ ਪੜ੍ਹਾਈ ਲਈ ਇੰਗਲੈਂਡ ਗਈ ਪ੍ਰੰਤੂ ਵੁਮੈਨੈਜ਼ ਇੰਡੀਅਨ ਐਸੋਸੀਏਸ਼ਨ ਦੀ ਬੇਨਤੀ ਤੇ ਮਦਰਾਸ ਦੀ ਵਿਧਾਨ ਸਭਾ ਵਿੱਚ ਸ਼ਾਮਿਲ ਹੋਣ ਲਈ ਉਸ ਨੇ ਪੜ੍ਹਾਈ ਵਿਚਾਲੇ ਹੀ ਛੱਡ ਦਿੱਤੀ। ਉਹ ਭਾਰਤ ਦੀ ਪਹਿਲੀ ਮਹਿਲਾ ਵਿਧਾਇਕ ਬਣੀ। 1956 ਵਿੱਚ ਉਸ ਨੂੰ ਪਦਮ ਭੂਸ਼ਣ ਪੁਰਸਕਾਰ ਨਾਲ ਨਵਾਜਿਆ ਗਿਆ।

**ਹਵਾਲੇ:**


1. B.K. Sen, 'Kadambini Ganguly – An Illustrious Lady' Science and Culture, Vol. 80, Nos. 9-10, September-October, 2014 07 Art_Kadambini Ganguly ... by B.K. Sen_Pg. 271.pdf.
2. Sisir K. Majumdar, 'Kadambini Ganguly (1861-1923): First Lady Medical Graduate in India' Historical Notes, Indian Journal of History of Science, 46.4 (2011) page: 659-662.
3. Prantosh Bandyopadhyay, 'Dr. Kadambini Ganguly', Behar Herald, NEW SERIES VOL.-I, No. 3&4, July 30, 2015, PATNA.
4. Abhijit Gupta, 'First Lady Doctor of India' BRIEF LIVES, The Telegraph, Calcutta, India, Sunday, December 19, 2010.
5. Sumit Kumar Ganguly, 'Kadambini Ganguly, the First Female Graduate and Doctor in India', Social, Political & Legal, A blog with panoramic perspective, July 18, 2011. http://sumitkumarganguly.wordpress.com/category/history
6. Radhikaranjan Samaddar,130. 'Kadambini Ganguly' (18th July, 1861 – 3rd October, 1923), MARXIST INDIANA, An Encyclopedia of Freedom Fighters of India in Alphabatic Order, Sunday, September 15, 2013, radhikaranjan.blogpost.in/2013/09/kadambini_ganguly.html.
7. David Kopf, 'The Brahmos Samaj and the Shaping of the Modern Indian Mind, Princeton University Press, Princeton, New Jersey, 1979. Page: 125-126.
8. University of London, Expansion: The birth of distance learning and the establishment of the 'Teaching University', www.london.ac.uk/history.html
9. The History of Women at Oxford, www.ox.ac.uk/about/oxfordpeople/women-at-oxford.
10. Meredith Borthwic, 'The Changing Role of Women in Bengal, 1849-1905, Princeton University Press, 1984. Page: 323-324, 341-342.

# ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ- ਰੁਹਾਨੀਅਤ ਤੋਂ ਮੀਰੀ-ਪੀਰੀ ਵੱਲ

ਗੁਰੂ ਅਰਜੁਨ ਦੇਵ ਜੀ ਦੀ ਸ਼ਹੀਦੀ ਸਬੰਧੀ ਇਤਿਹਾਸ ਅੰਦਰ ਕਈ ਤਰ੍ਹਾਂ ਦੇ ਬੇਲੋੜੇ ਅਤੇ ਗੈਰ-ਇਤਿਹਾਸਕ ਕਥਾਵਾਂ ਪੇਸ਼ ਕਰਕੇ ਸਚਾਈ ਨੂੰ ਅਯੋਗ ਦਲੀਲਾਂ ਰਾਹੀਂ ਇਕ ਪਾਸੜ ਮੋੜਾਂ ਦੇਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ। ਮੁਗਲ ਰਾਜ ਦੀ ਚੋਟੀ ਦੀ ਚੜ੍ਹਤ ਵੇਲੇ ਅਕਬਰ ਜੋ ਇਕ ਉਦਾਰਚਿਤ ਹਾਕਮ ਸੀ ਸਮੇਂ, ਜਿਨਾ ਚਿਰ ਉਹ ਜਿਊਂਦਾ ਰਿਹਾ ਗੁਰੂ ਨਾਲ ਚੰਗੇ ਸਬੰਧ ਰਹੇ ! ਪਰ ਜਿਉ ਹੀ ਭਾਰਤ ਦੀ ਗੱਦੀ ਤੇ ਜਹਾਂਗੀਰ ਕਾਬਜ਼ ਹੋਇਆ, ਹਰ ਤਰ੍ਹਾਂ ਦੀ ਦਸ਼ਾ 'ਚ ਬਦਲਾਅ ਵੀ ਆ ਗਏ। ਜਹਾਂਗੀਰ ਜਮਾਂਦਰੂ ਕੱਟੜ ਸੀ ਅਤੇ ਉਸ ਦੀ ਰੁੱਚੀ ਵਿੱਚ ਇਕਸਾਰਤਾ ਨਹੀਂ ਸੀ। ਗੁਰੂ ਅਰਜੁਨ ਦੇਵ ਵੇਲੇ ਸਿੱਖਾਂ ਦਾ ਰੁਹਾਨੀਅਤ ਅਤੇ ਜੱਥੇਬੰਦਕ ਪ੍ਰਭਾਵ ਵੀ ਕਾਫੀ ਉਠਾਨ ਵੱਲ ਜਾ ਰਿਹਾ ਸੀ। ਸਿੱਖਾਂ ਅੰਦਰ ਗੁਰੂ ਅਰਜੁਨ ਦੇਵ ਦੀ ਪ੍ਰਸਿੱਧਤਾ, ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ, ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਅਤੇ ਤਰਨ-ਤਾਰਨ ਸਰੋਵਰਾਂ ਦੀ ਖੁਦਾਈ, ਤਰਨ-ਤਾਰਨ, ਕਰਤਾਰਪੁਰ, ਹਰਗੋਬਿੰਦਪੁਰ ਜਿਹੇ ਨਗਰਾਂ 'ਤੇ ਲਾਹੌਰ ਵਿਖੇ ਬਾਉਲੀ ਦੀ ਉਸਾਰੀ, ਮਸੰਦ ਸਿਸਟਮ, ਗੁਰੂ-ਗਦੀ ਦੇ ਸਿਧਾਂਤ ਵਿੱਚ ਤਬਦੀਲੀ, ਵਾਪਾਰ ਅਜਿਹੇ ਕੁਝ ਕੁ ਕਾਰਕਾ ਕਰਕੇ ਦੇਸ਼ ਦੀ ਰਾਜਸਤਾ ਤੇ ਕਾਬਜ਼ ਮੁਸਲਮਾਨਾਂ ਤੇ ਪੰਜਾਬ ਅੰਦਰ ਹਿੰਦੂਆਂ ਦਾ ਰਵੱਈਆ ਗੁਰੂ ਪ੍ਰਤੀ ਬੁਰੀ-ਦਰਿਸ਼ਟੀ ਵਾਲਾ ਵਿਰੋਧ ਭਾਸ਼ੀ ਦਿਖ ਰਿਹਾ ਸੀ।

ਸਿੱਖਾਂ ਦੀ ਸ਼ਕਤੀ ਅਤੇ ਜੱਥੇਬੰਦਕ ਪ੍ਰਭਾਵ ਦਾ ਘੇਰਾ ਪ੍ਰਚਾਰ ਤੇ ਪ੍ਰਸਾਰ ਕਾਰਨ ਗੁਰੂ ਅਰਜਨ ਦੇਵ ਜੀ ਦੇ ਅਧੀਨ ਬਹੁਤ ਵੱਧਿਆ-ਫੁੱਲਿਆ, ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾਂ ਨੇ ਸਿੱਖਾਂ ਅੰਦਰ ਕੌਮੀ ਜਾਗ੍ਰਿਤੀ ਨੂੰ ਜਨਮ ਦਿੱਤਾ। ਧਾਰਮਿਕ ਰਚਨਾਵਾਂ ਵਾਲੀਆਂ ਰਚਨਾਵਾਂ ਦੀ ਸੰਭਾਲ, ਮੂਰਤੀ ਤੇ ਬੁੱਤ ਪੂਜਾ ਦੀ ਥਾਂ ਰੱਬੀ ਗਿਆਨ ਵਾਲੇ ਭੰਡਾਰ, ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਨੇ, 'ਹਿੰਦੂਆਂ ਅਤੇ ਮੁਸਲਮਾਨਾਂ, ਦੋਹਾਂ ਨੂੰ ਬੁਰਾਈਆਂ-ਔਗੁਣਾਂ ਨੂੰ ਤਿਆਗਣ ਅਤੇ ਸੱਚੇ ਰੱਬ ਨਾਲ ਪਿਆਰ ਕਰਨ ਲਈ ਉਪਦੇਸ਼ ਦਿੱਤਾ। ਪਰ ਰਾਜ-ਸਤਾ ਤੇ ਕਾਬਜ਼ ਕੱਟੜਤਾ ਵਾਲਾ ਇਸਲਾਮਿਕ ਰਾਜ ਪ੍ਰਬੰਧ ਕਦੀ ਵੀ ਆਪਣੇ ਰਾਜ ਅੰਦਰ ਦੂਸਰੇ ਧਰਮ ਜਾਂ ਫਿਰਕੇ ਨੂੰ ਪਨਪਣ ਦੀ ਆਗਿਆ ਕਿਵੇਂ ਦੇਵੇਗਾ ? ਜਹਾਂਗੀਰ ਨੇ ਬਾਦਸ਼ਾਹ ਬਣਨ ਦੇ ਸਮੇਂ ਆਪਣੇ ਦਰਬਾਰੀਆਂ ਨੂੰ ਇਸਲਾਮ ਧਰਮ ਦੀ ਸਹਾਇਤਾ ਦਾ ਬਚਨ ਦਿੱਤਾ ਸੀ। "ਤੁੱਜ਼ਕੇ ਜਹਾਂਗੀਰ'' ਵਿੱਚ ਜਹਾਂਗੀਰ ਆਪ ਕਹਿੰਦਾ ਹੈ,'ਗੋਇੰਦਵਾਲ ਜਿਹੜਾ ਕਿ ਬਿਆਸ ਨਦੀ ਦੇ ਕੰਢੇ ਤੇ ਹੈ, ਵਿੱਚ ਇਕ ਹਿੰਦੂ ਅਰਜਨ ਨਾਮੀਂ (ਗੁਰੂ ਅਰਜਨ ਦੇਵ ਜੀ) ਆਦਮੀ ਫਕੀਰੀ ਵੇਸ ਅਤੇ ਪਰਹੇਜ਼ਗਾਰ ਦੇ ਰੂਪ ਵਿੱਚ ਹੈ। ਉਸ ਨੇ ਬਹੁਤ ਸਾਰੇ ਹਿੰਦੂਆਂ ਅਤੇ ਇਸਲਾਮ ਦੇ ਉਜੱਡ ਅਤੇ ਮੂਰਖ ਮੁਰੀਦਾਂ ਨੂੰ ਵੀ ਆਪਣੇ ਢੰਗ ਨਾਲ ਆਪਣੇ ਵੱਸ ਕਰ ਰੱਖਿਆ ਹੈ। ਉਸ ਦੀ ਪਵਿਤਰਤਾ ਦਾ ਬੜਾ ਢੰਡੋਰਾ ਪਿਟਿਆ ਜਾ ਰਿਹਾ ਹੈ, ਉਸ ਨੂੰ ਗੁਰੂ ਦਾ ਦਰਜਾ ਦਿੱਤਾ ਹੋਇਆ ਹੈ, ਇਨ੍ਹਾਂ ਨੇਆਪਣੇ ਆਤਮਿਕ ਵਾਰਸਾਂ ਦੀਆਂ ਤਿੰਨ-ਚਾਰ ਪੁਸ਼ਤਾਂ ਤੋਂ ਆਪਣੀ ਦੁਕਾਨ ਚਲਾਈ ਹੋਈ ਹੈ। ਜਹਾਂਗੀਰ ਦੀ ਇਸ ਲਿਖਤ ਤੋਂ ਇਹ ਭਾਸਦਾ ਹੈ,'ਕਿ ਉਹ ਸਿੱਖ ਧਰਮ ਨੂੰ ਮਿਟਾ ਦੇਣਾ ਚਾਹੁੰਦਾ ਸੀ ਤੇ ਇਸ ਦਾ ਅਤੇ ਇਸ ਦਾ ਅੰਤ ਕੀਤਾ ਜਾਵੇ, ਅਜਿਹੇ ਵਿਚਾਰ ਉਸ ਦੇ ਮਨ ਅੰਦਰ ਘਰ ਕਰ ਚੁੱਕੇ ਹੋਏ ਸਨ।



ਜਗਦੀਸ਼ ਸਿੰਘ ਚੋਹਕਾ
001-403-285-4208

ਜਹਾਂਗੀਰ ਦੇ ਪੁੱਤਰ ਖੁਸਰੋ ਨੇ ਆਪਣੇ ਪਿਤਾ ਦੀ ਗਦੀ-ਨੀਸ਼ੀਨੀ ਦੇ ਵਿਰੁੱਧ ਬਗਾਵਤ ਕਰ ਦਿੱਤੀ। ਸ਼ਾਹੀ ਫੌਜਾਂ ਜਹਾਂਗੀਰ ਦੇ ਹੁਕਮਾਂ ਮੁਤਾਬਿਕ ਉਸ ਦਾ ਪਿਛਾ ਕਰ ਰਹੀਆਂ ਸਨ।ਖੁਸਰੋ ਗੁਰੂ ਅਰਜਨ ਦੇਵ ਕੋਲ ਪਹੁੰਚਿਆ। ਗੁਰੂ ਜੀ ਤੋਂ ਅਸੀਸ ਮੰਗੀ ! ਪਰ ਕਈ ਹਲਕਿਆ ਅੰਦਰ ਇਤਿਹਾਸਕਾਰਾਂ ਤੇ ਲੇਖਕਾਂ ਨੇ ਇਸ ਮੁਲਾਕਾਤ ਨੂੰ ਖੁਸਰੋ ਦੀ ਬਗਾਵਤ ਵਿੱਚ ਸਹਾਇਤਾ ਕਰਨ ਦਾ ਰਾਜਸੀ ਵਿਰੋਧ ਅੰਕਿਆ। ਪਰ ਜਹਾਂਗੀਰ ਖੁਦ ਤੁੱਜ਼ਕੇ ਜਹਾਂਗੀਰੀ ਵਿੱਚ ਲਿਖਦਾ ਹੈ,'ਗੁਰੂ ਨੇ ਖੁਸਰੋ ਦੇ ਮੱਥੇ ਤੇ ਕੇਸਰ ਜਾਂ ਪੀਲੇ ਰੰਗ ਦਾ ਨਿਸ਼ਾਨ ਲਗਾਇਆ। ਪਰ ਇਸ ਨੂੰ ਇਹ ਕਿਵੇਂ ਸਮਝਿਆ ਜਾਵੇ ਕਿ ਸ਼ਹਿਜ਼ਾਦੇ ਨੂੰ ਭਾਰਤ ਦੇ ਰਾਜ ਮਿਲਣ ਦੀ ਅਸੀਸ ਦਿੱਤੀ ਗਈ ਹੈ ? ਖੁਸਰੋ ਅਕਬਰ ਦਾ ਪੋਤਰਾ ਤੇ ਉਹ ਉਦਾਰਚਿਤ ਸੋਚ ਵਾਲਾ ਸ਼ਹਿਜ਼ਾਦਾ ਸੀ। ਦੂਸਰਾ ਆਗਰੇ ਤੋਂ ਲੈ ਕੇ ਲਾਹੌਰ ਤੱਕ ਅਜਿਹੀ ਕੋਈ ਖਬਰ ਜਾਂ ਸੂਹ ਨਹੀਂ ਮਿਲਦੀ ਕਿ ਗੁਰੂ ਜੀ ਨੇ ਖੁਸਰੋ ਦੀ ਇਸ ਬਗਾਵਤ 'ਚ ਮਦਤ ਕੀਤੀ ਹੈ। ਹਾਂ ! ਇਹ ਜ਼ਰੂਰ ਸਾਬਤ ਹੁੰਦਾ ਹੈ ਕਿ ਗੁਰੂ ਨੇ ਖੁਸਰੋ ਨੂੰ ਅਸੀਸ ਜ਼ਰੂਰ ਦਿੱਤੀ ਹੈ, "ਦਬਿਸਤਾਨੇ ਮਜ਼ਾਹਬ''ਦਾ ਕਰਤਾ 'ਫਾਨੀ' ਦਾ ਕਥਨ ਹੈ ਕਿ ਗੁਰੂ ਜੀ ਨੇ ਖੁਸਰੋ ਲਈ ਅਰਦਾਸ ਕੀਤੀ ਹੈ। ਸ਼ਹਿਜ਼ਾਦਾ ਜਿਹੜਾ ਕਿ ਪਹਿਲਾ ਹੀ ਸ਼ਾਹੀਫੌਜਾਂ ਤੋਂ ਭਾਂਜ ਖਾ ਕੇ ਭੱਜਿਆ ਹੋਇਆ ਸੀ, ਉਸ ਦੀ ਸਫਲਤਾ ਲਈ ਮਦਤ ਕਰਨ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ ਹੈ। ਮੈਕਲਾਫ਼ ਦਾ ਮਤ ਹੈ,"ਕਿ ਹਮਦਰਦੀ ਵੱਜੋ ਭੱਜੇ ਜਾ ਰਹੇ ਸ਼ਹਿਜ਼ਾਦੇ ਦੀ ਮਦਤ ਤਾਂ ਕੀਤੀ ਹੋਵੇਗੀ, ਪਰ ਬਗਾਵਤ ਲਈ ਨਹੀਂ ? ਜਹਾਂਗੀਰ ਖੁਦ ਲਿਖਦਾ ਹੈ,'ਮੈਨੂੰ ਇਹ ਵਿਚਾਰ ਫੁਰਿਆ ਕਿ ਇਸ ਬੇਲੋੜੇ ਕੰਮ ਨੂੰ ਖਤਮ ਕੀਤਾ ਜਾਵੇ। ਭਾਵ ਉਹ ਸਿੱਖ ਧਰਮ ਨੂੰ ਮਿਟਾ ਦੇਣਾ ਚਾਹੁੰਦਾ ਸੀ, ਇਹ ਉਸਦੀ ਕੱਟੜਵਾਦੀ ਨੀਤੀ ਦਾ ਪ੍ਰਗਟਾਵਾ ਹੁੰਦਾ ਹੈ।

ਲਾਹੌਰ ਵਿਖੇ ਗੁਰੂ ਦੇ ਦੁਸ਼ਮਣਾਂ ਨੇ ਜਹਾਂਗੀਰ ਦੇ ਕੰਨਾਂ ਵਿੱਚ ਇਹ ਸੂਹ ਪਾਈ ਕਿ ਗੁਰੂ ਜੀ ਸ਼ਹਿਜਾਦੇ ਦੀ ਬਗਾਵਤ ਵਿੱਚ ਉਸ ਦਾ (ਗੁਰੂ ਜੀ) ਸਾਥੀ ਸੀ। ਪਰ ਅਜਿਹਾ ਕੋਈ ਸਬੂਤ ਤੁੱਜ਼ਕੇ ਜਹਾਂਗੀਰੀ ਵਿੱਚ ਨਹੀਂ ਮਿਲਦਾ ਹੈ, 'ਕਿਉਂਕ ਜਹਾਂਗੀਰ ਖੁਦ ਬਾਗੀ ਸ਼ਹਿਜ਼ਾਦੇ ਦਾ ਪਿਛਾ ਕਰ ਰਿਹਾ ਸੀ। ਨਹੀਂ ਤਾਂ ਉਸ ਨੇ ਗੁਰੂ ਜੀ ਦੀ ਗ੍ਰਿਫਤਾਰੀ ਦੇ ਹੁਕਮ ਵੀ ਚਾੜ੍ਹ ਦੇਣੇ ਸਨ। ਬਗਾਵਤ ਵਿੱਚ ਖੁਸਰ ਦਾ ਸਾਥ ਦੇਣ ਦੀ ਅਫ਼ਵਾਹ,'ਗੁਰੂ ਜੀ ਦੇ ਦੁਸ਼ਮਣਾਂ, 'ਜਿਨ੍ਹਾਂ ਵਿੱਚ ਖਾਸ ਕਰਕੇ ਲਾਹੌਰ ਦਾ ਸ਼ਾਹੀ ਦੀਵਾਨ ਚੰਦੂ ਸ਼ਾਹ ਸੀ, ਆਦਿ ਨੇ ਮਨ-ਘੜਤ ਬਣਾਈ ਤੇ ਇਹ ਲੋਕ ਗੁਰੂ ਜੀ ਨੂੰ ਰਾਜਸੀ ਵਿਰੋਧੀ ਵਜੋਂ ਸਾਬਤ ਕਰਨਾ ਚਾਹੁੰਦੇ ਸਨ। ਪਰ ਜਿਸ ਦੀ ਅਣ-ਹੋਂਦ ਵਿੱਚ ਉਹ ਇਸ ਨੂੰ ਭਾਵੇਂ ਸਿੱਧ ਨਹੀਂ ਕਰ ਸਕਦੇ ਸਨ। ਬਹੁਤ ਸਾਰੇ ਵਿਚਾਰਾਂ ਬਾਦ ਇਹ ਰਾਏ ਸਾਹਮਣੇ ਆਉਂਦੀ ਹੈ,'ਕਿ ਗੁਰੂ ਜੀ ਰਾਜਸੀ ਵਿਰੋਧ ਭਾਸ਼ੀ ਸਾਜ਼ਿਸ਼ ਕਾਰਨ ਤਸੀਹਿਆ ਦਾ ਸ਼ਿਕਾਰ ਹੋਏ। ਰਾਜਸੀ ਇਕ ਸੰਮਤੀ ਰੱਖਣੀ ਕਠਿਨ ਹੈ। ਸਗੋਂ ਇਹ ਵਿਚਾਰ ਵੀ ਸਾਹਮਣੇ ਆਉਂਦੇ ਹਨ ਕਿ ਚੰਦੂ ਸ਼ਾਹ ਜੋ ਲਾਹੌਰ ਦਾ ਸ਼ਾਹੀ ਦੀਵਾਨ ਸੀ ਆਪਣੀ ਪੁੱਤਰੀ ਸਦਾ ਕੌਰ ਦਾ ਰਿਸ਼ਤਾ ਗੁਰੂ ਜੀ ਦੇ ਸਪੁੱਤਰ ਗੁਰੂ ਹਰਗੋਬਿੰਦ ਨਾਲ ਕਰਨਾ ਚਾਹੁੰਦਾ ਸੀ। ਪਰ ਗੁਰੂ ਜੀ ਤੇ ਸਿੱਖਾਂ ਨੇ ਚੰਦੂ ਦੇ ਮਾੜੇ ਰਵੱਈਏ ਕਾਰਨ ਇਹ ਰਿਸ਼ਤਾ ਨਾ ਮਨਜ਼ੂਰ ਕਰਨ ਕਰਕੇ, ਉਹ ਗੁਰੂ ਜੀ ਦਾ ਵੱਡਾ ਦੁਸ਼ਮਣ ਬਣ ਗਿਆ। ਉਸ ਵੱਲੋਂ ਸਥਾਨਕ ਰਾਜਸੀ ਪ੍ਰਭਾਵ ਅਧੀਨ ਕਈ ਦੋਸ਼ ਲਾ ਕੇ ਗੁਰੂ ਜੀ ਨੂੰ ਵੱਡੀ ਸਜ਼ਾਅ ਦੇਣ ਦੀ ਠਾਣੀ। ਖੁਸਰੋ ਦੀ ਬਗਾਵਤ ਸਬੰਧੀ ਜਦੋਂ ਜਹਾਂਗੀਰ ਲਾਹੌਰ ਪੁਜਿਆ ਤਾਂ ਗੁਰੂ ਦੇ ਦੁਸ਼ਮਣਾਂ ਨੇ ਗੁਰੂ ਜੀ ਵਿਰੁਧ ਬਗਾਵਤ ਸਮੇਤ, ਧਾਰਮਿਕ ਵਿਚਾਰ ਤੇ ਕਈ ਹੋਰ ਦੋਸ਼ ਲਾਕੇ ਜਹਾਂਗੀਰ ਦੇ ਕੰਨ ਭਰੇ। ਜਹਾਂਗੀਰ ਪਹਿਲਾ ਹੀ ਗੁਰੂ ਜੀ ਵਿਰੁੱਧ ਕਿਸੇ ਮਾੜੀ ਤਾੜ ਵਿੱਚ ਸੀ। ਬਿਨਾਂ ਪੁਛੇ ਉਸਨੇ ਹਾਕਮੀ ਹੁਕਮ ਵੀ ਸੁਣਾ ਦਿੱਤੇ। ਉਹ ਖੁਦ ਤਾਂ ਕਸ਼ਮੀਰ ਚਲਾ ਗਿਆ, ਤਾਂ ਬਾਦ ਵਿੱਚ ਗੁਰੂ ਜੀ ਨੂੰ ਤਸੀਹੇ ਚੰਦੂ ਨੇ ਦਿੱਤੇ।



ਲਾਹੌਰ ਵਿਖੇ ਜਹਾਂਗੀਰ ਦੇ ਗੁੱਸੇ ਦਾ ਕੋਈ ਅੰਤ ਨਾ ਰਿਹਾ ਅਤੇ ਉਸ ਨੇ ਬਿਨਾ ਕਿਸੇ ਸਬੂਤ ਜਾਂ ਪੁਛ-ਗਿਛ ਦੇ ਦੋ-ਲੱਖ ਰੁਪਏ ਜੁਰਮਾਨਾ ਅਤੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਹਿੰਦੂਆਂ ਤੇ ਮੁਸਲਮਾਨਾਂ ਦੇ ਵਿਰੁਧ ਅੰਕਿਤ ਭਾਗਾਂ ਨੂੰ ਕੱਢ ਦੇਣ ਦਾ ਹੁਕਮ ਦਿੱਤਾ। ਜਿਥੇ ਤੱਕ ਜੁਰਮਾਨੇ ਦਾ ਸਬੰਧ ਸੀ, ਗੁਰੂ ਜੀ ਨੇ ਕਿਹਾ ਕਿ ਉਨ੍ਹਾਂ ਕੋਲ ਦੇਣ ਲਈ ਕੋਈ ਰੁਪਿਆ ਪੈਸਾ ਨਹੀਂ ਅਤੇ ਜੋ ਕੁਝ ਉਨ੍ਹਾਂ ਦੇ ਕੋਲ ਸੀ ਉਹ ਗਰੀਬਾਂ, ਮੁਥਾਜਾਂ, ਪ੍ਰਦੇਸੀਆਂ ਅਤੇ ਯਤੀਮਾਂ ਲਈ ਸੀ, ਨਾ ਕਿ ਸਰਕਾਰ ਨੂੰ ਜੁਰਮਾਨੇ ਦੇ ਰੂਪ ਵਿੱਚ ਦੇਣ ਲਈ ! ਪਰ ਗੁਰੂ ਗ੍ਰੰਥ ਸਾਹਿਬ ਵਿੱਚੋਂ ਕੁਝ ਸ਼ਬਦ ਕੱਢਣ ਲਈ ਮੂਲੋ ਹੀ ਨਾ ਕਰ ਦਿੱਤੀ। ਨਤੀਜੇ ਵੱਜੋ ਜਹਾਂਗੀਰ ਨੇ ਗੁਰੂ ਜੀ ਦੀ ਸਾਰੀ ਜਾਇਦਾਦ ਜ਼ਬਤ ਕਰਨ ਲਈ ਹੁਕਮ ਦੇ ਦਿਤੇ। ਉਨ੍ਹਾਂ ਦੇ ਮਕਾਨ, ਰਹਿਣ ਦੀਆਂ ਥਾਵਾਂ, ਬਲਕਿ ਬੱਚੇ ਵੀ ਵੀ ਮੁਰਤਜ਼ਾ ਖਾਨ ਦੇ ਹਵਾਲੇ ਕਰ ਦਿੱਤੇ। ਫੇਰ ਇਹ ਹੁਕਮ ਦਿੱਤਾ ਕਿ ਇਨ੍ਹਾਂ ਨੂੰ ਤਸੀਹੇ ਦੇ ਕੇ ਖ਼ਤਮ ਕਰ ਦਿੱਤਾ ਜਾਵੇ। ਗੁਰੂ ਜੀ ਨੂੰ ਚੰਦੂ ਦੇ ਹਵਾਲੇ ਕਰ ਦਿੱਤਾ। ਇਹ ਕਿਹਾ ਜਾਂਦਾ ਹੈ,'ਕਿ ਲਾਹੌਰ ਦੇ ਇਕ ਮੁਸਲਮਾਨ ਦਰਵੇਸ਼ ਸਾਈਂ ਮੀਆਂ ਮੀਰ ਨੇ ਬਾਦਸ਼ਾਹ ਨੂੰ ਇਸ ਕਹਿਰ ਤੋਂ ਰੋਕਣ ਦੀ ਕੋਸ਼ਿਸ਼ ਕੀਤੀ। ਪ੍ਰੰਤੂ ਗੁਰੂ ਜੀ ਨੇ ਸਾਂਈ ਮੀਆਂ ਮੀਰ ਨੂੰ ਕਿਹਾ ਕਿ ਉਹ ਰੱਬ ਦੀ ਇਛਾਂ ਤੇ ਹੀ ਸਭ ਕੁਝ ਛੱਡ ਦੇਣ ! ਭਾਵੇਂ ਸਿੱਖ ਸਾਖੀਆਂ ਅਨੁਸਾਰ ਕਈ-ਕਥਾਵਾਂ ਹਨ। ਪਰ "ਮੁਹਿਸਨ ਫਾਨੀ'' ਅਨੁਸਾਰ, 'ਗੁਰੂ ਜੀ ਦਾ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿਣਾ, ਗਰਮੀ, ਭੈੜਾ-ਸਲੂਕ ਅਤੇ ਦਿੱਤੇ ਤਸੀਹਿਆ ਕਾਰਨ ਹੀ ਹੋਇਆ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਲਾਹੌਰ ਵਿਖੇ 30-ਮਈ ਸੰਨ 1606 (ਸੰਮਤ 1663 ਜੇਠ-ਸੁਦੀ ਚੌਥ)ਅਨੁਸਾਰ ਹੋਈ ਤੇ ਰਾਵੀ ਦੇ ਕੰਢੇ ਉਨ੍ਹਾਂ ਦਾ ਸੰਸਕਾਰ ਕੀਤਾ ਗਿਆ। ਮੌਕੇ ਦੇ ਹਲਾਤਾਂ ਅਨੁਸਾਰ ਗੁਰੂ ਜੀ ਦੀ ਸ਼ਹੀਦੀ ਦਾ ਕਾਰਨ ਜਹਾਂਗੀਰ ਦੀ ਧਾਰਮਿਕ ਕੱਟੜ ਨੀਤੀ ਅਧੀਨ ਸਥਾਨਕ ਹਾਕਮੀ ਤਸ਼ਦਦ ਹੀ ਇਸ ਦੇ ਜਿਮੇਵਾਰ ਸਨ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖ ਧਰਮ ਨੂੰ ਰੁਹਾਨੀਅਤ-ਵਾਦ ਦੇ ਰਾਹ ਦੇ ਨਾਲ ਫੌਜੀ ਭਾਵ ਮੀਰੀ-ਪੀਰੀ ਦੇ ਰਾਹ ਤੇ ਵੀ ਤੁਰਨ ਵੱਲ ਪਾ ਦਿੱਤਾ। ਸਿੱਖਾਂ ਅੰਦਰ ਗੁਰੂ ਅਰਜਨ ਦੇਵ ਜੀ ਨੂੰ ਦਰਵੇਸ਼ ਜੀਵਨ ਵਾਲਾ ਹੋਣ ਕਰਕੇ,'ਉਤਮ ਦਰਜਾ ਮਿਲਿਆ ਹੋਇਆਸੀ। ਸਿੱਖ-ਸੰਗਤਾਂ ਉਨ੍ਹਾਂ ਪਾਸ ਆਤਮਿਕ ਸ਼ਾਂਤੀ ਅਤੇ ਰੁਹਾਨੀਅਤ ਗਿਆਨ ਲਈ ਆਉਂਦੀਆਂ ਸਨ। ਉਹ ਆਪਣੇ ਪਿਆਰੇ ਗੁਰੂ ਦੀ ਇਸ ਦਰਦਨਾਕ ਸ਼ਹੀਦੀ ਨੂੰ ਮੁਗਲ ਸਰਕਾਰ ਦੀ ਕੱਟੜਤਾ ਦਾ ਸਿੱਟਾ ਗਿਣਦੇ ਸਨ। ਉਨ੍ਹਾਂ ਦੀ ਸ਼ਹੀਦੀ ਤਕ,'ਸਿੱਖ ਧਰਮ ਨੂੰ ਸਰਕਾਰ ਵੱਲੋਂ ਕਿਸੇ ਤਰ੍ਹਾਂ ਦਾ ਪਹਿਲਾ ਦਖ਼ਲ ਦਿੱਤੇ ਬਿਨਾਂ, ਅਮਨ-ਸ਼ਾਂਤੀ ਨਾਲ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਕੋਈ ਰੋਕ ਨਹੀਂ ਆਈ ਸੀ। ਪਰ ਹੁਣ ਸਿੱਖ ਸੰਸਥਾਂ ਨੂੰ ਗੁਰੂ ਜੀ ਦੀ ਸ਼ਹੀਦੀ ਬਾਦ ਇਕ ਨਵੇਂ ਤਰ੍ਹਾਂ ਦਾ ਧਾਰਮਿਕ, ਰਾਜਸੀ ਤੇ ਸਮਾਜਿਕ ਚੈਲੰਜ ਪੇਸ਼ ਹੋਇਆ। ਉਨ੍ਹਾਂ ਨੂੰ ਜਾਨ ਅਤੇ ਮਾਲ ਦੀ ਰੱਖਿਆ ਲਈ ਆਪਣੇ ਆਪ ਨੂੰ ਹਥਿਆਰਬੰਦ ਹੋਣ ਲਈ ਸੋਚਣਾ ਪਿਆ। ਦੇਸ਼ ਅੰਦਰ ਹੁਣ ਸਿੱਖਾਂ ਨੂੰ ਵੀ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਮੁਗਲ-ਸਲਤਨਤ ਵਿਰੁਧ ਹਥਿਆਰਬੰਦ ਹੋਣ ਲਈ ਮਜਬੂਰ ਹੋਣਾ ਪਿਆ। ਗੁਰੂ ਜੀ ਦੀ ਸ਼ਹੀਦੀ ਸਿੱਖ ਇਤਿਹਾਸ ਅੰਦਰ ਹਾਲਾਤਾਂ ਨੂੰ ਬਦਲਣ ਵਾਲੀ ਇਕ ਮਹਾਨ ਘਟਨਾ ਸੀ, ਕਿਉਂਕਿ ਹੁਣ ਸਿੱਖਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਵਡੇਰੇ ਹਿਤਾਂ ਦੀ ਪੂਰਤੀ ਲਈ ਆਪਣੇ ਆਪ ਨੂੰ ਮੁਗਲਾਂ ਦੇ ਜ਼ੁਲਮਾਂ ਤੋਂ ਬਚਾਉਣ ਲਈ ਹਥਿਆਰਬੰਦ ਹੋਣਾ ਪਿਆ। ਇਹ ਵੀ ਇਕ ਇਤਿਹਾਸਕ ਮੋੜ ਸੀ,'ਕਿ ਰਾਜਸੀ ਆਜ਼ਾਦੀ ਦੇ ਬਿਨਾਂ ਆਤਮਿਕ ਸ਼ਕਤੀ ਪ੍ਰਾਪਤ ਕਰਨੀ ਕਠਨ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਦੇਣ ਨੇ ਲੋਕਾਂ ਅੰਦਰ ਸਹਿਣਸ਼ੀਲਤਾ ਤੇ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕੀਤਾ। ਇਨ੍ਹਾਂ ਨਵੇਂ ਹਲਾਤਾਂ ਨੇ ਗੁਰੂ ਜੀ ਦੀ ਸ਼ਹੀਦੀ ਨੇ ਦੂਸਰੇ ਸ਼ਹੀਦਾਂ ਵਾਂਗ ਸਿੱਖਾਂ ਨੂੰ ਵੀ ਮੁਗਲਾਂ ਨਾਲ ਆਪਣੀ ਖਿਚੋਤਾਣ ਅਤੇ ਵਿਗੜੇ ਸੰਬੰਧਾਂ ਦੇ ਕਾਰਨ ਰੂਹਾਨੀਅਤ ਵਾਲੇ ਰਾਹ ਦੇ ਨਾਲ ਫੌਜੀ ਤਾਕਤ ਦੇ ਰੂਪ ਵਿੱਚ ਸੰਗਠਤ ਹੋਣ ਲਈ ਮਜਬੂਰ ਕਰ ਦਿੱਤਾ।

ਆਪਣੀ ਸ਼ਹੀਦੀ ਤੋਂ ਪਹਿਲਾ ਗੁਰੂ ਜੀ ਵੱਲੋਂ ਸਿੱਖ ਸੰਗਤ ਨੂੰ ਦਿਤੇ ਜਾਣ ਵਾਲੇ ਅੰਤਲੇ ਸੁਨੇਹੇ ਵਿੱਚ ਵੀ ਮੁਗਲ ਰਾਜ ਅੰਦਰ ਆਉਣ ਵਾਲੀਆਂ ਭਵਿਖ ਵਿਚਲੀਆਂ ਪੇਸ਼ਬੰਦੀਆਂ ਲਈ ਚੁੱਕੇ ਜਾਣ ਵਾਲੇ ਕਦਮਾਂ ਨੂੰ ਦਸ ਦਿੱਤਾ। ਉਨ੍ਹਾ ਕਿਹਾ ਕਿਹਾ,'ਮੈਂ ਆਪਣੇ ਜੀਵਨ ਦਾ ਆਦਰਸ਼ ਪ੍ਰਾਪਤ ਕਰਨ ਵਿੱਚ ਸਫਲ ਹੋ ਗਿਆ ਹਾਂ। ਮੇਰੇ ਪਾਰਸਾ (ਪਵਿਤਰ ਸੰਤ) ਪੁੱਤਰ ਹਰਗੋਬਿਦ ਦੇ ਕੋਲ ਜਾਓ ਅਤੇ ਮੇਰੇ ਵੱਲੋਂ ਉਸ ਨੂੰ ਪੂਰਨ ਤਸੱਲੀ ਦਿਓ ਅਤੇ ਕਹੋ ਕਿ ਉਹ ਮੇਰਾ ਅਫ਼ਸੋਸ ਨਾ ਕਰੇ ਅਤੇ ਨਾ ਹੀ ਅਤਿਅੰਤ ਤਰ੍ਹਾਂ ਦਾ ਗਮ ਕਰੇ। ਸਗੋਂ ਸੱਚੇ ਪ੍ਰਮਾਤਮਾ ਦਾ ਨਾਮ ਸਿਮਰਨ ਕਰੇ ! ਉਸ ਨੂੰ ਪੂਰੀ ਤਰ੍ਹਾਂ ਹਥਿਆਰਬੰਦ ਹੋ ਕੇ ਗਦੀ ਤੇ ਬੈਠਣ ਦਿਓ ਅਤੇ ਪੂਰੀ ਯੋਗਤਾ ਨਾਲ ਫੌਜ ਰੱਖਣ ਦਿਓ। .....ਭਾਈ ਬੁੱਢਾ ਜੀ ਦਾ ਸਤਿਕਾਰ ਕਰਨ ਦਿਓ ਅਤੇ ਹਥਿਆਰ ਬੰਦੀ ਦੇ ਇਲਾਵਾ ਹਰ ਇਕ ਦ੍ਰਿਸ਼ਟੀਕੋਨ ਤੋਂ ਪਹਿਲੇ ਗੁਰੂਆਂ ਦੇ ਉਪਦੇਸ਼ 'ਤੇ ਅਮਲ ਕਰਨ ਦਿੱਤਾ ਜਾਵੇ। ਗੁਰੂ ਜੀ ਦੇ ਅੰਤਲੇ ਸ਼ਬਦ ਹਿੰਦੁਸਤਾਨ ਦੇ ਬਜ਼ਾਰਾਂ ਅਤੇ ਹੋਰ ਯਾਤਰਾਂ ਦੇ ਅਸਥਾਵਾਂ ਤੇ ਬਿਜਲੀ ਦੀ ਲਹਿਰ ਵਾਂਗ ਫਿਰ ਗਏ। ਸਿੱਖ ਸੰਸਥਾ ਇਕ ਨਵੀਂ ਹੀ ਰੁਚੀ ਵਾਲੀ ਬਣ ਗਈ। ਇਹ ਇਕ ਪੰਜਾਬ ਅੰਦਰ ਨਵੀਂ ਗੁਣਾਂਤਮਿਕ ਤਬਦੀਲੀ ਦਾ ਜਨਮ ਸੀ ਜਿਸ ਨੇ ਨਾਮ ਬਾਣੀ ਦੇ ਨਾਲ ਨਾਲ ਹਲ ਦੇ ਫਾਲਾਂ ਨੂੰ ਤਲਵਾਰਾਂ ਅਤੇ ਦਾਤਰੀਆਂ ਨੂੰ ਭਾਲਿਆ ਦੇ ਰੂਪ ਦੇਣੇ ਅਰੰਭ ਕਰ ਦਿੱਤੇ। ਇਸ ਤਰ੍ਹਾਂ ਨਾਲ ਇਕ ਪੂਰਨ ਅਮਨ ਪਸੰਦ ਸ਼੍ਰੇਣੀ ਨੇ ਜ਼ੰਗਜੂ ਅਥਵਾ ਲੜਾਕਾ ਰੂਪ ਧਾਰਨ ਕਰ ਲਿਆ।

ਗੁਰੂ ਅਰਜੁਨ ਦੇਵ ਜੀ ਦੀ ਸ਼ਹੀਦੀ ਤੋਂ ਸਿੱਖਾਂ ਦੇ ਕਪਾਟ ਖੁਲ੍ਹ ਗਏ ਅਤੇ ਉਨ੍ਹਾਂ ਨੂੰ ਹੁਣ ਆਪਣਾ ਨਵਾਂ ਰੂਪ ਅਰਥਾਤ ਫੌਜੀ ਰੂਪ ਧਾਰਨ ਕਰਨਾ ਪਿਆ। ਉਹ ਸੰਤ ਸਿਪਾਹੀ ਬਣ ਗਏ। ਸਿੱਖਾਂ ਦੀ ਇਸ ਨਵੀਂ ਤਿਆਰੀ ਅਤੇ ਨਵੀਂ ਰੁਚੀ ਨੂੰ ਮੁਗਲ ਸਲਤਨਤ ਵੀ ਅੱਖੋਂ ਉਹਲੇ ਨਾ ਕਰ ਸਕੀ। ਖਾਸ ਕਰਕੇ ਇਸ ਲਈ ਕਿਉਂ ਜੋ ਇਕ ਸਿੱਖਾਂ ਦੀ ਨਵੀਂ ਤਰ੍ਹਾਂ ਦੀ ਜ਼ਬਰਦਸਤ ਜੱਥੇਬੰਦੀ ਸਾਂਝੇ ਰੂਪ ਵਿੱਚ ਆਪਣੇ ਆਗੂ ਦੇ ਅਧੀਨ ਸਾਰੇ ਦੇਸ਼ ਵਿੱਚ ਨਾ-ਫ਼ਰਮਾਨੀ ਦੀ ਹੱਦ ਤੱਕ ਪੁੱਜ ਗਈ। ਸੋ ਵੱਧ ਹੋਵੇ ਜਾਂ ਘੱਟ ਇਹ ਖਿਚਾ-ਖਿਚੀ ਨਾ ਮੁਕਣ ਵਾਲਾ ਰੂਪ ਧਾਰਨ ਕਰਦੀ ਜਾ ਰਹੀ ਸੀ ਅਤੇ ਇਹ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਅਤੇ ਉਤਰ-ਅਧਿਕਾਰੀ ਗੁਰੂ ਹਰਗੋਬਿੰਦ ਜੀ ਦੇ ਅਧੀਨ ਸਾਫ਼-ਸਾਫ਼ ਪ੍ਰਗਟ ਹੋ ਗਈ। ਗੁਰੂ ਹਰਗੋਬਿੰਦ ਜੀ ਨੇ ਪਹਿਲੇ ਗੁਰੂਆਂ ਦੀ ਰੂਹਾਨੀ-ਨੀਤੀ ਦੇ ਨਾਲ ਨਾਲ ਫੌਜੀ-ਕਰਨ ਦੀ ਨੀਤੀ ਵੀ ਸਿੱਖ ਧਰਮ ਅੰਦਰ ਅਪਣਾਈ, ਜਿਸ ਨਾਲ ਉਨ੍ਹਾਂ ਦੁਸ਼ਮਣਾਂ ਦਾ ਮੁਕਾਬਲਾ ਹੋ ਸੱਕੇ, ਜਿਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਸੀ। ਗੁਰੂ ਅਰਜਨ ਦੇਵ ਜੀ ਦੇ ਅੰਤਲੇ ਸੁਨੇਹੇ ਨੇ ਆਉਣ ਵਾਲੇ ਗੁਰੂਆਂ ਅਤੇ ਭਵਿੱਖਤ ਵਿੱਚ ਪ੍ਰਗਟ ਹੋਣ ਵਾਲੀ ਹਥਿਆਰਬੰਦ ਰੁਕਾਵਟ ਜਾਂ ਰੱਖਿਆ ਦੀ ਨਵੀਂ ਨੀਤੀ ਨੂੰ ਪ੍ਰਗਟ ਕੀਤਾ ਜੋ ਰੁਹਾਨੀਅਤ ਤੋਂ ਮੀਰੀ-ਪੀਰੀ ਵੱਲ ਵੱਧ ਰਹੀ ਸੀ।


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com

# ਜੂਨ 1984 ਦੀ ਸ੍ਰੀ ਦਰਬਾਰ ਸਾਹਿਬ ਦੀ ਘੇਰਾਬੰਦੀ ਤੇ ਸੰਤ ਭਿੰਡਰਾਂਵਾਲੇ

ਬਘੇਲ ਸਿੰਘ ਧਾਲੀਵਾਲ

ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੀ ਪੂਰਤੀ ਲਈ ਅਰੰਭਿਆ ਧਰਮਯੁੱਧ ਮੋਰਚਾ ਬਹੁਤ ਉਚਾਈਆਂ ਵੱਲ ਜਾ ਰਿਹਾ ਸੀ। ਅਕਾਲੀ ਵਰਕਰ ਲਗਾਤਾਰ ਵੱਡੀ ਗਿਣਤੀ ਵਿੱਚ ਹਰ ਰੋਜ ਗਿਰਫਤਾਰੀਆਂ ਦੇ ਰਹੇ ਸਨ। ਪਰ ਸ੍ਰੀ ਦਰਬਾਰ ਸਾਹਿਬ ਅੰਦਰ ਬੈਠੇ ਦੋ ਸੰਤਾਂ ਚੋ ਇੱਕ ਦਾ ਪ੍ਰਭਾਵ ਖਤਮ ਹੋਣ ਕਿਨਾਰੇ ਸੀ,ਦਫਤਰ ਵਿੱਚ ਸਿੱਖ ਸੰਗਤਾਂ ਦਾ ਆਉਣਾ ਜਾਣਾ ਤਕਰੀਬਨ ਬੰਦ ਹੋ ਜਾਣ ਵਰਗਾ ਸੀ ਤੇ ਦੂਜੇ ਦੇ ਖੇਮੇ ਚ ਸੰਗਤਾਂ ਦੀ ਗਿਣਤੀ ਵਿੱਚ ਦਿਨੋਂ ਦਿਨ ਭਾਰੀ ਵਾਧਾ ਦਰਜ ਕੀਤਾ ਜਾ ਰਿਹਾ ਸੀ। ਇੱਕ ਸੰਤ ਦੇ ਮਨ ਅੰਦਰ ਦੁਬਿਧਾ ਅਤੇ ਮੋਰਚੇ ਨੂੰ ਖਤਮ ਕਰਨ ਲਈ ਤੋੜ ਭੰਨ ਚੱਲ ਰਹੀ ਸੀ, ਜਦੋਂ ਕਿ ਦੂਜੇ ਸੰਤ ਦੇ ਚਿਹਰੇ ਤੇ ਦਿਨੋਂ ਦਿਨ ਸ਼ਹਾਦਤ ਨੂੰ ਪਾਉਣ ਦਾ ਰੂਹਾਨੀ ਨੂਰ ਝਲਕਣ ਲੱਗਾ ਸੀ। ਇੱਕ ਦੇ ਮਨ ਵਿਚ ਧਰਮ ਦੀ ਰਾਖੀ ਖਾਤਰ ਸਿਰ ਦੇਣ ਦੀ ਤਾਂਘ ਹੈ ਅਤੇ ਦੂਜੇ ਦੇ ਮਨ ਵਿਚ ਸਿਰ ਨੀਵਾਂ ਕਰਕੇ ਬਚ ਨਿਕਲਣ ਦੀ ਮਕਾਰੀ ਹੈ। ਇਹ ਉਸ ਸਮੇ ਦੀ ਗੱਲ ਹੈ ਜਦੋਂ ਭਾਰਤ ਸਰਕਾਰ ਦੀਆਂ ਖੁਫੀਆ ਏਜੰਸੀਆਂ ਸ੍ਰੀ ਦਰਬਾਰ ਸਾਹਿਬ ਤੇ ਫੌਜੀ ਹਮਲੇ ਦਾ ਮਹੌਲ ਲੱਗਭੱਗ ਤਿਆਰ ਕਰਨ ਚੁੱਕੀਆਂ ਸਨ।

ਖੁਫੀਆ ਏਜੰਸੀਆਂ ਅਤੇ ਭਾਰਤ ਦੇ ਹਿੰਦੀ, ਅੰਗਰੇਜੀ ਅਖਬਾਰਾਂ ਦੀ ਮਹੀਨਿਆਂ ਬੱਧੀ ਸਖਤ ਮਿਹਨਤ ਰੰਗ ਲੈ ਹੀ ਆਈ ਸੀ।ਭਾਰਤੀ ਅਖਬਾਰਾਂ ਵੱਲੋਂ ਸਿੱਖਾਂ ਖਿਲਾਫ ਅਜਿਹਾ ਨਫਰਤੀ ਮਹੌਲ ਤਿਆਰ ਕੀਤਾ ਗਿਆ, ਜਿਸ ਦੀ ਬਦੌਲਤ ਸਾਰੇ ਭਾਰਤ ਦੇ ਲੋਕ ਸਿੱਖਾਂ ਨੂੰ ਸਬਕ ਸਿਖਾਉਣ ਲਈ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਕੀਤੀ ਜਾ ਰਹੀ ਦੇਰੀ ਤੇ ਨਰਾਜ਼ਗੀ ਜਤਾਉਣ ਲੱਗੇ। ਦਰਬਾ੍ਰ ਸਾਹਿਬ ਤੇ ਫੌਜਾਂ ਚਾੜ੍ਹਨ ਦਾ ਮਹੌਲ ਬਿਲਕੁਲ ਤਿਆਰ ਹੋ ਚੁੱਕਾ ਸੀ। ਤਤਕਾਲੀ ਪੱਤਰਕਾਰਾਂ ਦੀਆਂ ਨਜਰਾਂ ਵਿੱਚ ਧਰਮਯੁੱਧ ਮੋਰਚਾ ਪੰਜਾਬ ਦੀਆਂ ਹੱਕੀ ਮੰਗਾਂ ਲਈ ਨਹੀ ਬਲਕਿ ਅਲੱਗਵਾਦ ਅਤੇ ਦੇਸ਼ ਦੀ ਏਕਤਾ ਅਖੰਡਤਾ ਲਈ ਖਤਰਾ ਹੀ ਦਰਸਾਇਆ ਜਾ ਰਿਹਾ ਸੀ।

ਭਾਰਤੀ ਮੀਡੀਏ ਨੇ ਦੇਸ਼ ਦੀ ਫਿਜਾ ਅੰਦਰ ਨਫਰਤ ਦਾ ਅਜਿਹਾ ਜਹਿਰ ਘੋਲ ਦਿੱਤਾ, ਜਿਸ ਦੀ ਬਦੌਲਤ ਬਹੁ ਗਿਣਤੀ ਹਿੰਦੂ ਸਮਾਜ ਦਾ ਪੜ੍ਹਿਆ ਲਿਖਿਆ ਵਰਗ ਦੇਸ਼ ਦੀ ਏਕਤਾ ਅਤੇ ਅਖੰਡਤਾ ਬਚਾਉਣ ਦੇ ਭਾਵਨਾਤਿਮਕ ਨਾਹਰਿਆਂ ਤੋਂ ਪ੍ਰਭਾਵਤ ਹੋ ਕੇ ਸ੍ਰੀ ਦਰਬਾਰ ਸਾਹਿਬ ਤੇ ਫੌਜੀ ਹਮਲੇ ਹਾਮੀ ਹੋ ਚੁੱਕਾ ਸੀ।

ਹਰ ਚਿਹਰੇ ਤੇ ਸ੍ਰੀ ਦਰਬਾਰ ਸਾਹਿਬ ਤੇ ਹਮਲੇ ਨੂੰ ਲੈ ਕੇ ਉਤਸੁਕਤਾ ਦਿਖਾਈ ਦੇ ਰਹੀ ਸੀ। ਸਿੱਖ ਇਤਿਹਾਸ ਅਤੇ ਸਿੱਖੀ ਦੀਆਂ ਮਹਾਂਨ ਪਰੰਪਰਾਵਾਂ ਤੋਂ ਬੇਖਬਰ ਬਹੁ ਗਿਣਤੀ ਭਾਰਤੀ ਲੋਕਾਂ ਦੀ ਨਜਰ ਵਿੱਚ ਸ੍ਰੀ ਦਰਬਾਰ ਸਾਹਿਬ ਹੁਣ ਪਵਿੱਤਰ ਧਰਮ ਅਸਥਾਨ ਨਾ ਹੋ ਕੇ ਕਤਲਾਂ, ਗੁਨਾਹਗਾਰਾਂ ਅਤੇ ਪੇਸੇਵਰ ਮੁਜਰਮਾਂ ਦੀ ਪਨਾਹਗਾਹ ਤੋ ਵੱਧ ਕੁੱਝ ਵੀ ਨਹੀ ਸੀ, ਕਿਉਂਕਿ ਲੋਕ ਮਨਾਂ ਤੇ ਭਾਰਤੀ ਮੀਡੀਏ ਦੇ ਬਹੁਤ ਲੰਮੇ ਨਫਰਤੀ ਪਰਚਾਰ ਨੇ ਅਪਣਾ ਜਾਦੂਈ ਅਸਰ ਛੱਡਿਆ ਸੀ। ਭਾਰਤੀ ਕੌਮਨਿਸਟ ਸਿੱਧੇ ਅਤੇ ਸਪੱਸ਼ਟ ਰੂਪ ਵਿੱਚ ਕੇਂਦਰ ਦੀ ਕਾਂਗਰਸ ਸਰਕਾਰ ਦੀ ਪਿੱਠ ਤੇ ਡਟ ਗਏ ਸਨ।

ਸੋਵੀਅਤ ਰੂਸ ਤੋ ਭਾਰਤ ਨੂੰ ਟੋਟੇ ਟੋਟੇ ਕਰਨ ਲਈ ਅਮਰੀਕਾ ਅਤੇ ਪਾਕਿਸਤਾਨ ਦੀਆਂ ਸਾਜਿਸ਼ਾਂ ਦੀ ਸਖਤ ਨਿਖੇਧੀ ਦੇ ਬਿਆਨ ਭਾਰਤੀ ਕਾਮਰੇਡਾਂ ਲਈ ਮਾਰਗ ਦਰਸ਼ਨ ਦਾ ਕੰਮ ਕਰ ਰਹੇ ਸਨ। ਸੋਵੀਅਤ ਯੂਨੀਅਨ ਦੀ ਖੂਫੀਆ ਏਜੰਸੀ ਕੇ ਜੀ ਬੀ ਇਸ ਸਬੰਧ ਵਿੱਚ ਪਰਮੁੱਖ ਭੂਮਿਕਾ ਅਦਾ ਕਰ ਰਹੀ ਸੀ। ਸੋਵੀਅਤ ਯੂਨੀਅਨ ਨੂੰ ਆਪਣਾ ਮੱਕਾ ਸਮਝਣ ਵਾਲੇ ਭਾਰਤੀ ਕਾਮਰੇਡਾਂ ਲਈ ਰੂਸ ਦੀਆਂ ਨੀਤੀਆਂ ਤੇ ਇੰਨ ਬਿੰਨ ਪਹਿਰਾ ਦੇਣਾ ਹੀ ਅਸਲ ਕੌਮਨਿਸਟ ਹੋਣ ਦਾ ਪਰਮਾਣ ਸੀ, ਇਸ ਲਈ ਭਾਰਤੀ ਕੌਮਨਿਸਟ ਪਾਰਟੀ ਦੇ ਜਨਰਲ ਸਕੱਤਰ ਰਾਜੇਸ਼ਵਰ ਰਾਓ ਦੇ ਉਸ ਮੌਕੇ ਦੇ ਕਾਂਗਰਸ ਭਗਤੀ ਵਾਲੇ ਬਿਆਨ ਦਰਸਾਉਂਦੇ ਹਨ ਕਿ ਕਿਸਤਰਾਂ ਕੌਮਨਿਸਟਾਂ ਨੇ ਘੱਟ ਗਿਣਤੀ ਸਿੱਖ ਭਾਈਚਾਰੇ ਨੂੰ ਨਜਰ ਅੰਦਾਜ ਕਰਕੇ ਕੇਂਦਰ ਦੀ ਕਾਂਗਰਸ ਸਰਕਾਰ ਦੀ ਪਿੱਠ ਥਾਪੜੀ ਸੀ। ਜਦੋਂਕਿ ਅਜਿਹੇ ਇੱਕਾ ਦੁੱਕਾ ਪੱਤਰਕਾਰ ਵੀ ਸਨ,ਜਿਹੜੇ ਇਸ ਮਸਲੇ ਦੇ ਸਿਆਸੀ ਹੱਲ ਦੀ ਵਕਾਲਤ ਕਰਦੇ ਸਨ, ਪਰ ਉਹਨਾਂ ਦੀਆਂ ਖਬਰਾਂ/ਆਰਟੀਕਲ ਬਹੁ ਗਿਣਤੀ ਪੱਤਰਕਾਰਾਂ ਦੀਆਂ ਅੱਗ ਲਾਊ ਲਿਖਤਾਂ ਦੀ ਗਰਦਸ਼ ਵਿੱਚ ਹੀ ਗੁੰਮ ਹੋ ਕੇ ਦਮ ਤੋੜ ਜਾਂਦੇ ਰਹੇ। ਇਸ ਤਰਾਂ ਹੀ ਉਸ ਮੌਕੇ ਦੇ ਜਨਤਾ ਪਾਰਟੀ ਦੇ ਸਿਰਕੱਢ ਆਗੂ ਸੁਵਰਾਮਨੀਅਮ ਸੁਆਮੀ ਵੀ ਸਨ,ਜਿਹੜੇ ਉਸ ਮੱਚਦੀ ਅੱਗ ਵਿੱਚ ਸੰਤ ਭਿੰਡਰਾਂ ਵਾਲਿਆਂ ਨਾਲ ਮੁਲਾਕਾਤ ਕਰਨ ਲਈ ਲਗਾਤਾਰ ਤਿੰਨ ਦਿਨ 24 ਅਪ੍ਰੈਲ ਤੋ 27 ਅਪ੍ਰੈਲ (1984 ) ਤੱਕ ਸ੍ਰੀ ਦਰਬਾਰ ਸਾਹਿਬ ਅੰਦਰ ਰਹੇ ਸਨ। ਉਹਨਾਂ ਵੱਲੋਂ ਦਿੱਲੀ ਜਾ ਕੇ ਅਖਬਾਰਾਂ ਨੂੰ ਦਿੱਤੇ ਬਿਆਨਾਂ ਵਿੱਚ ਸਰਕਾਰ ਨੂੰ ਸਪੱਸ਼ਟ ਚਿਤਾਵਨੀ ਦਿੱਤੀ ਸੀ ਕਿ ਜੇਕਰ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਤੇ ਫੌਜੀ ਹਮਲਾ ਕੀਤਾ ਤਾਂ ਇਹ ਸਰਕਾਰ ਦੀ ਵੱਡੀ ਭੁੱਲ ਹੋਵੇਗੀ।

ਉਹਨਾਂ ਇਹ ਵੀ ਕਿਹਾ ਸੀ ਕਿ ਜੇਕਰ ਭਾਰੀ ਗੋਲਾਬਾਰੀ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦਾ ਨੁਕਸਾਨ ਹੋ ਗਿਆ, ਤਾਂ ਭਾਰਤ ਦਾ ਇੱਕ ਰਹਿਣ ਦਾ ਸੁਪਨਾ ਅਤੇ ਸੰਕਲਪ ਤਹਿਸ ਨਹਿਸ ਹੋ ਜਾਵੇਗਾ। ਉਹਨਾਂ ਨੇ ਬਿਲਕੁਲ ਦਰੁਸਤ ਭਵਿੱਖਵਾਣੀ ਕਰਦਿਆਂ ਲਿਖਿਆ ਸੀ ਕਿ ਇਸ ਫੌਜੀ ਹਮਲੇ ਨਾਲ ਸਿੱਖ ਮਨਾਂ ਤੇ ਅਜਿਹੇ ਸਦੀਵੀ ਜਖਮ ਹੋ ਜਾਣਗੇ, ਜਿਹੜੇ ਕਦੇ ਭਰੇ ਨਹੀ ਜਾ ਸਕਣਗੇ ਅਤੇ ਇਸ ਤੋ ਉਪਰੰਤ ਹੋਣ ਵਾਲਾ ਖੂਨ ਖਰਾਬਾ ਵੀ ਰੁਕਣ ਵਾਲਾ ਨਹੀ ਹੋਵੇਗਾ। (13 ਮਈ 1984 ਵੀਕ the illustrated weekly of india) ਪ੍ਰੰਤੂ ਭਾਰਤ ਸਰਕਾਰ ਦੀ ਨੁਮਾਇੰਦਗੀ ਕਰਦੀ ਕਾਂਗਰਸ ਸਰਕਾਰ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਪਿੱਠ ਉਪਰ ਖੜੀਆਂ ਬਹੁ ਗਿਣਤੀ ਕੱਟੜ ਤੇ ਫਿਰਕਾਪ੍ਰਸਤ ਤਾਕਤਾਂ ਨੇ ਉਹਨਾਂ ਨੂੰ ਅਜਿਹੀਆਂ ਲਿਖਤਾਂ ਵੱਲ ਧਿਆਨ ਦੇਣ ਦਾ ਮੌਕਾ ਹੀ ਨਹੀ ਦਿੱਤਾ ਅਤੇ ਨਾ ਹੀ ਉਹ ਖੁਦ (ਪ੍ਰਧਾਨ ਮੰਤਰੀ ਇੰਦਰਾ ਗਾਂਧੀ) ਉਸ ਮੌਕੇ ਸੁਬਰਾਮਨੀਅਮ ਸੁਆਮੀ ਵਰਗੇ ਲੀਡਰਾਂ ਦੀ ਪ੍ਰਵਾਹ ਕਰਨ ਦੀ ਲੋੜ ਸਮਝਦੀ ਸੀ। ਉਹ ਵੱਖਰੀ ਗੱਲ ਹੈ ਕਿ ਸ੍ਰੀ ਦਰਬਾਰ ਸਾਹਿਬ ਤੇ ਫੌਜੀ ਹਮਲੇ ਤੋ ਬਾਅਦ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਬਹੁਤ ਭੈਅ ਭੀਤ ਅਤੇ ਡਰ ਗਈ ਸੀ, ਜਿਸ ਦਾ ਖੁਲਾਸਾ ਬਾਅਦ ਵਿੱਚ ਪੱਤਰਕਾਰਾਂ ਨੂੰ ਦਿੱਤੀ ਇੰਟਰਵਿਊ ਵਿੱਚ ਸ੍ਰੀ ਸੁਬਰਾਮਨੀਅਮ ਸੁਆਮੀ ਨੇ ਕੀਤਾ ਹੈ। ਹਾਲਾਤ ਉਸ ਸਮੇਂ ਵਿਚ ਪਰਵੇਸ਼ ਕਰ ਚੁੱਕੇ ਸਨ ਜਦੋਂ ਸਰੋਮਣੀ ਅਕਾਲੀ ਦਲ ਦਾ ਪਿੱਛੇ ਮੁੜਨਾ ਸੰਭਵ ਨਹੀ ਸੀ। ਸਰਕਾਰ ਵੀ ਗੱਲਬਾਤ ਕਰਕੇ ਮਸਲਾ ਨਿਬੇੜਨ ਤੋ ਪਾਸੇ ਹਟ ਚੁੱਕੀ ਸੀ।



ਨੀਮ ਫੌਜੀ ਦਲਾਂ ਦਾ ਘੇਰਾ ਦਿਨੋ ਦਿਨ ਤੰਗ ਹੁੰਦਾ ਜਾ ਰਿਹਾ ਸੀ। ਓਧਰ ਦਮਦਮੀ ਟਕਸਾਲ ਦੇ ਸਿੰਘਾਂ ਨੇ ਵੀ ਅਪਣੇ ਮੋਰਚੇ ਮੱਲ ਲਏ ਸਨ। ਹੁਣ ਦਰਬਾਰ ਸਾਹਿਬ ਕੰਪਲੈਕਸ ਅੰਦਰ ਹਥਿਆਰਾਂ ਨਾਲ ਸਜੇ ਦਮਦਮੀ ਟਕਸਾਲ ਦੇ ਸਿੰਘ ਦਿਖਾਈ ਨਹੀ ਸਨ ਦਿੰਦੇ। ਜਾਪਦਾ ਹੈ ਕਿ ਉਹਨਾਂ ਦੇ ਖੁਫੀਆ ਤੰਤਰ ਨੇ ਵੀ ਉਹਨਾਂ ਨੂੰ ਅਗਾਂਊਂ ਸੂਚਿਤ ਕਰ ਦਿੱਤਾ ਹੋਇਆ ਸੀ, ਕਿ ਬਹੁਤ ਥੋੜੇ ਸਮੇ ਦੇ ਅੰਦਰ ਹੀ ਫੌਜ ਦਾ ਵੱਡਾ ਹਮਲਾ ਹੋਣ ਵਾਲਾ ਹੈ,ਜਿਸ ਕਰਕੇ ਸਿੰਘਾਂ ਨੇ ਅਪਣੇ ਮੋਰਚੇ ਮੱਲ ਲਏ ਸਨ।

31 ਮਈ ਦੀ ਸਾਮ ਤੱਕ ਨੀਮ ਫੌਜੀ ਬਲਾਂ ਨੇ ਵੀ ਆਪਣੇ ਮੋਰਚੇ ਮੱਲ ਲਏ ਹਨ। ਘੇਰਾਬੰਦੀ ਤੰਗ ਕਰ ਦਿੱਤੀ ਗਈ ਹੈ। ਨੀਮ ਫੌਜੀ ਦਲਾਂ ਦੇ ਜੁਆਨ ਪਾੜ ਖਾਣੀਆਂ ਨਜ਼ਰਾਂ ਨਾਲ ਅਮਦਰ ਦੇ ਮਹੌਲ ਨੂੰ ਨਿਹਾਰ ਰਹੇ ਹਨ। ਸ੍ਰੀ ਦਰਬਾਰ ਸਾਹਿਬ ਅੰਦਰ ਵੀ ਚੁੱਪ ਪਸਰ ਗਈ ਹੈ। ਹਰ ਪਾਸੇ ਸਹਿਮ ਦਾ ਮਹੌਲ ਹੈ,ਚਹਿਲ ਪਹਿਲ ਕਿਧਰੇ ਦਿਖਾਈ ਨਹੀਂ ਦਿੰਦੀ, ਪਰ ਇਸ ਖੌਫਨਾਕ ਵਰਤਾਰੇ ਤੋਂ ਅਸਲੋਂ ਬੇਫਿਕਰ, ਜੀਵਨ ਤੋਂ ਸ਼ਹਾਦਤ ਵੱਲ ਵਧ ਰਹੇ ਤੀਰ ਵਾਲੇ ਮਹਾਂਪੁਰਖ ਬਾਬੇ ਭਿੰਡਰਾਂਵਾਲੇ ਦੀ ਉੱਚੀ ਤੇ ਗਰਜਵੀਂ ਆਵਾਜ ਵਿੱਚ ਇੱਕ ਬੋਲ ਗਾਇਨ ਕੀਤਾ ਜਾ ਰਿਹਾ ਹੈ, ਜਿਸ ਦੇ ਬੋਲ ਸਨ:- "ਸਿਰ ਦਿੱਤਿਆਂ ਬਾਝ ਨਹੀ ਰਹਿਣ, ਧਰਮ ਸਿਰ ਦਿੱਤਿਆਂ ਬਾਝ ਨਹੀ ਰਹਿਣਾ"। ਇਸ ਵਿਚ ਕੋਈ ਸ਼ਕ ਨਹੀਂ ਦਮਦਮੀ ਟਕਸਾਲ ਦੇ ਮੁਖੀ ਜਰਨੈਲ ਸਿੰਘ ਭਿੰਡਰਾਂਵਾਲੇ ਸਿੱਖਾਂ ਦੇ ਮਸਲੇ ਬੇਬਾਕੀ ਨਾਲ ਚੁੱਕਣ ਕਾਰਨ ਸਿਆਸਤ ਦੇ ਕੇਂਦਰ ਬਿੰਦੂ ਬਣ ਚੁੱਕੇ ਸਨ। ਅਕਤੂਬਰ 1983 ਵਿੱਚ ਢਿਲਵਾਂ ਬੱਸ ਕਾਂਡ ਦੌਰਾਨ 6 ਹਿੰਦੂ ਮਾਰੇ ਗਏ ਤੇ ਪੰਜਾਬ 'ਚ ਕਾਂਗਰਸ ਦੀ ਦਰਬਾਰਾ ਸਿੰਘ ਸਰਕਾਰ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮ ਉੱਤੇ ਭੰਗ ਕਰ ਦਿੱਤਾ ਗਿਆ। ਸੰਤ ਭਿੰਡਰਾਂਵਾਲਿਆ ਨੇ ਹਿੰਦੂਆਂ ਦੇ ਮਾਰੇ ਜਾਣ ਤੇ ਅਫਸੋਸ ਪ੍ਰਗਟ ਕੀਤਾ ਪਰ ਮੀਡੀਏ ਇਸ ਨੂੰ ਪ੍ਰਮੁਖਤਾ ਨਾਲ ਨਾ ਛਾਪਿਆ। ਸਗੋਂ ਉਨ੍ਹਾਂ ਦੇ ਅਕਸ ਨੂੰ ਵਿਗਾੜਨ ਲਈ ਪੂਰਾ ਤਾਣ ਲਾਇਆ। ਪੰਜਾਬ ਵਿੱਚ ਸਰਕਾਰੀ ਤੇ ਗੈਰ ਸਰਕਾਰੀ ਹਿੰਸਾ ਦਾ ਦੌਰ ਸ਼ੁਰੂ ਹੋ ਚੁੱਕਿਆ ਸੀ ਤੇ 1984 ਵਿੱਚ ਜੂਨ ਤੱਕ ਹਿੰਸਕ ਵਾਰਦਾਤਾਂ ਵਿੱਚ ਦਰਜਨਾਂ ਆਮ ਲੋਕ ਅਤੇ ਪੁਲਿਸ ਮੁਲਾਜ਼ਮ ਮਾਰੇ ਜਾ ਚੁੱਕੇ ਸਨ। ਉਸ ਤੋਂ ਬਾਅਦ ਜੂਨ 1984 ਦੌਰਾਨ ਭਾਰਤੀ ਫੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਉੱਤੇ ਕੀਤਾ ਗਿਆ ਹਮਲਾ 'ਆਪਰੇਸ਼ਨ ਬਲੂ ਸਟਾਰ' ਵਜੋਂ ਜਾਣਿਆਂ ਜਾਂਦਾ ਹੈ।

ਸਰਕਾਰ ਮੁਤਾਬਕ ਇਹ ਹਮਲਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਅਕਾਲ ਤਖ਼ਤ ਉੱਤੇ ਕਬਜ਼ਾ ਕਰੀ ਬੈਠੇ ਹਥਿਆਰਬੰਦ ਖਾੜਕੂਆਂ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ 'ਚੋਂ ਕੱਢਣ ਲਈ ਕੀਤਾ ਗਿਆ। ਹਮਲੇ ਦੌਰਾਨ ਫੌਜ ਦੀ ਅਗਵਾਈ ਕਰ ਰਹੇ ਜਨਰਲ ਕੁਲਦੀਪ ਸਿੰਘ ਬਰਾੜ ਦਾਅਵਾ ਕਰਦੇ ਹਨ ਕਿ ਭਿੰਡਰਾਂਵਾਲੇ ਜਾਂ ਉਨ੍ਹਾਂ ਦੇ ਸਾਥੀ ਵੱਖਰੇ ਰਾਜ ਖਾਲਿਸਤਾਨ ਦਾ ਐਲਾਨ ਕਰਨ ਵਾਲੇ ਸਨ ਅਤੇ ਉਨ੍ਹਾਂ ਨੂੰ ਪਾਕਿਸਤਾਨੀ ਫੌਜ ਦੀ ਮਦਦ ਮਿਲ ਸਕਦੀ ਸੀ। ਇਸ ਲਈ ਫੌਜੀ ਐਕਸ਼ਨ ਕਰਨਾ ਜ਼ਰੂਰੀ ਸੀ। ਪਰ ਸਿੱਖ ਵਿਦਵਾਨ ਤੇ ਸੰਤ ਭਿੰਡਰਾਂਵਾਲਿਆਂ ਦੇ ਸਲਾਹਾਕਾਰ ਰਹੇ ਡਾਕਟਰ ਭਗਵਾਨ ਸਿੰਘ ਇਸ ਦਾਅਵੇ ਨੂੰ ਰੱਦ ਕਰਦੇ ਹਨ, ਉਨ੍ਹਾਂ ਮੁਤਾਬਕ ਇਹ ਯੋਜਨਾ ਪਹਿਲਾਂ ਗਿਣੀ-ਮਿਥੀ ਗਈ ਸੀ।

ਸਿੱਖ ਆਗੂਆਂ ਮੁਤਾਬਕ ਇਸ ਹਮਲੇ ਰਾਹੀਂ ਦੇਸ਼ ਦੀਆਂ ਕੁਝ ਸਿਆਸੀ ਧਿਰਾਂ ਮੁਲਕ ਵਿੱਚ ਫਿਰਕੂ ਧਰੁਵੀਕਰਨ ਕਰਕੇ ਆਪਣੇ ਸਿਆਸੀ ਹਿੱਤ ਪੂਰਨਾ ਚਾਹੁੰਦੀਆਂ ਸਨ। ਸਰਕ-ਾਰੀ ਵ੍ਹਾਈਟ ਪੇਪਰ ਮੁਤਾਬਕ ਹਮਲੇ 'ਚ 83 ਫੌਜੀ ਤੇ 493 ਆਮ ਲੋਕ ਮਾਰੇ ਗਏ। ਕੇਂਦਰੀ ਸਿੱਖ ਅਜਾਇਬ ਘਰ ਵਿੱਚ ਹਮਲੇ ਦੇ ਮ੍ਰਿਤਕਾਂ ਦੀ ਸੂਚੀ ਵਿੱਚ 743 ਨਾਂ ਸ਼ਾਮਲ ਹਨ। ਪੰਜਾਬ ਪੁਲਿਸ ਦੇ ਤਤਕਾਲੀ ਅਧਿਕਾਰੀ ਅਪਾਰ ਸਿੰਘ ਬਾਜਵਾ ਨੇ 2004 ਵਿੱਚ ਦੱਸਿਆ ਸੀ ਕਿ ਉਨ੍ਹਾਂ 800 ਲਾਸ਼ਾਂ ਆਪ ਗਿਣੀਆਂ ਸਨ। ਜਦਕਿ ਮਨੁੱਖੀ ਅਧਿਕਾਰ ਕਾਰਕੁਨ ਇੰਦਰਜੀਤ ਸਿੰਘ ਜੇਜੀ ਅਤੇ ਕਈ ਮੰਨੇ-ਪ੍ਰਮੰਨੇ ਪੱਤਰਕਾਰ ਤੇ ਵਿਦਵਾਨ ਮ੍ਰਿਤਕਾਂ ਦੀ ਗਿਣਤੀ 4,000 ਤੋਂ 5,000 ਦੱਸਦੇ ਹਨ।

1980 ਦੇ ਦਹਾਕੇ ਵਿਚ ਸਿੱਖਾਂ ਦਾ ਨਾਮ ਦੁਨੀਆਂ ਭਰ ਵਿੱਚ ਚਮਕਾਉਂਣ ਵਾਲੇ ਨੌਜਵਾਨ ਜਿਸਦੇ ਮਾਪਿਆਂ ਨੇ ਉਸ ਨੂੰ ਸੰਤ ਜਰਨੈਲ ਸਿੰਘ ਨਾਮ ਦਿੱਤਾ ਸੀ। ਸੰਤ ਜਰਨੈਲ ਸਿੰਘ ਦੇ ਨਾਮ ਨਾਲ ਸੰਤ ਤੇ ਭਿੰਡਰਾਂਵਾਲਾ ਸ਼ਬਦ ਉਦੋਂ ਜੁੜੇ ਜਦੋਂ ਉਹ ਸਿੱਖ ਧਰਮ ਅਤੇ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਦਾ ਪ੍ਰਚਾਰ ਤੇ ਪਸਾਰ ਕਰਨ ਵਾਲੀ ਸੰਸਥਾ ਦਮਦਮੀ ਟਕਸਾਲ ਦੇ ਮੁਖੀ ਚੁਣੇ ਗਏ। ਉਨ੍ਹਾਂ ਦਾ ਰਹੱਸਮਈ ਪਰ ਆਸਾਧਾਰਨ ਤਰੀਕੇ ਨਾਲ ਉਭਰਨਾ, ਪੰਜਾਬ ਦੇ ਹੱਕਾਂ ਦੀ ਲੜਾਈ ਦੇ ਸਭ ਤੋਂ ਖ਼ਤਰਨਾਕ ਦੌਰ ਵਿੱਚ ਪਹੁੰਚਣ ਬਾਰੇ ਕਾਫ਼ੀ ਕੁਝ ਬਿਆਨ ਕਰਦਾ ਹੈ।

ਇਸ ਸੰਘਰਸ਼ ਨੂੰ ਕੌਮਾਂਤਰੀ ਪੱਧਰ ਉੱਤੇ ਸਿੱਖ ਕੌਮ ਨਾਲ ਜੋੜ ਕੇ ਵੀ ਦੇਖਿਆ ਜਾਂਦਾ ਹੈ। ਇਹ ਅੰਦੋਲਨ ਭਾਰਤ ਸਰਕਾਰ ਦੀ ਤਾਕਤ ਨਾਲ ਲੜਨ ਵਿੱਚ ਭਾਵੇਂ ਨਾਕਾਮ ਦਿੱਸ ਰਿਹਾ ਹੈ ਪਰ ਸੰਤ ਭਿੰਡਰਾਵਾਲਿਆਂ ਦੀ ਸ਼ਖ਼ਸੀਅਤ ਅਤੇ ਸੋਚ ਅੱਜ ਵੀ ਜ਼ਿੰਦਾ ਹੈ। ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਵਿੱਚ ਜਿਸ ਆਗੂ ਦੀ ਤਸਵੀਰਾ ਸਭ ਤੋਂ ਵੱਧ ਵਿਕੀ ਹੈ, ਉਹ ਨੇ ਸੰਤ ਜਰਨੈਲ ਸਿੰਘ ਭਿੰਡਰਾਵਾਲੇ। ਸੰਤ ਭਿੰਡਰਾਂਵਾਲੇ ਸਿਰਫ ਸਿੱਖ ਕੌਮ ਦਾ ਸਨਮਾਨ ਚਾਹੁੰਦੇ ਸਨ ਅਤੇ ਭਾਰਤ ਵਿੱਚ ਸਿੱਖਾਂ ਨੂੰ ਬਰਾਬਰ ਦੇ ਸ਼ਹਿਰੀ ਮੰਨਣ ਲਈ ਸੰਘਰਸ਼ ਕਰਦੇ ਸਨ। ਉਹ ਸਿੱਖਾਂ ਨੂੰ ਹੋਰਾਂ ਕੌਮਾਂ ਨਾਲੋਂ ਵੱਖਰਾ ਮੰਨਦੇ ਸਨ।

ਕੋਈ ਵਿਅਕਤੀ ਕਿਸੇ ਲਈ ਹੀਰੋ ਹੋ ਸਕਦਾ ਹੈ ਤਾਂ ਦੂਜੇ ਲਈ ਅੱਤਵਾਦੀ। ਇਹ ਗੱਲ ਸਿਧਾਂਤਕ ਵਖਰੇਵੇਂ ਵਾਲੀ ਧਾਰਨਾ ਉੱਤੇ ਆਧਾਰਿਤ ਹੈ। ਜਿਸ ਵੇਲੇ ਸੰਤ ਭਿੰਡਰਾਂਵਾਲੇ ਨੇ ਦਮਦਮੀ ਟਕਸਾਲ ਦੇ ਮੁਖੀ ਦਾ ਅਹੁਦਾ ਸੰਭਾਲਿਆ ਸੀ ਉਦੋਂ ਉਨ੍ਹਾਂ ਦੀ ਉਮਰ 30 ਸਾਲ ਦੀ ਸੀ। ਕਿਸੇ ਨੇ ਇਸ ਗੱਲ ਦੀ ਕਲਪਨਾ ਵੀ ਨਹੀਂ ਕੀਤੀ ਸੀ ਕਿ ਅਗਲੇ ਕੁਝ ਮਹੀਨਿਆਂ ਵਿੱਚ ਉਹ ਪੰਜਾਬ ਦੀ ਫਿਜ਼ਾ ਨੂੰ ਬਦਲ ਦੇਣਗੇ।

ਸਾਲ 1977 ਵਿੱਚ ਉਨ੍ਹਾਂ ਨੂੰ ਦਮਦਮੀ ਟਕਸਾਲ ਦਾ ਪ੍ਰਮੁੱਖ ਬਣਾਏ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਿੱਖਾਂ ਦੀ ਸਭ ਤੋਂ ਵੱਡੀ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਸਨ। ਉਹ ਵੀ ਮੁਬਾਰਕਬਾਦ ਕਹਿਣ ਲਈ ਉੱਥੇ ਹਾਜ਼ਰ ਸਨ। 1978 ਦੀ ਵਿਸਾਖੀ ਦੇ ਖ਼ੂਨੀ ਨਿਰੰਕਾਰੀ ਕਾਂਡ ਤੋਂ ਬਾਅਦ ਪੰਜਾਬ ਹਮੇਸ਼ਾ ਲਈ ਬਦਲ ਗਿਆ। ਇਹ ਕਦੇ ਵੀ ਮੁੜ ਕੇ, ਪਹਿਲਾਂ ਵਰਗਾ ਨਹੀਂ ਹੋ ਸਕਿਆ। ਇਸ ਕਾਂਡ ਦੌਰਾਨ ਮਰਨ ਵਾਲੇ ਸਿੱਖ ਕਾਰਕੁਨ ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਨਾਲ ਸਬੰਧਿਤ ਸਨ।

ਇਕ ਪੱਤਰਕਾਰ (ਜਗਤਾਰ ਸਿੰਘ) ਦੇ ਰੂਪ ਵਿੱਚ ਮੇਰੀ ਸੰਤ ਭਿੰਡਰਾਂਵਾਲੇ ਨਾਲ ਰਸਮੀ ਅਤੇ ਗੈਰ-ਰਸਮੀ ਗੱਲਬਾਤ ਦੌਰਾਨ ਇਸ ਤਰ੍ਹਾਂ ਜਾਪਦਾ ਸੀ ਕਿ ਉਸ ਸਮੇਂ ਸੰਤ ਭਿੰਡਰਾਂਵਾਲੇ ਨੇ ਆਪਣਾ ਮਨ ਬਣਾ ਲਿਆ ਸੀ ਕਿ ਉਹ ਪੰਥ ਲਈ ਕੁਝ ਖ਼ਾਸ ਕਰਨ ਦਾ ਮਨ ਬਣਾ ਰਹੇ ਹਨ-ਜੋ ਜ਼ਿੰਦਗੀ ਦੀ ਕੁਰਬਾਨੀ ਵੀ ਹੋ ਸਕਦੀ ਹੈ। ਇਹ ਗੁਣ ਉਨ੍ਹਾਂ ਨੂੰ ਰਵਾਇਤੀ ਅਕਾਲੀ ਲੀਡਰਸ਼ਿਪ ਤੋਂ ਪੂਰੀ ਤਰ੍ਹਾਂ ਵੱਖ ਕਰਦਾ ਸੀ।

ਇਹ ਸੱਚ ਹੈ ਕਿ ਉਨ੍ਹਾਂ ਨੇ ਅਕਾਲੀ ਦਲ ਵੱਲੋਂ 1973 ਵਿੱਚ ਪਾਸ ਕੀਤੇ ਆਨੰਦਪੁਰ ਸਾਹਿਬ ਦੇ ਮਤੇ ਦਾ ਸਮਰਥਨ ਕੀਤਾ ਸੀ ਪਰ ਇਹ ਪ੍ਰਸਤਾਵ ਖੁਦਮੁਖਤਿਆਰੀ ਦੀ ਗੱਲ ਕਰਦਾ ਹੈ, ਵੱਖਰੇ ਦੇਸ ਦੀ ਨਹੀਂ।

ਸੰਤ ਭਿੰਡਰਾਂਵਾਲੇ ਦੀ ਚਰਚਾ ਉਸ ਸਮੇਂ ਹੋਰ ਤੇਜ਼ ਹੋ ਗਈ ਜਦੋਂ ਨਿਰੰਕਾਰੀ ਸੰਪਰਦਾਇ ਦੇ ਆਗੂ ਗੁਰਬਚਨ ਸਿੰਘ ਦੀ ਹੱਤਿਆ ਕੀਤੀ ਗਈ ਅਤੇ ਸੰਤ ਭਿੰਡਰਾਂਵਾਲੇ ਦਮਦਮੀ ਟਕਸਾਲ ਦੇ ਮੁੱਖ ਦਫ਼ਤਰ ਚੌਂਕ ਮਹਿਤਾ ਨੂੰ ਛੱਡ ਕੇ ਦਰਬਾਰ ਸਾਹਿਬ ਕੰਪਲੈਕਸ ਵਿੱਚ ਪਹੁੰਚ ਗਏ। ਵੱਡੀ ਗਿਣਤੀ ਵਿੱਚ ਲੋਕ ਉਨ੍ਹਾਂ ਕੋਲ ਆਉਣ ਲੱਗ ਪਏ। ਇਸ ਤੋਂ ਬਾਅਦ ਉਹ ਦਰਬਾਰ ਸਾਹਿਬ ਕੰਪਲੈਕਸ ਤੋਂ ਬਾਹਰ ਨਹੀਂ ਆਏ ਫੌਜੀ ਕਾਰਵਾਈ ਦੌਰਾਨ ਸਹੀਦ ਹੋ ਗਏ। ਸਿੱਖ ਭਾਈਚਾਰੇ ਦੇ ਉਹ ਲੋਕ ਜਿਹੜੇ ਉਨ੍ਹਾਂ ਦੇ ਸਮਰਥਕ ਸਨ, ਉਹ ਸਮਾਜ ਵਿਚ ਵੱਖ-ਵੱਖ ਅਹੁਦਿਆਂ ਅਤੇ ਖੇਤਰਾਂ ਵਿਚ ਸਰਗਰਮ ਸਨ।

ਇਨ੍ਹਾਂ ਵਿੱਚ ਸੇਵਾਮੁਕਤ ਫੌਜੀ ਅਫਸਰ, ਨੌਕਰਸ਼ਾਹ, ਅਤੇ ਸਿੱਖਿਆ ਮਾਹਰ ਸ਼ਾਮਲ ਸਨ। ਜਿਸ ਗੱਲ ਨੇ ਉਹਨਾਂ ਨੂੰ ਕ੍ਰਿਸ਼ਮਈ ਸ਼ਖਸੀਅਤ ਵੱਜੋਂ ਉਭਾਰਿਆ, ਉਹ ਸੀ ਆਮ ਲੋਕਾਂ ਨਾਲ ਸਿੱਧਾ ਸੰਵਾਦ ਅਤੇ ਲੋਕਾਂ ਦੀ ਉਨ੍ਹਾਂ ਵਿੱਚ ਭਰੋਸੇਯੋਗਤਾ।

ਇਹ ਭਰੋਸੇਯੋਗਤਾ ਕਾਫ਼ੀ ਹੱਦ ਤੱਕ ਸ਼੍ਰੋਮਣੀ ਅਕਾਲੀ ਦਲ ਗੁਆ ਰਿਹਾ ਸੀ। ਉਨ੍ਹਾਂ ਦੀ ਸੋਚ ਸਪੱਸ਼ਟਵਾਦੀ ਸੀ ਅਤੇ ਉਹ ਦੋਗਲੇਪਣ ਉੱਤੇ ਵਿਸ਼ਵਾਸ਼ ਨਹੀਂ ਕਰਦੇ ਸਨ। ਇਸ ਸਮੈ ਉਨਾ ਨੂੰ ਸਮਝੌਤਾ ਕਰਨ ਲਈ ਕਰੋੜਾ ਰੁਪਿਆਂ ਦੀ ਆਫਰ ਵੀ ਹੋਈ ਪਰ ਉਨ੍ਹਾਂ ਕੌਮ ਨੂੰ ਤਰਜੀਹ ਦਿੱਤੀ। ਪੈਸਾ ਉਨਾ ਲਈ ਕੋਈ ਮਹੱਤਤਾ ਨਹੀਂ ਰੱਖਦਾ ਸੀ। ਉਨ੍ਹਾਂ ਨੇ ਜਿਹੜਾ ਰਾਹ ਚੁਣਿਆ ਸੀ , ਉਹ ਉਨ੍ਹਾਂ ਨੂੰ ਅੰਤ ਸ਼ਹਾਦਤ ਤੱਕ ਲੈ ਗਿਆ, ਜਿਸ ਨੂੰ ਉਹ ਕਾਫ਼ੀ ਸਮਾਂ ਪਹਿਲਾਂ ਤੋਂ ਲੱਭ ਰਹੇ ਸੀ।

# ਜਦੋਂ ਸ਼੍ਰੋਮਣੀ ਕਮੇਟੀ ਨੇ ਕੀਤੀ ਸੀ ਇੰਦਰਾ ਗਾਂਧੀ ਦੀ ਤਾਰੀਫ਼

ਪਾਲ ਸਿੰਘ ਨੌਲੀ

ਇਤਿਹਾਸ ਦੇ ਵਰਕੇ ਫੋਲਦਿਆਂ ਬਹੁਤ ਸਾਰੀਆਂ ਦਿਲਚਸਪ ਤੇ ਹੈਰਾਨ ਕਰਨ ਵਾਲੀਆਂ ਘਟਨਾਵਾਂ ਸਾਹਮਣੇ ਆਉਦੀਆਂ ਹਨ। ਅਪਰੇਸ਼ਨ ਬਲੂ ਸਟਾਰ ਤੋਂ ਬਾਅਦ ਬਹੁਤ ਸਾਰੇ ਸਿੱਖਾਂ ਨੇ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਹਮੇਸ਼ਾਂ ਹੀ ਨਫ਼ਰਤ ਦੀਆਂ ਨਿਗਾਹਾਂ ਨਾਲ ਦੇਖਿਆ।

ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਵੀ ਸਿੱਖ ਕੌਮ ਨੇ ਬਲੂ ਸਟਾਰ ਲਈ ਉਨ੍ਹਾਂ ਨੂੰ ਮਾਫ਼ ਨਹੀਂ ਸੀ ਕੀਤਾ ਪਰ ਕਦੇ ਸਮਾਂ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬੀ ਸੂਬਾ ਬਣਾਏ ਜਾਣ 'ਤੇ ਮਤਾ ਪਾਸ ਕਰਕੇ ਕਾਂਗਰਸ ਵਰਕਿੰਗ ਕਮੇਟੀ ਦੇ ਫੈਸਲੇ ਦੀ ਸ਼ਲਾਘਾ ਕੀਤੀ ਸੀ ਅਤੇ ਇੰਦਰਾ ਗਾਂਧੀ ਦਾ ਧੰਨਵਾਦ ਕੀਤਾ ਸੀ।

'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 50 ਸਾਲਾ ਇਤਿਹਾਸ' ਨਾਂ ਦੀ ਕਿਤਾਬ ਵਿੱਚ ਪੰਨਾ ਨੰਬਰ 367 ਉੱਤੇ ਇਹ ਮਤਾ ਦਰਜ ਹੈ। ਇਹ ਕਿਤਾਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖ ਇਤਿਹਾਸ ਰਿਸਰਚ ਬੋਰਡ ਨੇ ਬਲੂ ਸਟਾਰ ਤੋਂ ਦੋ ਸਾਲ ਪਹਿਲਾ ਹੀ ਮਾਰਚ 1982 'ਚ ਪ੍ਰਕਾਸ਼ਿਤ ਕੀਤੀ ਸੀ। ਪੰਜਾਬੀ ਸੂਬੇ ਨੂੰ ਬਣਾਉਣ ਬਾਰੇ ਚੱਲ ਰਹੇ ਅੰਦੋਲਨ ਦੌਰਾਨ ਸ਼੍ਰੋਮਣੀ ਕਮੇਟੀ ਨੇ 20 ਮਾਰਚ 1966 ਨੂੰ ਆਪਣੇ ਹੋਏ ਜਨਰਲ ਬਜਟ ਸਮਾਗਮ 'ਚ 'ਪੰਜਾਬੀ ਸੂਬਾ-ਅੰਦੋਲਨ ਦੇ ਮੋਢੀਆਂ ਬਾਰੇ ਪ੍ਰਸ਼ੰਸਾ ਦਾ ਮਤਾ' ਅਤੇ 'ਕਾਂਗਰਸ ਵਰਕਿੰਗ ਕਮੇਟੀ ਦੇ ਫੈਸਲੇ ਦੀ ਸ਼ਲਾਘਾ ਤੇ ਇੰਦਰਾ ਗਾਂਧੀ ਦਾ ਧੰਨਵਾਦ ਮਤਾ' ਵੀ ਪਾਸ ਕੀਤਾ ਸੀ ।

ਸ਼੍ਰੋਮਣੀ ਕਮੇਟੀ ਦਾ ਇਹ ਬਜਟ ਇਜਲਾਸ ਉਸ ਵੇਲੇ ਦੇ ਪ੍ਰਧਾਨ ਸੰਤ ਚੰਨਣ ਸਿੰਘ ਦੀ ਪ੍ਰਧਾਨਗੀ ਹੇਠ ਹੋਇਆ ਸੀ ਜਿਸ ਵਿਚ ਕੁੱਲ 188 ਮੈਂਬਰ ਮੌਜੂਦ ਸਨ।

ਗਿਆਨੀ ਹਰਿਚਰਨ ਸਿੰਘ ਜੀ ਹੁਡਿਆਰਾ, ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬੀ ਸੂਬੇ ਦੀ ਖੁਸ਼ੀ ਵਿੱਚ ਹੇਠ ਲਿਖਿਆ ਮਤਾ ਪੇਸ਼ ਕੀਤਾ ਗਿਆ:

"ਸ਼੍ਰੋਮਣੀ ਕਮੇਟੀ ਦਾ ਇਹ ਜਨਰਲ ਸਮਾਗਮ ਸਰਬ ਹਿੰਦ ਕਾਂਗਰਸ ਵਰਕਿੰਗ ਕਮੇਟੀ ਦੇ ਉਸ ਫ਼ੈਸਲੇ ਦੀ, ਜਿਸ ਰਾਹੀਂ ਉਸ ਨੇ ਵਰਤਮਾਨ ਪੰਜਾਬ ਪ੍ਰਦੇਸ਼ ਵਿਚੋਂ ਪੰਜਾਬੀ ਸੂਬੇ ਦੇ ਬਣਾਏ ਜਾਣ ਦੀ ਹੱਕੀ ਤੇ ਵਿਧਾਨਕ ਮੰਗ ਪ੍ਰਵਾਨ ਕਰਨ ਦੀ ਸਿਫਾਰਿਸ਼ ਕੀਤੀ ਹੈ, ਹਾਰਦਿਕ ਪ੍ਰਸ਼ੰਸਾ ਕਰਦਾ ਹੈ।

ਇਸ ਦੇ ਨਾਲ ਹੀ ਇਹ ਇਜਲਾਸ ਸ੍ਰੀ ਕਾਮਰਾਜ ਜੀ ਪ੍ਰਧਾਨ ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਤੇ ਸ੍ਰੀਮਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਵੀ ਹਾਰਦਿਕ ਵਧਾਈ ਦੇਂਦਾ ਹੈ, ਜਿਨ੍ਹਾਂ ਨੇ ਪੂਰੀ ਸਿਆਣਪ, ਦੀਰਘ ਦ੍ਰਿਸ਼ਟੀ ਅਤੇ ਦ੍ਰਿੜ੍ਹਤਾ ਨਾਲ ਇਸ ਮਾਮਲੇ ਨੂੰ ਸਫਲਤਾ ਪੂਰਵਕ ਨਜਿੱਠਣ ਵਿਚ ਅਗਵਾਈ ਦਿੱਤੀ ਹੈ।

ਅੱਜ ਦਾ ਇਹ ਸਮਾਗਮ ਸ. ਹੁਕਮ ਸਿੰਘ ਜੀ ਚੇਅਰਮੈਨ ਅਤੇ ਮੈਂਬਰ ਸਾਹਿਬਾਨ ਪਾਰਲੀਮੈਂਟਰੀ ਕਮੇਟੀ, ਜਿਨ੍ਹਾਂ ਨੇ ਬੜੀ ਦ੍ਰਿੜ੍ਹਤਾ, ਪੁਣ-ਛਾਣ ਅਤੇ ਸੰਤੁਲਨਾਤਮਕ ਦ੍ਰਿਸ਼ਟੀ ਨਾਲ ਘੋਖ ਕੇ ਪੰਜਾਬ ਦੀ ਬੋਲੀ ਦੇ ਅਧਾਰ 'ਤੇ ਨਵੀਂ ਸਿਰਜਣਾ ਕਰਨ ਦੀ ਸਿਫਾਰਸ਼ ਕੀਤੀ ਹੈ ਅਤੇ ਇਸ ਤਰ੍ਹਾਂ ਦੇ ਖੇਤਰਾਂ ਦੇ ਵਸਨੀਕਾਂ ਦੀਆਂ ਰੀਝਾਂ ਨੂੰ ਪੂਰਾ ਕੀਤਾ ਹੈ, ਦੀ ਦਿਲੋਂ ਪ੍ਰਸ਼ੰਸਾ ਕਰਦਾ ਹੈ।

ਸ਼੍ਰੋਮਣੀ ਕਮੇਟੀ ਦਾ ਇਹ ਇਜਲਾਸ ਭਾਰਤ ਸਰਕਾਰ ਉੱਤੇ ਜ਼ੋਰ ਦਿੰਦਾ ਹੈ ਕਿ ਉਹ ਉਪਰੋਕਤ ਕਮੇਟੀਆਂ ਦੀਆਂ ਸਿਫਾਰਸ਼ਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਤੁਰੰਤ ਹੀ ਠੋਸ ਕਾਰਵਾਈ ਕਰੇ।"

ਰਵੇਲ ਸਿੰਘ ਐਡਵੋਕੇਟ, ਜਥੇਦਾਰ ਜੀਵਨ ਸਿੰਘ ਉਮਰਾਨੰਗਲ ਅਤੇ ਬਲਦੇਵ ਸਿੰਘ ਮਾਹਿਲਪੁਰੀ ਦੇ ਸਮਰਥਨ ਕਰਨ 'ਤੇ ਇਹ ਮਤਾ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ ਸੀ।

# 11-12 ਜੂਨ, 2021 ਲਈ ਗਦਰੀ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਸਥਾਪਿਤ ਆਦਿ ਧਰਮ ਦੇ ਸਥਾਪਨਾ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਸਾਡੇ ਦੇਸ਼ ਦੀ ਸਮਾਜਿਕ ਬਣਤਰ ਅਤੇ ਮੰਨੂਵਾਦੀ ਪ੍ਰਥਾ ਕਾਰਨ ਸਮਾਜ ਵੱਖ ਵੱਖ ਵਰਗਾਂ ਵਿੱਚ ਵੰਡਿਆਂ ਰਿਹਾ ਹੈ ਅਤੇ ਸ਼ੂਦਰਾਂ ਨੂੰ ਲੰਬਾ ਸਮਾਂ ਵਿਦੇਸ਼ੀ ਸ਼ਾਸ਼ਕਾਂ ਤੋਂ ਇਲਾਵਾ ਅਪਣੇ ਲੋਕਾਂ ਦੀ ਗੁਲਾਮੀ ਦਾ ਸ਼ਿਕਾਰ ਵੀ ਰਹਿਣਾ ਪਿਆ ਹੈ। ਅਛੂਤਾਂ ਤੇ ਕਈ ਤਰਾਂ ਦੀਆਂ ਪਾਬੰਦੀਆਂ ਲਾਗੂ ਸਨ ਅਤੇ ਕਈ ਤਰਾਂ ਦੇ ਅਣਮਨੁੱਖੀ ਅਤਿਆਚਾਰ ਕੀਤੇ ਜਾਂਦੇ ਸਨ। ਇਸ ਗੈਰ ਮਨੁੱਖੀ ਕੁਪ੍ਰਥਾ ਨੂੰ ਖਤਮ ਕਰਨ ਲਈ ਅਣਗਿਣਤ ਸਮਾਜ ਸੁਧਰਾਕਾਂ ਨੇ ਅੰਦੋਲਨ ਚਲਾਏ ਹਨ ਇਨ੍ਹਾਂ ਵਿੱਚ ਪੰਜਾਬ ਦੇ ਜਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮੂਗੋਵਾਲ ਦੇ ਵਾਸੀ ਗਦਰੀ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਨਾਮ ਸ਼ਾਮਿਲ ਹੈ ਜਿਨ੍ਹਾਂ ਨੇ ਲਿਤਾੜ੍ਹੇ ਵਰਗਾਂ ਦੇ ਵਿਕਾਸ ਲਈ ਕੰਮ ਕੀਤਾ। ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ 11-12 ਜੂਨ 1926 ਨੂੰ ਪਿੰਡ ਮੂਗੋਵਾਲ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ, ਦਿੱਲੀ, ਕਲਕੱਤਾ ਆਦਿ ਤੋਂ 36 ਜਾਤਾਂ ਦੇ ਹਜਾਰਾਂ ਲੋਕਾਂ ਜਿਨ੍ਹਾਂ ਨੂੰ ਅਛੂਤ ਮੰਨਿਆਂ ਜਾਂਦਾ ਸੀ ਦਾ ਭਾਰੀ ਇਕੱਠ ਹੋਇਆ ਅਤੇ ਘੋਸ਼ਣਾ ਕੀਤੀ ਗਈ ਕਿ ਇਨ੍ਹਾਂ ਜਾਤਾਂ ਨਾਲ ਸਬੰਧਿਤ ਲੋਕ ਆਦਿ ਧਰਮ ਅਪਣਾਉਣਗੇ। ਇਸ ਕਾਨਫਰੰਸ ਨੂੰ ਰੋਕਣ ਲਈ ਕੁੱਝ ਆਰਿਆ ਸਮਾਜੀ ਆਗੂਆਂ ਅਤੇ ਇਲਾਕੇ ਦੇ ਜਾਤ ਦੇ ਹੰਕਾਰੀ ਲੋਕਾਂ ਨੇ ਲੜਾਈ ਝਗੜਾ ਕੀਤਾ ਅਤੇ ਪੂਰਾ ਜੋਰ ਲਾਇਆ ਪਰ ਬਾਬੂ ਮੰਗੂ ਰਾਮ ਦੀ ਦੂਰ ਅੰਦੇਸ਼ੀ ਨਾਲ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੇ ਇਸ ਕਾਨਫਰੰਸ ਨੂੰ ਨਿਰਵਿਘਨ ਚਲਾਉਣ ਲਈ 03 ਠਾਣੇਦਾਰ ਅਤੇ 12 ਸਿਪਾਹੀ ਸੁਰੱਖਿਆ ਲਈ ਲਗਾ ਦਿੱਤੇ। ਕਾਨਫਰੰਸ ਵਿੱਚ ਗੜਬੜ ਕਰਨ ਵਾਲੇ ਆਰਿਆ ਸਮਾਜੀ ਆਗੂ ਸਵਾਮੀ ਅਛੂਤਾ ਨੰਦ ਅਤੇ ਇਲਾਕੇ ਦੇ ਜੈਲਦਾਰ ਪੁੰਨੂ ਰਾਮ ਨੂੰ ਮੁਆਫੀ ਮੰਗਣੀ ਪਈ। ਇਸਤੋਂ ਬਾਦ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ ਬਾਬੂ ਮੰਗੂ ਰਾਮ ਨੂੰ ਪ੍ਰਧਾਨ, ਹੰਸ ਰਾਜ ਪ੍ਰੇਮਗੜ੍ਹ ਨੂੰ ਉੱਪ ਪ੍ਰਧਾਨ, ਠਾਕਰ ਦਾਸ ਕੰਧੋਲਾ ਨੂੰ ਜਨਰਲ ਸਕੱਤਰ ਨਿਯੁੱਕਤ ਕੀਤਾ ਗਿਆ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਹਜ਼ਾਰਾ ਰਾਮ ਪਿਪਲਾਂਵਾਲਾ, ਪੰਡਤ ਹਰੀਰਾਮ, ਸੰਤ ਰਾਮ, ਰਾਮ ਚੰਦ, ਹਰਦਿੱਤ ਮੱਲ, ਰੇਸ਼ਮ ਲਾਲ ਬਾਲਮੀਕਿ, ਬਿਹਾਰੀ ਲਾਲ, ਰਾਮ ਸਿੰਘ, ਚਮਨ ਰਾਮ ਆਦਿ ਦੀ ਚੋਣ ਕੀਤੀ ਗਈ। ਨਵੰਬਰ, 1926 ਵਿੱਚ ਜਲੰਧਰ ਵਿੱਚ ਆਦਿ ਧਰਮ ਸੰਗਠਨ ਦਾ ਪਹਿਲਾ ਦਫਤਰ ਕਿਰਾਏ ਤੇ ਲੈਕੇ ਖੋਲਿਆ ਗਿਆ ਅਤੇ ਫਿਰ ਅਪਣੀ ਜਮੀਨ ਖਰੀਦੀ ਗਈ ਜਿਸਦੀ ਰਜਿਸਟਰੀ ਸ਼੍ਰੀ ਗੁਰੂ ਰਵਿਦਾਸ ਅਸਥਾਨ ਆਦਿ ਧਰਮ ਮੰਡਲ ਜਲੰਧਰ ਦੇ ਨਾਮ ਕਰਵਾਈ ਗਈ। 1927 ਵਿੱਚ ਆਦਿ ਡੰਕਾ ਨਾਂ ਦਾ ਸਪਤਾਹਿਕ ਅਖਬਾਰ ਸ਼ੁਰੂ ਕੀਤਾ ਗਿਆ ਅਤੇ 1928 ਵਿੱਚ ਇਹ ਉਰਦੂ ਵਿੱਚ ਵੀ ਚਲਾਇਆ ਗਿਆ ਅਤੇ ਆਦਿ ਧਰਮ ਜਾਗਰੁਕਤਾ ਮੁਹਿੰਮ ਸ਼ੁਰੂ ਕੀਤੀ ਗਈ। 1928 ਵਿੱਚ ਇੰਗਲੈਂਡ ਸਰਕਾਰ ਨੇ ਭਾਰਤ ਦੇ ਲੋਕਾਂ ਵਿਸ਼ੇਸ਼ ਤੋਰ ਤੇ ਦਲਿਤਾਂ ਦੀ ਸਥਿਤੀ ਦਾ ਜਾਇਜਾ ਲੈਣ ਲਈ ਸਰ ਜੋਹਨ ਸਾਇਮਨ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਨਿਯੁਕਤ ਕੀਤਾ ਜਿਸਨੂੰ ਸਾਇਮਨ ਕਮਿਸ਼ਨ ਕਿਹਾ ਜਾਂਦਾ ਹੈ। ਭਾਰਤ ਵਿੱਚ ਕਈ ਕਾਂਗਰਸੀ ਆਗੂਆਂ ਨੇ ਇਸ ਕਮਿਸ਼ਨ ਦਾ ਵਿਰੋਧ ਕੀਤਾ। ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ ਲੱਗਭੱਗ ਪੰਜ ਹਜਾਰ ਵਿਅਕਤੀਆਂ ਇਸਦੇ ਪੱਖ ਵਿੱਚ ਇਕੱਠੇ ਹੋਏ। ਇਸ ਮੌਕੇ ਆਦਿ ਧਰਮ ਮੰਡਲ ਆਗੂਆਂ ਨੇ ਸਾਇਮਨ ਕਮਿਸ਼ਨ ਅੱਗੇ ਅਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਅਸੀਂ ਨਾਂ ਹਿੰਦੂ, ਨਾ ਮੁਸਲਿਮ, ਨਾਂ ਸਿੱਖ ਅਤੇ ਨਾ ਹੀ ਇਸਾਈ ਹਾਂ। ਉਨ੍ਹਾਂ ਸਬੂਤਾ ਸਮੇਤ ਦੱਸਿਆ ਕਿ ਉਹ ਆਦਿ ਧਰਮੀ ਹਨ ਜੋਕਿ ਕਿਸੇ ਵੇਲੇ ਇਸ ਦੇਸ਼ ਦੇ ਸ਼ਾਸ਼ਕ ਰਹੇ ਹਨ। ਲੰਬੇ ਸੰਘਰਸ਼ ਅਤੇ ਬਹਿਸ ਤੋਂ ਬਾਦ ਦਲਿਤਾਂ ਨੂੰ ਆਦਿ ਧਰਮ ਦਾ ਨਾਮ ਮਿਲਿਆ। ਆਦਿ ਧਰਮ ਆਗੂਆਂ ਦੇ ਸੰਘਰਸ਼ ਕਾਰਨ ਅਛੂਤਾਂ ਨੂੰ ਪੜ੍ਹਣ ਲਿਖਣ ਦੀਆਂ ਸਹੂਲਤਾਂ, ਵੋਟ ਦਾ ਅਧਿਕਾਰ ਪ੍ਰਾਪਤ ਹੋਇਆ, ਬੇਗਾਰ ਪ੍ਰਥਾ ਬੰਦ ਕਰਵਾਈ, ਫੌਜ ਅਤੇ ਪੁਲਿਸ ਵਿੱਚ ਭਰਤੀ ਸ਼ੁਰੂ ਹੋਈ, ਰਜਤਨਾਮੇ ਖਤਮ ਕਰਕੇ ਘਰਾਂ ਦੇ ਮਾਲਕ ਬਣਾਇਆ ਗਿਆ, 1900 ਵਿੱਚ ਬਣਿਆ ਇੰਤਕਾਲ ਇਰਾਜ਼ੀ ਐਕਟ ਜਿਸ ਅਨੁਸਾਰ ਸਿਰਫ 12 ਜਾਤਾਂ ਜਿਨ੍ਹਾਂ ਵਿੱਚ ਅਹੀਰ, ਅਰਾਈ, ਅਵਾਣ, ਗੁੱਜਰ, ਜੱਟ, ਕੰਬੋਜ, ਮੀਂਏ, ਪਠਾਣ, ਕਨੈਤ, ਰਾਜਪੂਤ, ਰਾਠੀ, ਸੈਣੀ ਹੀ ਜਮੀਨ ਖਰੀਦ ਸਕਦੇ ਸਨ ਖਤਮ ਕਰਵਾਇਆ ਜਿਸ ਨਾਲ ਗੈਰ ਮਾਰੂਸੀ ਲੋਕਾਂ ਨੂੰ ਵੀ ਜਾਇਦਾਦ ਖ੍ਰੀਦਣ ਦਾ ਅਧਿਕਾਰ ਮਿਲਿਆ। ਆਦਿ ਧਰਮ ਮੰਡਲ ਨੇ ਹਰੀਜਨ ਸ਼ਬਦ ਦੀ ਵਰਤੋਂ ਦਾ ਖੁੱਲਕੇ ਵਿਰੋਧ ਕੀਤਾ। 1930 ਵਿੱਚ ਗਵਰਨਰ ਪੰਜਾਬ ਨੇ ਆਰਡਰ ਜਾਰੀ ਕੀਤੇ ਕਿ ਆਦਿ ਧਰਮੀ ਲੜਕੇ ਲੜਕੀਆਂ ਜੋ ਦਸਵੀਂ ਪਾਸ ਹਨ ਨੂੰ ਅਧਿਆਪਕ ਦੀ ਸਿਖਲਾਈ ਦੇਣ ਲਈ ਸਪੈਸ਼ਲ ਕਲਾਸਾਂ ਸ਼ੁਰੂ ਕੀਤੀਆਂ ਜਾਣ। ਚੌਧਰੀ ਸਦਰੂਦੀਨ ਖਾਨ ਨੇ ਆਦਿ ਧਰਮ ਮੰਡਲ ਦੀ ਇਮਾਰਤ ਵਿੱਚ ਇਹ ਕਲਾਸਾਂ ਲਗਾਈਆਂ ਅਤੇ 80 ਵਿਅਕਤੀਆਂ ਨੂੰ ਜੇ ਬੀ ਟੀ ਦਾ ਕੌਰਸ ਕਰਵਾਕੇ ਮਾਸਟਰ ਬਣਾਇਆ ਗਿਆ। 26 ਫਰਵਰੀ 1930 ਨੂੰ ਆਦਿ ਧਰਮ ਰਜਿਸਟਰਡ ਹੋਇਆ ਅਤੇ 1931 ਵਿੱਚ ਹੋਈ ਭਾਰਤ ਵਿੱਚ ਜਨਗਣਨਾ ਵਿੱਚ ਗ੍ਰੇਟਰ ਪੰਜਾਬ ਦੀ ਕੁੱਲ ਅਬਾਦੀ ਲੱਗਭੱਗ 28491000 ਸੀ ਅਤੇ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਸੀ। ਇਸ ਜਨਗਣਨਾ ਵੇਲੇ ਕਈ ਥਾਵਾਂ ਤੇ ਲੜਾਈ ਝਗੜੇ ਹੋਏ ਜਿਸ ਵਿੱਚ ਰਲਾ ਰਾਮ ਰਵਿਦਾਸੀਆ ਅਤੇ ਝਗੜੂ ਰਾਮ ਬਾਲਮਿਕੀ ਮਾਰੇ ਗਏ ਸਨ ਅਤੇ ਹੋਰ ਕਈ ਜਖਮੀ ਹੋਏ ਜਿਸ ਕਾਰਨ ਇਸਨੂੰ ਖੂਨੀ ਮਰਦਮਸ਼ੁਮਾਰੀ ਵੀ ਕਿਹਾ ਜਾਂਦਾ ਹੈ, ਕਈ ਥਾਵਾਂ ਤੇ ਅਛੂਤਾਂ ਨੂੰ ਜਬਰਦਸਤੀ ਹਿੰਦੂ ਅਤੇ ਸਿੱਖ ਲਿਖਿਆ ਗਿਆ। ਵਰਣਨਯੋਗ ਹੈ ਕਿ 1911 ਦੀ ਜਨਗਣਨਾ ਵੇਲੇ ਅਛੂਤਾਂ ਦੀ ਜਿਹੜੀ ਜਨਸ-ਖਿਆ ਲੱਗਭੱਗ 28 ਲੱਖ ਸੀ ਉਹ 1931 ਵਿੱਚ ਘਟਾਕੇ ਲੱਗਭੱਗ 13 ਲੱਖ ਕਰ ਦਿੱਤੀ ਗਈ। 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਕਾਂਗਰਸੀ ਆਗੂ ਗਾਂਧੀ ਨੇ ਕਿਹਾ ਕਿ ਅਛੂਤਾਂ ਦਾ ਵੀ ਉਹ ਹੀ ਲੀਡਰ ਹੈ ਅਤੇ ਡਾਕਟਰ ਅੰਬੇਡਕਰ ਨੂੰ ਇਸਤੋਂ ਬਾਹਰ ਭੇਜਿਆ ਜਾਵੇ। ਇਹ ਸਾਬਤ ਕਰਨ ਲਈ ਕਿ ਭਾਰਤੀ ਦਲਿਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਬਾਬੂ ਮੰਗੂ ਰਾਮ ਨੇ ਪੰਜਾਬ ਅਤੇ ਹੋਰ ਸੂਬਿਆਂ ਤੋਂ ਦਲਿਤ ਆਗੂਆਂ ਨੇ ਲੱਗਭੱਗ 57 ਤਾਰਾਂ ਲੰਡਨ ਭੇਜੀਆਂ ਜਦਕਿ ਗਾਂਧੀ ਦੇ ਹੱਕ ਵਿੱਚ ਸਿਰਫ 50 ਤਾਰਾਂ ਹੀ ਪੁੱਜੀਆਂ ਸਨ ਜਿਸ ਕਾਰਨ ਅੰਬੇਡਕਰ ਨੂੰ ਅਛੂਤਾਂ ਦੀ ਪ੍ਰਤੀਨਿਧਤਾ ਕਰਨ ਦਾ ਅਧਿਕਾਰ ਮਿਲਿਆ। ਇਸਤੋਂ ਬਾਦ ਇੰਗਲੇਂਡ ਸਰਕਾਰ ਨੇ ਲੋਥੀਅਨ ਕਮੇਟੀ ਨੂੰ ਭਾਰਤ ਭੇਜਿਆ ਜਿਸ ਵਿੱਚ ਅੰਬੇਡਕਰ ਅਛੂਤਾਂ ਦਾ ਨੁਮੰਾਇਦਾ ਬਣਕੇ ਨਾਲ ਆਇਆ। ਇਹ ਕਮੇਟੀ ਜਦੋਂ ਲਹੌਰ ਆਈ ਤਾਂ ਆਦਿ ਧਰਮ ਮੰਡਲ ਦੇ ਆਗੂ ਲੱਗਭੱਗ 10 ਹਜਾਰ ਵਿਅਕਤੀਆਂ ਨਾਲ ਪਹੁੰਚੇ ਅਤੇ ਅਪਣੀਆਂ ਮੰਗਾਂ ਕਮੇਟੀ ਅੱਗੇ ਰੱਖੀਆਂ। ਇਸ ਮੌਕੇ ਕੁੱਝ ਆਰਿਆ ਸਮਾਜੀ ਆਗੂਆਂ ਨੇ ਅਛੂਤ ਗਦਾਰਾਂ ਦੀ ਮੱਦਦ ਨਾਲ ਆਦਿ ਧਰਮ ਮੰਡਲ ਦੀਆਂ ਮੰਗਾਂ ਦਾ ਵਿਰੋਧ ਕੀਤਾ ਪਰੰਤੂ ਮੀਟਿੰਗ ਹਾਲ ਤੋਂ ਬਾਹਰ ਬੈਠੇ ਹਜ਼ਾਰਾਂ ਵਿਅੱਕਤੀਆਂ ਨੇ ਜਦੋਂ ਇੱਕਸੁਰ ਵਿੱਚ ਨਾਹਰੇ ਲਗਾਏ ਤਾਂ ਇਨ੍ਹਾਂ ਆਰਿਆ ਸਮਾਜੀ ਆਗੂਆਂ ਨੂੰ ਨਾਮੋਸ਼ੀ ਦਾ ਸਾਹਮਣਾ ਕਰਨਾ ਪਿਆ। ਆਦਿ ਧਰਮ ਮੰਡਲ ਆਗੂਆਂ ਨੇ ਮੰਗ ਰੱਖੀ ਕਿ ਸਾਡੀ ਗਿਣਤੀ ਅਤੇ ਵਸੋਂ ਦੇ ਹਿਸਾਬ ਨਾਲ ਅਲੱਗ ਰਿਜ਼ਰਵੇਸ਼ਨ ਦਿਤੀ ਜਾਵੇ। ਲਾਰਡ ਲੋਥੀਅਨ ਦੀ ਰਿਪੋਰਟ ਤੋਂ ਬਾਦ ਇੰਗਲੈਂਡ ਦੀ ਸਰਕਾਰ ਨੇ ਅਛੂਤਾਂ ਲਈ ਅਲੱਗ ਚੌਣ ਵਿਵਸਥਾ ਦੀ ਮੰਨਜੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ ਜੋਕਿ 17 ਅਗੱਸਤ 1932 ਨੂੰ ਛਾਪਿਆ ਗਿਆ। ਇਸ ਫੈਸਲੇ ਅਨੁਸਾਰ ਪਹਿਲੀ ਵਾਰ ਅਛੂਤਾਂ ਨੂੰ ਹਿ-ਦੂਆਂ ਤੋਂ ਵੱਖਰੇ ਮੰਨਕੇ ਅਲੱਗ ਹੱਕ ਦਿੱਤੇ ਗਏ, ਅਛੂਤਾਂ ਨੂੰ ਰਾਖਵਾਂਕਰਣ ਦਿਤਾ ਗਿਆ, ਦੋਹਰੀ ਵੋਟ ਦਾ ਹੱਕ ਦਿਤਾ ਗਿਆ, ਹਿੰ-ਦੁਸਤਾਨ ਦੀ ਕੌਂਸਲ ਵਿੱਚ 73 ਸੀਟਾਂ ਹਿੰਦੁਆਂ ਤੋਂ ਅਲੱਗ ਅਛੂਤਾਂ ਨੂੰ ਦਿਤੀਆਂ ਗਈਆਂ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਗਾਂਧੀ ਨੇ ਯਰਵਦਾ ਜੇਲ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ ਅਤੇ ਗਾਂਧੀ ਦੇ ਵਿਰੋਧ ਵਿੱਚ ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ ਆਦਿ ਧਰਮ ਮੰਡਲ ਆਗੂਆਂ ਨੇ ਵੀ ਮਰਨ ਵਰਤ ਰੱਖ ਲਿਆ। 24 ਸਤੰਬਰ 1932 ਨੂੰ ਡਾਕਟਰ ਅੰ-ਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ ਅਤੇ ਅਛੂਤਾਂ ਨੂੰ ਹਿੰਦੂਆਂ ਦਾ ਇੱਕ ਹਿੱਸਾ ਮੰਨਿਆ ਗਿਆ, 26 ਸਤੰਬਰ ਨੂੰ ਇਸ ਸਬੰਧੀ ਕਨੂੰਨ ਬਣਨ ਤੋਂ ਬਾਦ ਗਾਂਧੀ ਨੇ ਅਪਣਾ ਮਰਨ ਵਰਤ ਖਤਮ ਕਰ ਦਿਤਾ ਪਰੰਤੂ ਬਾਬੂ ਮੰਗੂ ਰਾਮ ਨੇ ਅਪਣਾ ਮਰਨ ਵਰਤ ਲਗਾਤਾਰ ਜਾਰੀ ਰੱਖਿਆ ਅਤੇ 12ਵੇਂ ਦਿਨ ਆਦਿ ਧਰਮ ਦੇ ਬਾਕੀ ਅਗੂਆਂ ਦੇ ਕਹਿਣ ਤੇ ਸੰਤ ਸਰਵਣ ਦਾਸ ਬੱਲਾਂ ਵਾਲਿਆਂ ਅਤੇ ਸੇਠ ਕਿਸ਼ਨ ਦਾਸ ਦੇ ਹੱਥੋਂ ਜੂਸ ਪੀਕੇ ਮਰਨ ਵਰਤ ਖਤਮ ਕੀਤਾ। ਪੂਨਾ ਪੈਕਟ ਅਨੁਸਾਰ ਪੂਰੇ ਹਿੰਦੁਸਤਾਨ ਵਿੱਚ ਐਮ ਐਲ ਏ ਦੀਆਂ ਕੁੱਲ 1585 ਸੀਟਾਂ ਵਿੱਚੋਂ 151 ਸੀਟਾਂ ਅਛੂਤਾਂ ਲਈ ਰਾਖਵੀਆਂ ਰੱਖੀਆਂ ਗਈਆਂ। ਉਸ ਵੇਲੇ ਦੇ ਪੰਜਾਬ ਦੀਆਂ 175 ਵਿੱਚੋਂ 08 ਸੀਟਾਂ ਰਾਖਵੀਆਂ ਰੱਖੀਆਂ ਗਈਆਂ। 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਯੂਨੀਅਨਿਸਟ ਪਾਰਟੀ ਨਾਲ ਰਲਕੇ ਚੌਣ ਲੜ੍ਹੀ ਅਤੇ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ ਅਤੇ 8ਵੀਂ ਸੀਟ ਜੋਕਿ ਸਿਰਫ 07 ਵੋਟਾਂ ਨਾਲ ਹਾਰੀ ਸੀ ਜਿੱਤਣ ਵਾਲਾ ਮੂਲਾ ਸਿੰਘ ਬਲਾਚੌਰ ਵੀ ਬਾਦ ਵਿੱਚ ਆਦਿ ਧਰਮ ਮੰਡਲ ਵਿੱਚ ਸ਼ਾਮਿਲ ਹੋ ਗਿਆ ਸੀ। 1942 ਵਿੱਚ ਦੂਜੀ ਸੰਸਾਰਿਕ ਜੰਗ ਹੋਣ ਕਾਰਨ ਚੌਣਾਂ ਨਹੀਂ ਹੋਈਆਂ। 1946 ਵਿੱਚ ਬਾਬੂ ਮੰਗੂ ਰਾਮ ਆਪਣੇ 04 ਹੋਰ ਸਾਥੀਆਂ ਨਾਲ ਵਿਧਾਇਕ ਬਣੇ। 1947 ਵਿੱਚ ਭਾਰਤ ਦੀ ਵੰਡ ਤੋਂ ਪਹਿਲਾਂ ਮਿਸਟਰ ਮੁਹੰਮਦ ਅਲੀ ਜਿਨਾਹ ਦਾ ਸਕੱਤਰ ਅਪਣੇ ਨਾਲ ਚੌਧੀਰ ਸੁੰਦਰ ਦਾਸ, ਮਾਸਟਰ ਗੁਰਬੰਤਾ ਸਿੰਘ ਅਤੇ ਕਈ ਅਫਸਰਾਂ ਨੂੰ ਨਾਲ ਲੈਕੇ ਪਿੰਡ ਮੂਗੋਵਾਲ ਪਹੁੰਚਿਆ ਅਤੇ ਮੰਗ ਰੱਖੀ ਕਿ ਜੇਕਰ ਉਹ ਮੁਸਲਿਮ ਲੀਗ ਦੀ ਗੱਲ ਮੰਨਕੇ ਪਾਕਿਸਤਾਨ ਨਾਲ ਮਿਲ ਜਾਣ ਤਾਂ 50 ਮੁਰੱਬੇ ਜਮੀਨ ਅਤੇ 50 ਹਜਾਰ ਰੁਪਏ ਦੇਣਗੇ ਜਿਸਨੂੰ ਬਾਬੂ ਮੰਗੂ ਰਾਮ ਅਤੇ ਸਾਥੀਆਂ ਨੇ ਠੁਕਰਾ ਦਿਤਾ। ਦੇਸ਼ ਅਜਾਦ ਹੋਣ ਬਾਦ ਭਾਰਤ ਦਾ ਅਪਣਾ ਸੰਵਿਧਾਨ ਬਣਾਕੇ ਲਾਗੂ ਕੀਤਾ ਗਿਆ। ਅਜਾਦੀ ਤੋਂ ਬਾਦ 1951 ਵਿੱਚ ਹੋਈ ਜਨਗਣਨਾ ਵਿੱਚ ਆਦਿ ਧਰਮ ਦਾ ਖਾਨਾ ਖਤਮ ਕਰ ਦਿਤਾ ਗਿਆ। ਪਿਛਲੇ ਕਈ ਸਾਲਾਂ ਤੋਂ ਆਦਿ ਧਰਮ ਆਗੂ ਇਸਦੀ ਮੁੜ੍ਹ ਬਹਾਲੀ ਲਈ ਯਤਨ ਕਰ ਰਹੇ ਹਨ। 12 ਜੂਨ 2021 ਨੂੰ ਆਦਿ ਧਰਮ ਦੇ ਸਥਾਪਨਾ ਦਿਵਸ ਸਬੰਧੀ ਸ਼੍ਰੀ ਚਰਨ ਛੋਹ ਗੰਗਾ ਖੁਰਾਲਗੜ੍ਹ ਸਾਹਿਬ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਜਾ ਰਿਹਾ ਹੈ ਜਿਸ ਵਿੱਚ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਬੁੱਧੀਜੀਵੀ ਵਿਚਾਰ ਚਰਚਾ ਕਰਨਗੇ।




# ਸੰਗਰੂਰ ਜਿਲ੍ਹੇ ਦੇ ਕੰਪਿਊਟਰ ਈ ਸਬਦ ਵੀਡਿਓਜ ਮੁਕਾਬਲੇ ਵਿਚ ਮਹਿਕ ਤਿਵਾੜੀ ਨੇ ਪਹਿਲਾ, ਅਮਨਜੋਤ ਕੌਰ ਨੇ ਦੂਜਾ ਅਤੇ ਜਸਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ









**ਚੰਡੀਗੜ੍ਹ-** ਜਿਲ੍ਹਾ ਸੰਗਰੂਰ ਦੇ ਸਮੂਹ ਸਕੂਲਾਂ ਵਿਚ, ਵਿਭਾਗ ਵਲੋਂ ਜਾਰੀ ਫਨ ਐਕਟੀਵਿਟੀ ਸਮਾਂ ਸਾਰਣੀ ਅਨੂਸਾਰ, ਜਿਲ੍ਹਾ ਸਿੱਖਿਆ ਅਫਸਰ ਮਲਕੀਤ ਸਿੰਘ ਅਤੇ ਉੱਪ ਜਿਲ੍ਹਾ ਸਿੱਖਿਆ ਅਫਸਰ ਹਰਜੀਤ ਸ਼ਰਮਾ ਜੀ ਦੀ ਯੋਗ ਰਹਿਨੁਮਾਈ ਹੇਠ ਜਿਲ੍ਹੇ ਅੰਦਰ ਵੱਖ- ਵੱਖ ਵਿਸ਼ਿਆਂ ਦੀਆਂ ਫਨ ਐਕਟੀਵਿਟੀਜ ਕਰਵਾਈਆ ਜਾ ਰਹੀਆਂ ਹਨ। ਇਸੇ ਲੜੀ ਤਹਿਤ ਗਰਮੀਆਂ ਦੀਆਂ ਛੁੱਟੀਆਂ ਦੇ ਪਹਿਲੇ ਹਫਤੇ ਦੌਰਾਨ ਜਿਲ੍ਹਾ ਮੈਂਟੋਰ ਮੁਹੰਮਦ ਆਰਿਫ, ਵੱਖ -ਵੱਖ ਬਲਾਕ ਮੈਂਟੋਰਜ ਅਤੇ ਸਮੂਹ ਕੰਪਿਊਟਰ ਅਧਿਆਪਕਾਂ ਵੱਲੋ ਕੰਪਿਊਟਰ ਵਿਸ਼ੇ ਨਾਲ ਸਬੰਧਤ ਕੰਪਿਊਟਰ ਈ-ਸਬਦ ਦੇ ਵੀਡਿਓ ਬਣਾਉਣ ਦੀ ਐਕਟੀਵਿਟੀ ਕਰਵਾਈ ਗਈ। ਜਿਸ ਵਿੱਚ ਜਿਲ੍ਹੇ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਵਲੋਂ ਵੱਧ ਚੜ੍ਹ ਕੇ ਹਿੱਸਾ ਲਿਆ ਗਿਆ।

ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜਿਲ੍ਹਾ ਮੈਂਟੋਰ ਮੁਹੰਮਦ ਆਰਿਫ ਨੇ ਦੱਸਿਆ ਕਿ ਸਮੂਹ ਸਕੂਲਾਂ ਵਿੱਚ ਤੈਨਾਤ ਕੰਪਿਊਟਰ ਅਧਿਆਪਕਾਂ ਵਲੋਂ ਸਕੂਲ ਦੇ ਬੱਚਿਆਂ ਤੋਂ ਕੰਪਿਊਟਰ ਵਿਸ਼ੇ ਸਬੰਧੀ ਜਾਣਕਾਰੀ ਦਿੰਦੇ ਵੀਡਿਓ ਬਣਾ ਕੇ ਬਲਾਕ ਮੈਂਟੋਰ ਨੂੰ ਭੇਜੇ ਗਏ। ਬਲਾਕ ਮੈਂਟੋਰਜ ਵੱਲੋ ਬਲਾਕ ਲੈਵਲ ਤੇ ਪ੍ਰਾਪਤ ਇਹਨਾਂ ਵੀਡੀਓਜ ਵਿੱਚੋਂ ਬਲਾਕ ਲੈਵਲ ਤੇ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਬਲਾਕ ਪੱਧਰੀ ਵਿਜੇਤਾ ਘੋਸ਼ਿਤ ਕੀਤਾ ਗਿਆ। ਜਿਸ ਉਪਰੰਤ 2 ਜੂਨ ਨੂੰ ਹਰ ਬਲਾਕ ਵਿੱਚੋਂ ਪਹਿਲੀ ਪੁਜੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਜਿਲ੍ਹਾ ਪੱਧਰੀ ਪ੍ਰਤੀਯੋਗਤਾ ਲਈ ਸ਼ਾਰਟਲਿਸਟ ਕਰਕੇ ਜਿਲ੍ਹਾ ਪੱਧਰੀ ਬਣਾਈ ਗਈ ਚਾਰ ਮੈਂਬਰੀ ਕਮੇਟੀ ਵਲੋਂ ਜਿਲ੍ਹਾ ਪੱਧਰੀ ਈ ਸਬਦ ਵੀਡਿਓ ਵਿਜੇਤਾਵਾਂ ਦੀ ਚੋਣ ਕਰਕੇ, ਸੂਚੀ ਜਨਤਕ ਕੀਤੀ ਗਈ। ਜਿਸ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸੰਗਰੂਰ ਦੀ ਵਿਦਿਆਰਥਣ ਮਹਿਕ ਤਿਵਾੜੀ ਵੱਲੋ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛਾਜਲੀ ਦੀ ਵਿਦਿਆਰਥਣ ਅਮਨਜੋਤ ਕੌਰ ਵੱਲੋ ਦੂਜਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਗੜੀਆਂ ਦੀ ਵਿਦਿਆਰਥਣ ਜਸਪ੍ਰੀਤ ਕੌਰ ਵੱਲੋ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਜਿਲ੍ਹਾ ਮੈਂਟੋਰ ਮੁਹੰਮਦ ਆਰਿਫ ਵੱਲੋ ਵਿਜੇਤਾ ਵਿਦਿਆਰਥੀਆਂ, ਓਹਨਾਂ ਦੇ ਕੰਪਿਊਟਰ ਅਧਿਆਪਕਾਂ ਅਤੇ ਬਲਾਕ ਮੈਂਟੋਰਜ ਨੂੰ ਵਧਾਈ ਦਿੰਦੇ ਹੋਏ ਸਮੂਹ ਬੱਚਿਆਂ, ਸਮੂਹ ਕੰਪਿਊਟਰ ਅਧਿਆਪਕਾਂ, ਬਲਾਕ ਮੈਂਟੋਰਜ ਦਾ ਇਸ ਫਨ ਐਕਟੀਵਿਟੀ ਵਿੱਚ ਸ਼ਾਮਲ ਹੋਣ ਲਈ ਦਿਲੋ ਧੰਨਵਾਦ ਕੀਤਾ ਗਿਆ ਅਤੇ ਵਿਦਿਆਰਥੀਆਂ ਵਿਚ ਉਤਸ਼ਾਹ ਭਰਦੀਆਂ ਅਜਿਹੀਆਂ ਗਤੀ-ਵਿਧੀਆਂ ਭਵਿੱਖ ਵਿਚ ਵੀ ਜਾਰੀ ਰੱਖਣ ਲਈ ਸਲਾਹ ਦਿੱਤੀ।

**- ਪ੍ਰੀਤਮ ਲੁਧਿਆਣਵੀ**

# ਹਰ ਹਾਲਾਤ ਵਿੱਚ ਅੱਗੇ ਵਧਣਾ ਜਾਣਦੇ ਹਨ ਉਹ ਕਾਲੇ ਲੋਕ



ਹਰਦੀਪ ਸਿੰਘ ਚੁੰਬਰ
+91-94636-01616

ਅਮਰੀਕੀ ਰਾਸ਼ਟਰਪਤੀ ਜੋਏ ਬਿਡੇਨ ਨੇ ਆਪਣੇ ਭਾਸ਼ਨ ਵਿੱਚ ਕਿਹਾ ਕਿ "ਨਸ਼ਲੀ ਹਿੰਸ਼ਾ ਦੇਸ਼ ਲਈ ਸਭ ਤੋਂ ਘਾਤਕ" ਹੈ। ਵਿਸ਼ਵ ਦਾ ਸਭ ਤੋਂ ਮਹਾਨ ਦੇਸ਼ ਦਾ ਰਾਸ਼ਟਰਪਤੀ ਇਹ ਮਹਿਸੂਸ ਕਰ ਰਿਹਾ ਹੈ, ਜਿੱਹੜਾ ਦੇਸ਼ ਮਾਨਵ ਅਧਿਕਾਰ ਸਮਤਾ, ਸਮਾਨਤਾ, ਭਾਈਚਾਰਾ, ਨਿਆਏ, ਸਨਮਾਨ ਦੇ ਉਚਤਮ ਪ੍ਰਬੰਧ ਲਈ ਜਾਣਿਆ ਜਾਂਦਾ ਹੈ। ਜੇਕਰ ਪਹਿਲੀ ਮਈ ਮਜਦੂਰ ਦਿਵਸ਼ ਨੂੰ ਸਮਰਪਿਤ ਮੰਨਿਆ ਜਾਂਦਾ ਹੈ ਤਾਂ ਪਹਿਲਾ ਜੂਨ ਅਮਰੀਕੀ ਕਾਲੇ ਲੋਕਾਂ ਲਈ ਬਰਾਬਰੀ ਅਤੇ ਸਨਮਾਨ ਦਾ ਖਾਸ ਦਿਨ ਮੰਨਿਆਂ ਜਾਂਦਾ ਹੈ।

ਭਾਰਤ ਨੂੰ ਵੀ ਅਮਰੀਕੀ ਰਾਸ਼ਟਰਪਤੀ ਦੇ ਭਾਸ਼ਨ ਵਿੱਚ ਜੋ ਉਸ ਨੇ ਕਿਹਾ ਸੀ ਕਿ "ਨਸ਼ਲੀ ਹਿੰਸ਼ਾ ਦੇਸ਼ ਲਈ ਸਭ ਤੋਂ ਘਾਤਕ" ਹੈ ਸਿਖਣ ਅਤੇ ਅਪਨਾਉਣ ਦੀ ਲੋੜ ਹੈ। ਉਸ ਨੇ ਕਿਹਾ, "ਸਾਨੂੰ ਚੰਗੇ, ਮਾੜੇ, ਸਭ ਕੁਝ ਨੂੰ ਪਤਾ ਹੋਣਾ ਚਾਹੀਦਾ ਹੈ। ਮਹਾਨ ਕੌਮਾਂ ਅਜਿਹਾ ਹੀ ਕਰਦੀਆਂ ਹਨ।" ਉਹ ਆਪਣੇ ਹਨੇਰੇ ਵਾਲੇ ਪਾਸਿਓਂ ਰੌਸ਼ਨੀ ਵੱਲ ਆਉਂਦੇ ਹਨ ਅਤੇ ਅਸੀਂ ਇਕ ਮਹਾਨ ਰਾਸ਼ਟਰ ਹਾਂ।"

ਜੋਏ ਬਿਡੇਨ ਤੁਲਸਾ, ਓਕਲਾਹੋਮਾ ਵਿਚ ਉਸ ਜਗ੍ਹਾ ਦਾ ਦੌਰਾ ਕਰਨ ਵਾਲੇ ਸੰਯੁਕਤ ਰਾਜ ਦੇ ਪਹਿਲੇ ਰਾਸ਼ਟਰਪਤੀ ਬਣ ਗਏ ਹਨ, ਜਿਥੇ 1921 ਵਿਚ ਸੈਂਕੜੇ ਕਾਲੇ ਅਮਰੀਕਨ ਇਕ ਗੋਰਿਆਂ ਦੀ ਭੀੜ ਦੁਆਰਾ ਮਾਰੇ ਗਏ ਸਨ, ਨੇ ਕਿਹਾ ਕਿ ਅਮਰੀਕਾ ਨਸਲਵਾਦ ਦੀ ਹਿੰਸਾ ਦੇ ਸਭ ਤੋਂ ਭਿਆਨਕ ਘਟਨਾਵਾਂ ਵਿਚੋਂ ਇਕ ਦਾ ਸਾਹਮਣਾ ਕਰਨਾ ਲਾਜ਼ਮੀ ਹੈ, ਇਸ ਤੋਂ ਸਿੱਖਣਾ ਚਾਹੀਦਾ ਹੈ, ਇਹ ਦੇਸ਼ ਦਾ ਇਤਿਹਾਸ ਹੈ। ਡੈਮੋਕਰੇਟਸ ਨੇ ਮੰਗਲਵਾਰ ਨੂੰ ਹਿੰਸਾ ਤੋਂ ਬਚੇ ਕੁਝ ਲੋਕਾਂ ਨੂੰ ਮਿਲ ਕੇ ਸਮੂਹਿਕ ਕਤਲੇਆਮ ਦੀ ਸ਼ਤਾਬਦੀ ਨੂੰ ਯਾਦ ਕੀਤਾ। ਬਾਈਡਨ ਨੇ ਬਚੇ ਹੋਏ ਲੋਕਾਂ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ, "ਇਹ ਦੰਗਾ ਨਹੀਂ ਸਨ, ਇਹ ਕਤਲੇਆਮ ਸੀ। "(ਇਹ) ਸਾਡੇ ਇਤਿਹਾਸ ਵਿਚ ਸਭ ਤੋਂ ਭੈੜਾ ਪੱਖ ਸੀ - ਪਰ ਕੇਵਲ ਇਕ ਹੀ ਨਹੀਂ, ਅਤੇ ਹੋਰ ਬਹੁਤ ਲੰਮੇ ਸਮੇਂ ਲਈ, ਸਾਡੇ ਇਤਿਹਾਸ ਦੁਆਰਾ ਭੁੱਲਾ ਦਿੱਤਾ ਗਿਆ। "ਜਿਵੇਂ ਹੀ ਇਹ ਹੋਇਆ, ਸਾਡੀਆਂ ਸਮੂਹਿਕ ਯਾਦਾਂ ਤੋਂ ਇਸ ਨੂੰ ਮਿਟਾਉਣ ਦੀ ਇਕ ਸਪੱਸ਼ਟ ਕੋਸ਼ਸ਼ਿ ਕੀਤੀ ਜਾ ਰਹੀ ਸੀ ... ਲੰਬੇ ਸਮੇਂ ਤੋਂ ਤੁਲਸਾ ਦੇ ਸਕੂਲਾਂ ਨੇ ਇਸ (ਕਤਲਿਆਮ) ਨੂੰ ਪੜ੍ਹਾਇਆ ਨਹੀਂ ਗਿਆ ਸੀ, ਸਕੂਲ ਇਸ ਨੂੰ ਛੱਡ ਦਿੰਦੇ ਸਨ।"



ਤੁਲਸਾ ਦੇ ਗੋਰੇ ਵਸਨੀਕਾਂ ਨੇ 31 ਮਈ ਅਤੇ 1 ਜੂਨ 1921 ਨੂੰ 300 ਕਾਲੇ ਲੋਕਾਂ ਨੂੰ ਗੋਲੀ ਮਾਰਕੇ ਮਾਰ ਦਿੱਤਾ ਸੀ ਅਤੇ ਘਰਾਂ ਅਤੇ ਕਾਰੋਬਾਰਾਂ ਨੂੰ ਸਾੜ ਦਿੱਤਾ ਅਤੇ ਲੁੱਟ-ਖੋਹ ਕੀਤੀ, ਜਦੋਂ ਇਕ ਗੋਰੀ ਔਰਤ ਨੇ ਇਕ ਕਾਲੇ ਆਦਮੀ 'ਤੇ ਹਮਲੇ ਦਾ ਦੋਸ਼ ਲਾਇਆ, ਅਜਿਹਾ ਇਹ ਦੋਸ਼ ਕਦੇ ਵੀ ਸਾਬਤ ਨਹੀਂ ਹੋਇਆ। ਇਸ ਹਿੰਸਕ ਗੜਬੜ ਨੇ ਗ੍ਰੀਨਵੁੱਡ ਦੇ ਅਫਰੀਕੀ ਅਮਰੀਕੀ ਭਾਈਚਾਰੇ ਨੂੰ ਤਬਾਹ ਕਰ ਦਿੱਤਾ, ਜੋ ਉਸ ਸਮੇਂ ਇੰਨੀ ਖੁਸ਼ਹਾਲ ਸੀ ਕਿ ਇਸਨੂੰ ਬਲੈਕ ਵਾਲ ਸਟ੍ਰੀਟ ਕਿਹਾ ਜਾਂਦਾ ਹੈ। ਇਤਿਹਾਸਕਾਰ ਕਹਿੰਦੇ ਹਨ ਕਿ ਸ਼ੁਰੂਆਤੀ 10,000 ਲੋਕ ਬੇਘਰ ਹੋਏ ਸਨ।ਪਰ ਬੀਮਾ ਕੰਪਨੀਆਂ ਨੇ ਨੁਕਸਾਨ ਨੂੰ ਪੂਰਾ ਨਹੀਂ ਕੀਤਾ ਅਤੇ ਕਿਸੇ ਨੂੰ ਵੀ ਹਿੰਸਾ ਦਾ ਦੋਸ਼ ਨਹੀਂ ਲਗਾਇਆ ਗਿਆ।

ਬਿਡੇਨ ਨੇ ਕਿਹਾ ਕਿ ਨਸਲੀ ਹਿੰਸਾ ਦਾ ਕਾਰਨ, ਹੈ ਇਹ ਮੰਨਣਾ ਕਿ ਗੋਰੇ ਸਰਬੋਤਮ ਹਨ ਇਹ ਅਵਾਜ ਅਮਰੀਕਾ ਵਿੱਚ ਲਗਾਤਾਰ ਗੂੰਜਦੀ ਰਹੀ। ਉਸ ਨੇ ਕਿਹਾ, "ਸਾਨੂੰ ਚੰਗੇ, ਮਾੜੇ, ਸਭ ਕੁਝ ਨੂੰ ਪਤਾ ਹੋਣਾ ਚਾਹੀਦਾ ਹੈ। ਮਹਾਨ ਕੌਮਾਂ ਅਜਿਹਾ ਹੀ ਕਰਦੀਆਂ ਹਨ।" ਉਹ ਆਪਣੇ ਹਨੇਰੇ ਵਾਲੇ ਪਾਸਿਓਂ ਰੌਸ਼ਨੀ ਵੱਲ ਆਉਂਦੇ ਹਨ ਅਤੇ ਅਸੀਂ ਇਕ ਮਹਾਨ ਰਾਸ਼ਟਰ ਹਾਂ।"

ਬਿਡੇਨ ਨੇ ਕਿਹਾ, "ਗ੍ਰੀਨਵੁੱਡ ਵਿਖੇ ਜੋ ਹੋਇਆ ਉਹ ਨਫ਼ਰਤ ਅਤੇ ਘਰੇਲੂ ਅੱਤਵਾਦ ਦਾ ਕੰਮ ਸੀ ਜੋ ਅੱਜ ਵੀ ਮੌਜੂਦ ਹੈ।ਬਾਈਡਨ ਨੇ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਜਲਦੀ ਹੀ ਨਫ਼ਰਤ ਦੇ ਅਪਰਾਧਾਂ ਅਤੇ ਗੋਰੇ ਸੁਪਰੀਮਿਸਟ ਹਿੰਸਾ ਦਾ ਮੁਕਾਬਲਾ ਕਰਨ ਦੇ ਉਪਾਵਾਂ ਦਾ ਪ੍ਰਬੰਧ ਕਰਨਗੇ,ਖੁਫੀਆ ਏਜੰਸੀ ਨੇ ਜਿਸ ਦੀ ਸਿੱਟਾ ਕੱਢਿਆ ਹੈ ਕਿ "ਵਤਨ ਲਈ ਸਭ ਤੋਂ ਘਾਤਕ ਖ਼ਤਰਾ ਹੈ।"

ਬਚੇ ਹੋਏ ਹਿਊਜ ਵੈਨ ਏਲਿਸ ਅਤੇ ਵੀਓਲਾ ਫਲੇਚਰ ਨੂੰ 1 ਜੂਨ ਨੂੰ ਤੁਲਸਾ ਵਿੱਚ, ਓਕਲਾਹੋਮਾ ਵਿੱਚ ਤੁਲਸਾ ਨਸ਼ਲੀ ਸਮੂਹਕ ਕਤਲੇਆਮ ਦੀ 100 ਵੀਂ ਵਰ੍ਹੇਗੰਢਦੀ ਯਾਦ ਵਿੱਚ ਇੱਕ ਰੈਲੀ ਦੇ ਰੂਪ ਵਿੱਚ ਮਨਾਇਆ ਰੈਵਰੈਂਡ ਅਲ ਸ਼ਾਰਪਟਨ ਦੁਆਰਾ ਸਵਾਗਤ ਕੀਤਾ ਗਿਆ ਹੈ।ਬਿਡੇਨ ਨੇ ਵਿਯੋਲਾ ਫਲੇਚਰ, ਹਿਊਜ ਵੈਨ ਏਲਿਸ ਅਤੇ ਲੇਸੀ ਬੇਨਿੰਗਫੀਲਡ ਰੈਂਡਲ, ਤਿੰਨੋਂ ਹੀ ਤੁਲਸਾ ਨਸ਼ਲੀ ਕਤਲੇਆਮ ਦੌਰਾਨ ਗ੍ਰੀਨਵੁੱਡ ਵਿਚ ਰਹਿੰਦੇ ਸਨ, ਨਾਲ ਮੁਲਾਕਾਤ ਤੋਂ ਬਾਅਦ ਤੁਲਸਾ ਦੇ ਪੀੜਤਾਂ ਲਈ ਇਕ ਪਲ ਦਾ ਮੋਨ ਰਖਿਆ।

ਹੁਣ 101 ਅਤੇ 107 ਸਾਲ ਦੀ ਉਮਰ ਦੇ ਵਿਚ ਹਨ, ਬਚੇ ਹੋਏ ਲੋਕਾਂ ਨੇ ਇਸ ਸਾਲ ਦੇ ਸ਼ੁਰੂ ਵਿਚ ਇਕੱਠ ਨੂੰ ਸੰਬੋਧਿਤ ਕਰਦੇ ਹੋਏ "ਇਨਸਾਫ" ਦੀ ਮੰਗ ਕੀਤੀ ਅਤੇ ਰਾਸ਼ਟਰ ਉਨ੍ਹਾਂ ਦੇ ਦੁੱਖਾਂ ਨੂੰ ਦੇਖਦੇ ਹੋਇਆ ਕਿਹਾ। ਉਹ ਰਾਜ ਅਤੇ ਸਥਾਨਕ ਅਧਿਕਾਰੀਆਂ ਵਿਰੁੱਧ ਪੀੜਤ ਲੋਕਾਂ ਦੇ ਮੁਆਵਜ਼ੇ ਦੇ ਫੰਡਾਂ ਸਮੇਤ ਸਮੂਹਿਕ ਕਤਲੇਆ ਦੇ ਇਲਾਜ ਦੀ ਮੰਗ ਕਰਨ ਵਾਲੇ ਇਕ ਮੁਕੱਦਮੇ ਦੀ ਵੀ ਧਿਰ ਹਨ।

ਤੁਲਸਾ ਅਮਰੀਕਾ ਦੇ ਓਕਲਾਹੋਮਾ ਰਾਜ ਵਿੱਚ ਅਰਕਨਸਸ ਨਦੀ ਉੱਤੇ ਵਸਿਆ ਇੱਕ ਸ਼ਹਿਰ ਹੈ। ਇਹ ਇਸਦੇ ਆਰਟ ਡੇਕੋ ਆਰਕੀਟੈਕਚਰ ਲਈ ਜਾਣਿਆ ਜਾਂਦਾ ਹੈ, ਜਿਆਦਾਤਰ ਸੈਂਟਰਲ ਡੇਕੋ ਜ਼ਲਿ ਵਿਚ ਫਿਲਕੇਡ ਅਤੇ ਫਿਲਟਰ ਪਾਵਰਾਂ ਦੀਆਂ ਇਮਾਰਤਾਂ ਵਰਗੇ ਮਹੱਤਵਪੂਰਣ ਸਥਾਨਾਂ ਵਿਚ 20ਵੀਂ ਸਦੀ ਦੀ ਉਸਾਰੀ ਵਿਚ ਵਾਧਾ ਦੇਖਣ ਨੂੰ ਮਿਲਦਾ ਹੈ ਜੋ ਵਧ ਰਹੇ ਸਥਾਨਕ ਤੇਲ ਉਦਯੋਗ ਦੁਆਰਾ ਚਲਾਇਆ ਜਾਂਦਾ ਹੈ। ਫਿਲਬਰੁਕ ਮਿਊਜ਼ੀਅਮ ਔਫ ਆਰਟ ਨੂੰ ਇਟਲੀਨੇਟ ਵਿਲਾ ਵਿੱਚ ਰੱਖਿਆ ਗਿਆ ਹੈ ਜੋ ਕਿਸੇ ਸਮੇਂ ਸਥਾਨਕ ਤੇਲ ਮਗਨੇਟ ਦਾ ਘਰ ਹੁੰਦਾ ਸੀ।

ਦੰਗੇ ਵੇਲੇ ਤੁਲਸਾ ਦੇ ਮੁੱਖ ਉਦਯੋਗ ਬੈਂਕਿੰਗ (ਬੀਓਕੇ ਫਾਈਨੈਂਸ਼ੀਅਲ ਕਾਰਪੋਰੇਸ਼ਨ), ਪ੍ਰਬੰਧਕੀ (ਪੈਨਵੈਲ, ਓਕਲਾਹੋਮਾ ਨੈਚੁਰਲ ਗੈਸ ਕੰਪਨੀ) ਅਤੇ ਪੈਟਰੋਲੀਅਮ ਇੰਜੀਨੀਅਰਿੰਗ ਸੇਵਾਵਾਂ (ਸਕਲੇਲੀ ਤੇਲ) ਸਨ, ਜਿਸ ਨਾਲ ਤੁਲਸਾ ਨੂੰ "ਤੇਲ ਦੀ ਰਾਜਧਾਨੀ" ਦਾ ਖਿਤਾਬ ਮਿਲਿਆ।ਜੋਸ਼ੂਆ ਕੋਸਡਨ ਨੂੰ ਸ਼ਹਿਰ ਦਾ ਸੰਸਥਾਪਕ ਵੀ ਮੰਨਿਆ ਜਾਂਦਾ ਹੈ, ਜਿਸਨੇ ਕੋਸਡਨ ਬਿਲਡਿੰਗ, ਤੁਲਸਾ ਦੀ ਸਭ ਤੋਂ ਉੱਚੀ ਇਮਾਰਤ ਦਾ ਨਿਰਮਾਣ ਕੀਤਾ ਸੀ। ਕੋਸਡਨ ਬਿਲਡਿੰਗ ਅਤੇ ਯੂਨੀਅਨ ਡਿਪੂ ਮੈਨਹੱਟਨ ਕੰਸਟ੍ਰਕਸ਼ਨ ਕੰਪਨੀ ਦੁਆਰਾ ਬਣਾਇਆ ਗਿਆ ਸੀ।

ਡਿਕ ਰੋਲੈਂਡ ਇਕ 19 ਸਾਲਾ ਕਾਲਾ ਮੇਨ ਸਟ੍ਰੀਟ ਸ਼ਾਈਨ ਪਾਰਲਰ ਵਿਚ ਬੂਟ ਪੌਲਿਸ਼ ਦਾ ਕੰਮ ਕਰਦਾ ਸੀ। ਉਸ ਸਮੇਂ ਕਾਲਿਆਂ ਅਤੇ ਗੋਰਿਆਂ ਲਈ ਵਖਰੇ ਰੈਸਟਰੂਮ ਹੁੰਦੇ ਸਨ। 30 ਮਈ, 1921 ਨੂੰ, ਉਹ ਸਿਖਰ ਦੇ ਮੰਜ਼ਲਿ ਦੇ "ਰੰਗ ਭੇਦੀ" ਰੈਸਟਰੂਮ ਜਾਣ ਲਈ ਨੇੜਲੇ ਡ੍ਰੈਕਸਲ ਬਿਲਡਿੰਗ ਵਿਚ ਲਗੀ ਇਕੋ ਇਕ ਲਿਫਟ ਵਿਚ ਦਾਖਲ ਹੋਇਆ। ਲਿਫਟ ਦਾ ਚਲਾਉਣ ਦਾ ਕੰਮ ਇਕ 17 ਸਾਲਾਂ ਦੀ ਗੋਰੀ ਲੜਕੀ, ਸਾਰਾ ਪੇਜ ਕਰਦੀ ਸੀ। ਇਹ ਸਪਸ਼ਟ ਨਹੀਂ ਹੈ ਕਿ ਦੋਵੇਂ ਪਹਿਲਾਂ ਇਕ ਦੂਜੇ ਨੂੰ ਜਾਣਦੇ ਸਨ, ਹਾਲਾਂਕਿ ਅਜਿਹਾ ਲਗਦਾ ਹੈ ਕਿ ਰੋਲੈਂਡ ਦੇ ਮਾਲਕ ਨੇ ਆਪਣੇ ਬੂਟ ਪੋਲਿਸ ਕਰਨ ਵਾਲਿਆਂ ਨੌਕਰਾਂ ਲਈ ਆਰਾਮ ਕਰਨ ਲਈ ਕਮਰੇ ਦਾ ਪ੍ਰਬੰਧ ਕੀਤਾ ਹੋਇਆ ਸੀ, ਅਤੇ ਸਾਰਾ ਇਸ ਨੂੰ ਚਲਾਉਣ ਲਈ ਨੌਕਰੀ ਕਰ ਰਹੀ ਸੀ। ਇਹ ਕਿਆਸ ਲਗਾਏ ਜਾ ਰਹੇ ਹਨ ਕਿ ਦੋਵੇਂ ਪ੍ਰੇਮੀ ਸਨ, ਪਰ ਕਿਸੇ ਵੀ ਤਰ੍ਹਾਂ ਦਾ ਕੋਈ ਸਬੂਤ ਨਹੀਂ ਮਿਲਿਆ।

ਰੇਨਬਰਗ ਵਿਖੇ, ਡ੍ਰੇਕਸੈਲ ਦੀ ਪਹਿਲੀ ਮੰਜ਼ਲ ਤੇ ਕੱਪੜੇ ਦੀ ਦੁਕਾਨ ਇੱਕ ਕਲਰਕ ਨੇਬਾਅਦ ਵਿੱਚ ਦੱਸਿਆ ਕਿ ਉਸਨੇ ਇੱਕ ਔਰਤ ਦੀ ਚੀਕ ਸੁਣੀ ਸੀ, ਅਤੇ ਉਸਨੇ ਇੱਕ ਕਾਲੇ ਨੌਜਵਾਨ ਆਦਮੀ ਨੂੰ ਵੇਖਿਆ ਅਤੇ ਉਹ ਉਸ ਇਮਾਰਤ ਤੋਂ ਭੱਜ ਰਿਹਾ ਸੀ। ਲਿਫਟ 'ਤੇ ਜਾਂਦੇ ਸਮੇਂ ਉਸਨੂੰ ਪੇਜ ਇਕ ਪ੍ਰੇਸ਼ਾਨੀ ਵਾਲੀ ਹਾਲਤ ਵਿਚ ਦੇਖਿਆ ਸੀ। ਇਹ ਮੰਨਦਿਆਂ ਹੋਇਆਂ ਕਿ ਉਸ ਨਾਲ ਯੌਨ ਸ਼ੋਸ਼ਣ ਹੋਇਆ ਸੀ, ਉਸਨੇ ਅਧਿਕਾਰੀਆਂ ਨੂੰ ਬੁਲਾਇਆ ਸੀ। ਬਾਅਦ ਵਿੱਚ ਸਾਰਾ ਪੇਜ ਨੇ ਪੁਲਿਸ ਨੂੰ ਦੱਸਿਆ ਕਿ ਰੋਲੈਂਡ ਨੇ ਕੇਵਲ ਉਸਦਾ ਹੱਥ ਫੜਿਆ ਹੋਇਆ ਸੀ, ਲਿਫਟ ਉਹਨਾ ਦਿਨਾਂ ਵਿੱਚ ਅਹਰੇਟਰ ਚਲਾਉਂਦੇ ਸਨ, ਕਈ ਵਾਰ ਉਹ ਫਰਸ਼ ਦੇ ਤਲ ਤੋਂ ਉੱਚੀ ਜਾਂ ਨੀਵੀਂ ਰਹਿ ਜਾਂਦੀ ਸੀ, ਡਿਕ ਰੋਲੈਂਡ ਨੇ ਕਈ ਵਾਰ ਚੜਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਕਾਰਨ ਸਾਰਾ ਪੇਜ ਦੇ ਹੱਥ ਨੂੰ ਛੂਹ ਲਿਆ ਸੀ, ਇਹ ਵੀ ਕਿਹਾ ਜਾਂਦਾ ਹੈ।ਜਿਸ ਕਾਰਨ ਉਹ ਚੀਕ ਗਈ ਸੀ। ਕਿਆਸ ਲਗਾਏ ਗਏ ਕਿ ਦੋਵੇਂ ਪ੍ਰੇਮੀ ਸਨ। ਕਿਸੇ ਕਾਰਨ ਉਨ੍ਹਾਂ ਨੇ ਝਗੜਾ ਹੋਇਆ ਸੀ।

ਤੁਲਸਾ ਨਸਲਕੁਸ਼ੀ 31 ਮਈ ਅਤੇ 1 ਜੂਨ, 1921 ਨੂੰ ਵਾਪਰੀ, ਸੱਤਾ ਉਤੇ ਕਬਜਾ ਗੋਰੇ ਲੋਕਾਂ ਦਾ ਸੀ।ਜਦੋਂ ਗੋਰੇ ਵਸਨੀਕਾਂ ਦੀ ਭੀੜ ਨੇ, ਜਿਨ੍ਹਾਂ ਵਿਚੋਂ ਬਹੁਤਿਆਂ ਨੂੰ ਸ਼ਹਿਰ ਦੇ ਅਧਿਕਾਰੀਆਂ ਦੁਆਰਾ ਹਥਿਆਰਦੇ ਕੇ ਹਥਿਆਰਬੰਦ ਬਣਾਇਆ ਗਿਆ, ਨੇ ਸੰਯੁਕਤ ਰਾਜ ਦੇ ਓਕਲਾਹੋਮਾ ਦੇ ਤੁਲਸਾ ਵਿੱਚ ਕਾਲੇ ਵਸਨੀਕਾਂ ਅਤੇ ਗ੍ਰੀਨਵੁੱਡ ਉੱਤੇ ਹਮਲਾ ਕਰ ਦਿੱਤਾ। ਉਹਨਾ ਦੇ ਘਰਾਂ ਅਤੇ ਕਾਰੋਬਾਰਾਂ ਨੂੰ ਨਸ਼ਟ ਕਰ ਦਿੱਤਾ।ਤੁਲਸਾ ਨਸ਼ਲੀ ਦੰਗਾ ਜਾਂ ਬਲੈਕ ਵਾਲ ਸਟ੍ਰੀਟ ਕਤਲੇਆਮ ਵਜੋਂ ਜਾਣਿਆ ਜਾਂਦਾ ਹੈ, ਇਹ ਘਟਨਾ "ਅਮਰੀਕੀ ਇਤਿਹਾਸ ਵਿੱਚ ਨਸਲੀ ਹਿੰਸਾ ਦੀ ਸਭ ਤੋਂ ਭੈੜੀ "ਨਸ਼ਲਵਾਦ" ਦੀ ਘਟਨਾਹੈ।ਜ਼ਮੀਨ ਤੇ ਅਤੇ ਨਿੱਜੀ ਜਹਾਜ਼ਾਂ ਦੇ ਹਮਲਿਆਂ ਨੇ ਆਸਪਾਸ ਦੇ 35 ਤੋਂ ਵੱਧ ਵਰਗ ਬਲਾਕ ਨੂੰ ਸਾੜ ਦਿੱਤਾ ਅਤੇ ਨਸ਼ਟ ਕਰ ਦਿੱਤਾ - ਉਸ ਸਮੇਂ ਸੰਯੁਕਤ ਰਾਜ ਅਮਰੀਕਾ ਵਿੱਚ, "ਬਲੈਕ ਵਾਲ ਸਟ੍ਰੀਟ" ਕਾਲੇ ਭਾਈਚਾਰੇ ਵਜੋਂ ਅਮੀਰ ਅਤੇ ਅਣਖ ਵਾਲੇਜਾਣੇ ਜਾਂਦੇ ਸਨ। ਉਹ ਬਹੁਤ ਮਿਹਨਤੀ ਅਤੇ ਹਰ ਹਾਲਾਤ ਵਿੱਚ ਰਹਿਣਾ, ਅੱਗੇ ਵਧਣਾ ਜਾਣਦੇ ਸਨ।

ਨਸ਼ਲੀ ਦੰਗੇ ਵਿੱਚ 800 ਤੋਂ ਵੱਧ ਲੋਕਾਂ ਨੂੰ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ, ਅਤੇ ਕਈਂ ਕਈਂ ਦਿਨਾਂ ਤੋਂ 6,000 ਕਾਲੇ ਨਿਵਾਸੀਆਂ ਨੂੰ ਘਰਾਂ ਵਿੱਚ ਨਜ਼ਰਬੰਦ ਰੱਖਿਆ ਗਿਆ।ਕਤਲੇਆਮ ਮੈਮੋਰੀਅਲ ਡੇਅ ਵੀਕੈਂਡ ਦੇ ਦੌਰਾਨ ਸ਼ੁਰੂ ਹੋਇਆ ਸੀ, ਜਦੋਂ ਇੱਕ 19 ਸਾਲਾ ਡਿਕ ਰੋਲੈਂਡ, ਇੱਕ ਕਾਲਾ ਰੰਗ ਦਾ ਬੂਟ ਪੋਲਿਸ ਕਰਨ ਵਾਲੇ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਗ੍ਰਿਫਤਾਰੀ ਤੋਂ ਬਾਅਦ, ਸ਼ਹਿਰ ਵਿੱਚ ਇਹ ਅਫਵਾਹ ਫੈਲ ਗਈ ਕਿ ਰੌਲੈਂਡ ਨੂੰ ਮੌਤ ਦੇ ਘਾਟ ਉਤਾਰ ਦਿਤਾ। ਇਹ ਖ਼ਬਰਾਂ ਸੁਣਦਿਆਂ ਕਿ ਸੈਂਕੜੇ ਗੋਰੇਲੋਕ ਜੇਲ੍ਹ ਦੇ ਆਲੇ-ਦੁਆਲੇ ਇਕੱਠੇ ਹੋਏ ਸਨ, ਜਿੱਥੇ ਰੌਲੈਂਡ ਨੂੰ ਰੱਖਿਆ ਸੀ, 75-80 ਕਾਲੇ ਲੋਕਾਂ ਦੀ ਭੀੜ ਦਾ ਸਮੂਹ, ਜਿਨ੍ਹਾਂ ਵਿਚੋਂ ਕੁਝ ਹਥਿਆਰਬੰਦ ਸਨ, ਜੇਲ੍ਹ ਨੇੜੇ ਪਹੁੰਚੇ ਤਾਂ ਜੋ ਰੋਲੈਂਡ ਨੂੰ ਗੋਰਿਆਂ ਦੀ ਭੀੜ ਤੋਂ ਬਚਾਇਆ ਜਾ ਸਕੇ।

ਜੇਲ਼ ਅਧਿਕਾਰੀ ਭੀੜ ਨੂੰ ਜੇਲ੍ਹ ਤੋਂ ਚਲੇ ਜਾਣ ਨੂੰ ਕਹਿ ਰਿਹਾ ਸੀ, ਭਰੋਸਾ ਦਿਵਾਉਂਦਾ ਸੀ ਕਿ ਸਥਿਤੀ ਨਿਯੰਤਰਣ ਵਿੱਚ ਹੈ। ਜੇ.ਲ ਵਿੱਚ ਗੋਲੀ ਦੀ ਅਵਾਜ ਆਈ, "ਸਾਰਾ ਕੁੱਝ ਸ਼ਾਂਤ ਹੋ ਗਿਆ।" ਉਸ ਨੇ ਬਲਦੀ ਉਤੇ ਤੇਲ ਪਾ ਦਿਤਾ, ਹਿੰਸਾ ਭੜਕ ਗਈ, ਉਸੇ ਸਮੇਂ ਵਿੱਚ, 12 ਲੋਕ ਮਾਰੇ ਗਏ, 10 ਗੋਰੇ ਅਤੇ 2 ਕਾਲੇ। ਜਿਵੇਂ ਹੀ ਇਨ੍ਹਾਂ ਮੌਤਾਂ ਦੀ ਖ਼ਬਰ ਸਾਰੇ ਸ਼ਹਿਰ ਵਿੱਚ ਫੈਲ ਗਈ, ਹਿੰਸਾ ਭੜਕ ਉੱਠੀ। ਗੋਰੇ ਦੰਗਾਕਾਰੀਆਂ ਨੇ ਉਸ ਰਾਤ ਅਤੇ ਅਗਲੇ ਦਿਨ ਸਵੇਰੇ ਕਾਲੇ ਇਲਾਕਿਆਂ ਵਿੱਚ ਇਸ ਦੀ ਭੜਾਸ ਕੱਢੀ, ਜਿਸ ਨਾਲ ਲੋਕ ਮਾਰੇ ਗਏ ਅਤੇ ਦੁਕਾਨਾਂ ਅਤੇ ਘਰਾਂ ਨੂੰ ਸਾੜਿਆ ਅਤੇ ਲੁੱਟਿਆ। 1 ਜੂਨ ਦੁਪਹਿਰ ਦੇ ਆਸ ਪਾਸ, ਓਕਲਾਹੋਮਾ ਨੈਸ਼ਨਲ ਗਾਰਡ ਨੇ ਮਾਰਸ਼ਲ ਕਨੂੰਨ ਲਾਗੂ ਕੀਤਾ, ਕਤਲੇਆਮ ਨੂੰ ਖਤਮ ਕੀਤਾ। ਤਕਰੀਬਨ 10,000 ਕਾਲੇ ਲੋਕ ਬੇਘਰ ਹੋਏ ਅਤੇ ਅਚੱਲ ਸੰਪਤੀ ਵਿੱਚ 1.5 ਮਿਲੀਅਨ ਡਾਲਰ ਤੋਂ ਵੱਧ ਅਤੇ ਨਿੱਜੀ ਜਾਇਦਾਦ ਵਿੱਚ750,000 ਡਾਲਰ ਦੀ ਗੁਆ ਚੁੱਕੇ ਸਨ (2020 ਵਿੱਚ32.65 ਮਿਲੀਅਨ ਡਾਲਰ ਦੇ ਬਰਾਬਰ) ਬਹੁਤ ਸਾਰੇ ਬਚੇ ਹੋਏ ਲੋਕ ਤੁਲਸਾ ਛੱਡ ਗਏ, ਜਦੋਂ ਕਿ ਸ਼ਹਿਰ ਵਿਚ ਰਹਿੰਦੇ ਕਾਲੇ ਅਤੇ ਚਿੱਟੇ ਵਸਨੀਕ ਦਹਿਸ਼ਤ, ਹਿੰਸਾ ਅਤੇ ਦਹਾਕਿਆਂ ਤਕ ਹੋਏ ਨੁਕਸਾਨ ਬਾਰੇ ਚੁੱਪ ਰਹੇ। ਕਤਲੇਆਮ ਨੂੰ ਵੱਡੇ ਪੱਧਰ 'ਤੇ ਸਥਾਨਕ, ਰਾਜ ਅਤੇ ਕੌਮੀ ਇਤਿਹਾਸ ਤੋਂ ਹਟਾ ਦਿੱਤਾ ਗਿਆ ਸੀ।



1996 ਵਿੱਚ, ਕਤਲੇਆਮ ਦੇ 75 ਸਾਲ ਬਾਅਦ, ਰਾਜ ਵਿਧਾਨ ਸਭਾ ਵਿੱਚ ਇੱਕ ਦੋਪੱਖੀ ਸਮੂਹ ਨੇ 1921 ਦੇ ਤੁਲਸਾ ਰੇਸ ਦੰਗਿਆਂ ਦਾ ਅਧਿਐਨ ਕਰਨ ਲਈ ਓਕਲਾਹੋਮਾ ਕਮਿਸ਼ਨ ਦੇ ਗਠਨ ਨੂੰ ਅਧਿਕਾਰਤ ਕੀਤਾ। 2001 ਵਿਚ ਪ੍ਰਕਾਸ਼ਤ ਕਮਿਸ਼ਨ ਦੀ ਅੰਤਮ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਸ਼ਹਿਰ ਨੇ ਭੀੜ ਨਾਲ ਸਾਜਿਸ਼ ਰਚੀ ਸੀ। ਕਾਲੇ ਨਾਗਰਿਕਾਂ ਵਿਰੁੱਧ ਚਿੱਟੇ ਨਾਗਰਿਕਾਂ ਦਾ; ਇਸ ਨੇ ਬਚੇ ਹੋਏ ਲੋਕਾਂ ਅਤੇ ਉਨ੍ਹਾਂ ਦੇ ਵੰਸ਼ਜਾਂ ਲਈ ਮੁਆਵਜ਼ੇ ਦੇ ਪ੍ਰੋਗਰਾਮ ਦੀ ਸਿਫਾਰਸ਼ ਕੀਤੀ ਹੈ। ਰਾਜ ਨੇ ਬਚੇ ਹੋਏ ਲੋਕਾਂ ਦੇ ਵੰਸ਼ਜਾਂ ਲਈ ਵਜ਼ੀਫੇ ਸਥਾਪਤ ਕਰਨ, ਗ੍ਰੀਨਵੁੱਡ ਦੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ, ਅਤੇ ਤੁਲਸਾ ਵਿੱਚ ਹੋਏ ਕਤਲੇਆਮ ਦੇ ਪੀੜਤਾਂ ਦੀ ਯਾਦ ਵਿੱਚ ਇੱਕ ਪਾਰਕ ਵਿਕਸਤ ਕਰਨ ਲਈ ਕਾਨੂੰਨ ਪਾਸ ਕੀਤਾ। ਪਾਰਕ ਨੂੰ 2010 ਵਿੱਚ ਸਮਰਪਿਤ ਕੀਤਾ ਗਿਆ ਸੀ। 2020 ਵਿਚ, ਨਸਲਕੁਸ਼ੀ ਓਕਲਾਹੋਮਾ ਸਕੂਲ ਪਾਠਕ੍ਰਮ ਦਾ ਹਿੱਸਾ ਬਣ ਗਈ।

100 ਸਾਲ ਪਹਿਲਾਂ ਕਾਲਿਆਂ ਦੇ ਹੋਏ ਨੁਕਸਾਨ ਦਾ ਮੁਆਵਜਾ ਅਮਰੀਕੀ ਦੀ ਸਰਕਾਰ ਉਹਨਾ ਦੇ ਜੀਵਤ ਲੋਕਾਂ ਨੂੰ ਅਤੇ ਮਾਰੇ ਗਏ ਲੋਕਾਂ ਦੇ ਵੰਸਜਾਂ ਨੂੰ ਦੇ ਰਹੀ ਹੈ। ਭਾਰਤ ਦਾਐਸਸੀ ਐਸਟੀ ਸਮਾਜ ਹਜਾਰਾਂ ਸਾਲਾਂ ਤੋਂ ਪੀੜ੍ਹੀ ਦਰ ਪੀੜ੍ਹੀ ਜੀਵਨ ਦੇ ਹਰ ਸਰੋਤ ਤੋਂ ਬੇਦਖਲ ਰਿਹਾ ਹੈ। ਉਸ ਨੂੰ 70-75 ਸਾਲਾਂ ਥੋੜੀ ਬਹੁਤ ਆਰਥਿਕ ਤੌਰ ਤੇ ਰਾਹਤ ਸੰਵਿਧਾਨਿਕ ਪ੍ਰਬੰਧਨ ਦੇ ਹਿੱਸੇਦਾਰੀ ਕਾਰਨ ਮਿਲੀ ਹੈ। ਭਾਰਤੀ ਬ੍ਰਾਹਮਣਵਾਦੀ ਸ਼ਿਸਟਮ ਜੋ ਅਮਰੀਕੀ ਗੋਰੇ ਨਸ਼ਲਵਾਦੀਆਂ ਨਾਲੋ ਵੀ ਵੱਧ ਅਮਾਨਵੀਆ ਵਿਵਹਾਰਿਕ ਰਿਹਾ ਹੈ। ਉਹ ਭਾਰਤ ਦੇ ਐਸਸੀ ਐਸਟੀ ਸਮਾਜ ਨੂੰ ਮਿਲੀ ਰਾਹਤ ਨੂੰ ਖਤਮ ਕਰਨ ਦੇ ਰਾਹ ਉੱਤੇ ਜਾ ਰਿਹਾ ਹੈ। ਸਮਾਜਿਕ ਬਰਾਬਰੀ ਹੋਣ ਦਾ ਜਨਾਜਾ ਹਰ ਸ਼ਨੀਵਾਰ, ਐਤਵਾਰ ਅਖਬਾਰਾਂ ਦੇ ਮੈਟਰੀਮੋਨੀਅਲ ਕਢ ਦਿੰਦੇ ਹਨ, ਇਸ਼ਤਿਹਾਰ ਲੋਕ ਛਪਵਾਉਂਦੇ ਜੋਆਪਣੇ ਆਪ ਨੂੰ ਉੱਚ ਜਾਤੀ ਮੰਨਦੇ ਹੋਏ ਲੜਕਾ ਲੜਕੀ ਦੇ ਵਿਆਹ ਦੇ ਇਸ਼ਤਿਹਾਰ ਦੇ ਆਖਰ ਵਿੱਚ ਰਿਸ਼ਤੇ ਲਈ ਐਸਸੀ ਐਸਟੀ ਅਤੇ ਨੀਵੀਆਂ ਜਾਤੀਆਂ ਨੂੰ ਮਨਾਹੀ ਛਪਵਾ ਦਿੰਦੇ ਹਨ। ਭਾਰਤ ਦੇ ਐਸਸੀ ਐਸਟੀ ਅਤੇ ਨੀਵੀਆਂ ਜਾਤੀਆਂ ਵਿੱਚ ਅਣਖ ਜਗਾਣੀ ਜਰੂਰੀ ਹੈ, ਬੇਅਣਖੇ ਲੋਕਾਂ ਕੋਲ ਨਾਂ ਧਨ ਵੀ ਨਹੀਂ ਰਹਿੰਦਾ, ਇਜ਼ਤ ਤਾਂ ਦੂਰ ਗਲ ਹੈ। 19 ਸਾਲਾ ਡਿਕ ਰੋਲੈਂਡ ਬੂਟ ਪਾਲਿਸ ਕਰਨ ਵਾਲੇ ਕਾਲੇ ਦੇ ਹੱਕ ਵਿੱਚ 75-80 ਕਾਲੇ ਲੋਕ ਬੰਦੂਕਾ ਲੈ ਕੇ ਪਹੁੰਚ ਜਾਂਦੇ ਹਨ, ਇਹ ਨਹੀ ਕਿ ਉਹਨਾਂ ਨੇ ਹਮਲਾ ਕਰਨਾ ਸੀ, ਬਸ ਲੜਕੇ ਨੂੰ ਹਿੰਸਾ ਦੇ ਸ਼ਿਕਾਰ ਹੋਣ ਤੋਂ ਬਚਾਉਣ ਲਈ, ਅਣਖ ਵਾਲੇ ਸਨ। ਉਹਨਾ ਬਰਾਬਰੀ ਲੈ ਲਈ ਹੈ, ਕੋਈ ਗੋਰੀ ਜਾਂ ਕਾਲੀ ਔਰਤ ਨੂੰ ਕੋਈ ਉਸ ਦੀ ਮਰਜੀ ਦੇ ਬਗੈਰ ਹੱਥ ਨਹੀ ਲਾ ਸਕਦਾ। ਕਾਨੂੰਨ ਕੰਮ ਕਰਦਾ ਹੈ, ਉਹ ਲੋਕ ਕਾਨੂੰਨ ਨੂੰ ਪ੍ਰਭਾਵਤ ਨਹੀਂ ਕਰਦੇ। ਇਸੇ ਕਾਰਨ ਉਹ ਦੇਸ਼ ਵੀ ਮਹਾਨ ਹੈ।ਬਹੁਤ ਸਾਰੇ ਗੁਰੂ ਵੀ ਸਮਝਾਕੇ, ਸਾਰੇ ਪ੍ਰਿਵਾਰ ਦੀਆਂ ਕੁਰਬਾਨੀਆਂ ਕਰਕੇ ਵੀ ਦਸ ਗਏ ਕਿ ਬੇਗੈਰਤ ਲੋਕਾਂ ਦਾ ਰਾਜ ਕਦੇ ਵੀ ਨਹੀਂ ਹੋ ਸਕਦਾ।

ਬਹੁਤ ਮਿਹਨਤ ਨਾਲ ਬਾਬਾ ਸਾਹਿਬ ਨੇ ਭਾਰਤ ਦੇ ਐਸ਼ਸੀ, ਐਸਟੀ ਲੋਕਾਂ ਨੂੰ ਆਪਣੇ ਨੇਤਾ ਆਪ ਚੁਣਦਾ ਹੱਕ ਲੈਕੇ ਦਿਤਾ ਸੀ, ਇਹ ਸਾਈਮਨ ਕਮਿਸ਼ਨ ਦੀ ਰਿਪੋਰਟ ਦੇ ਅਧਾਰ ਉੱਤੇ ਸੀ। ਉਸ ਦੇ ਖਿਲਾਫ ਕਾਂਗਰਸ ਦੇ ਮਹਾਨ ਨੇਤਾ ਸ੍ਰੀ ਗਾਂਧੀ ਨੇ ਪੂਨਾ ਜੇਲ੍ਹ ਵਿੱਚ ਮਰਨ ਵਰਤ ਰਖ ਦਿਤਾ ਸੀ, ਭਾਰਤੀ ਉੱਚ ਜਾਤੀਏ ਲੋਕਾਂ ਨੇ ਸ਼ਹਿਰਾਂ ਵਿੱਚ ਹਿੰਸ਼ਾ ਕਰ ਬਾਬਾ ਸਾਹਿਬ ਉੱਤੇ ਦਬਾ ਬਣਾਇਆ, ਉਹਨਾ ਨੂੰ ਝੁਕਣਾ ਪਿਆ, ਕਿਹੜੀ ਤਾਕਤ ਸੀ ਉਹਨਾ ਦੇ ਪਿੱਛੇ। ਭਾਰਤ ਦੇ ਐਸ਼ਸੀ, ਐਸਟੀ ਕਿੰਨੇ ਲੋਕ ਬਾਬਾ ਸਾਹਿਬ ਦੇ ਨਾਲ ਹਥਿਆਰਾਂ ਵਾਲੇ ਖੜੇ ਹੋ ਸਕਦੇ ਸਨ। ਬਾਬਾ ਸਾਹਿਬ ਨੂੰਸਮਝੌਤੇ ਕਾਰਨ ਬਹੁਤ ਹੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ, ਉਹ ਸਮਾਜ ਲਈ ਲੜ ਰਹੇ ਨਾਂ ਕਿ ਆਪਣੇ ਬੱਚਿਆਂ ਨੂੰ ਨੌਕਰੀ ਲਵਾਉਣ ਲਈ, ਇਹ ਹੀ ਅੰਤਰ ਹੈ ਅਣਖੀ ਸਮਾਜ ਹੋਣ ਦਾ।

ਅਮਰੀਕਾ ਵਿੱਚ ਕਾਲਿਆਂ ਅਤੇ ਗੋਰਿਆਂ ਦੇ ਦੇਸ਼ ਵਿੱਚ ਰਾਸ਼ਟਰ ਪੱਧਰ ਗੋਰੇ ਲੋਕਾਂ ਦੀ ਮਾਨਸ਼ਿਕਤਾ ਦੀ ਮਾੜੀ ਉਧਾਰਨ ਹੋਰ ਕੀ ਹੋ ਸਕਦੀ ਹੈ, 1915 "ਦ ਬਰਥ" ਫਿਲਮ ਨੂੰ ਨੈਸ਼ਨਲ ਅਵਾਰਡ, ਫਿਲਮ ਗੋਰੀ ਔਰਤ ਨੂੰ ਕਾਲੇ ਸ਼ਹਿਰੀ ਦੁਆਰਾ ਕੀਤੀ ਛੇੜਛਾੜ ਦੇ ਵਿਸ਼ੇ ਉੱਤੇ ਸੀ। ਫਿਲਮ ਬਹੁਤ ਚੱਲੀ, ਰਾਸ਼ਟਰੀ ਆਵਾਰਡ ਜਿੱਤੀ।ਪਰ ਮਹਾਨ ਰਾਸ਼ਟਰ ਬਨਾਉਣ ਲਈ ਉਸ ਦੇ ਨਾਗਰਿਕਾਂ ਨੂੰ ਮਾਨਵਾਦੀ ਹੋਣਾ ਜਰੂਰੀ ਹੈ, ਉਹ ਕਾਲੇ ਗੋਰਿਆ ਦਾ ਦੇਸ਼ ਹੁਣ ਸਭ ਤੋਂ ਮਹਾਨ ਦੇਸ਼ ਹੈ।

ਵਿਸ਼ਵਯੁੱਧ ਨੇ ਸਾਰੇ ਹੀ ਦੇਸ਼ਾਂ ਦਾ ਗੁਲਾਮਾਂ ਅਤੇ ਬੇਦਖਲ ਲੋਕਾਂ ਨੂੰ ਬਾਰਬਰੀ ਅਤੇ ਮਾਨਵ ਅਧਿਕਾਰਾਂ ਪ੍ਰਤੀ ਜਾਗਰਿਤ ਕੀਤਾ। 1918 ਵਿਸ਼ਵ ਯੁੱਧ ਤੋਂ ਕਾਲੇ ਸੈਨਿਕ ਘਰ ਪਰਤੇ ਸਨ। ਸੈਨਾ ਭਰਤੀ ਅਤੇ ਯੁੱਧ ਨੇ ਬਰਾਬਰੀ ਅਤੇ ਅਣਖ ਨੂੰ ਹੋਰ ਪ੍ਰਬਲ ਕਰ ਦਿਤਾ ਸੀ। ਉਹ ਮਾਰਕੀਟ ਗਏ, ਉਹਨਾ ਨਸ਼ਲੀ ਵਿਤਕਰਾ ਹੋਇਆ, ਉਹ ਸਵੈਮਾਣ ਨਾਲ ਭਰੇ ਹੋਏ ਸਨ ਕਿਉਂਕਿ ਉਹਨਾ ਨੇ ਦੇਸ਼ ਲਈ ਸੈਨਾ ਵਿੱਚ ਭਰਤੀ ਹੋਕੇ ਕੁਰਬਾਨੀ ਕੀਤੀ ਸੀ, ਉਹ ਹੁਣ ਬਰਾਬਰੀ ਦੇ ਪੂਰੇ ਹੱਕ ਦੀ ਮੰਗ ਕਰਨ ਲਗੇ ਸਨ। 1918 ਵਿਸ਼ਵ ਯੁੱਧ ਤੋਂ ਭਾਰਤ ਦੇ ਬੇਦਖਲ, ਵੰਚਿਤ ਸਮਾਜ ਦੇ ਸੈਨਿਕ ਘਰ ਪਰਤੇ ਸਨ। ਉਹਨਾ ਵਿੱਚ ਬਰਾਬਰੀ ਅਤੇ ਅਣਖ ਦੀ ਭਾਵਨਾ ਨੇ, ਗੁਰੂਘਹ ਦਾਖਲੇ ਲਈ ਕੁਰਬਾਨੀਆਂ ਕੀਤੀਆਂ ਅਤੇ ਐਸਸੀ, ਐਸਟੀ ਸਮਾਜ ਦੇ ਹਰਿਮੰਦਿਰ ਸਾਹਿਬ ਲਈ ਬੰਦ ਕੀਤੇਦਰਵਾਜੇ 24 ਘੰਟਿਆਂ ਲਈਖੁਲਵਾ ਦਿਤੇਸਨ, ਜਿੱਥੇ ਪਹਿਲਾਂ ਇਹਨਾ ਦਾ ਗੁਰੂਘਰ ਜਾਣ ਦਾ ਸਮਾਂ ਬੰਨਿਆਂ ਹੁੰਦਾ ਸੀ।

ਅਮਰੀਕਾ ਵਿੱਚ ਕਾਲੇ ਲੋਕਾਂ ਉੱਤੇ ਅਜਿਹੀਆਂ ਰੋਕਾਂ ਨਹੀਂ ਲਗੀਆਂ ਜਿਹੜੀਆਂ ਭਾਰਤ ਦੇ ਮੂਲਨਿਵਾਸੀ ਸਮਾਜ ਬੇਦਖਲ, ਵੰਚਿਤ ਕਰਕੇ ਹਜਾਰਾਂ ਸਾਲ ਲਾਗੂ ਰਹੀਆਂ। ਅਜਾਦੀ ਦੇ ਬਾਅਦ ਹੀ ਭਾਰਤ ਮੂਲ ਦੇ ਲੋਕਾਂ ਕੰਮਕਾਰੀ ਮਹੌਲ ਮਿਲਿਆ। ਭਾਰਤ ਦੇ ਲੋਕ ਵੀ ਉਸੇ ਹੀ ਤਰਾਂ ਅੱਗੇ ਵਧਣਗੇ, ਹਜਾਰਾਂ ਔਕੜਾਂ ਦੇ ਬਾਵਜੂਦ ਭਾਰਤ ਵੀ ਬਹੁਤ ਤਰੱਕੀ ਕਰੇਗਾ। ਹਜਾਰਾਂ ਸਾਲਾਂ ਪੀੜ੍ਹੀ ਦਰ ਪੀੜ੍ਹੀ ਵੰਚਿਤ ਕੀਤੇ ਦੇ ਲਤਾੜੇ ਸਮਾਜ ਨੂੰ 100 ਸਾਲ ਵੀ ਨਹੀਂ ਮਿਲੇ ਹਨ ਆਪਣੇ ਆਪ ਨੂੰ ਸਵਾਰਨ ਦੇ, ਬਹੁਤ ਅੱਗੇ ਜਾਵੇਗਾ ਭਾਰਤ। ਬਸ ਭਾਰਤ ਨੂੰ ਵੀ ਅਮਰੀਕੀ ਰਾਸ਼ਟਰਪਤੀ ਦੇ ਭਾਸ਼ਨ ਵਿੱਚ ਜੋ ਉਸ ਨੇ ਕਿਹਾ ਸੀ ਕਿ "ਨਸ਼ਲੀ ਹਿੰਸ਼ਾ ਦੇਸ਼ ਲਈ ਸਭ ਤੋਂ ਘਾਤਕ" ਹੈ ਸਿਖਣ ਅਤੇ ਅਪਨਾਉਣ ਦੀ ਲੋੜ ਹੈ।

ਉਸ ਨੇ ਕਿਹਾ, "ਸਾਨੂੰ ਚੰਗੇ, ਮਾੜੇ, ਸਭ ਕੁਝ ਨੂੰ ਪਤਾ ਹੋਣਾ ਚਾਹੀਦਾ ਹੈ। ਮਹਾਨ ਕੌਮਾਂ ਅਜਿਹਾ ਹੀ ਕਰਦੀਆਂ ਹਨ।" ਉਹ ਆਪਣੇ ਹਨੇਰੇ ਵਾਲੇ ਪਾਸਿਓਂ ਰੌਸ਼ਨੀ ਵੱਲ ਆਉਂਦੇ ਹਨ।"

# ਇਸ ਹਫਤੇ ਦੇ ਸ਼ਾਇਰ

# ਗੁਰਭਜਨ ਗਿੱਲ



ਗੁਰਭਜਨ ਗਿੱਲ ਦਾ ਜਨਮ 2 ਮਈ 1953 ਨੂੰ ਗੁਰਦਾਸਪੁਰ ਜ਼ਿਲ੍ਹੇ ਦੀ ਡੇਰਾ ਬਾਬਾ ਨਾਨਕ ਤਹਿਸੀਲ ਦੇ ਪਿੰਡ ਬਸੰਤ ਕੋਟ (ਨੇੜੇ ਧਿਆਨਪੁਰ) ਵਿਖੇ ਪਿਤਾ ਸਰਦਾਰ ਹਰਨਾਮ ਸਿੰਘ ਗਿੱਲ ਅਤੇ ਮਾਤਾ ਤੇਜ ਕੌਰ ਦੇ ਘਰ ਹੋਇਆ। ਵੱਡੀ ਭੈਣ ਪ੍ਰਿੰਸੀਪਲ ਮਨਜੀਤ ਕੌਰ ਵੜੈਚ, ਵੱਡੇ ਵੀਰਾਂ ਪ੍ਰਿੰਸੀਪਲ ਜਸਵੰਤ ਸਿੰਘ ਗਿੱਲ ਤੇ ਪ੍ਰੋ: ਸੁਖਵੰਤ ਸਿੰਘ ਗਿੱਲ ਦਾ ਨਿੱਕਾ ਵੀਰ ਗੁਰਭਜਨ ਗਿੱਲ ਸਮਰੱਥ ਤੇ ਲਗਾਤਾਰ ਕ੍ਰਿਆਸ਼ੀਲ ਪੰਜਾਬੀ ਕਵੀ, ਸਾਹਿਤਕ ਟਿੱਪਣੀਕਾਰ, ਵਿਗਿਆਨ ਸਾਹਿੱਤ ਸੰਪਾਦਕ ਅਤੇ ਖੇਡਾਂ ਦੇ ਖੇਤਰ ਵਿੱਚ ਬਹੁਤ ਹੀ ਸਰਗਰਮ ਸਭਿਆਚਾਰਕ ਸਖਸ਼ੀਅਤ ਹੈ। ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਵੱਲੋਂ ਪੰਜਾਬੀ ਭਵਨ ਵਿੱਚ ਉਹ 1980 ਤੋਂ ਲਗਾਤਾਰ ਸਰਗਰਮ ਹਨ। ਇਸ ਸੰਸਥਾ ਦੇ ਉਹ 2010 ਤੋਂ 2014 ਤੀਕ ਪ੍ਰਧਾਨ ਰਹੇ। ਪ੍ਰੋ: ਮੋਹਨ ਸਿੰਘ ਫਾਉਂਡੇਸ਼ਨ ਦੇ 1978 ਤੋਂ ਕਾਰਜਸ਼ੀਲ ਅਹੁਦੇਦਾਰ ਰਹੇ ਹਨ। ਕਿਲ੍ਹਾ ਰਾਏਪੁਰ, ਗੁੱਜਰਵਾਲ (ਲੁਧਿਆਣਾ) ਤੇ ਕੋਟਲਾ ਸ਼ਾਹੀਆ (ਗੁਰਦਾਸਪੁਰ) ਵਿੱਚ ਹੁੰ-ਦੀਆਂ ਕਮਲਜੀਤ ਖੇਡਾਂ ਦੇ ਪ੍ਰਬੰਧ ਚ ਵੱਖ ਵੱਖ ਸਮੇਂ ਅਹਿਮ ਭੂਮਿਕਾ ਨਿਭਾਉਂਦੇ ਰਹੇ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਚ 30 ਅਪ੍ਰੈਲ 1983 ਤੋਂ 31 ਮਈ 2013 ਤੀਕ ਸੀਨੀਅਰ ਸੰਪਾਦਕ ਰਹੇ। ਇਸ ਤੋਂ ਪਹਿਲਾਂ ਗੁਰੂ ਨਾਨਕ ਨੈਸ਼ਨਲ ਕਾਲਿਜ ਦੋਰਾਹਾ ਤੇ ਲਾਜਪਤ ਰਾਏ ਮੈਮੋਰੀਅਲ ਕਾਲਿਜ ਜਗਰਾਉਂ(ਲੁਧਿਆਣਾ) ਵਿੱਚ 6 ਸਾਲ ਤੋਂ ਵੱਧ ਸਮਾਂ ਪੜ੍ਹਾਇਆ। ਪੰਜਾਬ ਖੇਤੀ ਯੂਨੀਵਰਸਿਟੀ ਤੋਂ ਸੇਵਾਮੁਕਤ ਹੋ ਕੇ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ (ਬਠਿੰਡਾ) ਵਿੱਚ ਵੀ ਕੁਝ ਸਮਾਂ ਡਾਇਰੈਕਟਰ (ਯੋਜਨਾ ਤੇ ਵਿਕਾਸ) ਰਹੇ। ਉਨ੍ਹਾਂ ਦੀਆਂ ਕਾਵਿ ਰਚਨਾਵਾਂ ਹਨ: ਸ਼ੀਸ਼ਾ ਝੂਠ ਬੋਲਦਾ ਹੈ (ਕਾਵਿ ਸੰਗ੍ਰਹਿ), ਹਰ ਧੁਖਦਾ ਪਿੰਡ ਮੇਰਾ ਹੈ (ਗ਼ਜ਼ਲਾਂ), ਸੁਰਖ਼ ਸਮੁੰਦਰ, ਦੋ ਹਰਫ਼ ਰਸੀਦੀ (ਗ਼ਜ਼ਲਾਂ), ਅਗਨ ਕਥਾ( ਕਾਵਿ ਸੰਗ੍ਰਹਿ), ਮਨ ਦੇ ਬੂਹੇ ਬਾਰੀਆਂ (ਗ਼ਜ਼ਲਾਂ), ਧਰਤੀ ਨਾਦ (ਕਾਵਿ ਸੰਗ੍ਰਹਿ), ਖ਼ੈਰ ਪੰਜਾਂ ਪਾਣੀਆਂ ਦੀ (ਹਿੰਦ ਪਾਕ ਰਿਸ਼ਤਿਆਂ ਬਾਰੇ ਕਵਿਤਾਵਾਂ), ਫੁੱਲਾਂ ਦੀ ਝਾਂਜਰ (ਗੀਤ ਸੰਗ੍ਰਹਿ), ਪਾਰਦਰਸ਼ੀ (ਕਾਵਿ ਸੰਗ੍ਰਹਿ), ਮੋਰਪੰਖ (ਗ਼ਜ਼ਲਾਂ), ਮਨ ਤੰਦੂਰ (ਕਾਵਿ ਸੰਗ੍ਰਹਿ), ਤਾਰਿਆਂ ਦੇ ਨਾਲ ਗੱਲਾਂ ਕਰਦਿਆਂ (ਸੁਲੱਖਣ ਸਰਹੱਦੀ ਵੱਲੋਂ ਸੰਪਾਦਿਤ ਚੋਣਵੀਆਂ ਗ਼ਜ਼ਲਾਂ), ਗੁਲ-ਨਾਰ (ਗ਼ਜ਼ਲਾਂ), ਮਿਰਗਾਵਲੀ, ਰਾਵੀ(ਗ਼ਜ਼ਲਾਂ) ਤੋਂ ਇਲਾਵਾ ਪੱਤੇ ਪੱਤੇ ਲਿਖੀ ਇਬਾਰਤ, (ਕੁਦਰਤ ਬਾਰੇ 103 ਰੁਬਾਈਆਂ) ਤੇਜ ਪ੍ਰਤਾਪ ਸਿੰਘ ਸੰਧੂ ਦੇ ਫੋਟੋ ਚਿਤਰਾਂ ਸਮੇਤ ਕੌਫੀ ਟੇਬਲ ਕਿਤਾਬ) ਸੁਰਤਾਲ ਤੇ ਚਰਖ਼ੜੀ ਛਪ ਚੁਕੀਆਂ ਹਨ।

ਵਾਤਾਵਰਣ ਬਾਰੇ ਇਕਲੌਤੀ ਵਾਰਤਕ ਪੁਸਤਕ: ਕੈਮਰੇ ਦੀ ਅੱਖ ਬੋਲਦੀ 1999 'ਚ ਛਪੀ ਸੀ।

ਵਰਤਮਾਨ ਸਮੇਂ ਆਪ ਮਹਾਰਾਜਾ ਦਲੀਪ ਸਿੰਘ ਮੈਮੋਰੀਅਲ ਟਰਸਟ ਬੱਸੀਆਂ -ਰਾਏਕੋਟ (ਲੁਧਿਆਣਾ) ਅਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਵੀ ਚੇਅਰਮੈਨ ਹਨ। ਪ੍ਰੋ: ਗੁਰਭਜਨ ਸਿੰਘ ਗਿੱਲ ਪਿਛਲੇ 50 ਸਾਲ ਤੋਂ ਪਰਿਵਾਰ ਸਮੇਤ 113 ਐੱਫ ਸ਼ਹੀਦ ਭਗਤ ਸਿੰਘ ਨਗਰ ਪੱਖੋਵਾਲ ਰੋਡ ਲੁਧਿਆਣਾ ਵਿੱਚ ਰਹਿੰਦੇ ਹਨ।

**- ਤ੍ਰੈਲੋਚਨ ਲੋਚੀ**



ਅੰਬਰਾਂ ਵਿਚ ਤਾਰੀ ਲੱਗਣੀ ਨਹੀਂ, ਜੇ ਖੰਭਾਂ ਵਿਚ ਪਰਵਾਜ਼ ਨਹੀਂ।
ਕਬਰਾਂ ਜਹੀ ਚੁੱਪ ਕਿਉਂ ਚਿਹਰੇ ਤੇ, ਹੈ ਬੰਦ ਜ਼ਬਾਨ, ਆਵਾਜ਼ ਨਹੀਂ।

ਕਾਵਾਂ ਦੀ ਅਸਲ ਹਕੀਕਤ ਨੂੰ, ਤੂੰ ਜਾਣਦਿਆਂ ਵੀ ਚੁੱਪ ਰਹਿੰਦੈਂ,
ਸੱਚ ਬੋਲਣ ਤੋਂ ਘਬਰਾ ਜਾਣਾ, ਇਸ ਧਰਤੀ ਦਾ ਅੰਦਾਜ਼ ਨਹੀਂ।

ਚਿੜੀਆਂ ਵੀ ਜਿਸ ਤੋਂ ਸਹਿਮਦੀਆਂ, ਨਾ ਸੁਣੇਂ ਅਪੀਲਾਂ ਰਹਿਮ ਦੀਆਂ,
ਇਹ ਸ਼ਿਕਰਾ ਆਦਮਖ਼ੋਰ ਜਿਹਾ, ਚੋਟੀ ਤੇ ਬੈਠਾ ਬਾਜ਼ ਨਹੀਂ।

ਗਰਜ਼ਾਂ ਲਈ ਫ਼ਰਜ਼ ਭੁਲਾ ਬੈਠਾਂ, ਮੈਂ ਹੌਲੀ ਹੌਲੀ ਗਰਕ ਗਿਆਂ,
ਮੈਂ ਤਾਹੀਉਂ ਚੁੱਪ ਚੁੱਪ ਰਹਿੰਦਾ ਹਾਂ, ਉਂਝ ਤੇਰੇ ਨਾਲ ਨਾਰਾਜ਼ ਨਹੀਂ।

ਮੇਰੀ ਚੁੱਪ ਨੂੰ ਜੋ ਮਿਸਮਾਰ ਕਰੇ, ਤੇ ਰੂਹ ਮੇਰੀ ਸਰਸ਼ਾਰ ਕਰੇ,
ਸਾਹਾਂ ਵਿਚ ਸੰਦਲ ਘੋਲ਼ੇ ਜੋ, ਕਿਉਂ ਵੱਜਦਾ ਇੱਕ ਵੀ ਸਾਜ਼ ਨਹੀਂ।

ਇਹ ਸਾਰਾ ਖੇਲ ਰਚਾਇਆ ਹੈ, ਚੋਰਾਂ ਤੇ ਸਾਧਾਂ ਰਲ ਮਿਲ ਕੇ,
ਸਭ ਜਾਣਦਿਆਂ ਵੀ ਚੁੱਪ ਬੈਠੇ, ਹੁਣ ਇਹ ਗੱਲ ਲੁਕਵਾਂ ਰਾਜ਼ ਨਹੀਂ।

ਤੂੰ ਮਾਣ ਮਰਤਬੇ ਕੁਰਸੀ ਦਾ, ਕਲਗੀ ਦਾ ਕੈਦੀ ਕਿਉਂ ਬਣਿਆ,
ਜੇ ਹੱਕ ਸੱਚ ਤੇ ਇਨਸਾਫ਼ ਲਈ, ਤੂੰ ਦੁੱਧ ਦੀ ਰੱਖਣੀ ਲਾਜ ਨਹੀਂ।

# ਗੁਰਭਜਨ ਗਿੱਲ ਦੀਆਂ ਗ਼ਜ਼ਲਾਂ




ਏਸ ਫਿਕਰ ਨੇ ਮਾਰ ਲਿਆ ਹੈ ,ਕਿਹੜਾ ਅੱਜ ਕੱਲ੍ਹ ਕੀ ਕਰਦਾ ਹੈ।
ਏਸੇ ਕਰਕੇ ਹਰ ਇੱਕ ਬੰਦਾ ਜੀਂਦਾ ਘੱਟ ਤੇ ਵੱਧ ਮਰਦਾ ਹੈ।

ਇੱਕ ਦੂਜੇ ਤੋਂ ਏਨੀ ਚੋਰੀ ਹੱਦੋਂ ਵਧ ਗਈ ਬੇਵਿਸ਼ਵਾਸੀ,
ਸੱਜੇ ਹੱਥ ਨੂੰ ਖ਼ਬਰ ਨਾ ਕੋਈ, ਖੱਬਾ ਅੱਜ ਕੱਲ੍ਹ ਕੀ ਕਰਦਾ ਹੈ।

ਦਿਲ ਅੰਦਰ ਕਈ ਨਦੀਆਂ ਨਾਲੇ ਤਲਖ਼ ਸਮੁੰਦਰ ਖ਼ੌਰੂ ਪਾਵੇ,
ਗ਼ਮ ਦਾ ਕਿੰਨਾ ਡੂੰਘਾ ਟੋਇਆ ਉੱਛਲਦਾ ਪਰ ਨਿੱਤ ਭਰਦਾ ਹੈ।

ਮੰਜ਼ਲਿ ਵੱਲ ਨੂੰ ਪੈਰ ਨਿਰੰਤਰ ਤੁਰਦੇ ਜਾਂਦੇ ਏਸੇ ਕਰਕੇ,
ਇੱਕ ਰਤਾ ਕੁ ਤੁਰਦਾ ਪਿੱਛੇ, ਦੂਜਾ ਕਦਮ ਅਗਾਂਹ ਧਰਦਾ ਹੈ।

ਸ਼ੀਸ਼ੇ ਅੰਦਰ ਹਰ ਬੰਦਾ ਹੀ ਕਿਓਂ ਨਹੀਂ ਤੱਕਦਾ ਆਪਣਾ ਚਿਹਰਾ,
ਮੇਰਾ ਆਪਣਾ ਆਪਾ ਵੀ ਹੁਣ ਇਸ ਦੇ ਕੋਲੋਂ ਕਿਓਂ ਡਰਦਾ ਹੈ?

ਜਾਨ ਤੋਂ ਪਿਆਰਾ ਆਖਣ ਵਾਲਾ ਅੱਜ ਕੱਲ੍ਹ ਜੋ ਮੂੰਹ ਫੇਰ ਕੇ ਲੰਘਦੈ,
ਦਿਲ ਤਾਂ ਕਰਦੈ ਪੁੱਛ ਲਵਾਂ ਕਿ ਬਿਨ ਸਾਹਾਂ ਤੋਂ ਕਿੰਜ ਸਰਦਾ ਹੈ?

ਵਿੱਚ ਹਨ੍ਹੇਰੇ ਤੀਰ ਚਲਾ ਕੇ ਸਮਝ ਰਹੇ ਹਾਂ ਜਿੱਤ ਲਈ ਬਾਜ਼ੀ,
ਸੋਨੇ ਦੀ ਲੰਕਾ ਵਿੱਚ ਬੈਠਾ ਰਾਵਣ ਏਦਾਂ ਕਿੰਜ ਮਰਦਾ ਹੈ?




ਜਬਰ ਜ਼ੁਲਮ ਦਾ ਟੋਲਾ ਜਦ ਵੀ, ਹੱਲੇ ਕਰ ਕਰ ਆਉਂਦਾ ਹੈ,
ਬੰਦਾ ਸਿੰਘ ਬਹਾਦਰ ਨੂੰ ਤਦ, ਸਰਹੰਦ ਫੇਰ ਬੁਲਾਉਂਦਾ ਹੈ ।

ਤਿੰਨ ਸਦੀਆਂ ਵਿਚ ਰੋਜ਼ ਗਰਕਦੇ, ਏਥੋਂ ਤੱਕ ਹਾਂ ਗਰਕ ਗਏ,
ਹੋਰ 'ਧਰਤ' ਤੋਂ 'ਗੋਬਿੰਦ' ਆਵੇ, ਏਹੋ ਹੀ ਦਿਲ ਚਾਹੁੰਦਾ ਹੈ ।

ਪੋਥੀ ਪੰਥ ਭੁਲਾ ਕੇ ਆਪਾਂ, ਤੁਰ ਪਏ ਆਂ ਜੀ ਕਿਹੜੇ ਰਾਹ,
ਮਨ ਦਾ ਪੰਛੀ ਭਟਕ ਰਿਹਾ ਏ, ਭਾਵੇਂ ਅੰਬਰ ਚਾਹੁੰਦਾ ਹੈ ।

ਧਰਮ ਕਰਮ ਦਾ ਗੂੜ੍ਹਾ ਰਿਸ਼ਤਾ, ਟੁੱਟ ਜਾਵੇ ਤਾਂ ਜੁੜਨ ਮੁਹਾਲ,
ਜੇ ਜੁੜ ਜਾਵੇ, ਕਰਜ਼ ਧਰਤ ਦਾ,ਓਹੀ ਸਿਰ ਤੋਂ ਲਾਹੁੰਦਾ ਹੈ ।

ਪਵਨ ਗੁਰੂ, ਪਾਣੀ ਹੈ ਬਾਬਲ, ਧਰਤੀ ਨੂੰ ਜੋ ਮਾਂ ਸਮਝਣ,
ਉਨ੍ਹਾਂ ਦਾ ਟੱਬਰ ਹੀ ਰਲ ਕੇ, ਛਾਵੇਂ ਮੰਜੇ ਡਾਹੁੰਦਾ ਹੈ ।

ਸਭ ਨੂੰ , ਖ਼ੁਦ ਨੂੰ ਕਿੰਨੀ ਵਾਰੀ ਪੁੱਛਿਆ ਹੈ ਮੈਂ ਘੜੀ ਮੁੜੀ,
ਸਾਡੇ ਅੰਦਰ ਬੈਠਾ ਕਿਹੜਾ, ਸੁਪਨ-ਮਹਿਲ ਜੋ ਢਾਹੁੰਦਾ ਹੈ ।

ਸਾਡੇ ਘਰ ਤੋਂ ਅਮਰੀਕਾ ਤੱਕ, ਜਾਲ ਵਿਛਾਇਆ ਅਣਦਿਸਦਾ,
ਕਿਹੜਾ ਚਤੁਰ ਸ਼ਿਕਾਰੀ ਹੈ ਜੋ ਉਡਣੇ ਪੰਛੀ ਫਾਹੁੰਦਾ ਹੈ ।




ਦਿੱਲੀ ਵਿੱਚ ਦਰਬਾਰੀ ਵੇਖੋ ਦੁੱਧ ਵਿੱਚ ਕਾਂਜੀ ਘੋਲ ਰਹੇ ਨੇ।
ਹੋਸ਼ ਹਵਾਸ ਗੁਆ ਬੈਠੇ ਨੇ ਜੋ ਮੂੰਹ ਆਇਆ ਬੋਲ ਰਹੇ ਨੇ।

ਅਜਬ ਖ਼ੁਮਾਰੀ ਦੇ ਵਿੱਚ ਕੁਰਸੀ ਨਾਲ ਹਕੀਕਤ ਤੋੜ ਵਿਛੋੜਾ,
ਧਰਮ ਧਰਾਤਲ ਵਾਲੇ ਪਾਵੇ ਤਾਂਹੀਓਂ ਹੀ ਹੁਣ ਡੋਲ ਰਹੇ ਨੇ।

ਲੱਖੀ ਜੰਗਲ ਬਣੇ ਖਾਲਸਾ ਨਾ ਧਿਰਿਆਂ ਦੀ ਧਿਰ ਬਣ ਜਾਵੇ,
ਲੋਕ ਬਿਠਾਉਂਦੇ ਸਿਰ ਦੇ ਉੱਪਰ ਜਿਹੜੇ ਲੋਕਾਂ ਕੋਲ ਰਹੇ ਨੇ।

ਦੇਸ਼ ਭਗਤੀਆਂ ਦੀ ਪਰਿਭਾਸ਼ਾ ਨਵੀਂ ਇਬਾਰਤ ਸਮਝ ਪਵੇ ਨਾ,
ਅੰਨ੍ਹੀ ਤੇਜ਼ ਹਨ੍ਹੇਰੀ ਕੋਲੋਂ ਡਰ ਕੇ ਦੀਵੇ ਡੋਲ ਰਹੇ ਨੇ।

ਨਾ ਤ੍ਰਿਸੂਲ ਕਟਾਰਾਂ ਕੋਲੋਂ ਡਰਦੇ ਨਾ ਤਲਵਾਰਾਂ ਕੋਲੋਂ,
ਸੀਸ ਤਲੀ ਤੇ ਧਰ ਕੇ ਸੂਰੇ ਸੱਚ ਦੀ ਤੱਕੜੀ ਤੋਲ ਰਹੇ ਨੇ।

ਲਾਲ ਕਿਲ੍ਹੇ ਦੀ ਕੰਧਾਂ ਉੱਪਰ ਗੇਰੂ ਨਹੀਂ ਇਹ ਸਾਡੀ ਰੱਤ ਹੈ,
ਮੁਗਲਾਂ ਵੇਲੇ ਤੋਂ ਅੱਜ ਤੀਕਰ ਸਾਡੇ ਕਦਮ ਅਡੋਲ ਰਹੇ ਨੇ।

ਗਮਲੇ ਅੰਦਰ ਉੱਗੇ ਪੌਦੇ ਕਰਨ ਟਿਚਕਰਾਂ ਬਿਰਖ਼ਾਂ ਨੂੰ ਅੱਜ,
ਕਲਯੁਗ ਵੇਖੋ, ਤੇਜ਼ ਕੁਹਾੜੇ ਸਾਡੀ ਜੜ੍ਹ ਨੂੰ ਫੋਲ ਰਹੇ ਨੇ।




ਵਕਤ ਮਿਲੇ ਤਾਂ ਹਿੰਮਤ ਕਰਕੇ ਬੰਦ ਬੂਹਿਆਂ ਨੂੰ ਖੋਲ੍ਹ ਦਿਆ ਕਰ।
ਸ਼ਬਦ ਮਾਸੂਮ ਪਰਿੰਦੇ ਹੁੰਦੇ ,ਮੂੰਹ ਆਇਆਂ ਨੂੰ ਬੋਲ ਦਿਆ ਕਰ।

ਰੂਹ ਦੇ ਸੁੱਚੇ ਮਾਣਕ ਮੋਤੀ, ਜ਼ੀਨਤ ਬਣਦੇ ਕਿਸੇ ਕਿਸੇ ਦੀ,
ਚਹੁੰ ਕੌਡਾਂ ਲਈ ਮਹਿੰਗਾ ਸੌਦਾ, ਸਸਤੇ ਭਾਅ ਨਾ ਤੋਲ ਦਿਆ ਕਰ।

ਦੀਨ ਈਮਾਨ ਵਿਰਾਸਤ ਪੂੰਜੀ ਦਿਲ ਦਰਿਆਵਾ ਖ਼ਰਚ ਲਿਆ ਕਰ,
ਮੱਖੀ ਚੂਸ ਕੰਜੂਸ ਦੇ ਵਾਂਗੂੰ ਬਹੁਤੀ ਨਾ ਗੰਢ ਗੋਲ ਦਿਆ ਕਰ।

ਹਰ ਕਠਿਨਾਈ ਸਦਾ ਚੁਣੌਤੀ, ਸਮਝ ਲਿਆ ਕਰ ਰਮਜ਼ਾਂ ਯਾਰਾ,
ਸ਼ਕਿਵੇ ਨੈਣੀਂ ਅੱਥਰੂ ਬਣਦੇ, ਹਰ ਥਾਵੇਂ ਨਾ ਡੋਲ੍ਹ ਦਿਆ ਕਰ।

ਟਾਕੀ ਦੇ ਵਿੱਚ ਜੁਗਨੂੰ ਜਿਹੜੇ,ਦਿਨੇ ਗਵਾਚਣ ਰਾਤੀਂ ਲੱਭਣ,
ਏਸ ਬੁਝਾਰਤ ਵਿਚਲੇ ਤਾਰੇ ਬੱਚਿਆਂ ਨੂੰ ਵੀ ਟੋਲ ਦਿਆ ਕਰ।

ਕੱਲ੍ਹਿਆਂ ਕੱਲ੍ਹਿਆਂ ਧੁਖ਼ਦੇ ਰਹਿਣਾ, ਫਿਰ ਕਹਿਣਾ ਕਿ ਦਮ ਘੁੱਟਦਾ ਹੈ,
ਗ਼ਮ ਦੀ ਧੂਣੀ ਬਲਣੋਂ ਪਹਿਲਾਂ, ਸੱਜਣਾਂ ਦੇ ਸੰਗ ਫ਼ੋਲ ਦਿਆ ਕਰ।

ਚੰਦਨ ਰੁੱਖੜਾ ਸੀਤਲ ਛਾਵਾਂ ਹੁੰਦਿਆਂ ਤਪਦਾ ਮਨ ਦਾ ਵਿਹੜਾ,
ਵਗਦੀ ਰਹਿ ਲਟਬੌਰੀਏ ਪੌਣੇ, ਸਾਹੀਂ ਸੰਦਲ ਘੋਲ ਦਿਆ ਕਰ।

# ਲਿਖਦੀ

ਹੱਸਦੀ-ਹੱਸਦੀ ਲਿਖਦੀ,
ਚੁੱਪ ਦੇ ਸ਼ੋਰ 'ਚ
ਅਧੂਰੇ ਅਰਮਾਨਾਂ 'ਚ
ਸੁਨਹਿਰੀ ਬਾਗਾਂ 'ਚ
ਫੁੱਲਾਂ ਦੀ ਖੁਸ਼ਬੋਈ 'ਚ
ਗੁਣ ਗੁਲਮੋਹਰ ਤੋਂ ਸਿੱਖਦੀ
ਹੱਸਦੀ ਹੱਸਦੀ ਲਿਖਦੀ,

ਪਿਆਰ ਦੀ ਬੁਛਾਰ 'ਚ
ਮਰਿਆਦਾ ਦੇ ਦਮ 'ਚ
ਅੱਥ੍ਰੂਆਂ ਦੇ ਸਵਾਦ 'ਚ
ਹਨੇਰੀ ਕਾਲੀ ਰਾਤ 'ਚ
"ਤਰਵਿੰਦਰ ਰੌਸ਼ਨੀ ਦਿੱਖਦੀ,
ਹੱਸਦੀ-ਹੱਸਦੀ ਲਿਖਦੀ

**– ਤਰਵਿੰਦਰ ਕੌਰ ਝੰਡੋਕ**

# ਟਾਵੇਂ ਟਾਵੇਂ

ਟਾਵੇਂ ਟਾਵੇਂ ਦਿਸਦੇ ਬੋਹੜ ਤੇ ਪਿੱਪਲ, ਕਿਥੋਂ ਲੱਭੇਗਾ ਸੰਘਣੀ ਛਾਂ ਬੀਬਾ !

ਮਾਵਾਂ ਵਰਗਾ ਨਿੱਘ ਸੀ ਠੰਡੀਆਂ ਛਾਵਾਂ ਚੋ ਜਿਹੜਾ ਵਿਕਦਾ ਨਾ ਮੁੱਲ ਬਾਜ਼ਾਰ ਬੀਬਾ!

ਨਾ ਦਿਸਣ ਟਾਹਲੀਆਂ ਤੇ ਕਿੱਕਰਾਂ, ਅਲੋਪ ਹੋ ਗਈ ਕੋਇਲਾਂ ਦੀ ਕੂ ਕੂ ਤੇ ਚਿੜੀਆਂ ਦੀ ਚਹਿਕਾਣ ਬੀਬਾ!

ਵਿਰਲੇ ਹੀ ਦਿਸਦੇ ਘਰ ਬਾਲਿਆ ਦੇ ,ਉਡਦੀ ਦਿਸੇ ਨਾ ਚਿੜੀਆਂ ਦੀ ਡਾਰ ਬੀਬਾ!

ਟੋਬੇ ਦਿਸਦੇ ਨਾ ਪਿੰਡਾਂ ਵਿਚ, ਗੂੰਜਦੀ ਸੁਣੇ ਨਾ ਮਾਲਾਂ ਦੀ ਛਣਕਾਰ ਬੀਬਾ!

ਨਾ ਲੱਗਣ ਤ੍ਰਿੰਜਣਾਂ ਪਿੰਡਾਂ ਚੋ ਅਲੋਪ ਹੋ ਗਈ ਚਰਖੇ ਦੀ ਘੂਕ ਬੀਬਾ!

ਫਿੱਕੇ ਪੈ ਗਏ ਪਿਆਰ ਮੋਹਬਤ ਦੇ ਰਿਸ਼ਤੇ, ਅਲੋਪ ਹੋ ਗਈ ਸੱਥਾਂ ਚੋ ਬਜ਼ੁਰਗਾਂ ਦੀ ਠਾਹਰ ਬੀਬਾ!

ਨਾ ਸਵੇਰੇ ਬਾਗਾਂ ਦੇਣ ਕੁੱਕੜ, ਮੱਧਮ ਪੈ ਗਈ ਮਧਾਣੀਆਂ ਦੀ ਛਣਕਾਰ ਬੀਬਾ !

ਜਦ ਬੋਲੇ ਕਾਂ ਬਨੇਰੇ ਤੇ, ਝੱਟ ਤਾੜੀ ਮਾਰ ਉਡਾ ਦੇਂਦੇ ਖਤਮ ਹੋ ਗਏ ਆਪਸੀ ਪਿਆਰ ਬੀਬਾ !

ਪੈਸੇ ਦੀ ਦੌੜ ਵਿਚ ਲੱਗੀ ਦੁਨੀਆਂ ਫਿੱਕੀ ਪੈ ਗਈ ਚੇਹਰੇ ਦੀ ਮੁਸਕਾਨ ਬੀਬਾ !"

ਕੰਵਲ" ਬੰਦਾ ਬਣ ਗਿਆ ਦੁਸ਼ਮਣ ਸਾਰੀ ਕਾਇਨਾਤ ਦਾ, ਭਲੀ ਕਰੂਗਾ ਆ ਕੇ ਕਰਤਾਰ ਬੀਬਾ !

**– ਕੰਵਲਜੀਤ ਸਿੰਘ**
91-88720-10665

# ਨਿਆਰਾ ਖਾਲਸਾ

ਜਿਥੇ ਕੁਰਬਾਨੀ ਦੀ ਗੱਲ ਚਲਦੀ ਹੈ ,ਤਾ ਸਿੱਖ ਧਰਮ ਜਿਹਾ ਕੋਈ ਧਰਮ ਨਹੀਂ ,
ਇਤਿਹਾਸ ਗਵਾਹੀ ਭਰਦਾ ਹੈ ,ਰੱਖਣਾ ਕੋਈ ਮਨ ਵਿਚ ਭਰਮ ਨਹੀਂ
ਨਾ ਜ਼ੁਲਮ ਕਿਸੇ ਤੇ ਕਰਦਾ ਹੈ ਨਾ ਜ਼ੁਲਮ ਕਿਸੇ ਦਾ ਸਹਿੰਦਾ ਹੈ ,
ਹਕ਼ ਸੱਚ ਦੀ ਕਰੇ ਕਮਾਈ ਸਦਾ ਭਾਣੇ ਤੇਰੇ ਵਿਚ ਰਹਿੰਦਾ ਹੈ ,
ਬਾਜਾਂ ਵਾਲਿਆ ਖਾਲਸਾ ਤੇਰਾ ਸਦਾ ਚੜ੍ਹਦੀ ਕਲਾ ਵਿਚ ਰਹਿੰਦਾ ਹੈ ।
ਇਥੇ ਕਈ ਮੀਰ ਮੰਨੂ ਆਏ ਤੇ ਕਈ ਚਲੇ ਗਏ ,
ਸਿੱਖੀ ਨੂੰ ਖਤਮ ਕਰਦੇ ਕਰਦੇ ਖੁਦ ਆਪਣਾ ਆਪ ਮਟਾ ਗਏ ,
ਖਾਲਸੇ ਦੇ ਸਿਦਕ ਅੱਗੇ ਸਿਰ ਹਰ ਇਕ ਦਾ ਝੁਕਦਾ ਹੈ ,
ਬੰਦ ਬੰਦ ਕਟਾ ਤੇ ਖੋਪਰ ਲੁਹਾ ਕੇ ਵੀ ਭਾਣੇ ਤੇਰੇ ਵਿਚ ਰਹਿੰਦਾ ਹੈ ,
ਬਾਜਾਂ ਵਾਲਿਆ ਖਾਲਸਾ ਤੇਰਾ ਸਦਾ ਚੜ੍ਹਦੀ ਕਲਾ ਵਿਚ ਰਹਿੰਦਾ ਹੈ ।
ਤੇਰੀ ਕੁਰਬਾਨੀ ਦਾ ਸਾਰਾ ਜੱਗ ਉਤਾਰ ਸਕਦਾ ਕਦੇ ਮੁੱਲ ਨਹੀਂ ,
ਇਤਿਹਾਸ ਪੜ੍ਹ ਕੇ ਵੇਖ ਲਵੋ ਕੋਈ ਹੋਣਾ ਇਸਦੇ ਤੁਲ ਨਹੀਂ ,
ਸਾਰਾ ਸਰਬੰਸ ਵਾਰ ਕੇ ਵੀ ਸਦਾ ਭਾਣੇ ਤੇਰੇ ਵਿਚ ਰਹਿੰਦਾ ਹੈ ,
ਬਾਜਾਂ ਵਾਲਿਆ ਖਾਲਸਾ ਤੇਰਾ ਸਦਾ ਚੜ੍ਹਦੀ ਕਲਾ ਵਿਚ ਰਹਿੰਦਾ ਹੈ ।
ਸੰਨ 1699 ਨੂੰ ਖਾਲਸਾ ਪੰਥ ਸਜਾਇਆ ਸੀ ,
ਅੰਮ੍ਰਿਤ ਛਕਾ ਕੇ ਸਿੰਘਾਂ ਨੂੰ ਗਿੱਦੜਾਂ ਤੋਂ ਸ਼ੇਰ ਬਣਾਇਆ ਸੀ ,
ਜ਼ੁਲਮ ਦਾ ਖਾਤਮਾ ਕਰਨ ਲਈ ਇਕੱਲੇ ਇਕੱਲੇ ਸਿੰਘ ਨੂੰ ਲੱਖਾਂ ਦੇ ਨਾਲ ਲੜਾਇਆ ਸੀ,
ਨਾ ਕਿਸੇ ਦਾ ਭਉ ਮੰਨਣਾ ਹੈ ਨਾ ਭਉ ਕਿਸੇ ਨੂੰ ਦੇਣਾ ਹੈ ਸਦਾ ਸੱਚ ਦਾ ਪਾਠ ਪੜਾਇਆ ਸੀ,
ਬਣ ਜਾਵਾਂ ਸਿੰਘ ਸਦਾ ਮਨ ਲੋਚਦਾ ਰਹਿੰਦਾ ਹੈ ,
ਬਾਜਾਂ ਵਾਲਿਆ ਖਾਲਸਾ ਤੇਰਾ ਸਦਾ ਚੜ੍ਹਦੀ ਕਲਾ ਵਿਚ ਰਹਿੰਦਾ ਹੈ ।

**– ਕੰਵਲਜੀਤ ਸਿੰਘ**
91-88720-10665

# ਕਰਿਸ਼ਮਾ ਲੋਕ-ਰਾਜ ਦਾ!

ਕਾਮਯਾਬ ਹੁੰਦੇ ਨੇ ਸਿਆਸੀ ਪਿੜ ਵਿਚ ਓਹੀ
ਰੱਜ ਕੇ ਮੱਕਾਰ ਤੇ ਪਤਾ ਨਾ ਹੋਵੇ ਲਾਜ ਦਾ।
ਇੱਕੋ ਆਗੂ ਰੱਖਦਾ ਐ ਕਿਤਨੇ ਸਿਆਸੀ ਰੂਪ
ਦੇਖੋ ਜੀ 'ਕਰਿਸ਼ਮਾਂ' ਅਜੋਕੇ ਲੋਕ-ਰਾਜ ਦਾ ।
ਪੁੱਤ ਹੈ ਖਾਲਿਸਤਾਨੀ ਬਾਪ ਦਾ ਪਿਆਰਾ ਜਾਣੋ
ਲੈਂਦਾ ਏ ਬਦਲ ਸੁਰ ਜਲਦੀ ਹੀ 'ਸਾਜ' ਦਾ।
ਮਾਰ ਕੇ ਉਡਾਰੀ ਬੜੀ ਦੂਰ ਦੂਰ ਪਹੁੰਚ ਜਾਵੇ
ਚੁਸਤੀ ਚਲਾਕੀ ਪੱਖੋਂ ਜਾਪੇ ਭਾਈ ਬਾਜ ਦਾ।
ਹੈਗਾ ਪ੍ਰਧਾਨ ਉਹ 'ਏਕਤਾ ਪੰਜਾਬ' ਸੀ ਜੋ
ਸਿਰ 'ਤੇ ਸਜਾਉਣ ਲਈ ਫਿਕਰ ਕਰੇ ਤਾਜ ਦਾ।
ਝਾੜੂ ਵਾਲ਼ੀ ਪਾਰਟੀ ਦਾ ਐਮ.ਐੱਲ.ਏ ਹੈਗਾ ਉਂਜ
ਵਫਾਦਾਰ ਕਾਂਗਰਸੀ 'ਰਾਜਾ ਜੀ ਦੇ ਕਾਜ' ਦਾ !



**– ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268

# ਗ਼ਜ਼ਲ

**– ਗੁਰਭਜਨ ਗਿੱਲ**

ਚਾਲ ਸਮੇਂ ਦੀ ਤੁਰ ਪਈ ਪੁੱਠੀ, ਸੁਣ ਲਉ ਅਜਬ ਕਹਾਣੀ।
ਵਲੀ ਕੰਧਾਰੀ ਵੇਚ ਰਿਹਾ ਏ ਬੋਤਲ ਵਿੱਚ ਬੰਦ ਪਾਣੀ।

ਆਪਣੇ ਪਿੰਡ ਨੂੰ ਛੱਡ ਆਇਆ ਹੁਣ ਸ਼ਹਿਰ ਦਿਹਾੜੀ ਕਰਦਾ,
ਨਲਕੀ ਵਾਂਗ ਜੁਲਾਹਾ ਭਟਕੇ, ਪੱਲੇ ਤੰਦ ਨਾ ਤਾਣੀ।

ਕਣਕੋਂ ਸਾਂਵੇਂ ਵਿਕਦੇ ਨੇ ਹੁਣ ਇਸ ਮੰਡੀ ਵਿੱਚ ਬੰਦੇ,
ਅਣਖ਼ ਦੀ ਰੋਟੀ ਦੱਸੋ ਏਥੇ ਕਿਸ ਨੇ ਹੈ ਹੁਣ ਖਾਣੀ।

ਖ਼ੂਨ ਪੀਣੀਆਂ ਜੋਕਾਂ ਬਣ ਗਏ ਵੈਦ ਹਕੀਮ ਸਿਆਸੀ,
ਵਾੜ ਖੇਤ ਦੀ ਰਾਖੀ ਦੀ ਥਾਂ ਬਣ ਗਈ ਆਦਮਖਾਣੀ।

ਖ਼ਤਰੇ ਵਿੱਚ ਬਲਿਹਾਰੀ ਕੁਦਰਤ, ਵੰਨਸੁਵੰਨਤਾ ਤੜਫ਼ੇ,
ਕੈਂਚੀ ਵੱਸ ਫੁਲਕਾਰੀ ਪੈ ਗਈ, ਸਮਝੋ ਖ਼ਤਮ ਕਹਾਣੀ।

ਢਾਹ ਕੇ ਵਤਨ ਬਣਾਉਣਾ ਚਾਹੁੰਦੇ ਠੇਕੇਦਾਰ ਅਜਬ ਨੇ,
ਜ਼ਿੰਦਗੀ ਪੈ ਗਈ ਉਸਤਰਿਆਂ ਵੱਸ ਨੀਤ ਜਿਨ੍ਹਾਂ ਦੀ ਕਾਣੀ।

ਰਾਹਬਰ ਟੱਕਰੇ ਸਾਨੂੰ ਤਾਂ ਹਰ ਮੋੜ ਤੇ ਰਾਹਜ਼ਨ ਬਣ ਕੇ,
ਚੰਗੀ ਲੱਗਣ ਲਾਈ ਇਨ੍ਹਾਂ ਲੰਡਨ ਦੀ ਮਹਾਰਾਣੀ।

# ਸੁਰਤਾਲ: ਗ਼ਜ਼ਲਾਂ ਦੀ ਜ਼ਰਖ਼ੇਜ਼ ਜ਼ਮੀਨ




ਗੁਰਭਜਨ ਗਿੱਲ ਕੋਲ ਗ਼ਜ਼ਲਾਂ ਦੀ ਬਹੁਤ ਜ਼ਰਖ਼ੇਜ਼ ਜ਼ਮੀਨ ਹੈ। ਜ਼ਰਖ਼ੇਜ਼ ਜ਼ਮੀਨ ਦੋਹਾਂ ਸ਼ਬਦਾਂ ਦੇ ਜੋੜ ਵਿਚ ਐਬ ਏ ਤਨਾਫ਼ੁਰ ਹੈ ਪਰ ਗ਼ਜ਼ਲ ਦੇ ਪ੍ਰਸੰਗ ਵਿਚ ਸ਼ਬਦ ਜ਼ਮੀਨ ਹੀ ਸਜਦਾ ਹੈ। ਪਰ ਜੇ ਇਨ੍ਹਾਂ ਦੋਹਾਂ ਸ਼ਬਦਾਂ ਨੂੰ ਇਹਤਿਹਾਤ ਤੇ ਠਰੰਮੇ ਨਾਲ ਪੜ੍ਹਿਆ ਜਾਵੇ ਤਾਂ ਇਨ੍ਹਾਂ ਦੀ ਸਾਂਝੀ ਧੁਨ ਵਿਚੋਂ ਇਕ ਮਿਠਾਸ ਵੀ ਮਿਲਦੀ ਹੈ। ਗੁਰਭਜਨ ਗਿੱਲ ਨਿਰੰਤਰ ਕਵੀ ਹੈ, ਕਦੀ ਕਦਾਈਂ, ਵਰ੍ਹੇ ਛਿਮਾਹੀਂ ਲਿਖਣ ਵਾਲ਼ਾ ਕਵੀ ਨਹੀਂ ।

ਉਹ ਲਿਖਦਾ ਹੈ : ਗੀਤ, ਗ਼ਜ਼ਲ , ਕਵਿਤਾਵਾਂ ਮੈਨੂੰ ਰਾਤ ਦਿਨੇ ਅਨੁਵਾਦ ਕਰਦੀਆਂ ਖ਼ਵਰੇ ਕਿਹੜਾ ਸ਼ਬਦ ਕਿਸੇ ਨੂੰ ਕਿਹੜੇ ਵੇਲੇ ਭਾ ਜਾਂਦਾ ਹੈ।

ਗ਼ਜ਼ਲ ਨੂੰ ਪਰਦੇਸੀ ਤੇ ਜਾਗੀਰੂ ਸਿਨਫ਼ ਕਹਿ ਕੇ ਬਹੁਤ ਦੇਰ ਅਪ੍ਰਵਾਨ ਕੀਤਾ ਜਾਂਦਾ ਰਿਹਾ ਪਰ ਸ਼ੁਕਰ ਹੈ ਇਸ ਨੂੰ ਸਿੱਧਾ ਜਵਾਬ ਦੇਣ ਦੀ ਵੀ ਲੋੜ ਨਹੀਂ ਪਈ। ਆਧੁਨਿਕ ਸਮਿਆਂ ਵਿਚ ਤੇ ਬਹੁਤ ਸਾਰੀਆਂ ਧਰਤੀਆਂ ਤੇ ਬੇਹੱਦ ਮਕਬੂਲ ਹੋ ਕੇ ਇਸ ਨੇ ਬਿਨਾ ਕਿਹਾਂ ਹੀ ਸਾਬਤ ਕਰ ਦਿੱਤਾ ਕਿ ਸੁਹਣੀਆਂ ਸਿਨਫ਼ਾਂ ਕਦੇ ਨਹੀਂ ਮਰਦੀਆਂ । ਹਰ ਯੁਗ ਵਿਚ ਤੇ ਹਰ ਧਰਤੀ ਤੇ ਉਹ ਉਸਦੀਆਂ ਹੋ ਜਾਂਦੀਆਂ ਹਨ । ਉਨ੍ਹਾਂ ਵਿਚ ਬਹੁਤ ਕੁਝ ਸਮੋਣ ਦੀ ਸਮਰੱਥਾ ਹੁੰਦੀ ਹੈ।



**ਗੁਰਭਜਨ ਗਿੱਲ**

ਗੁਰਭਜਨ ਦੀਆਂ ਗ਼ਜ਼ਲਾਂ ਵੀ ਇਸ ਸੱਚ ਦਾ ਪ੍ਰਮਾਣ ਹਨ । ਉਸਦੀਆਂ ਗ਼ਜ਼ਲਾਂ ਹਰ ਪੱਖੋਂ ਪੰਜਾਬ ਦੀ ਧਰਤੀ ਦੀਆਂ ਜਾਈਆਂ ਲਗਦੀਆਂ ਹਨ। ਉਨ੍ਹਾਂ ਵਿਚ ਪਿੰਡ, ਖੇਤ, ਕਿਰਤ ਸਭ ਸਮੋਏ ਹੋਏ ਹਨ । ਇਸ ਸੰਗ੍ਰਹਿ ਵਿਚ ਸ਼ਰੀਂਹ,ਟਾਹ-ਲੀਆਂ ਤੂਤ ਵੀ ਹਾਜ਼ਰ ਹਨ, ਖੂਹ ਵੀ ਤੇ ਤੂੜੀ ਦੀ ਪੰਡ ਵੀ ਤੇ ਜੂਹ ਵਿਚ ਚਰਦੇ ਪਸ਼ੂ ਵੀ, ਰੰਬੀ ਪੱਲੀ ਵੀ :

ਸਿਰ ਸੀ ਭਾਰੀ ਜ਼ਿੰਮੇਵਾਰੀ, ਖਿਸਕਦਿਆਂ ਗੰਢ ਖਿਸਕੀ ਐਸੀ,
ਵਿੱਚ ਦਰਿਆ ਦੇ ਤੂੜੀ ਦੀ ਪੰਡ ਵਾਂਗ ਭਰਾਓ ਖੁੱਲ੍ਹ ਚੱਲੇ ਹਾਂ।

ਭਰ ਭਰ ਟਿੰਡਾਂ ਜਿੱਥੋਂ ਮਾਲ੍ਹ ਲਿਆਉਂਦੀ ਸੀ ਬਈ ਪਾਣੀ'
ਵੇਖੋ ਸਾਡੇ ਵੇਖਦਿਆਂ ਹੁਣ ਖ਼ਾਲੀ ਹੋ ਗਏ ਖੂਹੇ।

ਨਿਖਸਮੀ ਜੂਹ ਦੇ ਅੰਦਰ ਫਿਰਨ ਟੋਲੇ ਬੇਲਗ਼ਾਮੇ ਜੋ,
ਤੂੰ ਅਪਣੀ ਫ਼ਸਲ ਅੰਦਰ ਵਰਜ, ਏਥੇ ਚਰਨ ਨਾ ਦੇਣਾ।

ਘੋੜ-ਸਵਾਰ ਹਕੂਮਤ ਕਰਦੇ, ਵਾਰੋ ਵਾਰੀ ਵਕਤ ਸਵਾਰੀ,
ਓਹੀ ਰੰਬੀ, ਓਹੀ ਪੱਲੀ, ਘਾਹੀਆਂ ਦੇ ਪੁੱਤ ਅੱਜ ਵੀ ਘਾਹੀ।

ਉਸ ਦੀ ਬੋਲੀ, ਲਹਿਜਾ ਤੇ ਮਿਸਾਲਾਂ ਵੀ ਪਿੰਡ ਦੇ ਸਿਆਣੇ ਜਿਹੀਆਂ ਹਨ :

ਬਚ ਜਾਹ ਪੰਜਾਬ ਸਿੰਹਾਂ ਚੌਕੀਦਾਰ ਕਹਿ ਗਿਆ।
ਓਨਾ ਤਾਂ ਬਚਾ ਲੈ , ਜਿੰਨਾ ਪੱਲੇ ਤੇਰੇ ਰਹਿ ਗਿਆ।

ਨਰਮੇ ਦੀ ਪੰਡ ਭਾਰੀ, ਤੁਰਿਆ ਰਹਿ ਰੁਕੀਂ ਨਾ,
ਉੱਠਿਆ ਨਹੀਂ ਜਾਣਾ ਜੇ ਤੂੰ ਪਾਣੀ ਵਿਚ ਬਹਿ ਗਿਆ।

ਚੀਨ ਵੀ ਤਾਂ ਉੱਠਿਆ ਸੀ 'ਫ਼ੀਮ ਦੇ ਪਹਾੜ ਚੋਂ,
ਜੱਗ ਸਾਰਾ ਕੂਕਦਾ ਸੀ ਢਹਿ ਗਿਆ ਬਈ ਢਹਿ ਗਿਆ।

ਕਈ ਦੇਸੀ ਲਫ਼ਜ਼ਾਂ ਦਾ ਦੇਸੀਪਨ ਤਾਂ ਏਨਾ ਗੂੜ੍ਹਾ ਹੈ ਕਿ ਉਸ ਨੂੰ ਗ਼ਜ਼ਲ ਦੇ ਹੇਠ ਸ਼ਬਦਾਰਥ ਵੀ ਦੇਣਾ ਪਿਆ ਹੈ। ਧੇਤੇ, ਪੁਤੇਤੇ, ਦਵਾਖੜੀ, ਘਰਕੀਣਾਂ, ਬੋਹੀਆ, ਪੜਾਵੇ, ਟਾਂਡ, ਘੜਵੰਜੀ, ਸੱਬਰਕੱਤਾ, ਚੋਪ, ਤਰੰਗੜ, ਝੂੰਬ, ਦੁੱਪੜ,ਊਰੀ, ਮੂਰਾ, ਦਮਕੜੇ। ਸ਼ਬਦਾਂ ਤੋਂ ਇਲਾਵਾ ਉਸ ਦੀਆਂ ਗ਼ਜ਼ਲਾਂ ਦੀਆਂ ਬਹਿਰਾਂ ਵੀ ਪੰਜਾਬੀ ਦੇਸੀ ਛੰਦਾਂ ਦੀਆਂ ਹਨ :

ਸੱਜਣਾਂ ਬਗੀਚਿਓਂ ਗੁਲਾਬ ਭੇਜਿਆ।
ਬਿਨਾ ਲਿਖੇ ਖ਼ਤ ਦਾ ਜਵਾਬ ਭੇਜਿਆ।

ਸਾਡੇ ਵੱਲ ਭੇਜ ਹੋਰ ਸੰਦਲੀ ਸਵੇਰ
ਅਸਾਂ ਤੈਨੂੰ ਰਾਵੀ ਤੇ ਚਨਾਬ ਭੇਜਿਆ।

ਕਿਹੜੇ ਕੰਮ ਆਈਆਂ ਸਾਡੇ ਦੋਸਤੋ ਫ਼ਕੀਰੀਆਂ
ਪਹਿਲੀ ਹੀ ਕਤਾਰ ਮੱਲ ਬਹਿੰਦੀਆਂ ਵਜ਼ੀਰੀਆਂ।

ਵੇਖ ਲਓ ਘੁਮਾਈ ਜਾਵੇ ਅਕਲਾਂ ਦੇ ਗੇੜ ਨੂੰ,
ਕਈ ਵਾਰੀ ਜਾਪਦਾ ਏ ਬਣ ਗਏ ਭੰਬੀਰੀਆਂ।

ਪੁੱਛਦੇ ਨੇ ਲੋਕ ਜੀ ਹਨ੍ਹੇਰਾ ਕਦੋਂ ਮੁੱਕਣਾ।
ਪਾਪ ਵਾਲੀ ਜੰਞ ਏਥੋਂ ਡੇਰਾ ਕਦੋਂ ਚੁੱਕਣਾ।

ਕਦੋਂ ਤੀਕ ਰਹਿਣਾ ਜੀ ਹਨ੍ਹੇਰ ਘੁੱਪ ਘੇਰ ਹੈ,
ਕਦੋਂ ਤੀਕ ਰਹਿਣਾ ਹੈ ਨਿਸ਼ਾਨਿਆਂ ਤੋਂ ਉੱਕਣਾ।

ਸਿਰਫ਼ ਵਿਰਾਸਤੀ ਸ਼ਬਦਾਵਲੀ ਨੂੰ ਹੀ ਨਹੀਂ ਗੁਰ-ਭਜਨ ਨੇ ਆਪਣੇ ਅਜੋਕੇ ਪੰਜਾਬ ਨੂੰ ਵੀ ਸਮੁੱਚੇ ਸਮਾਜਕ,ਸਭਿਆਚਾਰਕ ਤੇ ਰਾਜਨੀਤਕ ਵਰਤਾਰਿਆਂ ਸਮੇਤ ਆਪਣੀਆਂ ਗ਼ਜ਼ਲਾਂ ਵਿਚ ਸਮੋਇਆ ਹੈ :

ਚੀਨ ਦੀਆਂ ਲੜੀਆਂ ਦਾ ਭਾਵੇਂ, ਚਾਨਣ ਮਿਲਦਾ ਸਸਤੇ ਭਾਅ
ਮੈਂ ਤਾਂ ਦੀਵੇ ਬਾਲ ਹਨ੍ਹੇਰਾ ਮੇਟੂੰ ਫ਼ਰਜ਼ ਪਛਾਨਣ ਲਈ।

ਪਵਨ ਗੁਰੂ ਨੂੰ ਗੰਧਲਾ ਨਾ ਕਰ, ਸ਼ਾਮ ਪਈ ਤੂੰ ਦਿਨ ਢਲਿਆਂ,
ਕੁੱਲ ਆਲਮ ਵਿਚ ਖੁਸ਼ੀਆਂ ਵੰਡ ਤੂੰ , ਮਿਲੀਆਂ ਨੇ ਜੋ ਮਾਨਣ ਲਈ।

ਨਸ਼ਿਆਂ ਸਮੇਤ ਕਿੰਨੇ ਵੈਲਾਂ ਤੈਨੂੰ ਮਾਰਿਆ,
ਐਵੇਂ ਤਾਂ ਨਹੀਂ ਪਹੀਆ ਤੇਰਾ ਪਟੜੀ ਤੋਂ ਲਹਿ ਗਿਆ।

ਨਰਮੇ ਦੀ ਪੰਡ ਭਾਰੀ, ਤੁਰਿਆ ਰਹਿ ਰੁਕੀਂ ਨਾ,
ਉੱਠਿਆ ਨਹੀਂ ਜਾਣਾ ਜੇ ਤੂੰ ਪਾਣੀ ਵਿਚ ਬਹਿ ਗਿਆ।

ਚੀਨ ਵੀ ਤਾਂ ਉੱਠਿਆ ਸੀ ਫੀਮ ਦੇ ਪਹਾੜ 'ਚੋਂ,
ਜੱਗ ਸਾਰਾ ਕੂਕਦਾ ਸੀ ਢਹਿ ਗਿਆ ਬਈ ਢਹਿ ਗਿਆ।

ਦਿੱਲੀ ਵਿਚ ਦਰਬਾਰੀ ਦੇਖੋ ਦੁੱਧ ਵਿਚ ਕਾਂਜੀ ਘੋਲ ਰਹੇ ਨੇ।
ਹੋਸ਼ ਹਵਾਸ ਗਵਾ ਬੈਠੇ ਨੇ ਜੋ ਜੀ ਆਇਆ ਬੋਲ ਰਹੇ ਨੇ।

ਕੁਰਸੀ ਅਜਬ ਖ਼ੁਮਾਰੀ ਦੇ ਵਿਚ,ਨਾਲ ਹਕੀਕਤ ਪਾਏ ਵਿਛੋੜਾ
ਧਰਮ ਧਰਾਤਲ ਵਾਲੇ ਪਾਵੇ, ਤਾਂਹੀਓਂ ਪੈਰੋਂ ਡੋਲ ਰਹੇ ਨੇ

ਉਸ ਦੀਆਂ ਪਿਆਰ-ਗ਼ਜ਼ਲਾਂ ਦਾ ਰੰਗ ਵੀ ਗੂੜ੍ਹਾ ਪੰਜਾਬੀ ਹੈ :

ਸਾਡੇ ਮਨ ਦੀ ਗਲੀ ਚੋਂ ਅੱਜ ਕੌਣ ਲੰਘਿਆ।
ਵੇ ਮੈਂ ਜੀਹਦੇ ਕੋਲੋਂ ਬਿਨ ਬੋਲੇ ਦਿਲ ਮੰਗਿਆ।

ਮੈਨੂੰ ਸੁੱਧ ਬੁੱਧ ਭੁੱਲੀ, ਹੋਈ ਜਿੰਦ ਅਧਮੋਈ,
ਜਦੋਂ ਵਾਲਾਂ ਵਿਚ ਓਸ ਨੇ ਗੁਲਾਬ ਟੰਗਿਆ।

ਲਾਜਵੰਤੀ ਦੇ ਵਾਂਗ ਮੈਂ ਵੀ ਖੋਲ੍ਹੀ ਨਾ ਜ਼ੁਬਾਨ,
ਉਹ ਵੀ ਛੂਈ ਮੂਈ ਛੂਈ ਮੂਈ ਬੜਾ ਸੰਗਿਆ।

ਵੇਖੋ ਪਿਆਰ ਨਾਲ ਜੇ ਐਨਕ ਉਤਾਰ ਕੇ।
ਮਿਟਦੀ ਪਿਆਸ ਇਸਤਰਾਂ ਅੱਖਾਂ ਨੂੰ ਠਾਰ ਕੇ।

ਚੰਗਾ ਨਹੀਂ ਜੀ ਇਸਤਰਾਂ ਕੰਡ ਕਰ ਕੇ ਪਰਤਣਾ,
ਚੱਲੇ ਕਿਉਂ ਹੋ ਸੁਹਣਿਓਂ ਜੀਂਦੇ ਨੂੰ ਮਾਰ ਕੇ।

ਮੈਂ ਤੇਰੇ ਸਾਹਾਂ ਚ ਹਾਜ਼ਰ, ਅਲਵਿਦਾ ਕਹਿਣਾ ਨਹੀਂ ਹੈ।
ਇੱਕ ਪਲ ਕੀ, ਇੱਕ ਸਾਹ ਵੀ ਦੂਰ ਮੈਂ ਰਹਿਣਾ ਨਹੀਂ ਹੈ।

ਪਲਕ ਦੇ ਅੰਦਰ ਨੂਰਾਨੀ ਰੌਸ਼ਨੀ ਵਿਚ ਘੁਲ ਗਿਆ ਹਾਂ,
ਏਸ ਥਾਂ ਬਿਨ ਹੋਰ ਕਿਧਰੇ ਮੈਂ ਕਦੇ ਬਹਿਣਾ ਨਹੀਂ ਹੈ।

ਤੂੰ ਕਦੇ ਵੀ ਸ਼ਾਮ ਵੇਲੇ ਇਹ ਕਹੀਂ ਨਾ ਜਾਣ ਦੇ ਹੁਣ,
ਬਿਨ ਸਵਾਸਾਂ ਜੀਣ ਵਾਲ਼ਾ ਦਰਦ ਮੈਂ ਸਹਿਣਾ ਨਹੀਂ ਹੈ।

ਪੌਣਾਂ ਹੱਥ ਸੁਨੇਹਾ ਘੱਲਿਆ, ਇਸ ਨੂੰ ਖ਼ੁਦ ਪਰਵਾਨ ਕਰੋ ਜੀ।
ਏਨੀ ਡੂੰਘੀ ਚੁੱਪ ਧਾਰੀ ਹੈ ਕੁਝ ਤਾਂ ਮੇਰੀ ਜਾਨ ਕਰੋ ਜੀ।

ਗੁਰਭਜਨ ਗਿੱਲ ਦੀ ਗ਼ਜ਼ਲ ਦੇ ਸਰੋਕਾਰ ਪੰਜਾਬ ਦੇ ਦਰਾਂ ਘਰਾਂ, ਖੇਤਾਂ ਖਲਿਹਾਣਾਂ, ਪਗਡੰਡੀਆਂ ਸ਼ਾਹਰਾਹਾਂ, ਢਾਰਿਆਂ,ਮਹਿਲਾਂ, ਰਾਜੇ ਰੰਕਾਂ, ਅਣਹੋਇਆਂ ਤੇ ਕਹਿੰਦੇ ਕਹਾਉਂਦਿਆਂ ਤੱਕ ਫੈਲੇ ਹੋਏ ਹਨ । ਇਸ ਸਭ ਕੁਝ ਦੇ ਦਰਮਿਆਨ ਗੁਰਭਜਨ ਗਿੱਲ ਦਾ ਮੋਹ ਤੇ ਰੋਹ ਬਰਕਰਾਰ ਹੈ। ਸ਼ਬਦ ਵਿਚ ਉਸ ਦੀ ਆਸਥਾ ਕਾਇਮ ਦਾਇਮ ਹੈ। ਸਤਿਗੁਰਾਂ, ਸੂਫ਼ੀਆਂ ਸੰਤਾਂ ਤੋਂ ਮਿਲਦਾ ਚਾਨਣ ਅੰਗਸੰਗ ਹੈ, ਗਭਰੂਆਂ ਮੁਟਿਆਰਾਂ ਨੂੰ ਮਿਲਦੀ ਉਸਦੀ ਅਸੀਸ ਜੀਊਂਦੀ ਜਾਗਦੀ ਹੈ।

ਸੁਰਤਾਲ ਦੀ ਆਮਦ ਤੇ ਮੇਰੇ ਵੱਲੋਂ ਬਹੁਤ ਬਹੁਤ ਮੁਬਾਰਕਾਂ, ਦੁਆਵਾਂ ਤੇ ਸ਼ੁਭ ਇੱਛਾਵਾਂ

**– ਸੁਰਜੀਤ ਪਾਤਰ (ਡਾ.)**
**ਚੇਅਰਮੈਨ, ਪੰਜਾਬ ਆਰਟਸ ਕੌਂਸਲ**
**ਚੰਡੀਗੜ੍ਹ (ਪੰਜਾਬ)**

ਸੋਹੰ ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Pittsburg Gurughar's 36th Anniversary







**Begampura sahar ko naao!! Dukh andohu nahi tihi thaao!!**

Sri Guru Ravidass Temple Pittsburg's 36th anniversary will be celebrated on June 27, 2021. Akhand Path will start on Friday 6/25/2021 at 10:00 AM and conclude with Bhog ceremony on Sunday 6/27/2021. Path and langar sewa will be hosted by and Sangat and Sewadars. We are very fortunate to have **Sant Anoop Singh ji "Una Wale"** perform Gurbani Shabad Kirtan on this occasion. Gurugarh Ragi Jatha of Giani Ompal Singh ji & Giani Gurnam Singh ji will also do the Shabad Kirtan. Bhai Dhanwant Singh Malhi and family will be doing the **Nishaan Sahib Sewa on June 26, 2021, Saturday, at 11:00 AM.**

Gurughar activities were limited for over a year because of COVID-19.

This will be the first celebration after the restrictions are lifted. We will be following Contra Costa County's COVID-19 health guidelines.

Entire Sangat is requested to attend the function and get Guru Sahib's blessings.


Jagtar Bhatia (Chairman)


Shinderpal Narabut (President)


Dharampal Chonkaria (Gen. Secretary)


Vinod Kumar Jakhu (Treasurer)

### ADVISORY COMMITTEE


Balvir Chand Mal


Jagdev Ram


O.P. Balley


Dr. Harmesh Kumar,


Jaila Jaggi


Salinder Bhatia

### LEGAL COMMITTEE


Ajai Paul Ram


Shashi Paul


Sri Guru Ravidass Sabha Committee Members & more

**The New Committee appreciates the services of the previous committee and the selection panel and is looking forward to continued support. Guidance and cooperation of the entire Sangat who is the backbone of our Gurughar. Thank you.**

### Sangat De Sewadar

| Chairman | President | General Secretary | Treasurer |
|---|---|---|---|
| Jagtar Bhatia | Shinder Paul Narabut | Dharam Pal Chonkria | Vinod Kumar Jakhu |